Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Buy/Sell Real Estate
in Bay Area
Call: Jaideep Singh
Ph: 510-565-5250
Email: jaideeprealtor@gmail.com
I can help you every step of the way.
No Pressure, No Obligation.
DRE#02021283
Fluent in Punjabi and Hindi.

Twentieth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 45, November 9, 2019
20451 N. Plum Grove Rd., Palatine, IL 60074
Ph:847-359-0746, Fax:847-705-9388

# ਕਰਤਾਰਪੁਰੋਂ ਗੂੰਜਿਆ ਸੱਚ ਅਤੇ ਸਾਂਝੀਵਾਲਤਾ ਦਾ ਸੁਨੇਹਾ

## ਸਿੱਖਾਂ ਦੀ ਅਰਦਾਸ ਅਤੇ ਇਮਰਾਨ ਦੀ ਖੁੱਲ੍ਹਦਿਲੀ ਨਾਲ ਨਵੇਂ ਰਾਹ ਖੁੱਲ੍ਹੇ

**ਚੰਡੀਗੜ੍ਹ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਿੱਖ ਪੰਥ ਤੋਂ ਵਿਛੋੜੇ ਗਏ ਗੁਰਧਾਮਾਂ ਦੇ ਦਰਸ਼ਨ ਦੀਦਾਰ ਦੀ ਅਰਦਾਸ ਪੂਰੀ ਹੋਈ ਹੈ। ਭਾਰਤ ਵਾਲੇ ਪਾਸੇ ਸੁਲਤਾਨਪੁਰ ਲੋਧੀ, ਡੇਰਾ ਬਾਬਾ ਨਾਨਕ ਤੋਂ ਲੈ ਕੇ ਪਾਕਿਸਤਾਨ ਸਥਿਤ ਕਰਤਾਰਪੁਰ ਸਾਹਿਬ ਤੱਕ ਸਾਰਾ ਰਸਤਾ ਖਾਲਸਈ ਰੰਗ ਵਿਚ ਰੰਗਿਆ ਹੋਇਆ ਹੈ। ਸਿੱਖ ਸੰਗਤਾਂ ਨੇ ਕਰਤਾਰਪੁਰ ਸਾਹਿਬ ਵੱਲ ਵਹੀਰਾਂ ਘੱਤੀਆਂ ਹੋਈਆਂ ਹਨ। ਭਾਰਤ ਤੇ ਪਾਕਿਸਤਾਨ ਵਿਚ ਵੱਡੇ ਪੱਧਰ ਉਤੇ ਤਣਾਅ ਦੇ ਬਾਵਜੂਦ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣਾ ਇਤਿਹਾਸਕ ਘਟਨਾ ਵਜੋਂ ਦੇਖਿਆ ਜਾ ਰਿਹਾ ਹੈ। ਸਿੱਖਾਂ ਦੀ ਇਹ ਮੰਗ ਉਸ ਸਮੇਂ ਪੂਰੀ ਹੋਈ ਹੈ ਜਦੋਂ ਇਕ ਪਾਸੇ ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਸਿਖਰਾਂ ਉਤੇ ਹੈ ਤੇ ਦੂਜੇ ਪਾਸੇ ਭਾਜਪਾ ਸਿੱਖਾਂ ਨੂੰ 'ਸੱਚੇ ਰਾਸ਼ਟਰਵਾਦੀ' ਹੋਣ ਦਾ ਵਾਸਤਾ ਪਾ ਕੇ ਲਾਂਘੇ ਦਾ ਕੰਮ ਰੋਕਣ ਦੀ ਸਲਾਹ ਦੇ ਰਹੀ ਸੀ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਾਂਘੇ ਨੂੰ ਪਾਕਿਸਤਾਨ ਵਾਲੇ ਪਾਸਿਉਂ ਅਤਿਵਾਦ ਖਤਰੇ ਨਾਲ ਜੋੜ ਰਹੇ ਸਨ ਪਰ ਸਿੱਖਾਂ ਦੀ ਅਰਦਾਸ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵਲੋਂ ਦਿਖਾਈ ਖੁੱਲ੍ਹਦਿਲੀ ਕਾਰਨ ਭਾਰਤੀ ਸਿਆਸਤਦਾਨਾਂ ਦੇ ਪੈਂਤੜੇ ਪੁੱਠੇ ਪੈਂਦੇ ਗਏ।

ਸਿੱਖਾਂ ਦੀ ਇਹ ਮੰਗ ਪੂਰੀ ਹੋਣ ਪਿਛੋਂ ਹੁਣ ਭਾਰਤ ਦੇ ਸਿਆਸੀ ਆਗੂ ਇਸ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਇਕ ਦੂਜੇ ਤੋਂ ਅੱਗੇ ਹੋ ਰਹੇ ਹਨ, ਜਦ ਕਿ ਲਾਂਘੇ ਦਾ ਰਾਹ ਪੱਧਰ ਕਰਨ ਵਾਲੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਕਰਤਾਰਪੁਰ ਦਰਸ਼ਨ ਅਭਿਲਾਸ਼ੀ ਸੰਸਥਾ ਰਾਹੀਂ ਇਸ ਗੁਰਧਾਮ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਸਰਹੱਦ ਉਤੇ 2001 ਤੋਂ ਅਰਦਾਸਾਂ ਕਰਦੇ ਰਹੇ ਮਰਹੂਮ ਅਕਾਲੀ ਆਗੂ ਜਥੇਦਾਰ ਕੁਲਦੀਪ ਸਿੰਘ ਵਡਾਲਾ ਨੂੰ ਵਿਸਾਰਿਆ ਜਾ ਰਿਹਾ ਹੈ।






ਯਾਦ ਰਹੇ ਕਿ ਇਸ ਲਾਂਘੇ ਲਈ 2001 ਤੋਂ ਲਗਾਤਾਰ ਅਰਦਾਸ ਕੀਤੀ ਜਾ ਰਹੀ ਸੀ ਪਰ ਪਾਕਿਸਤਾਨ ਵਿਚ ਇਮਰਾਨ ਖਾਨ ਸਰਕਾਰ ਆਉਂਦਿਆਂ ਹੀ ਸਾਰੇ ਕੰਮ ਸਿੱਧੇ ਪੈਂਦੇ ਗਏ। ਇਮਰਾਨ ਖਾਨ ਨੇ ਆਪਣੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਸਮਾਗਮ ਵਿਚ ਦੋਸਤ ਵਜੋਂ ਨਵਜੋਤ ਸਿੰਘ ਸਿੱਧੂ ਨੂੰ ਸੱਦਾ ਭੇਜਿਆ ਸੀ। ਬੱਸ, ਇਸੇ ਸੱਦੇ ਨੇ ਹੀ ਸਿੱਖਾਂ ਲਈ ਕਰਤਾਰਪੁਰ ਦਾ ਰਾਹ ਖੋਲ੍ਹ ਦਿੱਤਾ। ਸਿੱਧੂ ਪਾਕਿਸਤਾਨ ਗਏ ਤੇ ਉਥੋਂ ਕਰਤਾਰਪੁਰ ਲਾਂਘੇ ਦੇ ਖੁੱਲ੍ਹਣ ਦਾ ਸੁਨੇਹਾ ਲੈ ਕੇ ਆਏ; ਹਾਲਾਂਕਿ ਭਾਰਤੀ ਹਾਕਮਾਂ ਨੂੰ ਇਹ ਗੱਲ ਜਚੀ ਨਾ ਤੇ ਸਿੱਧੂ ਦੇ ਦਾਅਵੇ ਦਾ ਖੂਬ ਮਜ਼ਾਕ ਉਡਾਇਆ ਪਰ ਜਦੋਂ ਪਾਕਿਸਤਾਨ ਵਾਲਿਉਂ ਪਾਸਿਉਂ ਲਾਂਘਾ ਖੋਲ੍ਹਣ ਦੇ ਸੱਦੇ ਆਉਣ ਲੱਗੇ ਤਾਂ ਭਾਰਤੀ ਸਿਆਸਤਦਾਨਾਂ ਨੂੰ ਵੀ ਆਪਣੇ ਪੈਂਤੜੇ ਬਦਲਣੇ ਪਏ।

ਮੋਦੀ ਸਰਕਾਰ ਨੇ ਝੱਟ 8 ਨਵੰਬਰ 2018 ਨੂੰ ਲਾਂਘੇ ਦੇ ਨੀਂਹ ਪੱਥਰ ਰੱਖਣ ਦੀ ਤਰੀਕ ਤੈਅ ਕਰ ਦਿੱਤੀ। ਉਸੇ ਦਿਨ ਪਾਕਿਸਤਾਨ ਨੇ ਵੀ 9 ਨਵੰਬਰ ਨੂੰ ਨੀਂਹ ਪੱਥਰ ਰੱਖਣ ਦਾ ਐਲਾਨ ਕਰ ਦਿੱਤਾ। ਇਸ ਦਿਨ ਤੋਂ ਲੈ ਕੇ ਪਾਕਿਸਤਾਨ ਲਾਂਘੇ ਦੀ ਉਸਾਰੀ ਲਈ ਭਾਰਤ ਤੋਂ ਹਰ ਕਦਮ ਅੱਗੇ ਰਿਹਾ ਤੇ ਭਾਰਤ ਸਰਕਾਰ ਨੂੰ ਵੀ ਮਗਰ ਤੁਰਨ ਲਈ ਮਜਬੂਰ ਹੋਣਾ ਪਿਆ। ਇਸ ਇਕ ਸਾਲ ਦੇ ਸਮੇਂ ਦੌਰਾਨ ਭਾਰਤ ਵਾਲੇ ਪਾਸੇ ਵੱਡੀ ਨਮੋਸ਼ੀ ਵਾਲੀ ਖਿੱਚੋਤਾਣ ਚੱਲਦੀ ਰਹੀ। ਇਥੋਂ ਤੱਕ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਾਂਘੇ ਦੇ ਉਦਘਾਟਨ ਤੋਂ ਲੈ ਕੇ ਹੁਣ ਤੱਕ ਪਾਕਿਸਤਾਨ ਤੋਂ ਅਤਿਵਾਦ ਆਉਣ ਦਾ ਰਾਗ ਅਲਾਪਦੇ ਰਹੇ। ਹੁਣ ਜਦੋਂ ਲਾਂਘਾ ਤਿਆਰ ਸੀ ਤਾਂ ਕੈਪਟਨ ਨੇ ਪਾਕਿਸਤਾਨ ਨੂੰ ਇਹ ਸਵਾਲ ਕਰ ਦਿੱਤਾ ਕਿ ਉਸ ਨੂੰ 70 ਸਾਲ ਤੋਂ ਕਰਤਾਰਪੁਰ ਲਈ ਰਾਹ ਖੋਲ੍ਹਣ ਦੀ ਯਾਦ ਕਿਉਂ ਨਹੀਂ ਹੈ, ਹੁਣ ਜਦੋਂ ਖਾਲਿਸਤਾਨੀਆਂ ਵਲੋਂ 2020 ਰੈਫਰੈਂਡਮ ਮੁਹਿੰਮ ਛੇੜੀ ਹੋਈ ਹੈ ਤਾਂ ਸਿੱਖਾਂ ਦਾ ਹਮਦਰਦ ਬਣ ਗਿਆ ਹੈ।

ਦਰਅਸਲ, ਕੇਂਦਰ ਦੀ ਮੋਦੀ ਸਰਕਾਰ ਦਾ ਸਪਸ਼ਟ ਰੁਖ ਰਿਹਾ ਹੈ ਕਿ ਲਾਂਘਾ ਨਹੀਂ ਖੁੱਲ੍ਹਣਾ ਚਾਹੀਦਾ, ਕਿਉਂਕਿ ਇਸ ਨਾਲ ਉਸ ਦੇ 'ਸੱਚੇ ਰਾਸ਼ਟਰਵਾਦੀ' ਹੋਣ ਦੇ ਦਾਅਵੇ ਨੂੰ ਸੱਟ ਵੱਜਦੀ ਸੀ। ਇਸ ਤੋਂ ਇਲਾਵਾ ਇਮਰਾਨ ਖਾਨ ਦੀ ਸਿੱਖਾਂ ਨਾਲ ਵਧੀ ਨੇੜਤਾ ਵੀ ਇਸ ਭਗਵਾ ਧਿਰ ਨੂੰ

(ਬਾਕੀ ਸਫਾ 6 ਉਤੇ)

ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ
ਰੱਬ ਨੂੰ ਤੈਂ ਕੀ ਦਰਦ ਨਾ ਆਇਆ ਦਾ ਉਲ੍ਹਾਮਾ ਦੇਣ ਵਾਲੇ ਅਤੇ ਮੋਦੀਖਾਨੇ ਵਿਚ ਤੇਰਾ ਤੇਰਾ ਦਾ ਹੋਕਾ ਦੇਣ ਵਾਲੇ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ
ਲੱਖ ਲੱਖ ਵਧਾਈ ਹੋਵੇ

100 SPIRITUAL PATHS AND SHABAD KIRTANS INSIDE
GURBANI | ਗੁਰਬਾਣੀ
FM/AM RADIO
BLUETOOTH USB AUX IN AUX OUT
SAREGAMA CARVAAN mini
AVAILABLE AT SELECT INDIAN STORES NEAR YOU
CONTACT: MR SINGH @ +1 518 502 6005 OR +1 859 490 0156

Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING TABLE CLOTH, NAPKINS, CHAIRS ETC.
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ॥ -ਗੁਰੂ ਨਾਨਕ ਦੇਵ ਜੀ

'ਰਾਜੇ ਸ਼ੀਂਹ ਮੁਕੱਦਮ ਕੁੱਤੇ' ਆਖ ਸਮੇਂ ਦੇ ਹਾਕਮਾਂ ਨੂੰ ਫਿੱਟ ਲਾਹਨਤ ਪਾਉਣ ਵਾਲੇ ਤੇ ਜਾਲਮਾਂ ਦੇ ਜੁਲਮਾਂ ਪ੍ਰਤੀ ਰੱਬ ਨੂੰ 'ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ' ਦਾ ਨਿਹੋਰਾ ਦੇਣ ਵਾਲੇ

# ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਦੀ ਸਮੂਹ ਸਿੱਖ ਜਗਤ ਨੂੰ

# ਲੱਖ ਲੱਖ ਵਧਾਈ

ਆਓ, ਸਾਰੇ ਰਲ ਕੇ ਬਾਬੇ ਨਾਨਕ ਦੇ ਸੁਨੇਹੇ ਨੂੰ ਘਰ ਘਰ ਪਹੁੰਚਾਈਏ ਤੇ ਇਸ ਦੁਨੀਆਂ ਨੂੰ ਬਿਹਤਰ ਬਣਾਈਏ



ਸ. ਪ੍ਰੀਤਮ ਸਿੰਘ ਗਰੇਵਾਲ ਅਤੇ ਦੇਵ ਗਰੇਵਾਲ

ਵਲੋਂ

ਪ੍ਰੀਤਮ ਸਿੰਘ ਗਰੇਵਾਲ
ਦੇਵ ਗਰੇਵਾਲ
ਤੇ ਸਮੂਹ ਪਰਿਵਾਰ

*Grewal Enterprises*

**San Jose, CA**

**Ph:408-406-0703**

# ਡਾ. ਮਨਬੀਰ ਸਿੰਘ ਅਤੇ ਗੁਰਦੀਪ ਸਿੰਘ ਨੂੰ ਮਾਤਾ ਗੁਜਰੀ ਐਵਾਰਡ





**ਇੰਦੌਰ (ਮੱਧ ਪ੍ਰਦੇਸ਼):** ਗੁਰੂ ਤੇਗ ਬਹਾਦੁਰ ਚੈਰੀਟੇਬਲ ਹਸਪਤਾਲ ਵਲੋਂ ਚਲਾਈ ਜਾ ਰਹੀ ਮਾਤਾ ਗੁਜਰੀ ਫਾਊਂਡੇਸ਼ਨ ਅਤੇ ਮੱਧ ਪ੍ਰਦੇਸ਼ ਪੰਜਾਬੀ ਅਕੈਡਮੀ ਨੇ ਸਮਾਜ ਸੇਵਾ ਦੇ ਖਾਤਰ ਵਿਚ ਯੋਗਦਾਨ ਪਾਉਣ ਬਦਲੇ ਸੂਬਾ ਪੱਧਰੀ ਮਾਤਾ ਗੁਜਰੀ ਐਵਾਰਡ ਦਿੱਤੇ ਗਏ। ਇਹ ਸਮਾਗਮ ਇਥੇ ਰਣਜੀਤ ਸਿੰਘ ਕਾਲਜ ਆਡੀਟੋਰੀਅਮ ਵਿਚ ਕੀਤਾ ਗਿਆ।

ਸਾਲ 2018-19 ਲਈ ਇਹ ਐਵਾਰਡ ਬੇਕਰਜ਼ਫੀਲਡ ਰਹਿੰਦੇ ਸਮਾਜ ਸੇਵੀ ਡਾ. ਮਨਬੀਰ ਸਿੰਘ ਅਤੇ ਗੁਰਦੀਪ ਸਿੰਘ ਭਾਟੀਆ (ਇੰਦੌਰ) ਨੂੰ ਦਿੱਤੇ ਗਏ। ਐਵਾਰਡ ਵਿਚ 51 ਹਜ਼ਾਰ ਰੁਪਏ, ਪ੍ਰਸ਼ੰਸਾ ਪੱਤਰ ਅਤੇ ਯਾਦ ਚਿੰਨ੍ਹ ਸ਼ਾਮਲ ਹਨ। ਇਹ ਐਵਾਰਡ ਦੇਣ ਮੌਕੇ ਡਾ. ਜਸਪਾਲ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਵਿਚ ਸੰਸਦ ਮੈਂਬਰ ਸ਼ੰਕਰ ਲਾਲਵਾਨੀ ਵੀ ਸ਼ਾਮਲ ਹੋਏ।

# ਸੰਸਦ ਮੈਂਬਰ ਹੰਸਰਾਜ ਹੰਸ ਦੇ ਦਫਤਰ ਬਾਹਰ ਗੋਲੀ ਚੱਲੀ

**ਨਵੀਂ ਦਿੱਲੀ:** ਭਾਜਪਾ ਦੇ ਉੱਤਰ-ਪੱਛਮੀ ਦਿੱਲੀ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਤੇ ਪੰਜਾਬੀ ਗਾਇਕ ਹੰਸਰਾਜ ਹੰਸ ਦੇ ਦਫਤਰ ਬਾਹਰ ਇਕ ਵਿਅਕਤੀ ਨੇ ਗੋਲੀਆਂ ਚਲਾ ਦਿੱਤੀਆਂ।

ਹੰਸ ਦੇ ਨਿੱਜੀ ਸਹਾਇਕ ਨੇ ਦੱਸਿਆ ਕਿ ਸੰਸਦ ਮੈਂਬਰ ਨੇ ਕਿਤੇ ਹੋਰ ਮੀਟਿੰਗ ਵਿਚ ਜਾਣਾ ਸੀ, ਜਿਸ ਕਾਰਨ ਉਨ੍ਹਾਂ ਨੂੰ ਇਲਾਕੇ ਦੇ ਲੋਕਾਂ ਨਾਲ ਕੀਤੀ ਜਾਣ ਵਾਲੀ ਮੀਟਿੰਗ ਰੱਦ ਕਰਨੀ ਪਈ। ਇਸ ਮਗਰੋਂ ਹੀ ਇਹ ਵਾਰਦਾਤ ਹੋਈ। ਇਸ ਵਿਅਕਤੀ ਨੇ ਦਿੱਲੀ ਦੇ ਰੋਹਿਨੀ ਖੇਤਰ ਵਿਚ ਭਾਜਪਾ ਦੇ ਸੰਸਦ ਮੈਂਬਰ ਹੰਸਰਾਜ ਹੰਸ ਦੇ ਦਫਤਰ ਬਾਹਰ ਦੋ-ਤਿੰਨ ਗੋਲੀਆਂ ਚਲਾਈਆਂ। ਪੁਲਿਸ ਨੇ ਦੱਸਿਆ ਕਿ ਇਹ ਘਟਨਾ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋ ਗਈ ਹੈ, ਜਿਸ ਅਨੁਸਾਰ ਉਮਰ ਵਿਚ 50 ਸਾਲ ਦੇ ਲੱਗਦੇ ਵਿਅਕਤੀ ਨੇ ਭਗਵਾਂ ਕੁੜਤਾ ਪਾਇਆ ਹੋਇਆ ਸੀ। ਪੁਲਿਸ ਅਨੁਸਾਰ ਨਸ਼ੇ ਵਿਚ ਲੱਗ ਰਿਹਾ ਵਿਅਕਤੀ ਗੱਡੀ 'ਤੇ ਆਇਆ ਅਤੇ ਹੰਗਾਮਾ ਕਰਨ ਮਗਰੋਂ ਗੋਲੀਆਂ ਚਲਾ ਕੇ ਉਥੋਂ ਨਿਕਲ ਗਿਆ।


## Gas Station with Convenience Store For Sale

Sunoco Aplus Gas Station with Convenience store (business only) for IMMEDIATE sale in Chester. PA. The store is very busy & located at a busy intersection.

The owner is absentee owner & has employees to operate 24 hours a day. Very high volume (1.2M gallons/year) of gas & in-store grocery sales (1M).

Asking $550,000 plus Inventory.
Serious inquiries only.

**Please contact at 317-509-7163**

Note: Please do not contact any employee at the store.

## ਗੈਸ ਸਟੇਸ਼ਨ ਤੇ ਕਨਵੀਨੀਐਂਸ ਸਟੋਰ ਵਿਕਾਊ ਹੈ

ਚੈਸਟਰ, ਪੈਨਸਿਲਵੇਨੀਆ ਵਿਚ ਸੁਨੋਕੋ ਏ-ਪਲੱਸ ਗੈਸ ਸਟੇਸ਼ਨ ਅਤੇ ਕਨਵੀਨੀਐਂਸ ਸਟੋਰ (ਸਿਰਫ ਬਿਜਨਸ) ਫੌਰੀ ਤੌਰ 'ਤੇ ਵਿਕਾਊ ਹੈ। ਸਟੋਰ ਬਿਜ਼ੀ ਇੰਟਰਸੈਕਸ਼ਨ 'ਤੇ ਹੈ ਅਤੇ ਬਹੁਤ ਹੀ ਬਿਜ਼ੀ ਹੈ।
ਮਾਲਕ ਐਬਸੈਂਟੀ ਓਨਰ ਹੈ ਅਤੇ ਗੈਸ ਸਟੇਸ਼ਨ 24 ਘੰਟੇ ਮੁਲਾਜ਼ਮ ਚਲਾਉਂਦੇ ਹਨ। ਬਹੁਤ ਹਾਈ ਵਾਲਿਊਮ (1.2 ਮਿਲੀਅਨ ਗੈਲਨ ਸਾਲਾਨਾ) ਅਤੇ ਇਨ-ਸਟੋਰ ਸੇਲ ਗਰੌਸਰੀ ਸੇਲ (ਇਕ ਮਿਲੀਅਨ)

ਕੀਮਤ: $550,000 + ਗਰੌਸਰੀ
ਸਿਰਫ ਗੰਭੀਰ ਗਾਹਕ ਹੀ ਸੰਪਰਕ ਕਰਨ
ਫੋਨ: 317-509-7163

44-46



## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**

# ਸਿਆਸੀ ਧਿਰਾਂ ਤੇ ਸ਼੍ਰੋਮਣੀ ਕਮੇਟੀ ਨੇ ਸਾਂਝੀਵਾਲਤਾ ਦੇ ਸੁਨੇਹੇ ਤੋਂ ਮੂੰਹ ਫੇਰਿਆ

## ਪ੍ਰਕਾਸ਼ ਪੁਰਬ

**ਚੰਡੀਗੜ੍ਹ:** ਸਿਆਸੀ ਧਿਰਾਂ ਤੇ ਸ਼੍ਰੋਮਣੀ ਕਮੇਟੀ ਨੇ ਗੁਰੂ ਨਾਨਕ ਦੇਵ ਦੇ ਸਾਂਝੀਵਾਲਤਾ ਦੇ ਸੰਦੇਸ਼ ਤੋਂ ਮੂੰਹ ਫੇਰ ਲਿਆ ਹੈ। ਸਾਂਝੀਵਾਲਤਾ ਦਾ ਸੁਨੇਹਾ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਪੰਜਾਬ ਸਰਕਾਰ ਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਮੁਕਾਬਲੇਬਾਜ਼ੀ ਵਧ ਗਈ ਹੈ। ਦੋਵੇਂ ਧਿਰਾਂ ਇਕ-ਦੂਜੇ ਨੂੰ ਥੱਲੇ ਲਾਉਣ ਦਾ ਕੋਈ ਵੀ ਮੌਕਾ ਨਹੀਂ ਛੱਡ ਰਹੀਆਂ। ਅਕਾਲ ਤਖ਼ਤ ਵੱਲੋਂ ਸਾਂਝੇ ਸਮਾਗਮ ਦੇ ਹੁਕਮਾਂ ਦੇ ਬਾਵਜੂਦ ਕੋਈ ਵੀ ਧਿਰ ਝੁਕਣ ਲਈ ਤਿਆਰ ਨਹੀਂ ਹੋਈ।

ਪੰਜਾਬ ਸਰਕਾਰ ਨੇ ਗੁਰਦੁਆਰਾ ਬੇਰ ਸਾਹਿਬ ਤੇ ਆਲੇ-ਦੁਆਲੇ ਦੀਆਂ ਸੜਕਾਂ ਉਤੇ ਮੁੱਖ ਪੰਡਾਲ ਲਈ ਨੀਲੇ ਰੰਗ ਦੇ ਦਿਸ਼ਾ ਸੂਚਕ ਬੋਰਡ ਲਾਏ ਸਨ। ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਬੋਰਡਾਂ ਅੱਗੇ ਗੇਟ ਬਣਾਉਣੇ ਸ਼ੁਰੂ ਕਰ ਦਿੱਤੇ ਹਨ, ਜਿਸ ਨਾਲ ਉਹ ਦਿਸ਼ਾ ਸੂਚਕ ਬੋਰਡ ਹੁਣ ਦਿਖ ਨਹੀਂ ਰਹੇ। ਦੋਵਾਂ ਧਿਰਾਂ ਵੱਲੋਂ ਸਮਾਨੰਤਰ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਕਾਰਨ ਲੋਕਾਂ ਵਿਚ ਭੰਬਲਭੂਸੇ ਦੀ ਸਥਿਤੀ ਪੈਦਾ ਹੋ ਗਈ ਹੈ ਕਿ ਉਹ ਕਿੱਧਰ ਜਾਣ। ਦਿਲਚਸਪ ਗੱਲ ਇਹ ਵੀ ਹੈ ਕਿ ਦੋਵਾਂ ਧਿਰਾਂ ਦੇ 'ਮੁੱਖ ਪੰਡਾਲ' ਗੁਰਦੁਆਰਾ ਬੇਰ ਸਾਹਿਬ ਨੇੜੇ ਹਨ। ਪੰਜਾਬ ਸਰਕਾਰ ਦਾ ਪੰਡਾਲ ਵੇਈਂ ਪਾਰ ਕਰਕੇ ਹੈ, ਜਦਕਿ ਸ਼੍ਰੋਮਣੀ ਕਮੇਟੀ ਦਾ ਪੰਡਾਲ ਵੇਈਂ ਦੇ ਦੂਜੇ ਪਾਸੇ ਗੁਰੂ ਨਾਨਕ ਸਟੇਡੀਅਮ ਵਿਚ ਹੈ। ਦੋਵੇਂ ਧਿਰਾਂ ਨੇ ਵੱਖਰੇ ਸਮਾਗਮ ਕਰਵਾਉਣ ਦੀਆਂ ਸਾਰੀਆਂ ਤਿਆਰੀਆਂ ਕਰ ਲਈਆਂ ਹਨ, ਫਿਰ ਵੀ ਇਨ੍ਹਾਂ ਦੇ ਆਗੂ ਸਾਂਝੇ ਪ੍ਰੋਗਰਾਮ ਮਨਾਉਣ ਲਈ ਬਿਆਨਬਾਜ਼ੀ ਕਰਨ ਤੋਂ ਗੁਰੇਜ਼ ਨਹੀਂ ਕਰ ਰਹੇ।

ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਸਿੱਖਾਂ ਦੀ ਨੁਮਾਇੰਦਾ ਸੰਸਥਾ ਬਾਦਲਾਂ ਦੇ ਪੱਖ 'ਚ ਹੋ ਕੇ ਗੁਰੂ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਕ ਮੌਕੇ ਦਾ ਮਜ਼ਾਕ ਬਣਾ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਤੌਰ ਉਤੇ ਅਜਿਹੇ ਸਾਰੇ ਵੱਡੇ ਸਮਾਗਮ ਹਮੇਸ਼ਾ ਸੂਬਾ ਸਰਕਾਰ ਵੱਲੋਂ ਕਰਵਾਏ ਜਾਂਦੇ ਹਨ ਪਰ ਸ਼੍ਰੋਮਣੀ ਕਮੇਟੀ ਇਸ ਵਾਰ ਅਕਾਲੀਆਂ ਦੇ ਇਸ਼ਾਰੇ ਉਤੇ ਸਰਕਾਰ ਦੇ ਪ੍ਰੋਗਰਾਮਾਂ ਨੂੰ ਸਹਿਯੋਗ ਦੇਣ ਤੋਂ ਮੁਨਕਰ ਹੋ ਗਈ ਹੈ। ਕੈਪਟਨ ਨੇ ਜ਼ਿਕਰ ਕੀਤਾ ਕਿ ਉਨ੍ਹਾਂ ਦੇ ਮੁੱਖ ਮੰਤਰੀ ਵਜੋਂ ਪਿਛਲੇ ਕਾਰਜਕਾਲ ਦੌਰਾਨ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਅਤੇ ਅਜਿਹੇ ਹੋਰ ਇਤਿਹਾਸਕ ਧਾਰਮਿਕ ਸਮਾਗਮਾਂ ਨੂੰ ਸੂਬਾ ਸਰਕਾਰ ਵੱਲੋਂ ਮਨਾਇਆ ਗਿਆ ਸੀ। ਕੈਪਟਨ ਨੇ ਕਿਹਾ ਕਿ ਸਮਾਗਮ ਸਾਂਝੇ ਤੌਰ 'ਤੇ ਮਨਾਉਣ ਲਈ ਸਰਕਾਰ ਨੇ ਸ਼੍ਰੋਮਣੀ ਕਮੇਟੀ ਕੋਲ ਹਰ ਤਰ੍ਹਾਂ ਨਾਲ ਪਹੁੰਚ ਕੀਤੀ ਪਰ ਕਮੇਟੀ ਦੇ ਸਿੱਧੇ ਤੌਰ 'ਤੇ ਅਕਾਲੀਆਂ ਦੇ ਏਜੰਡੇ ਨੂੰ ਸਿਰੇ ਲਾਉਣ ਦੀ ਮਨਸ਼ਾ ਕਾਰਨ ਸਰਕਾਰ ਦੇ ਯਤਨਾਂ ਨੂੰ ਸਿਰੇ ਨਹੀਂ ਚੜ੍ਹਨ ਦਿੱਤਾ ਗਿਆ।

### ਬਾਦਲ ਵਿਰੋਧੀ ਧੜਿਆਂ ਵੱਲੋਂ ਵੱਖਰੇ ਸਮਾਰੋਹ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਦੀਆਂ ਕੁਝ ਸਿਆਸੀ ਧਿਰਾਂ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਦੇ ਸਮਾਰੋਹਾਂ ਤੋਂ ਦੂਰੀ ਬਣਾ ਕੇ ਡੇਰਾ ਬਾਬਾ ਨਾਨਕ 'ਚ ਸਮਾਗਮ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸਮਾਗਮਾਂ ਦੀ ਅਗਵਾਈ ਬਾਬਾ ਨਾਨਕ ਦੇ ਖਾਨਦਾਨ ਨਾਲ ਸਬੰਧਤ ਬਾਬਾ ਸਰਬਜੋਤ ਸਿੰਘ ਬੇਦੀ ਦੀ ਅਗਵਾਈ ਵਾਲਾ ਸੰਤ ਸਮਾਜ ਕਰ ਰਿਹਾ ਹੈ। ਡੇਰਾ ਬਾਬਾ ਨਾਨਕ 'ਚ 12 ਨਵੰਬਰ ਨੂੰ ਹੋਣ ਵਾਲੇ ਵੱਖਰੇ ਸਮਾਗਮ ਦੌਰਾਨ ਇਨ੍ਹਾਂ ਸਿਆਸੀ ਧਿਰਾਂ ਵਿੱਚ ਪ੍ਰਮੁੱਖ ਤੌਰ ਉਤੇ ਬਾਦਲ ਪਰਿਵਾਰ ਵਿਰੋਧੀ ਅਕਾਲੀ ਧੜਿਆਂ ਅਤੇ ਆਮ ਆਦਮੀ ਪਾਰਟੀ ਵੱਲੋਂ ਸ਼ਮੂਲੀਅਤ ਕਰਨ ਸਬੰਧੀ ਚੰਡੀਗੜ੍ਹ 'ਚ ਹੋਈ ਮੀਟਿੰਗ ਦੌਰਾਨ ਵਿਚਾਰ ਚਰਚਾ ਹੋਈ। ਸ਼੍ਰੋਮਣੀ ਅਕਾਲੀ ਦਲ (ਟਕਸਾਲੀ), ਸ਼੍ਰੋਮਣੀ ਅਕਾਲੀ ਦਲ (1920) ਅਤੇ ਆਮ ਆਦਮੀ ਪਾਰਟੀ ਸਮੇਤ ਸ਼੍ਰੋਮਣੀ ਅਕਾਲੀ ਦਲ ਨਾਲ ਨਾਰਾਜ਼ ਚੱਲੇ ਆ ਰਹੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਹੋਰਨਾਂ ਵੱਲੋਂ ਵੀ ਸਮਾਗਮ ਵਿਚ ਸ਼ਮੂਲੀਅਤ ਕੀਤੇ ਜਾਣ ਦੀ ਚਰਚਾ ਹੈ। ਮੀਟਿੰਗ ਦੌਰਾਨ ਗਰਮ ਖਿਆਲੀ ਸਿੱਖ ਧੜਿਆਂ ਤੋਂ ਦੂਰੀ ਬਣਾ ਕੇ ਰੱਖਣ ਦਾ ਫੈਸਲਾ ਕੀਤਾ ਗਿਆ ਹੈ।

### ਕਰਤਾਰਪੁਰ ਲਾਂਘੇ ਦਾ ਸਿਹਰਾ ਲੈਣ ਦੀ ਦੌੜ

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਦੋ ਦੇਸ਼ਾਂ ਵਿਚਕਾਰ ਖੁੱਲ੍ਹ ਰਹੇ ਲਾਂਘੇ ਦਾ ਸਿਹਰਾ ਲੈਣ ਲਈ ਕੇਂਦਰ ਸਰਕਾਰ, ਪੰਜਾਬ ਦੀ ਕਾਂਗਰਸ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ 'ਚ ਦੌੜ ਲੱਗੀ ਹੋਈ ਹੈ। ਇਨ੍ਹਾਂ ਧਿਰਾਂ ਵੱਲੋਂ ਇਸ ਮਹਾਨ ਕਾਰਜ ਦਾ ਸਿਹਰਾ ਆਪਣੇ ਸਿਰ ਸਜਾਉਣ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।


ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਮਿੱਤਰ ਨਵਜੋਤ ਸਿੰਘ ਸਿੱਧੂ ਅਤੇ ਕਰਤਾਰਪੁਰ ਦਰਸ਼ਨ ਅਭਿਲਾਸ਼ੀ ਸੰਸਥਾ ਰਾਹੀਂ ਇਸ ਗੁਰਧਾਮ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਸਰਹੱਦ ਉਤੇ 2001 ਤੋਂ ਅਰਦਾਸਾਂ ਕਰਦੇ ਰਹੇ ਮਰਹੂਮ ਅਕਾਲੀ ਆਗੂ ਜਥੇਦਾਰ ਕੁਲਦੀਪ ਸਿੰਘ ਵਡਾਲਾ ਨੂੰ ਵਿਸਾਰਿਆ ਜਾ ਰਿਹਾ ਹੈ। ਜਥੇਦਾਰ ਵਡਾਲਾ ਦੇ ਇਸ ਲਾਂਘੇ ਲਈ ਯੋਗਦਾਨ ਨੂੰ ਦੇਖਦਿਆਂ ਭਾਵੇਂ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਰਹੱਦ ਤੱਕ ਆਉਂਦੀ ਸੜਕ ਦਾ ਨਾਂ ਜਥੇਦਾਰ ਕੁਲਦੀਪ ਸਿੰਘ ਵਡਾਲਾ ਦੇ ਨਾਮ ਉਤੇ ਰੱਖਣ ਦਾ ਐਲਾਨ ਕੀਤਾ ਗਿਆ ਹੈ ਪਰ ਕਰਤਾਰਪੁਰ ਲਾਂਘੇ ਦੇ ਸ਼ੁਰੂਆਤੀ ਸਮਾਗਮਾਂ ਮੌਕੇ ਪਾਕਿਸਤਾਨੀ ਪ੍ਰਧਾਨ ਮੰਤਰੀ ਵੱਲੋਂ ਇਸ ਲਾਂਘੇ ਲਈ ਨਵਜੋਤ ਸਿੰਘ ਸਿੱਧੂ ਦਾ ਖਾਸ ਜ਼ਿਕਰ ਕੀਤਾ ਗਿਆ ਸੀ।

# ਪ੍ਰਕਾਸ਼ ਪੁਰਬ: ਸਿੱਖ ਸ਼ਰਧਾਲੂਆਂ ਨੇ ਪਾਕਿਸਤਾਨ ਵੱਲ ਪਾਏ ਚਾਲੇ

**ਚੰਡੀਗੜ੍ਹ:** 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਹੋਣ ਵਾਲੇ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਸਿੱਖ ਸੰਗਤ ਨੇ ਪਾਕਿਸਤਾਨ ਵੱਲ ਵਹੀਰਾਂ ਘੱਤੀਆਂ ਹਨ। ਸ਼੍ਰੋਮਣੀ ਕਮੇਟੀ ਦੇ ਲਗਭਗ 1300 ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਪੁੱਜਾ ਹੈ। ਇਸ ਤੋਂ ਪਹਿਲਾਂ ਦਿੱਲੀ ਤੋਂ ਸਜਾਇਆ ਗਿਆ ਨਗਰ ਕੀਰਤਨ ਪਾਕਿਸਤਾਨ ਪਹੁੰਚਿਆ। ਨਗਰ ਕੀਰਤਨ ਦਾ ਇਥੇ ਸ਼ਾਨਦਾਰ ਢੰਗ ਨਾਲ ਸਵਾਗਤ ਕੀਤਾ ਗਿਆ। ਪੰਜਾਬ ਸੂਬੇ ਵਿਚ ਪੈਂਦੇ ਇਸ ਗੁਰਦੁਆਰੇ ਨੂੰ ਵਿਸ਼ੇਸ਼ ਰੌਸ਼ਨੀਆਂ ਨਾਲ ਸਜਾਇਆ ਗਿਆ ਹੈ। ਨਗਰ ਕੀਰਤਨ ਨਾਲ ਭਾਰਤ ਤੋਂ ਆਏ ਸਿੱਖ ਸ਼ਰਧਾਲੂਆਂ ਨੇ ਗੁਰਦੁਆਰੇ 'ਚ ਇਲਾਹੀ ਬਾਣੀ ਸਰਵਣ ਕਰਨ ਮਗਰੋਂ ਸਰਬੱਤ ਦੇ ਭਲੇ ਦੀ ਅਰਦਾਸ 'ਚ ਸ਼ਮੂਲੀਅਤ ਕੀਤੀ।

ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਦੇ ਉਪ ਸਕੱਤਰ ਇਮਰਾਨ ਗੌਂਡਲ ਨੇ ਦੱਸਿਆ ਕਿ ਨਗਰ ਕੀਰਤਨ ਗੁਰਦੁਆਰਾ ਜਨਮ ਅਸਥਾਨ, ਨਨਕਾਣਾ ਸਾਹਿਬ, ਗੁਰਦੁਆਰਾ ਸੱਚਾ ਸੌਦਾ ਫਰੂਕਾਬਾਦ ਅਤੇ ਹੋਰ ਗੁਰਧਾਮਾਂ ਵਿਚ ਵੀ ਜਾਵੇਗਾ ਅਤੇ ਇਹ ਕਰਤਾਰਪੁਰ 'ਚ ਗੁਰਦੁਆਰਾ ਦਰਬਾਰ ਸਾਹਿਬ 'ਚ ਸਮਾਪਤ ਹੋਵੇਗਾ। ਬੋਰਡ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਰਲ ਕੇ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਰਹਿਣ ਦੇ ਉਚੇਚੇ ਪ੍ਰਬੰਧ ਕੀਤੇ ਹਨ। ਨਗਰ ਕੀਰਤਨ 31 ਅਕਤੂਬਰ ਨੂੰ ਅਟਾਰੀ-ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਦਾਖਲ ਹੋਇਆ ਸੀ।

ਸ਼ਰਧਾਲੂਆਂ ਨੇ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਸ਼ਲਾਘਾ ਕਰਦਿਆਂ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਨਨਕਾਣਾ ਸਾਹਿਬ 'ਚ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਣ ਅਤੇ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ 50 ਰੁਪਏ ਦਾ ਚਾਂਦੀ ਦਾ ਸਿੱਕਾ ਜਾਰੀ ਕਰਨ ਦੇ ਫੈਸਲੇ ਨੂੰ ਵੀ ਸਲਾਹਿਆ।



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸਿੱਖਾਂ ਦੀ ਪਾਕਿਸਤਾਨ 'ਚ ਗੁਰਧਾਮ ਦੀ ਵੀਜ਼ਾ ਮੁਕਤ ਯਾਤਰਾ ਦੀ ਲੰਬੇ ਚਿਰਾਂ ਦੀ ਅਰਦਾਸ ਹੁਣ ਪੂਰੀ ਹੋਣ ਜਾ ਰਹੀ ਹੈ। ਉਨ੍ਹਾਂ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ 'ਚ ਨਵੀਂ ਇਮਾਰਤ ਉਸਾਰਨ ਲਈ ਵੀ ਸਰਕਾਰ ਦਾ ਧੰਨਵਾਦ ਕੀਤਾ।

ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਸ਼ਾਂਤੀ ਅਤੇ ਮਾਨਵਤਾ ਦੇ ਆਲੇ-ਦੁਆਲੇ ਘੁੰਮਦੀਆਂ ਹਨ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਾਹਿਬ ਲਾਂਘਾ ਸਿੱਖਾਂ ਲਈ ਵੱਡਾ ਤੋਹਫਾ ਹੈ ਅਤੇ ਪਾਕਿਸਤਾਨ ਦੁਨੀਆਂ ਭਰ ਦੇ ਸਿੱਖਾਂ ਲਈ ਦੂਜਾ ਘਰ ਹੈ। ਅਟਕ ਦੇ ਜ਼ਿਲ੍ਹਾ ਪੁਲਿਸ ਅਧਿਕਾਰੀ ਸ਼ਹਿਜ਼ਾਦ ਨਦੀਮ ਬੁਖਾਰੀ ਨੇ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਮੀਡੀਆ ਨੂੰ ਦੱਸਿਆ ਕਿ ਸਿੱਖਾਂ ਲਈ ਬਹੁਪਰਤੀ ਸੁਰੱਖਿਆ ਯੋਜਨਾ ਬਣਾਈ ਗਈ ਹੈ।

### ਕੈਪਟਨ ਨੂੰ ਪਾਕਿਸਤਾਨ ਦੀ ਨੀਅਤ ਉਤੇ ਸ਼ੱਕ!

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਪਿੱਛੇ ਪਾਕਿਸਤਾਨ ਦੇ ਗੁਪਤ ਇਰਾਦਿਆਂ ਬਾਰੇ ਚੌਕਸ ਰਹਿਣ ਦਾ ਰਾਗ ਮੁੜ ਅਲਾਪਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਪਿਛਲੇ 70 ਸਾਲਾਂ ਤੋਂ ਲਾਂਘਾ ਖੋਲ੍ਹਣ ਦੀ ਮੰਗ ਕਰ ਰਿਹਾ ਸੀ ਪਰ ਪਾਕਿਸਤਾਨ ਵੱਲੋਂ ਅਚਾਨਕ ਇਸ ਮੰਗ ਨੂੰ ਸਵੀਕਾਰ ਕਰ ਲੈਣ ਪਿੱਛੇ ਕੋਈ ਲੁਕਿਆ ਇਰਾਦਾ ਵੀ ਹੋ ਸਕਦਾ ਹੈ। ਇਸ ਦਾ ਮਕਸਦ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਰਤ ਕੇ ਭਾਈਚਾਰੇ ਨੂੰ ਦੁਫਾੜ ਕਰਨਾ ਵੀ ਹੋ ਸਕਦਾ ਹੈ। ਮੁੱਖ ਮੰਤਰੀ ਵੱਲੋਂ ਕਰਤਾਰਪੁਰ ਸਾਹਿਬ ਲਾਂਘੇ ਦੇ ਮਾਮਲੇ ਉਤੇ ਪਾਕਿਸਤਾਨ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਇਸ ਨੂੰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦੀ ਚਾਲ ਦੱਸ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਬਾਦਲ ਪਰਿਵਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪ੍ਰਕਾਸ਼ ਪੁਰਬ ਸਮਾਗਮਾਂ 'ਚ 'ਚੌਧਰ ਜਮਾਉਣ' ਦੀਆਂ ਕੋਸ਼ਿਸ਼ਾਂ ਨਾਲ ਬਾਦਲ ਬਰਗਾੜੀ ਤੇ ਬੇਅਦਬੀ ਦੇ ਹੋਰ ਮਾਮਲਿਆਂ ਵਿਚ ਖੁਦ ਨੂੰ ਦੁੱਧ-ਧੋਤੇ ਸਾਬਤ ਨਹੀਂ ਕਰ ਸਕਦੇ।

# ਡੇਰਾ ਬਿਆਸ ਮੁਖੀ ਦੀ ਤੁਲਨਾ ਗੁਰੂ ਨਾਨਕ ਨਾਲ ਕਰਨ 'ਤੇ ਵਿਵਾਦ

**ਰਈਆ:** ਰਾਧਾ ਸੁਆਮੀ ਬਿਆਸ ਡੇਰਾ ਮੁਖੀ ਇਕ ਤੋਂ ਬਾਅਦ ਇਕ ਵਿਵਾਦਾਂ ਵਿਚ ਘਿਰਦਾ ਜਾ ਰਿਹਾ ਹੈ। ਹੁਣ ਸੋਸ਼ਲ ਮੀਡੀਆ ਉਤੇ ਡੇਰੇ ਦੀ ਇਕ ਪ੍ਰਚਾਰਕ ਬੀਬੀ ਵੱਲੋਂ ਇਕ ਚੈਨਲ ਦੇ ਪ੍ਰੋਗਰਾਮ ਦੌਰਾਨ ਗੁਰੂ ਨਾਨਕ ਦੇਵ ਜੀ ਨਾਲ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਤੁਲਨਾ ਕਰਨ ਸਬੰਧੀ ਆਡੀਓ ਵਾਇਰਲ ਹੋਈ ਹੈ, ਜਿਸ ਨੇ ਨਵਾਂ ਵਿਵਾਦ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਸਿੱਖ ਜਥੇਬੰਦੀਆਂ ਵਿਚ ਰੋਸ ਪਾਇਆ ਜਾ ਰਿਹਾ ਹੈ ਤੇ ਪੁਲਿਸ ਪ੍ਰਸ਼ਾਸਨ ਪਾਸੋਂ ਇਸ ਚੈਨਲ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਡੇਰਾ ਰਾਧਾ ਸੁਆਮੀ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ, ਜੋ ਪਹਿਲਾਂ ਜ਼ਮੀਨਾਂ ਦੇ ਵਿਵਾਦ ਤੇ ਫਿਰ ਸਿੰਘ ਭਰਾਵਾਂ ਦੇ ਰਨਬੈਕਸੀ ਕੇਸ ਵਿਚ ਦਿੱਲੀ ਹਾਈ ਕੋਰਟ ਵੱਲੋਂ 14 ਨਵੰਬਰ ਨੂੰ ਤਲਬ ਕਰਨ ਕਰ ਕੇ ਵਿਵਾਦਾਂ ਵਿਚ ਘਿਰੇ ਹੋਏ ਹਨ, ਹੁਣ ਸੋਸ਼ਲ ਮੀਡੀਆ ਉਤੇ ਚੱਲ ਰਹੀ ਇਕ ਬੀਬੀ ਦੀ ਆਡੀਓ ਕਰਕੇ ਵਿਵਾਦਾਂ ਵਿਚ ਆ ਗਏ ਹਨ।

ਆਡੀਓ ਵਿਚ ਇਕ ਚੈਨਲ 'ਤੇ ਬੀਬੀ ਬਬੀਤਾ ਰਾਧਾ ਸੁਆਮੀ ਸੰਗਤ ਨੂੰ ਸੰਬੋਧਨ ਕਰ ਕਰਦਿਆਂ ਕਹਿ ਰਹੀ ਹੈ, "ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸੱਚ ਦਾ ਹੋਕਾ ਦਿੱਤਾ ਸੀ। ਉਨ੍ਹਾਂ ਨੂੰ ਉਸ ਸਮੇਂ ਦੀਆਂ ਸਰਕਾਰਾਂ, ਵੱਡੇ ਵੱਡੇ ਰਾਜੇ ਕਚਹਿਰੀਆਂ ਵਿਚ ਬੁਲਾਇਆ ਕਰਦੇ ਸਨ ਅਤੇ ਗੁਰੂ ਜੀ ਬਹੁਤ ਚੰਗੇ ਢੰਗ ਨਾਲ ਜਵਾਬ ਦੇ ਕੇ ਆਇਆ ਕਰਦੇ ਸਨ ਅਤੇ ਗੁਰੂ ਜੀ ਦਾ ਜਵਾਬ ਸੁਣ ਕੇ ਰਾਜੇ-ਮਹਾਰਾਜੇ ਉਨ੍ਹਾਂ ਅੱਗੇ ਸਿਰ ਝੁਕਾਇਆ ਕਰਦੇ ਸਨ, ਉਸੇ ਤਰ੍ਹਾਂ ਸਾਡੇ ਬਾਬਾ ਜੀ ਵੀ ਜਵਾਬ ਦੇ ਕੇ ਆ ਜਾਣਗੇ ਅਤੇ ਕੁਝ ਨਹੀਂ ਹੋਵੇਗਾ।"

ਇਸੇ ਤਰ੍ਹਾਂ ਇਸ ਆਡੀਓ ਵਿਚ ਸਿੰਘ ਭਰਾਵਾਂ ਸਬੰਧੀ ਵੀ ਜ਼ਿਕਰ ਕੀਤਾ ਗਿਆ ਹੈ। ਇਹ ਆਡੀਓ ਕਰੀਬ 8 ਮਿੰਟਾਂ ਦੀ ਹੈ। ਇਲਾਕੇ ਦੇ ਲੋਕਾਂ ਵਿਚ ਡੇਰਾ ਮੁਖੀ ਦੀ ਤੁਲਨਾ ਗੁਰੂ ਨਾਨਕ ਦੇਵ ਜੀ ਨਾਲ ਕਰਨ ਉਤੇ ਭਾਰੀ ਰੋਸ ਪਾਇਆ ਜਾ ਰਿਹਾ ਹੈ।

### ਕੈਪਟਨ ਵੱਲੋਂ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਸਮਰਪਿਤ 'ਧਾਰਮਿਕ ਗੀਤ' ਜਾਰੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਸਮਰਪਿਤ ਦੇਸ਼ ਦੇ ਨਾਮੀ ਫਨਕਾਰਾਂ ਵੱਲੋਂ ਗਾਏ 'ਸ਼ਬਦ' ਅਤੇ ਸੂਫ਼ੀ ਗਾਇਕ ਪੂਰਨ ਚੰਦ ਵਡਾਲੀ ਵੱਲੋਂ ਗਾਇਆ 'ਗੀਤ' ਅਧਿਕਾਰਤ ਤੌਰ ਉਤੇ ਜਾਰੀ ਕੀਤਾ।

ਸ਼ਬਦ 'ਸਤਿਗੁਰੂ ਨਾਨਕ ਆਏ ਨੇ' ਅਤੇ ਗੀਤ 'ਗੁਰੂ ਦਾ ਲਾਂਘਾ' ਜੋ ਰਿਲੀਜ਼ ਕੀਤਾ ਗਿਆ। ਇਹ ਗੀਤ ਵਿਧਾਇਕ ਡਾ. ਰਾਜ ਕੁਮਾਰ ਵੇਰਕਾ ਵੱਲੋਂ ਲਿਖਿਆ ਗਿਆ ਹੈ। ਸ਼ਬਦ 'ਸਤਿਗੁਰੂ ਨਾਨਕ ਆਏ ਨੇ' ਹਰਸ਼ਦੀਪ ਕੌਰ ਨੇ ਕੰਪੋਜ਼ ਕੀਤਾ ਹੈ, ਜਿਸ ਦਾ ਗਾਇਨ ਦੇਸ਼ ਦੀਆਂ ਨਾਮੀ ਫਿਲਮੀ ਹਸਤੀਆਂ ਤੇ ਫਨਕਾਰਾਂ ਸ਼ੰਕਰ ਮਹਾਦੇਵਨ, ਕਪਿਲ ਸ਼ਰਮਾ, ਜਸਪਿੰਦਰ ਨਰੂਲਾ, ਸ਼ਾਨ, ਸਲੀਮ ਮਰਚੈਂਟ, ਸੁਖਸ਼ਿੰਦਰ ਸ਼ਿੰਦਾ, ਰਿਚਾ ਸ਼ਰਮਾ, ਸ਼ੇਖਰ ਰਵਜਿਆਨੀ ਤੇ ਨੀਤੀ ਮੋਹਨ ਨੇ ਕੀਤਾ ਹੈ।


ਸੰਗੀਤਕਾਰ ਹਰਸ਼ਦੀਪ ਕੌਰ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਆਸ ਪ੍ਰਗਟਾਈ ਕਿ ਸਿਰਜੇ ਗਏ ਦ੍ਰਿਸ਼ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ, ਵਿਚਾਰਧਾਰਾ ਤੇ ਸਿੱਖਿਆਵਾਂ ਦਾ ਹੋਰ ਪ੍ਰਸਾਰ ਕਰਨਗੇ। ਮੁੱਖ ਮੰਤਰੀ ਨੇ ਟੀਮ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ ਅਪੀਲ ਕੀਤੀ ਕਿ ਉਹ ਅਜਿਹੀਆਂ ਪਹਿਲਕਦਮੀਆਂ ਜਾਰੀ ਰੱਖਣ।

# ਬ੍ਰਹਮਰਿਸ਼ੀ ਨੇ ਸ਼੍ਰੋਮਣੀ ਕਮੇਟੀ ਤੋਂ ਮੁਆਫੀ ਮੰਗੀ

**ਅੰਮ੍ਰਿਤਸਰ:** ਇਸ਼ਤਿਹਾਰ ਦੇ ਕੇ ਗੁਰਬਾਣੀ, ਸਿੱਖ ਸਿਧਾਂਤਾਂ ਅਤੇ ਸਿੱਖ ਗੁਰੂਆਂ ਦੇ ਨਿਰਾਦਰ ਕਰਨ ਦੇ ਮਾਮਲੇ ਵਿਚ ਬ੍ਰਹਮਰਿਸ਼ੀ ਕੁਮਾਰ ਸਵਾਮੀ ਨੇ ਸ਼੍ਰੋਮਣੀ ਕਮੇਟੀ ਕੋਲ ਮੁਆਫੀਨਾਮਾ ਭੇਜਿਆ ਹੈ, ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਪ੍ਰਵਾਨ ਕਰ ਲਿਆ ਹੈ।

ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਸ੍ਰੀ ਸਵਾਮੀ ਦੇ ਨੁਮਾਇੰਦਿਆਂ ਨੇ ਇਹ ਮੁਆਫੀਨਾਮਾ ਪੇਸ਼ ਕੀਤਾ। ਨੁਮਾਇੰਦਿਆਂ ਨੇ ਇਸ ਸਬੰਧੀ ਲਿਖਤੀ ਮੁਆਫੀਨਾਮਾ ਪੇਸ਼ ਕੀਤਾ, ਜਿਸ ਵਿਚ ਮੁੜ ਅਜਿਹਾ ਨਾ ਵਾਪਰਨ ਦਾ ਭਰੋਸਾ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਬ੍ਰਹਮਰਿਸ਼ੀ ਕੁਮਾਰ ਸਵਾਮੀ ਵੱਲੋਂ ਕੁਝ ਅਖ਼ਬਾਰਾਂ ਵਿਚ ਇਸ਼ਤਿਹਾਰ ਦਿੱਤੇ ਗਏ ਸਨ, ਜਿਸ ਵਿਚ ਵਰਤੀ ਗਈ ਸ਼ਬਦਾਵਲੀ ਕਾਰਨ ਸਿੱਖ ਗੁਰੂਆਂ, ਸਿੱਖ ਸਿਧਾਂਤ ਅਤੇ ਗੁਰਬਾਣੀ ਦਾ ਨਿਰਾਦਰ ਹੋਇਆ ਹੈ। ਸਿੱਖ ਸੰਗਤ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਨੇ ਇਸ ਦਾ ਸਖ਼ਤ ਨੋਟਿਸ ਲਿਆ ਸੀ ਅਤੇ ਇਸ ਮਾਮਲੇ ਵਿਚ ਕਾਨੂੰਨੀ ਕਾਰਵਾਈ ਕਰਨ ਦਾ ਫੈਸਲਾ ਲਿਆ ਸੀ।

ਇਸ ਸਬੰਧੀ ਪੁਲਿਸ ਕਮਿਸ਼ਨਰ ਕੋਲ ਸ਼ਿਕਾਇਤ ਵੀ ਭੇਜੀ ਗਈ ਸੀ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਸਬੰਧਤਾਂ ਨੇ ਮੁਆਫੀਨਾਮਾ ਪੇਸ਼ ਕੀਤਾ ਅਤੇ ਸਿੱਖ ਭਾਵਨਾਵਾਂ ਨੂੰ ਪੁੱਜੀ ਠੇਸ ਲਈ ਸਿੱਖ ਜਗਤ ਕੋਲੋਂ ਮੁਆਫੀ ਮੰਗੀ ਹੈ। ਇਹ ਮੁਆਫੀਨਾਮਾ ਪ੍ਰਵਾਨ ਕਰ ਲਿਆ ਗਿਆ ਹੈ।




ਮੁਆਫੀਨਾਮਾ ਦੇਣ ਆਏ ਸਾਬਕਾ ਮੰਤਰੀ ਡਾ. ਬਲਦੇਵ ਰਾਜ ਚਾਵਲਾ ਨੇ ਆਖਿਆ ਕਿ ਸ੍ਰੀ ਸਵਾਮੀ ਬਾਰੇ ਦਿੱਤੇ ਗਏ ਇਸ਼ਤਿਹਾਰ ਵਿਚ ਵਰਤੀ ਗਈ ਸ਼ਬਦਾਵਲੀ ਕਾਰਨ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਸੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਦਾ ਪ੍ਰਗਟਾਵਾ ਕੀਤਾ ਸੀ, ਜਿਸ ਦੇ ਆਧਾਰ ਉਤੇ ਇਸ ਮਾਮਲੇ ਵਿਚ ਖਿਮਾ ਯਾਚਨਾ ਕੀਤੀ ਗਈ ਹੈ।

ਉਨ੍ਹਾਂ ਆਖਿਆ ਕਿ ਸ੍ਰੀ ਸਵਾਮੀ ਸਿੱਖ ਧਰਮ ਦੇ ਉਪਾਸ਼ਕ ਹਨ ਅਤੇ ਕਦੇ ਵੀ ਗੁਰੂਆਂ ਜਾਂ ਗੁਰਬਾਣੀ ਦਾ ਨਿਰਾਦਰ ਨਹੀਂ ਕਰ ਸਕਦੇ। ਅਣਜਾਣੇ ਵਿਚ ਹੋਈ ਇਸ ਗਲਤੀ ਲਈ ਖਿਮਾ ਯਾਚਨਾ ਕੀਤੀ ਹੈ। ਇਸ ਦੌਰਾਨ ਸ੍ਰੀ ਸਵਾਮੀ ਵੱਲੋਂ ਅੰਮ੍ਰਿਤਸਰ ਵਿਚ ਕੀਤੇ ਜਾਣ ਵਾਲੇ ਤਿੰਨ ਰੋਜ਼ਾ ਸਮਾਗਮ ਬੇਰੋਕ ਜਾਰੀ ਹਨ।

# ਪਾਕਿਸਤਾਨ ਨੇ ਕਰਤਾਰਪੁਰ ਲਾਂਘੇ ਲਈ ਸ਼ਰਤਾਂ ਹੋਰ ਨਰਮ ਕੀਤੀਆਂ

**ਇਸਲਾਮਾਬਾਦ:** ਸਿੱਖ ਸ਼ਰਧਾਲੂਆਂ ਨੂੰ ਵੱਡੀ ਰਾਹਤ ਦਿੰਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਐਲਾਨ ਕੀਤਾ ਹੈ ਕਿ ਕਰਤਾਰਪੁਰ ਲਾਂਘੇ ਰਾਹੀਂ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਭਾਰਤ ਤੋਂ ਆਉਣ ਵਾਲਿਆਂ ਨੂੰ ਹੁਣ ਪਾਸਪੋਰਟ ਦੀ ਲੋੜ ਨਹੀਂ ਹੋਵੇਗੀ ਤੇ ਉਹ ਸਿਰਫ ਵੈਧ ਸ਼ਨਾਖਤੀ ਦਸਤਾਵੇਜ਼ (ਆਈ.ਡੀ.) ਦਿਖਾ ਕੇ ਦਰਸ਼ਨਾਂ ਲਈ ਆ ਸਕਦੇ ਹਨ।

ਇਸ ਤੋਂ ਇਲਾਵਾ ਦਸ ਦਿਨ ਪਹਿਲਾਂ ਰਜਿਸਟਰੇਸ਼ਨ ਦੀ ਸ਼ਰਤ ਵੀ ਪਾਕਿਸਤਾਨ ਸਰਕਾਰ ਵੱਲੋਂ ਹਟਾ ਲਈ ਗਈ ਹੈ। ਇਕ ਟਵੀਟ ਵਿਚ ਖਾਨ ਨੇ ਐਲਾਨ ਕੀਤਾ ਕਿ ਕਰਤਾਰਪੁਰ ਲਾਂਘੇ ਦੇ ਉਦਘਾਟਨ ਵਾਲੇ ਦਿਨ, 9 ਨਵੰਬਰ ਨੂੰ ਗੁਰਦੁਆਰਾ ਸਾਹਿਬ ਪੁੱਜਣ ਵਾਲੇ ਸ਼ਰਧਾਲੂਆਂ ਤੇ ਪ੍ਰਕਾਸ਼ ਪੁਰਬ ਵਾਲੇ ਦਿਨ (12 ਨਵੰਬਰ) ਆਉਣ ਵਾਲੇ ਸ਼ਰਧਾਲੂਆਂ ਤੋਂ 20 ਡਾਲਰ ਫੀਸ ਵੀ ਨਹੀਂ ਲਈ ਜਾਵੇਗੀ। ਹਾਲਾਂਕਿ ਨੌਂ ਤੇ 12 ਨਵੰਬਰ ਨੂੰ ਛੱਡ ਕੇ ਸ਼ਰਧਾਲੂਆਂ ਨੂੰ ਭਵਿੱਖ ਵਿਚ 20 ਡਾਲਰ ਫੀਸ ਦੇਣੀ ਪਵੇਗੀ। ਜਦਕਿ ਭਾਰਤ ਨੇ ਪਾਕਿ ਨੂੰ ਇਹ ਫੀਸ ਨਾ ਲੈਣ ਲਈ ਕਿਹਾ ਸੀ। ਦੱਸਣਯੋਗ ਹੈ ਕਿ ਜਿਥੇ ਕਸ਼ਮੀਰ ਮੁੱਦੇ ਉਤੇ ਦੋਵਾਂ ਮੁਲਕਾਂ ਵਿਚਾਲੇ ਤਣਾਅ ਹੈ, ਉਥੇ ਪਿਛਲੇ ਹਫਤੇ ਕਾਫੀ ਲੰਮੀ ਗੱਲਬਾਤ ਤੋਂ ਬਾਅਦ ਕਰਤਾਰਪੁਰ ਲਾਂਘੇ ਸਬੰਧੀ ਦੋਵਾਂ ਮੁਲਕਾਂ ਨੇ ਸਮਝੌਤਾ ਸਹੀਬੱਧ ਕੀਤਾ ਸੀ। ਇਸ ਮੌਕੇ ਰੋਜ਼ਾਨਾ ਪੰਜ ਹਜ਼ਾਰ ਸ਼ਰਧਾਲੂਆਂ ਦੇ ਜਾਣ ਬਾਰੇ ਸਹਿਮਤੀ ਬਣੀ ਸੀ। ਇਸ ਤੋਂ ਇਲਾਵਾ ਫੈਸਲਾ ਕੀਤਾ ਗਿਆ ਸੀ ਕਿ ਖਾਸ ਮੌਕਿਆਂ ਉਤੇ ਗਿਣਤੀ ਵਧਾਈ ਵੀ ਜਾ ਸਕਦੀ ਹੈ।



### ਕਰਤਾਰਪੁਰ ਸੰਗਤ ਦੇ ਸਵਾਗਤ ਲਈ ਤਿਆਰ: ਇਮਰਾਨ

**ਇਸਲਾਮਾਬਾਦ:** ਕਰਤਾਰਪੁਰ ਕੰਪਲੈਕਸ ਅਤੇ ਗੁਰਦੁਆਰਾ ਦਰਬਾਰ ਸਾਹਿਬ ਦੀਆਂ ਖ਼ੂਬਸੂਰਤ ਤਸਵੀਰਾਂ ਸਾਂਝੀਆਂ ਕਰਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਹੈ ਕਿ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਆਉਣ ਵਾਲੀ ਸੰਗਤ ਦੇ ਸਵਾਗਤ ਲਈ ਕਰਤਾਰਪੁਰ ਸਾਹਿਬ ਨੇ ਪਲਕਾਂ ਵਿਛਾ ਦਿੱਤੀਆਂ ਹਨ। ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਟਵੀਟ ਕਰਕੇ ਕਿਹਾ,''ਕਰਤਾਰਪੁਰ ਸਾਹਿਬ ਸਿੱਖ ਸ਼ਰਧਾਲੂਆਂ ਦੇ ਸਵਾਗਤ ਲਈ ਤਿਆਰ ਹੈ।'' ਇਕ ਹੋਰ ਟਵੀਟ 'ਚ ਉਨ੍ਹਾਂ ਲਾਂਘੇ ਦੀ ਉਸਾਰੀ ਦਾ ਕੰਮ ਸਮੇਂ ਸਿਰ ਮੁਕੰਮਲ ਕਰਨ ਲਈ ਆਪਣੀ ਸਰਕਾਰ ਨੂੰ ਵਧਾਈ ਦਿੱਤੀ ਹੈ।

ਉਧਰ, ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਪਰਵਾਸੀ ਭਾਰਤੀ ਪੀਟਰ ਵਿਰਦੀ ਦੇ ਯਤਨਾਂ ਸਦਕਾ ਪਾਕਿਸਤਾਨ ਸਰਕਾਰ ਨੇ ਕਰਤਾਰਪੁਰ ਲਾਂਘੇ ਰਾਹੀਂ ਜਾਣ ਵਾਲੇ ਸ਼ਰਧਾਲੂਆਂ ਲਈ ਪਾਸਪੋਰਟ ਅਤੇ 10 ਦਿਨ ਪਹਿਲਾਂ ਅਰਜ਼ੀ ਦੇਣ ਦੀਆਂ ਸ਼ਰਤਾਂ ਹਟਾ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਪੀਟਰ ਵਿਰਦੀ ਨੂੰ ਦਾਖਲਾ ਫੀਸ ਘਟਾਉਣ ਲਈ ਵੀ ਯਤਨ ਕਰਨੇ ਚਾਹੀਦੇ ਹਨ। ਜਿਵੇਂ ਪਾਕਿਸਤਾਨ ਸਰਕਾਰ ਨੇ ਸ਼ਰਧਾਲੂਆਂ ਲਈ ਸ਼ਰਤਾਂ ਹਟਾਈਆਂ ਹਨ, ਕੇਂਦਰ ਸਰਕਾਰ ਨੂੰ ਵੀ ਸ਼ਰਤਾਂ ਹਟਾਉਣੀਆਂ ਚਾਹੀਦੀਆਂ ਹਨ ਤਾਂ ਜੋ ਸ਼ਰਧਾਲੂ ਬਿਨਾਂ ਕਿਸੇ ਦਿੱਕਤ ਤੋਂ ਦਰਸ਼ਨ ਕਰ ਸਕਣ।

## ਪ੍ਰਕਾਸ਼ ਪੁਰਬ ਮੌਕੇ ਸ਼ਰਧਾਲੂਆਂ ਲਈ ਮੁਫਤ ਬੱਸ ਸੇਵਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੀ ਸੰਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਮੌਕੇ ਸੁਲਤਾਨਪੁਰ ਲੋਧੀ ਦੇ ਦਰਸ਼ਨ ਕਰਵਾਉਣ ਲਈ ਮੁਫਤ ਬੱਸ ਸੇਵਾ ਸ਼ੁਰੂ ਕੀਤੀ ਗਈ ਹੈ। ਇਸ ਸਬੰਧੀ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਹਿਲਕਦਮੀ ਉਤੇ ਵਿਭਾਗ ਵੱਲੋਂ ਟਰਾਂਸਪੋਰਟ ਵਿਭਾਗ ਦੇ ਸਹਿਯੋਗ ਨਾਲ ਇਹ ਉਪਰਾਲਾ ਕੀਤਾ ਗਿਆ ਹੈ।

ਇਸ ਫੈਸਲੇ ਤਹਿਤ 5 ਨਵੰਬਰ ਤੋਂ 12 ਨਵੰਬਰ ਤੱਕ ਹਰ ਰੋਜ਼ 1500 ਬੱਸਾਂ ਸੰਗਤ ਨੂੰ ਸੁਲਤਾਨਪੁਰ ਲੋਧੀ ਦਰਸ਼ਨਾਂ ਲਈ ਲੈ ਕੇ ਜਾਣਗੀਆਂ। ਉਨ੍ਹਾਂ ਦੱਸਿਆ ਕਿ ਕਿਥੋਂ ਕਿਹੜੀਆਂ ਬੱਸਾਂ ਨੇ ਕਿਸ ਦਿਨ ਜਾਣਾ ਹੈ, ਇਸ ਸਬੰਧੀ ਸਾਰਾ ਪ੍ਰੋਗਰਾਮ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੇ ਐਸ.ਡੀ.ਐਮਜ਼ ਨੂੰ ਭੇਜ ਦਿੱਤਾ ਗਿਆ ਹੈ। ਸੂਬੇ ਭਰ ਤੋਂ ਵੱਧ ਤੋਂ ਵੱਧ ਲੋਕਾਂ ਨੂੰ ਦਰਸ਼ਨ ਕਰਵਾਉਣ ਲਈ ਹਰ ਵਿਧਾਨ ਸਭਾ ਹਲਕੇ ਦੇ ਪਿੰਡਾਂ ਤੇ ਸ਼ਹਿਰਾਂ ਅਨੁਸਾਰ ਬੱਸਾਂ ਅਲਾਟ ਕੀਤੀਆਂ ਗਈਆਂ ਹਨ।

ਚੰਨੀ ਨੇ ਦੱਸਿਆ ਕਿ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਬਾਰੇ ਜਾਣਕਾਰੀ ਦੇਣ ਲਈ ਸੈਰ -ਸਪਾਟਾ ਤੇ ਸਭਿਆਚਾਰਕ ਮਾਮਲਿਆਂ ਵਿਭਾਗ ਵੱਲੋਂ ਇਕ ਟੋਲ ਫਰੀ ਹੈਲਪ ਲਾਈਨ ਸੇਵਾ ਵੀ ਸ਼ੁਰੂ ਕੀਤੀ ਗਈ ਹੈ। 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਸਬੰਧੀ ਕੋਈ ਵੀ ਜਾਣਕਾਰੀ ਹਾਸਲ ਕਰਨ ਲਈ ਟੋਲ ਫਰੀ ਨੰਬਰ 1800-180-0550 ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। ਇਹ ਟੋਲ ਫਰੀ ਨੰਬਰ ਚੌਵੀ ਘੰਟੇ ਚਾਲੂ ਹੈ।

## ਤਿੰਨ ਤਸਕਰਾਂ ਦੀ 1.53 ਕਰੋੜ ਰੁਪਏ ਦੀ ਜਾਇਦਾਦ ਜ਼ਬਤ

**ਤਰਨ ਤਾਰਨ:** ਜ਼ਿਲ੍ਹਾ ਪੁਲਿਸ ਨੇ ਇਲਾਕੇ ਨਾਲ ਸਬੰਧਤ ਨਸ਼ਿਆਂ ਦਾ ਧੰਦਾ ਕਰਦੇ ਤਿੰਨ ਤਸਕਰਾਂ ਦੀ 1.53 ਕਰੋੜ ਰੁਪਏ ਦੇ ਕਰੀਬ ਦੀ ਜਾਇਦਾਦ ਜ਼ਬਤ ਕੀਤੀ ਹੈ? ਇਨ੍ਹਾਂ ਤਸਕਰਾਂ ਵਿਚ ਸੁਖਬੀਰ ਸਿੰਘ ਵਾਸੀ ਹਵੇਲੀਆਂ, ਬਲਕਾਰ ਸਿੰਘ ਵਾਸੀ ਕਲਸ ਅਤੇ ਜਸਬੀਰ ਸਿੰਘ ਵਾਸੀ ਚੀਮਾ ਕਲਾਂ ਦਾ ਨਾਂ ਸ਼ਾਮਲ ਹੈ।

ਇਹ ਤਿੰਨੇ ਪਿੰਡ ਸਰਹੱਦੀ ਖੇਤਰ ਦੇ ਥਾਣਾ ਸਰਾਏ ਅਮਾਨਤ ਖਾਂ ਅਧੀਨ ਆਉਂਦੇ ਹਨ? ਇਸ ਜ਼ਬਤ ਕੀਤੀ ਜਾਇਦਾਦ ਵਿਚ ਸੁਖਬੀਰ ਸਿੰਘ ਦੀ 73.22 ਲੱਖ ਰੁਪਏ, ਬਲਕਾਰ ਸਿੰਘ ਦੀ 19.29 ਲੱਖ ਰੁਪਏ ਅਤੇ ਜਸਬੀਰ ਸਿੰਘ ਜੱਸਾ ਦੀ 60.14 ਲੱਖ ਰੁਪਏ ਦੀ ਜਾਇਦਾਦ ਸ਼ਾਮਲ ਹੈ। ਸੁਖਬੀਰ ਸਿੰਘ ਕੋਲੋਂ ਤਿੰਨ ਕਿਲੋ ਜਦਕਿ ਬਲਕਾਰ ਸਿੰਘ ਅਤੇ ਜਸਬੀਰ ਸਿੰਘ ਜੱਸਾ ਕੋਲੋਂ ਇਕ-ਇਕ ਕਿਲੋ ਹੈਰੋਇਨ ਬਰਾਮਦ ਕੀਤੀ ਗਈ ਸੀ।

## ਲਾਂਘੇ ਨਾਲ ਭਾਰਤ-ਪਾਕਿ ਵਪਾਰ ਨੂੰ ਹੁਲਾਰਾ ਮਿਲੇਗਾ

**ਚੰਡੀਗੜ੍ਹ:** ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਪਿੱਛੋਂ ਦੋਵਾਂ ਮੁਲਕਾਂ ਦੇ ਵਪਾਰੀਆਂ ਨੂੰ ਵੱਡੀਆਂ ਉਮੀਦਾਂ ਹਨ। ਉਮੀਦ ਕੀਤੀ ਜਾ ਰਹੀ ਹੈ ਕਿ ਇਹ ਲਾਂਘਾ ਦੋਵਾਂ ਮੁਲਕਾਂ ਵਿਚ ਪਿਛਲੇ 70 ਸਾਲਾਂ ਤੋਂ ਚੱਲ ਰਹੇ ਮਾੜੇ ਰਿਸ਼ਤਿਆਂ ਨੂੰ ਸੁਧਾਰਨ ਵਿਚ ਸਹਾਈ ਹੋਵੇਗਾ। ਆਰਥਿਕ ਪੱਖੋਂ ਲਾਂਘੇ ਦਾ ਸਭ ਤੋਂ ਵੱਧ ਫਾਇਦਾ ਪਾਕਿਸਤਾਨ ਨੂੰ ਹੋਵੇਗਾ।

ਸਮਝੌਤੇ ਮੁਤਾਬਕ ਰੋਜ਼ਾਨਾ ਭਾਰਤ ਤੋਂ ਪੰਜ ਹਜ਼ਾਰ ਸ਼ਰਧਾਲੂ ਕਰਤਾਰਪੁਰ ਸਾਹਿਬ ਜਾਣਗੇ ਤੇ 20 ਡਾਲਰ ਦੇ ਹਿਸਾਬ ਨਾਲ ਪਾਕਿਸਤਾਨ ਨੂੰ ਰੋਜ਼ਾਨਾ ਇਕ ਲੱਖ ਡਾਲਰ ਦੀ ਆਮਦਨ ਹੋਵੇਗੀ, ਜੋ ਭਾਰਤੀ ਕਰੰਸੀ ਵਿਚ ਕਰੀਬ 70 ਲੱਖ ਰੁਪਏ ਤੇ ਪਾਕਿਸਤਾਨੀ ਕਰੰਸੀ ਵਿਚ ਕਰੀਬ ਡੇਢ ਕਰੋੜ ਰੁਪਏ ਬਣੇਗੀ। ਇਸ ਤਰ੍ਹਾਂ ਹਰ ਮਹੀਨੇ ਪਾਕਿਸਤਾਨ ਨੂੰ ਭਾਰਤੀ ਕਰੰਸੀ ਵਿਚ 21 ਕਰੋੜ ਰੁਪਏ ਤੇ ਪਾਕਿਸਤਾਨੀ ਕਰੰਸੀ ਵਿਚ ਕਰੀਬ 47 ਕਰੋੜ ਰੁਪਏ ਦੀ ਆਮਦਨ ਹੋਵੇਗੀ। ਭਾਰਤ ਅਤੇ ਹੋਰ ਮੁਲਕਾਂ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦਾ ਚੜ੍ਹਾਵਾ ਇਸ ਤੋਂ ਵੱਖਰਾ ਹੋਵੇਗਾ। ਭਾਰਤ-ਪਾਕਿਸਤਾਨ ਦੇ ਮਾਲੀ ਰਿਸ਼ਤੇ ਬੀਤੇ ਦੋ ਸਾਲਾਂ ਤੋਂ ਕਾਫੀ ਖਰਾਬ ਹਨ, ਜਦੋਂਕਿ ਦੋਵਾਂ ਮੁਲਕਾਂ ਦੇ ਵਪਾਰੀ ਚੰਗੇ ਸਬੰਧਾਂ ਦੇ ਚਾਹਵਾਨ ਹਨ। ਅੰਮ੍ਰਿਤਸਰ ਤੇ ਲਾਹੌਰ ਦੇ ਵਪਾਰੀਆਂ ਨੂੰ ਇਸ ਲਾਂਘੇ ਤੋਂ ਕਾਫੀ ਉਮੀਦਾਂ ਹਨ, ਹਾਲਾਂਕਿ ਦਿੱਲੀ ਤੱਕ ਦੇ ਵਪਾਰੀ ਇਸ ਵੱਲ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਹਨ। ਪੰਜਾਬ ਰਾਹੀਂ ਪਾਕਿਸਤਾਨ ਨਾਲ ਵਪਾਰ ਵਧਣ ਦਾ ਪੂਰੇ ਉਤਰ ਭਾਰਤ ਨੂੰ ਸਿੱਧਾ ਫਾਇਦਾ ਹੋਵੇਗਾ।

ਇਸੇ ਤਰ੍ਹਾਂ ਲਹਿੰਦੇ ਪੰਜਾਬ 'ਚ ਖਾਸਕਰ ਲਾਹੌਰ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਵੱਲੋਂ ਵੀ ਪੰਜਾਬ ਸਰਹੱਦ ਰਾਹੀਂ ਭਾਰਤ ਨਾਲ ਵਪਾਰ ਵਧਾਉਣ ਦੀ ਮੰਗ ਕੀਤੀ ਜਾ ਰਹੀ ਹੈ। ਚੜ੍ਹਦੇ ਪੰਜਾਬ ਦੇ ਆਗੂ ਵੀ ਲਗਾਤਾਰ ਪੰਜਾਬ ਰਾਹੀਂ ਪਾਕਿਸਤਾਨ ਨਾਲ ਆਰਥਿਕ ਰਿਸ਼ਤੇ ਸੁਧਾਰਨ ਉਤੇ ਜ਼ੋਰ ਦੇ ਰਹੇ ਹਨ।

ਹਾਲੇ ਸਿਰਫ ਅਟਾਰੀ ਸਰਹੱਦ ਰਾਹੀਂ ਦੋਵਾਂ ਮੁਲਕਾਂ ਦਰਮਿਆਨ ਵਪਾਰਕ ਲੈਣ-ਦੇਣ ਹੈ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 2014 ਵਿਚ ਕੇਂਦਰ ਨੂੰ ਚਿੱਠੀ ਲਿਖ ਕੇ ਜ਼ਿਲ੍ਹਾ ਫਿਰੋਜ਼ਪੁਰ ਸਥਿਤ ਹੁਸੈਨੀਵਾਲਾ ਅਤੇ ਜ਼ਿਲ੍ਹਾ ਫਾਜ਼ਿਲਕਾ ਸਥਿਤ ਸੁਲੇਮਾਨਕੀ ਸਰਹੱਦ ਰਾਹੀਂ ਵੀ ਵਪਾਰ ਸ਼ੁਰੂ ਕਰਨ ਦੀ ਮੰਗ ਕੀਤੀ ਸੀ। ਦੋਵਾਂ ਮੁਲਕਾਂ ਦਰਮਿਆਨ ਦੁਵੱਲੇ ਵਪਾਰ ਦੀ ਸਮਰੱਥਾ 30 ਅਰਬ ਡਾਲਰ ਦੇ ਕਰੀਬ ਹੈ, ਜਦੋਂਕਿ ਹਾਲੇ ਦੁਵੱਲਾ ਵਪਾਰ ਸਿਰਫ 2.50 ਅਰਬ ਡਾਲਰ ਹੈ।

ਜੇ ਕਰਤਾਰਪੁਰ ਸਾਹਿਬ ਲਾਂਘਾ ਦੋਵਾਂ ਮੁਲਕਾਂ ਦਰਮਿਆਨ ਰਿਸ਼ਤੇ ਸੁਧਾਰਨ ਦਾ ਜ਼ਰੀਆ ਬਣਦਾ ਹੈ, ਤਾਂ ਇਸ ਦਾ ਪਾਕਿਸਤਾਨ ਦੇ ਕਈ ਸਨਅਤੀ ਖੇਤਰਾਂ ਨੂੰ ਸਿੱਧਾ ਲਾਭ ਹੋਵੇਗਾ। ਪਾਕਿਸਤਾਨ ਦੀ ਆਟੋਮੋਬਾਈਲ ਸਨਅਤ ਭਾਰਤ ਦੇ ਗੁੜਗਾਉਂ ਤੇ ਮਾਨੇਸਰ ਤੋਂ ਲੋੜੀਂਦਾ ਸਾਮਾਨ ਦਰਾਮਦ ਕਰ ਸਕਦੀ ਹੈ। ਪਾਕਿਸਤਾਨ ਦੀ ਦਵਾ ਸਨਅਤ ਨੂੰ ਵੀ ਭਾਰੀ ਫਾਇਦਾ ਹੋਵੇਗਾ, ਕਿਉਂਕਿ ਪਾਕਿਸਤਾਨ ਵਿਚ ਹਾਲੇ ਵੀ ਕਈ ਜ਼ਰੂਰੀ ਦਵਾਈਆਂ ਕਾਫੀ ਮਹਿੰਗੀਆਂ ਹਨ।

ਦੋਵਾਂ ਮੁਲਕਾਂ 'ਚ ਖੇਤੀ ਸਹਿਯੋਗ ਵੀ ਵਧੇਗਾ। ਚੜ੍ਹਦੇ ਪੰਜਾਬ ਵਿਚ ਆਲੂ ਤੇ ਨਰਮਾ ਕਾਸ਼ਤਕਾਰਾਂ ਨੂੰ ਫਾਇਦਾ ਹੋਵੇਗਾ। ਲਹਿੰਦੇ ਪੰਜਾਬ ਦੀ ਕੱਪੜਾ ਸਨਅਤ ਚੜ੍ਹਦੇ ਪੰਜਾਬ ਦੀ ਕਪਾਹ ਦੀ ਵੱਡੀ ਖਰੀਦਦਾਰ ਹੈ ਅਤੇ ਭਾਰਤ ਤੋਂ ਪਾਕਿਸਤਾਨ ਨੂੰ ਹੋਣ ਵਾਲੀ ਬਰਾਮਦ ਵਿਚ ਕਪਾਹ ਦਾ ਵੱਡਾ ਹਿੱਸਾ ਹੈ।

## ਆਰ.ਐਫ.ਐਲ ਘੁਟਾਲਾ: ਸਿੰਘ ਭਰਾਵਾਂ ਦੀ ਨਿਆਇਕ ਹਿਰਾਸਤ ਵਧਾਈ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਫੋਰਟਿਸ ਹੈਲਥਕੇਅਰ ਦੇ ਸਾਬਕਾ ਪ੍ਰੋਮੋਟਰਾਂ ਮਾਲਵਿੰਦਰ ਸਿੰਘ ਅਤੇ ਉਸ ਦੇ ਭਰਾ ਸ਼ਿਵਇੰਦਰ ਸਿੰਘ ਦੀ ਨਿਆਇਕ ਹਿਰਾਸਤ ਵਿਚ 14 ਨਵੰਬਰ ਤੱਕ ਦਾ ਵਾਧਾ ਕੀਤਾ ਹੈ।

ਇਹ ਦੋਵੇਂ ਭਰਾ ਰੇਲੀਗੇਰ ਫਿਨਵੈਸਟ ਲਿਮਿਟਡ (ਆਰ.ਐਫ.ਐਲ.) ਦੇ ਫੰਡਾਂ ਵਿਚ ਕਥਿਤ ਹੇਰਫੇਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਇਸ ਤੋਂ ਇਲਾਵਾ ਅਦਾਲਤ ਨੇ ਰੇਲੀਗੇਰ ਐਂਟਰਪ੍ਰਾਈਜ਼ਿਜ ਲਿਮਿਟਡ ਦੇ ਸਾਬਕਾ ਸੀ.ਐਮ.ਡੀ. ਸੁਨੀਲ ਗੋਧਵਾਨੀ, ਜੋ ਆਰ.ਐਫ.ਐਲ. ਕੇਸ ਵਿਚ ਮੁਲਜ਼ਮ ਹੈ, ਦੀ ਜ਼ਮਾਨਤ ਅਰਜ਼ੀ ਉਤੇ ਦਿੱਲੀ ਪੁਲਿਸ ਦਾ ਜਵਾਬ ਮੰਗਿਆ ਹੈ।

ਅਦਾਲਤ ਨੇ ਗੋਧਵਾਨੀ ਅਤੇ ਬਾਕੀ ਮੁਲਜ਼ਮਾਂ ਕਵੀ ਅਰੋੜਾ ਅਤੇ ਅਨਿਲ ਸਕਸੈਨਾ ਦੀ ਨਿਆਇਕ ਹਿਰਾਸਤ ਵਿਚ ਵੀ 14 ਨਵੰਬਰ ਤੱਕ ਦਾ ਵਾਧਾ ਕੀਤਾ ਹੈ।

# ਸੋਸ਼ਲ ਮੀਡੀਆ 'ਤੇ ਕਰਤਾਰਪੁਰ ਲਾਂਘੇ ਦੇ ਨਾਇਕ ਬਣੇ ਨਵਜੋਤ ਸਿੱਧੂ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਬਾਅਦ ਪਿਛਲੇ ਪੰਜ ਮਹੀਨਿਆਂ ਤੋਂ ਸੂਬੇ ਦੀ ਸਿਆਸਤ ਵਿਚ 'ਖਾਮੋਸ਼' ਬੈਠੇ ਨਵਜੋਤ ਸਿੰਘ ਸਿੱਧੂ ਨੂੰ ਲੋਕਾਂ ਨੇ ਹੁਣ ਸੋਸ਼ਲ ਮੀਡੀਆ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦਾ ਅਸਲੀ 'ਨਾਇਕ' ਬਣਾ ਦਿੱਤਾ ਹੈ। ਕਾਂਗਰਸੀ ਆਗੂ ਵੀ ਸਿੱਧੂ ਦੇ ਹੱਕ 'ਚ ਨਿੱਤਰ ਰਹੇ ਹਨ। ਇਸ ਦੌਰਾਨ ਪਾਕਿਸਤਾਨ ਦੇ ਨਿਊਜ਼ ਚੈਨਲਾਂ ਵੱਲੋਂ ਲਈ ਗਈ ਸਿੱਧੂ ਦੀ ਇੰਟਰਵਿਊ ਵੀ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਰਹੀ ਹੈ, ਜਿਸ ਵਿਚ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਪੁਰਾਣੇ ਤੇ ਨਵੇਂ ਬਿਆਨ ਚਲਾਏ ਜਾ ਰਹੇ ਹਨ।

ਦਰਅਸਲ, ਲੋਕ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਬੋਲਣਾ ਨਵਜੋਤ ਸਿੰਘ ਸਿੱਧੂ ਨੂੰ ਮਹਿੰਗਾ ਪੈ ਗਿਆ ਸੀ। ਸਿੱਧੂ ਨੇ ਸੂਬੇ ਵਿਚ ਹੋਰ ਕਿਸੇ ਹਲਕੇ ਵਿਚ ਤਾਂ ਪ੍ਰਚਾਰ ਨਹੀਂ ਕੀਤਾ, ਪਰ ਉਹ ਗੁਰਦਾਸਪੁਰ ਵਿਚ ਸੁਨੀਲ ਜਾਖੜ ਤੇ ਬਠਿੰਡਾ ਵਿਚ ਰਾਜਾ ਵੜਿੰਗ ਲਈ ਪ੍ਰਚਾਰ ਕਰਨ ਗਏ ਸਨ। ਇਨ੍ਹਾਂ ਹਲਕਿਆਂ ਵਿਚ ਕਾਂਗਰਸ ਦੀ ਹੋਈ ਹਾਰ ਦਾ ਠੀਕਰਾ ਸਿੱਧੂ ਸਿਰ ਪੈ ਗਿਆ ਸੀ, ਜਿਸ ਕਾਰਨ ਸਿੱਧੂ ਤੋਂ ਸਥਾਨਕ ਸਰਕਾਰਾਂ ਵਿਭਾਗ ਲੈ ਲਿਆ ਗਿਆ ਸੀ। ਇਸ ਮਾਮਲੇ ਤੋਂ ਬਾਅਦ ਪੰਜ ਮਹੀਨਿਆਂ ਤੋਂ ਸਿੱਧੂ ਖਾਮੋਸ਼ ਹਨ। ਉਹ ਮੀਡੀਆ ਨਾਲ ਵੀ ਗੱਲ ਨਹੀਂ ਕਰ ਰਹੇ ਤੇ ਸੂਬੇ ਦੀ ਸਿਆਸਤ 'ਚੋਂ ਦੂਰੀ ਬਣਾਈ ਹੋਈ ਹੈ।



ਹੁਣ ਅਚਾਨਕ ਸਿੱਧੂ ਦਾ ਸੋਸ਼ਲ ਮੀਡੀਆ ਉਤੇ ਵੱਡੇ ਪੱਧਰ ਉਤੇ ਪ੍ਰਚਾਰ ਸ਼ੁਰੂ ਹੋ ਗਿਆ ਹੈ। ਲਗਾਤਾਰ ਸੋਸ਼ਲ ਮੀਡੀਆ 'ਤੇ ਪੋਸਟਾਂ ਪਾ ਕੇ ਲੋਕ ਕਰਤਾਰਪੁਰ ਲਾਂਘੇ ਲਈ ਨਵਜੋਤ ਸਿੰਘ ਸਿੱਧੂ ਨੂੰ 'ਹੀਰੋ' ਦੱਸ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਇਸ ਲਾਂਘੇ ਦੇ ਖੁੱਲ੍ਹਣ ਦਾ ਅਸਲੀ ਸਿਹਰਾ ਸਿੱਧੂ ਨੂੰ ਹੀ ਜਾਂਦਾ ਹੈ।

ਦੱਸ ਦਈਏ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਖੁੱਲ੍ਹਣ ਦਾ ਆਪਣੇ ਸਿਰ ਲੈਣ ਲਈ ਪਿਛਲੇ ਇਕ ਸਾਲ ਤੋਂ ਲੜਾਈ ਚੱਲ ਰਹੀ ਹੈ। ਪਿਛਲੇ ਸਾਲ ਨਵੰਬਰ ਮਹੀਨੇ ਵਿਚ ਇਸ ਲਾਂਘੇ ਦੇ ਖੁੱਲ੍ਹਣਾ ਰਸਤਾ ਸਾਫ ਹੋ ਗਿਆ ਸੀ, ਜਿਸ ਲਈ ਅਕਾਲੀ ਦਲ ਤੇ ਭਾਜਪਾ ਵਾਲੇ ਇਸ ਦਾ ਸਿਹਰਾ ਕੇਂਦਰ ਸਰਕਾਰ ਨੂੰ ਦੇ ਰਹੇ ਹਨ ਤੇ ਕਾਂਗਰਸੀ ਉਸ ਨੂੰ ਆਪਣੇ ਵੱਲੋਂ ਕੀਤਾ ਗਿਆ ਕਾਰਜ ਦੱਸ ਰਹੇ ਹਨ। ਕੁਝ ਕਾਂਗਰਸੀਆਂ ਨੇ ਪਿਛਲੇ ਸਾਲ ਇਸ ਦਾ ਸਿਹਰਾ ਨਵਜੋਤ ਸਿੰਘ ਸਿੱਧੂ ਨੂੰ ਦਿੱਤਾ ਸੀ।

### ਇਮਰਾਨ-ਸਿੱਧੂ ਦੋਸਤੀ ਨੇ ਅਹਿਮ ਭੂਮਿਕਾ ਨਿਭਾਈ: ਮਾਨ

'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਆਖਿਆ ਕਿ ਲਾਂਘਾ ਖੁੱਲ੍ਹਣ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਨਵਜੋਤ ਸਿੱਧੂ ਦੀ ਦੋਸਤੀ ਦੀ ਅਹਿਮ ਭੂਮਿਕਾ ਹੈ। ਉਨ੍ਹਾਂ ਕਿਹਾ ਕਿ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਮੌਕੇ ਗਏ ਨਵਜੋਤ ਸਿੱਧੂ, ਪਾਕਿਸਤਾਨ ਸਰਕਾਰ ਤੋਂ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਭਰੋਸਾ ਲੈ ਕੇ ਆਏ ਸਨ। ਉਦੋਂ ਅਕਾਲੀ ਦਲ ਸਮੇਤ ਕਾਂਗਰਸ ਦੇ ਇਕ ਵੱਡੇ ਹਿੱਸੇ ਨੇ ਸ੍ਰੀ ਸਿੱਧੂ ਦੀ ਫੇਰੀ ਨੂੰ ਖੂਬ ਭੰਡਿਆ ਸੀ ਪਰ ਹੁਣ ਲਾਂਘਾ ਖੋਲ੍ਹਣ ਸਮੇਂ ਸਿੱਧੂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਸ੍ਰੀ ਮਾਨ ਨੇ ਅਕਾਲੀਆਂ 'ਤੇ ਵਿਅੰਗ ਕਰਦਿਆਂ ਆਖਿਆ ਕਿ ਲਾਂਘਾ ਖੁੱਲ੍ਹਣ ਉਤੇ ਸ਼੍ਰੋਮਣੀ ਅਕਾਲੀ ਦਲ ਆਪਣੀ ਪਿੱਠ ਥਾਪੜ ਰਿਹਾ ਹੈ, ਪਰ ਉਹ ਕੇਂਦਰ ਸਰਕਾਰ ਤੋਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਲਈ ਇਕ ਪੈਸੇ ਦਾ ਬਜਟ ਵੀ ਨਹੀਂ ਰਖਵਾ ਸਕੇ।

### ਲਾਂਘਾ ਖੁਲ੍ਹਵਾਉਣ ਲਈ ਸਿੱਧੂ ਦਾ ਵੱਡਾ ਯੋਗਦਾਨ: ਢੀਂਡਸਾ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸਕੱਤਰ ਜਨਰਲ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਲਾਂਘਾ ਖੁਲ੍ਹਵਾਉਣ ਦਾ ਸਿਆਸੀ ਲਾਹਾ ਲੈਣ ਲਈ ਹਰ ਪਾਰਟੀ ਤੇ ਹਰ ਆਗੂ ਵੱਲੋਂ ਯਤਨ ਕੀਤੇ ਜਾ ਰਹੇ ਹਨ, ਪਰ ਅਸਲ ਵਿਚ ਇਹ ਭਾਰਤ ਤੇ ਪਾਕਿਸਤਾਨ ਸਰਕਾਰ ਅਤੇ ਨਵਜੋਤ ਸਿੰਘ ਸਿੱਧੂ ਵੱਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਹੀ ਨਤੀਜਾ ਹੈ। ਢੀਂਡਸਾ ਨੇ ਕਿਹਾ ਕਿ ਜਿਸ ਸਮੇਂ ਨਵਜੋਤ ਸਿੰਘ ਸਿੱਧੂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਵਿਚ ਹਿੱਸਾ ਲੈਣ ਤੋਂ ਬਾਅਦ ਪੰਜਾਬ ਪਰਤੇ ਸਨ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਉਹ ਪ੍ਰਧਾਨ ਮੰਤਰੀ ਨਾਲ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਬਾਰੇ ਗੱਲ ਕਰਕੇ ਆਏ ਹਨ। ਪਰ ਇਸ ਦੀ ਸਿਆਸਤਦਾਨਾਂ ਨੇ ਵਿਰੋਧਤਾ ਕੀਤੀ ਸੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਵਜੋਤ ਸਿੰਘ ਸਿੱਧੂ ਰਾਹੀਂ ਸਿੱਖ ਸੰਗਤਾਂ ਦੀ ਵਿੱਛੜੇ ਗੁਰੂ ਧਾਮਾਂ ਦੀ ਸੇਵਾ ਸੰਭਾਲ ਤੇ ਦਰਸ਼ਨ ਦੀਦਾਰ ਦੀ ਅਰਦਾਸ ਨੂੰ ਪੂਰਾ ਕਰਵਾਇਆ ਹੈ।

**Punjab Times**
**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਧੁਆਂਖੀ ਹਵਾ ਬਾਰੇ ਹਰਕਤ ਵਿਚ ਆਈ ਸੁਪਰੀਮ ਕੋਰਟ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਦੀ ਖਰਾਬ ਫਿਜ਼ਾ ਮਗਰੋਂ ਸੁਪਰੀਮ ਕੋਰਟ ਨੇ ਹਰਕਤ 'ਚ ਆਉਂਦਿਆਂ ਕਿਹਾ ਹੈ ਕਿ ਲੋਕਾਂ ਦੀ ਉਮਰ ਦੇ ਬੇਸ਼ਕੀਮਤੀ ਵਰ੍ਹੇ ਧੂੰਏਂ ਨਾਲ ਖਤਮ ਹੋ ਰਹੇ ਹਨ ਅਤੇ ਉਹ ਪ੍ਰਦੂਸ਼ਣ ਕਾਰਨ ਲੋਕਾਂ ਨੂੰ ਮਰਨ ਲਈ ਨਹੀਂ ਛੱਡ ਸਕਦੇ ਹਨ।

ਸੁਪਰੀਮ ਕੋਰਟ ਨੇ ਦਿੱਲੀ ਦੇ ਗੁਆਂਢੀ ਸੂਬਿਆਂ ਪੰਜਾਬ, ਹਰਿਆਣਾ ਅਤੇ ਪੱਛਮੀ ਉਤਰ ਪ੍ਰਦੇਸ਼ ਨੂੰ ਹਦਾਇਤ ਕੀਤੀ ਕਿ ਉਹ ਪਰਾਲੀ ਸਾੜਨਾ ਬੰਦ ਕਰਨ। ਜਸਟਿਸ ਅਰੁਣ ਮਿਸ਼ਰਾ ਅਤੇ ਦੀਪਕ ਗੁਪਤਾ ਦੇ ਬੈਂਚ ਨੇ ਅਗਲੇ ਹੁਕਮਾਂ ਤੱਕ ਦਿੱਲੀ-ਕੌਮੀ ਰਾਜਧਾਨੀ ਖੇਤਰ 'ਚ ਉਸਾਰੀ ਅਤੇ ਇਮਾਰਤਾਂ ਢਾਹੁਣ ਦੇ ਕਾਰਜਾਂ ਅਤੇ ਕੂੜਾ ਸਾੜਨ ਉਤੇ ਪਾਬੰਦੀ ਲਗਾ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਅਜਿਹੇ ਮਾੜੇ ਹਾਲਾਤ ਲਈ ਜਵਾਬਦੇਹੀ ਤੈਅ ਕਰਨ ਦਾ ਸਮਾਂ ਆ ਗਿਆ ਜਿਸ ਕਾਰਨ ਨਾਗਰਿਕਾਂ ਦੇ ਜਿਉਣ ਦੇ ਹੱਕ ਦੀ ਉਲੰਘਣਾ ਹੋ ਰਹੀ ਹੈ। ਬੈਂਚ ਨੇ ਕੇਂਦਰ ਅਤੇ ਸਬੰਧਤ ਸੂਬਿਆਂ ਨੂੰ ਹਦਾਇਤ ਕੀਤੀ ਕਿ ਖਿੱਤੇ ਨੂੰ ਜ਼ਹਿਰੀਲੀ ਹਵਾ ਤੋਂ ਬਚਾਉਣ ਦਾ ਖਾਕਾ ਤਿੰਨ ਹਫਤਿਆਂ 'ਚ ਤਿਆਰ ਕੀਤਾ ਜਾਵੇ। ਉਨ੍ਹਾਂ ਤਿੰਨੋਂ ਸੂਬਿਆਂ ਦੇ ਮੁੱਖ ਸਕੱਤਰਾਂ, ਜ਼ਿਲ੍ਹਾ ਕੁਲੈਕਟਰਾਂ ਅਤੇ ਪੁਲਿਸ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਉਨ੍ਹਾਂ ਦੇ ਇਲਾਕਿਆਂ 'ਚ ਪਰਾਲੀ ਸਾੜਨ ਦੀ ਇਕ ਵੀ ਘਟਨਾ ਨਾ ਵਾਪਰੇ।

ਕੇਸ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਦੀ ਸਹਾਇਤਾ ਕਰ ਰਹੀ ਸੀਨੀਅਰ ਵਕੀਲ ਅਪਰਾਜਿਤਾ ਸਿੰਘ ਨੇ ਬੈਂਚ ਨੂੰ ਦੱਸਿਆ ਕਿ ਕੇਂਦਰ ਵੱਲੋਂ ਹੁਣੇ ਜਿਹੇ ਦਾਖਲ ਹਲਫਨਾਮੇ ਮੁਤਾਬਕ ਪਰਾਲੀ ਸਾੜੇ ਜਾਣ ਕਰਕੇ ਦਿੱਲੀ-ਐਨ.ਸੀ.ਆਰ. ਵਿਚ 46 ਫੀਸਦੀ ਪ੍ਰਦੂਸ਼ਣ ਹੁੰਦਾ ਹੈ। ਬੈਂਚ ਨੇ ਕਿਹਾ ਕਿ ਜੇਕਰ ਦਿੱਲੀ-ਐਨ.ਸੀ.ਆਰ. ਵਿਚ ਉਸਾਰੀ ਜਾਂ ਇਮਾਰਤ ਢਾਹੁਣ ਦੇ ਕੰਮਾਂ 'ਚ ਕੋਈ ਸ਼ਾਮਲ ਮਿਲਿਆ ਤਾਂ ਉਸ ਖਿਲਾਫ ਇਕ ਲੱਖ ਰੁਪਏ ਅਤੇ ਕੂੜਾ ਸਾੜਨ ਵਾਲਿਆਂ ਵਿਰੁੱਧ ਪੰਜ ਹਜ਼ਾਰ ਰੁਪਏ ਦਾ ਜੁਰਮਾਨਾ ਲਾਇਆ ਜਾਵੇਗਾ।

ਬੈਂਚ ਨੇ ਕਿਹਾ ਕਿ ਹਰ ਸਾਲ ਦਿੱਲੀ-ਐਨ.ਸੀ.ਆਰ. ਵਿਚ ਗੰਭੀਰ ਪ੍ਰਦੂਸ਼ਣ ਕਾਰਨ ਲੋਕਾਂ ਦਾ ਸਾਹ ਘੁੱਟ ਰਿਹਾ ਹੈ ਅਤੇ ਅਸੀਂ ਕੁਝ ਵੀ ਨਹੀਂ ਕਰ ਪਾ ਰਹੇ ਹਾਂ। ਬੈਂਚ ਨੇ ਕਿਹਾ, "ਅਜਿਹਾ ਸੱਭਿਅਕ ਮੁਲਕ 'ਚ ਨਹੀਂ ਕੀਤਾ ਜਾ ਸਕਦਾ ਹੈ। ਜੇਕਰ ਲੋਕ ਦੂਜਿਆਂ ਦੇ ਹੱਕਾਂ ਦਾ ਸਨਮਾਨ ਨਹੀਂ ਕਰਨਗੇ ਤਾਂ ਉਨ੍ਹਾਂ ਨੂੰ ਵੀ ਕੋਈ ਹੱਕ ਨਹੀਂ ਹੈ। ਜਿਉਣ ਦਾ ਹੱਕ ਸਭ ਤੋਂ ਮਹੱਤਵਪੂਰਨ ਅਧਿਕਾਰ ਹੈ।

## ਦਿੱਲੀ 'ਚ ਜਿਸਤ-ਟਾਂਕ ਯੋਜਨਾ ਲਾਗੂ

**ਨਵੀਂ ਦਿੱਲੀ:** ਗੈਸ ਚੈਂਬਰ ਬਣ ਚੁੱਕੀ ਦਿੱਲੀ 'ਚ ਪ੍ਰਦੂਸ਼ਣ ਤੋਂ ਰਾਹਤ ਦਿਵਾਉਣ ਲਈ ਦਿੱਲੀ ਸਰਕਾਰ ਵਲੋਂ ਜਿਸਤ-ਟਾਂਕ (ਔਡ-ਈਵਨ) ਯੋਜਨਾ ਲਾਗੂ ਕਰ ਦਿੱਤੀ ਗਈ। ਇਸ ਯੋਜਨਾ ਤਹਿਤ 15 ਨਵੰਬਰ ਤੱਕ ਦਿੱਲੀ 'ਚ ਗੱਡੀਆਂ ਔਡ (1, 3, 5) ਅਤੇ ਈਵਨ (2, 4, 6) ਨੰਬਰਾਂ ਮੁਤਾਬਕ ਹੀ ਚੱਲਣਗੀਆਂ। ਦਿੱਲੀ ਵਾਸੀਆਂ ਨੇ ਇਸ ਯੋਜਨਾ ਦਾ ਸਵਾਗਤ ਕੀਤਾ, ਜਦਕਿ ਕੁਝ ਲੋਕ ਕਈ ਕਾਰਨਾਂ ਦੇ ਹਵਾਲੇ ਨਾਲ ਇਸ ਪ੍ਰਤੀ ਹੁੰਗਾਰਾ ਭਰਨ 'ਚ ਦਿਲਚਸਪੀ ਵਿਖਾਉਣ ਤੋਂ ਪਾਸਾ ਵਟਦੇ ਨਜ਼ਰ ਆਏ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅਪੀਲ ਕੀਤੀ ਕਿ ਲੋਕ ਆਪਣੇ ਬੱਚਿਆਂ ਤੇ ਸ਼ਹਿਰ ਲਈ ਨਿਯਮਾਂ ਦੀ ਪਾਲਣਾ ਕਰਨ।

## ਮਹਿਲਾ ਤਹਿਸੀਲਦਾਰ ਨੂੰ ਦਫਤਰ 'ਚ ਅੱਗ ਲਾ ਕੇ ਸਾੜਿਆ

**ਹੈਦਰਾਬਾਦ:** ਅਬਦੁੱਲਾਪਰਮੇਟ ਵਿਚਲੇ ਦਫਤਰ ਵਿਚ ਦਿਨ ਦਿਹਾੜੇ ਇਕ ਵਿਅਕਤੀ ਨੇ ਮਹਿਲਾ ਤਹਿਸੀਲਦਾਰ ਨੂੰ ਅੱਗ ਲਾ ਕੇ ਸਾੜ ਦਿੱਤਾ। ਤਹਿਸੀਲਦਾਰ ਦੀ ਥਾਏਂ ਮੌਤ ਹੋ ਗਈ। ਸੀਨੀਅਰ ਮਾਲ ਅਧਿਕਾਰੀ ਨੇ ਦੱਸਿਆ ਕਿ ਤਹਿਸੀਲਦਾਰ ਵਿਜਯਾ ਰੈਡੀ (30) ਦੀ ਥਾਏਂ ਮੌਤ ਹੋ ਗਈ, ਜਦੋਂ ਕਿ ਦੋ ਸਟਾਫ ਮੈਂਬਰ ਉਸ ਨੂੰ ਬਚਾਉਂਦਿਆਂ ਅਤੇ ਹਮਲਾਵਰ ਵੀ ਇਸ ਘਟਨਾ ਵਿਚ ਜ਼ਖਮੀ ਹੋ ਗਏ। ਇਹ ਘਟਨਾ ਦੁਪਹਿਰੇ ਡੇਢ ਵਜੇ ਦੇ ਕਰੀਬ ਵਾਪਰੀ।

ਜਾਣਕਾਰੀ ਅਨੁਸਾਰ ਸੁਰੇਸ਼ ਨਾਂ ਦੇ ਵਿਅਕਤੀ ਨੇ ਦਫਤਰ ਵਿਚ ਪੁੱਜ ਕੇ ਅਧਿਕਾਰੀ ਉਤੇ ਪੈਟਰੋਲ ਪਾਇਆ ਤੇ ਅੱਗ ਲਾ ਦਿੱਤੀ। ਉਸ ਤੋਂ ਬਾਅਦ ਉਹ ਮੌਕੇ ਤੋਂ ਫਰਾਰ ਹੋ ਗਿਆ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਹ ਮਾਮਲਾ ਜ਼ਮੀਨੀ ਵਿਵਾਦ ਨਾਲ ਜੁੜਿਆ ਹੋਇਆ ਹੈ। ਪੁਲਿਸ ਵੱਲੋਂ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

## ਧੋਖਾਧੜੀ ਤੇ ਜਾਅਲਸਾਜ਼ੀ ਮਾਮਲੇ ਵਿਚ ਬਾਦਲ, ਸੁਖਬੀਰ ਤੇ ਚੀਮਾ ਤਲਬ

**ਹੁਸ਼ਿਆਰਪੁਰ:** ਅਦਾਲਤ ਨੇ ਸਾਜ਼ਿਸ਼ ਕਰਨ, ਧੋਖਾਧੜੀ ਤੇ ਜਾਅਲਸਾਜ਼ੀ ਦੇ ਚੱਲ ਰਹੇ ਕੇਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਪਾਰਟੀ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਦੇ ਸਕੱਤਰ ਜਨਰਲ ਡਾ. ਦਲਜੀਤ ਸਿੰਘ ਚੀਮਾ ਨੂੰ 3 ਦਸੰਬਰ ਨੂੰ ਨਿੱਜੀ ਤੌਰ ਉਤੇ ਅਦਾਲਤ ਵਿਚ ਪੇਸ਼ ਹੋਣ ਦੇ ਸੰਮਨ ਜਾਰੀ ਕੀਤੇ ਹਨ।

ਇਸ ਕੇਸ ਵਿਚ ਭਾਰਤ ਦੇ ਚੋਣ ਕਮਿਸ਼ਨ, ਗੁਰਦੁਆਰਾ ਚੋਣ ਕਮਿਸ਼ਨ ਚੰਡੀਗੜ੍ਹ, ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਚਰਨਜੀਤ ਸਿੰਘ ਬਰਾੜ ਤੇ ਸਾਬਕਾ ਸਕੱਤਰ ਮਨਜੀਤ ਸਿੰਘ ਤਰਨਤਾਰਨੀ ਵੀ ਸਬੰਧਤ ਰਿਕਾਰਡ ਪੇਸ਼ ਕਰ ਕੇ ਆਪਣੇ ਬਿਆਨ ਦਰਜ ਕਰਵਾ ਚੁੱਕੇ ਹਨ। ਮਾਮਲੇ ਦੀ ਪੈਰਵੀ ਐਡਵੋਕੇਟ ਬੀ.ਐਸ ਰਿਆੜ ਤੇ ਐਡਵੋਕੇਟ ਹਿਤੇਸ਼ ਪੁਰੀ ਕਰ ਰਹੇ ਹਨ।

ਸੋਸ਼ਲਿਸਟ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਬਲਵੰਤ ਸਿੰਘ ਖੇੜਾ ਤੇ ਸੂਬਾ ਸਕੱਤਰ ਓਮ ਸਿੰਘ ਸਟਿਆਣਾ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਇਨ੍ਹਾਂ ਨੇਤਾਵਾਂ ਵਿਰੁੱਧ ਸਾਜ਼ਿਸ਼ ਕਰਨ, ਧੋਖਾਧੜੀ ਤੇ ਜਾਅਲਸਾਜ਼ੀ ਦਾ ਕੇਸ ਚੱਲ ਰਿਹਾ ਹੈ। ਸ੍ਰੀ ਖੇੜਾ ਤੇ ਸ੍ਰੀ ਸਟਿਆਣਾ ਨੇ ਅਦਾਲਤ ਨੂੰ ਠੋਸ ਸਬੂਤ ਤੇ ਦਸਤਾਵੇਜ਼ ਪੇਸ਼ ਕਰਦਿਆਂ ਦੱਸਿਆ ਕਿ ਪ੍ਰਕਾਸ਼ ਸਿੰਘ ਬਾਦਲ ਤੇ ਹੋਰ ਅਹੁਦੇਦਾਰਾਂ ਨੇ ਪਾਰਟੀ ਦਾ ਪੁਰਾਣਾ ਵਿਧਾਨ ਲੁਕਾ ਕੇ ਰੱਖਿਆ, ਜਿਸ ਵਿਚ ਇਹ ਪਾਰਟੀ ਸਿੱਖ ਸਿਧਾਂਤਾਂ ਨੂੰ ਪ੍ਰਣਾਈ ਹੋਈ ਦੱਸੀ ਗਈ ਸੀ। 1989 ਵਿਚ ਉਨ੍ਹਾਂ ਨੇ ਭਾਰਤ ਦੇ ਚੋਣ ਕਮਿਸ਼ਨ ਨੂੰ ਝੂਠਾ ਹਲਫਨਾਮਾ ਦਿੱਤਾ ਕਿ ਇਹ ਪਾਰਟੀ ਧਰਮ ਨਿਰਪੱਖ, ਜਮਹੂਰੀ ਅਤੇ ਸਮਾਜਵਾਦੀ ਕਦਰਾਂ ਕੀਮਤਾਂ ਦੀ ਧਾਰਨੀ ਬਣ ਗਈ ਹੈ ਜਦੋਂਕਿ ਇਹ ਪਾਰਟੀ ਲਗਾਤਾਰ ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਿਚ ਉਮੀਦਵਾਰ ਖੜ੍ਹੇ ਕਰਦੀ ਰਹੀ ਹੈ। ਭਾਵੇਂ ਮੋਗਾ ਕਾਨਫਰੰਸ ਸਮੇਂ ਇਸ ਨੇ ਐਲਾਨ ਕੀਤਾ ਕਿ ਇਹ ਪਾਰਟੀ ਸੈਕੂਲਰ ਬਣ ਗਈ ਹੈ ਪਰ ਇਸ ਦੇ ਬਾਵਜੂਦ 2008 ਤੱਕ ਆਪਣੇ ਵਿਧਾਨ ਵਿਚ ਕੋਈ ਸੋਧ ਨਹੀਂ ਕੀਤੀ ਸੀ ਜਦੋਂਕਿ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਕੇਵਲ ਧਾਰਮਿਕ ਪਾਰਟੀ ਹੀ ਲੜ ਸਕਦੀ ਹੈ।

## ਸੇਬਾਂ 'ਤੇ ਨਾਅਰੇ ਲਿਖ ਕੇ ਰੋਸ ਦਾ ਇਜ਼ਹਾਰ ਕਰਨ ਲੱਗੇ ਕਸ਼ਮੀਰੀ

**ਲਹਿਰਾਗਾਗਾ:** ਕੇਂਦਰ ਸਰਕਾਰ ਭਾਵੇਂ ਯੂਰਪੀਅਨ ਯੂਨੀਅਨ ਦੇ ਮੈਂਬਰ ਪਾਰਲੀਮੈਂਟਾਂ ਦੇ ਵਫਦ ਨੂੰ ਕਸ਼ਮੀਰ ਲਿਜਾ ਕੇ ਸਭ ਅੱਛਾ ਦਿਖਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਕੇਂਦਰ ਸਰਕਾਰ ਕਸ਼ਮੀਰੀਆਂ ਦੇ ਦਿਲ ਜਿੱਤਣ ਵਿਚ ਅਜੇ ਸਫਲ ਨਹੀਂ ਹੋਈ ਹੈ। ਕਸ਼ਮੀਰੀਆਂ ਦਾ ਗੁੱਸਾ ਤੇ ਬੇਚੈਨੀ ਹੁਣ ਖੁੱਲ੍ਹੇਆਮ ਝਲਕਣ ਲੱਗਾ ਹੈ। ਦੇਸ਼ ਦੇ ਸੁਰੱਖਿਆ ਦਸਤਿਆਂ ਨੇ ਕਸ਼ਮੀਰੀ ਅਤਿਵਾਦੀ ਨੌਜਵਾਨ ਬੁਰਹਾਨ ਵਾਨੀ ਨੂੰ ਭਾਵੇਂ ਕਈ ਸਾਲ ਪਹਿਲਾਂ ਮਾਰ ਮੁਕਾਇਆ ਸੀ ਪਰ ਕਸ਼ਮੀਰੀਆਂ ਵਿਚ ਉਸ ਪ੍ਰਤੀ ਪਿਆਰ ਅਤੇ ਸਤਿਕਾਰ ਕਾਇਮ ਹੈ ਤੇ ਭਾਰਤੀਆਂ ਪ੍ਰਤੀ ਭਾਰੀ ਨਫਰਤ ਹੈ। ਇਸ ਦੀ ਮਿਸਾਲ ਕਸ਼ਮੀਰ ਤੋਂ ਪੰਜਾਬ ਵਿਚ ਵਿਕਣ ਲਈ ਆਏ ਸੇਬਾਂ ਉਤੇ ਅੰਗਰੇਜ਼ੀ ਵਿਚ ਕਾਲੇ ਮਾਰਕਰ ਨਾਲ ਲਿਖੇ ਬੁਰਹਾਨ ਵਾਨੀ, ਸਮੀਰ ਟਾਈਗਰ, 'ਇੰਡੀਅਨ ਡੌਗਜ਼ ਗੋ ਬੈਕ' ਦੇ ਨਾਅਰੇ ਤੋਂ ਮਿਲਦੀ ਹੈ।

## ਧੂੰਏਂ ਉਤੇ ਸਿਆਸਤ ਦੇ ਲਪੇਟੇ ਵਿਚ ਆਏ ਕਿਸਾਨ

**ਚੰਡੀਗੜ੍ਹ:** ਝੋਨੇ ਦੀ ਪਰਾਲੀ ਸਾੜਨ ਕਾਰਨ ਹਵਾ ਪ੍ਰਦੂਸ਼ਣ ਨੂੰ ਲੈ ਕੇ ਪੰਜਾਬ, ਹਰਿਆਣਾ ਅਤੇ ਦਿੱਲੀ ਸਰਕਾਰ ਆਹਮੋ-ਸਾਹਮਣੇ ਹਨ। ਇਸ ਮਸਲੇ ਦੇ ਹੱਲ ਦੀ ਥਾਂ ਇਕ-ਦੂਜੇ ਉਤੇ ਚਿੱਕੜ ਸੁੱਟਣ ਦੀ ਸਿਆਸਤ ਤੇਜ ਹੋ ਗਈ ਹੈ। ਹਰਿਆਣਾ ਦੀ ਭਾਜਪਾ ਸਰਕਾਰ ਨੇ ਤਾਂ ਸੈਟਲਾਈਟ ਮੈਪ ਦਿਖਾ ਕੇ ਪਾਕਿਸਤਾਨ ਨੂੰ ਵੀ ਲਪੇਟੇ ਵਿਚ ਲੈਂਦਿਆਂ ਦਾਅਵਾ ਕਰ ਦਿੱਤਾ ਹੈ ਕਿ ਪੰਜਾਬ ਤੇ ਗੁਆਂਢੀ ਮੁਲਕ ਦੇ ਕਿਸਾਨ ਹਵਾ ਨੂੰ ਸਭ ਤੋਂ ਵੱਧ ਗੰਦਾ ਕਰ ਰਹੇ ਹਨ।

ਸਿਆਸੀ ਧਿਰਾਂ ਦੀ ਇਸ ਖਿੱਚੋਤਾਣ ਵਿਚ ਸਭ ਤੋਂ ਵੱਧ ਰਗੜਾ ਕਿਸਾਨਾਂ ਨੂੰ ਲੱਗ ਰਿਹਾ ਹੈ। ਸੁਪਰੀਮ ਕੋਰਟ ਦੇ ਸਖਤ ਰੁਖ਼ ਮਗਰੋਂ ਪਿੱਛੋਂ ਸਰਕਾਰ ਨੇ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਕਿਸਾਨਾਂ ਉਤੇ ਸ਼ਿਕੰਜਾ ਕੱਸ ਦਿੱਤਾ ਹੈ। ਕਿਸਾਨਾਂ ਦੇ ਧੜਾ-ਧੜ ਚਲਾਨ ਕੱਟੇ ਜਾ ਰਹੇ ਹਨ। ਸਰਕਾਰੀ ਸਖਤੀ ਕਾਰਨ ਕਿਸਾਨ ਵੱਡੀ ਸਮੱਸਿਆ ਵਿਚ ਘਿਰ ਗਏ ਹਨ। ਜੇ ਉਹ ਪਰਾਲੀ ਨੂੰ ਅੱਗ ਲਾਉਂਦੇ ਹਨ ਤਾਂ ਸਰਕਾਰੀ ਡੰਡਾ ਵਰ੍ਹਦਾ ਹੈ, ਜੇ ਨਹੀਂ ਲਾਉਂਦੇ ਤਾਂ ਕਣਕ ਸਮੇਤ ਹੋਰ ਫਸਲਾਂ ਦੀ ਬਿਜਾਈ ਵਿਚ ਦੇਰੀ ਦਾ ਡਰ ਸਤਾ ਰਿਹਾ ਹੈ। ਅਸਲ ਵਿਚ ਸਰਕਾਰ ਨੇ ਕਿਸਾਨਾਂ ਨੂੰ ਇਸ ਸਮੱਸਿਆ ਵਿਚੋਂ ਕੱਢਣ ਦੀ ਥਾਂ ਸਾਰੀ ਜ਼ਿੰਮੇਵਾਰੀ ਉਨ੍ਹਾਂ ਉਤੇ ਹੀ ਸੁੱਟ ਦਿੱਤੀ ਹੈ। ਕਿਸਾਨ ਇਹੀ ਤਰਲਾ ਲੈ ਰਹੇ ਹਨ ਕਿ ਉਹ ਪਰਾਲੀ ਸਾੜਨ ਲਈ ਮਜਬੂਰ ਹਨ। ਝੋਨੇ ਦੀ ਰਹਿੰਦ-ਖੂੰਹਦ ਨੂੰ ਸਾਂਭਣ ਵਾਲੀ ਮਸ਼ੀਨ ਤੇ ਹੋਰ ਸੰਦ ਕਾਫੀ ਮਹਿੰਗੇ ਪੈਂਦੇ ਹਨ, ਲਿਹਾਜ਼ਾ ਉਨ੍ਹਾਂ ਕੋਲ ਪਰਾਲੀ ਨੂੰ ਸਾੜਨ ਤੋਂ ਛੁੱਟ ਕੋਈ ਚਾਰਾ ਨਹੀਂ ਹੈ।

ਅਸਲ ਵਿਚ ਸਰਕਾਰ ਇਸ ਮਸਲੇ ਦਾ ਹੱਲ ਅਜੇ ਕਰਨਾ ਹੀ ਨਹੀਂ ਚਾਹੁੰਦੀ। ਇੰਡੀਅਨ ਐਗਰੀਕਲਚਰ ਇੰਸਟੀਚਿਊਟ (ਪੂਸਾ) ਦੇ ਵਿਗਿਆਨੀਆਂ ਨੇ ਪਰਾਲੀ ਦੇ ਪੱਕੇ ਹੱਲ ਦਾ ਤਰੀਕਾ 2 ਸਾਲ ਪਹਿਲਾਂ ਹੀ ਖੋਜ ਲਿਆ ਸੀ ਪਰ ਹੁਣ ਤੱਕ ਕਿਸਾਨਾਂ ਨੂੰ ਇਸ ਬਾਰੇ ਜਾਗਰੂਕ ਹੀ ਨਹੀਂ ਕੀਤਾ ਗਿਆ। ਪੂਸਾ ਦੇ ਵਿਗਿਆਨੀਆਂ ਨੇ ਇਸ ਵੱਡੀ ਸਮੱਸਿਆ ਦੇ ਹੱਲ ਲਈ ਕੈਪਸੂਲ ਬਣਾਇਆ ਹੈ। ਇਕ ਕੈਪਸੂਲ ਦੀ ਕੀਮਤ ਸਿਰਫ 5 ਰੁਪਏ ਹੈ। ਚਾਰ ਕੈਪਸੂਲ ਵਿਚ ਇਕ ਏਕੜ ਦੀ ਪਰਾਲੀ ਸੜ ਕੇ ਖਾਦ ਬਣ ਜਾਵੇਗੀ। ਇਕ ਪਾਸੇ ਮਹਿੰਗੀ ਮਸ਼ੀਨਰੀ ਤੇ ਦੂਜੇ ਪਾਸੇ ਸਿਰਫ ਪੰਜ ਰੁਪਏ ਦੀ ਦਵਾਈ ਨਾਲ ਪਰਾਲੀ ਨੂੰ ਗਾਲ ਕੇ ਖਾਦ ਬਣਾਉਣ ਦਾ ਤਰੀਕਾ ਪਰ ਕਿਸਾਨਾਂ ਤੱਕ ਇਹ ਜਾਣਕਾਰੀ ਪਹੁੰਚਾਈ ਹੀ ਨਹੀਂ ਗਈ। ਖੇਤੀ ਮਾਹਰਾਂ ਨੇ ਸਵਾਲ ਚੁੱਕੇ ਹਨ ਕਿ ਜਦੋਂ ਪੂਸਾ ਅਤੇ ਨੈਸ਼ਨਲ ਸੈਂਟਰ ਆਫ ਆਰਗੈਨਿਕ ਫਾਰਮਿੰਗ ਦੇ ਵਿਗਿਆਨੀਆਂ ਨੇ ਇਸ ਦਾ ਸਸਤਾ ਹੱਲ ਲੱਭ ਲਿਆ ਸੀ ਤਾਂ ਫਿਰ ਮਸ਼ੀਨਾਂ ਨੂੰ ਕਿਉਂ ਅੱਗੇ ਵਧਾਇਆ ਜਾ ਰਿਹਾ ਹੈ। ਪਰਾਲੀ ਤਾਂ ਖੇਤੀਬਾੜੀ ਉਪਕਰਣਾਂ ਦੇ ਨਿਰਮਾਤਾਵਾਂ ਲਈ ਆਪਣੀਆਂ ਮਸ਼ੀਨਾਂ ਨੂੰ ਖੇਤਾਂ ਵਿਚ ਸੁੱਟਣ ਦਾ ਇਕ ਮੌਕਾ ਬਣ ਗਈ ਹੈ। ਇਨ੍ਹਾਂ ਮਸ਼ੀਨਾਂ ਵਿਚ ਸੁਪਰਸਟ੍ਰਾਅ ਮੈਨੇਜਮੈਂਟ ਸਿਸਟਮ (ਐਸ.ਐਮ.ਐਸ.), ਹੈਪੀ ਸੀਡਰ, ਚੌਪਰ, ਮਲਚਰ, ਮੋਲਡ ਬੋਰਡ ਹਲ, ਰੋਟਾਵੇਟਰ ਤੇ ਜ਼ੀਰੋ-ਟਿਲ ਡਰਿਲ ਸ਼ਾਮਲ ਹਨ। ਪੰਜਾਬ ਵਿਚ 1 ਲੱਖ ਟਰੈਕਟਰਾਂ ਦੀ ਜ਼ਰੂਰਤ ਹੈ ਪਰ 4.5 ਲੱਖ ਟਰੈਕਟਰ ਹਨ।

ਪੰਜਾਬ ਵਿਚ ਟਰੈਕਟਰ ਦਾ ਬੋਝ ਕਿਸਾਨਾਂ ਦੇ ਕਰਜ਼ੇ ਪਿੱਛੇ ਮੁੱਖ ਕਾਰਨ ਹੈ। ਪਰਾਲੀ ਦੀ ਸਮੱਸਿਆ ਸਿਰਫ ਤਿੰਨ ਤੋਂ ਚਾਰ ਹਫਤਿਆਂ ਤੱਕ ਚਲਦੀ ਹੈ। ਇਹ ਮਸ਼ੀਨਾਂ ਜ਼ਿਆਦਾਤਰ ਵਿਹਲੀਆਂ ਰਹਿਣਗੀਆਂ। ਕੇਂਦਰੀ ਖੇਤੀਬਾੜੀ ਰਾਜ ਮੰਤਰੀ ਕੈਲਾਸ਼ ਚੌਧਰੀ ਨੂੰ ਜਦੋਂ ਪੂਸਾ ਦੀ ਖੋਜ ਨੂੰ ਲੁਕਾ ਕੇ ਰੱਖਣ ਦਾ ਕਾਰਨ ਪੁੱਛਿਆ ਗਿਆ ਤਾਂ ਉਹ ਜਵਾਬ ਦੇਣ ਤੋਂ ਭੱਜ ਗਏ ਤੇ ਸਿਰਫ ਇੰਨਾ ਆਖ ਦਿੱਤਾ ਕਿ ਉਹ ਅਧਿਕਾਰੀਆਂ ਨੂੰ ਪੂਸਾ ਦੁਆਰਾ ਵਿਕਸਤ ਇਸ ਕੈਪਸੂਲ ਨੂੰ ਉਤਸ਼ਾਹਿਤ ਕਰਨ ਲਈ ਆਖਣਗੇ। ਦਰਅਸਲ, ਇਹ ਗੱਲ ਹੁਣ ਲੁਕੀ ਨਹੀਂ ਰਹੀ ਕਿ ਸਰਕਾਰ ਵੱਡੀਆਂ ਕੰਪਨੀਆਂ ਨਾਲ ਮਿਲ ਕੇ ਕਿਸਾਨਾਂ ਸਿਰ ਮਹਿੰਗੀ ਮਸ਼ੀਨਰੀ ਮੜ੍ਹਨ ਲੱਗੀ ਹੋਈ ਹੈ। ਕਿਉਂਕਿ ਪਰਾਲੀ ਦਾ ਹੱਲ ਕਰਨਾ ਸਰਕਾਰ ਲਈ ਕੋਈ ਔਖਾ ਕੰਮ ਨਹੀਂ।

## ਕਰਤਾਰਪੁਰੋਂ ਗੂੰਜਿਆ ਸੱਚ ਅਤੇ ਸਾਂਝੀਵਾਲਤਾ ਦਾ ਸੁਨੇਹਾ

(ਸਫਾ ਇਕ ਦੀ ਬਾਕੀ)

ਰੜਕਦੀ ਰਹੀ ਹੈ। ਇਹੀ ਕਾਰਨ ਹੈ ਕਿ ਇਕ ਪਾਸੇ ਜਿਥੇ ਲਾਂਘੇ ਦਾ ਕੰਮ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਸੀ ਤੇ ਦੂਜੇ ਪਾਸੇ ਮੋਦੀ ਸਰਕਾਰ ਨੇ ਪਾਕਿਸਤਾਨ ਇਲਾਕਿਆਂ ਵਿਚ ਬੰਬ ਸੁੱਟ (ਸਰਜੀਕਲ ਸਟ੍ਰਾਈਕ) ਕੇ ਬਣਦੀ ਗੱਲ ਵਿਗਾੜਨ ਦੀ ਕੋਸ਼ਿਸ਼ ਕੀਤੀ। ਇਸ ਘਟਨਾ ਪਿੱਛੋਂ ਜਿਥੇ ਪਾਕਿਸਤਾਨ ਭਾਰਤ ਵਿਚਾਲੇ ਵਪਾਰਕ ਤੇ ਕੂਟਨੀਤਕ ਸਬੰਧ ਤਿੜਕ ਗਏ, ਉਥੇ ਪਾਕਿਸਤਾਨ ਦੀਆਂ ਵਿਰੋਧੀ ਧਿਰਾਂ ਨੇ ਇਮਰਾਨ ਖਾਨ ਸਰਕਾਰ ਨੂੰ ਭਾਰਤ ਨਾਲ ਨਰਮੀ ਦੇ ਮੁੱਦੇ ਉਤੇ ਘੇਰ ਲਿਆ ਪਰ ਇਸ ਦੇ ਬਾਵਜੂਦ ਖਾਨ ਆਪਣੇ ਵਾਅਦੇ ਤੋਂ ਪਿੱਛੇ ਨਾ ਹਟਿਆ। ਜਿਸ ਦੀ ਬਦੌਲਤ ਅੱਜ ਸਿੱਖਾਂ ਦਾ ਵਿਛੜੇ ਗੁਰਧਾਮਾਂ ਨਾਲ ਮੇਲ ਹੋਇਆ ਹੈ। ਗੁਰੂ ਨਾਨਕ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਰਕਾਰ ਇਸ ਨੂੰ ਭਵਿਖੀ ਰਾਹ ਵਜੋਂ ਦੇਖਦਿਆਂ ਦਾਅਵੇ ਨਾਲ ਕਹਿ ਰਹੀ ਹੈ ਕਿ ਕਰਤਾਰਪੁਰ ਸਾਹਿਬ ਦਾ ਦਰਬਾਰ ਸਾਹਿਬ ਦੁਨੀਆ ਦਾ ਸਭ ਤੋਂ ਵੱਡਾ ਗੁਰਦੁਆਰਾ ਹੋਵੇਗਾ ਅਤੇ ਇਹ ਸਿੱਖਾਂ ਨੂੰ ਪਾਕਿਸਤਾਨ ਦੀ ਸਰਕਾਰ ਵੱਲੋਂ ਤੋਹਫਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਪੁਸਤਕ 'ਅਮਰੀਕੀ ਪੰਜਾਬੀ ਕਵਿਤਾ-ਭਾਗ ਦੂਜਾ' ਰਿਲੀਜ਼

**ਫਰੀਮਾਂਟ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ), ਕੈਲੀਫੋਰਨੀਆ ਵਲੋਂ ਲੰਘੀ 20 ਅਕਤੂਬਰ ਨੂੰ ਇਥੇ ਗੋਲਡਨ ਇੰਡੀਆ ਕੁਜ਼ੀਨ ਵਿਖੇ ਕਰਵਾਈ ਗਈ 'ਸਾਲਾਨਾ ਗਲੋਬਲ ਸਾਹਿਤਕ ਕਾਨਫਰੰਸ' ਵਿਚ ਅਕਾਦਮੀ ਵਲੋਂ ਤਿਆਰ ਪੁਸਤਕ 'ਅਮਰੀਕੀ ਪੰਜਾਬੀ ਕਵਿਤਾ-ਭਾਗ ਦੂਜਾ' ਰਿਲੀਜ਼ ਕੀਤੀ ਗਈ, ਜੋ ਸੁਖਵਿੰਦਰ ਕੰਬੋਜ, ਰਵਿੰਦਰ ਸਹਿਰਾਅ ਅਤੇ ਕੁਲਵਿੰਦਰ ਵਲੋਂ ਸੰਪਾਦਿਤ ਕੀਤਾ ਗਿਆ ਹੈ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਜਨਰਲ ਸਕੱਤਰ ਲਾਜ ਨੀਲਮ ਸੈਣੀ ਨੇ ਕਾਨਫਰੰਸ ਦੇ ਮੁੱਖ ਮਹਿਮਾਨ ਪ੍ਰੋ. ਸੁਖਦੇਵ ਸਿੰਘ ਖਾਹਰਾ, ਭਾਰਤ ਤੋਂ ਸੱਦੇ ਸ਼ਾਇਰ ਮੱਖਣ ਮਾਨ ਅਤੇ ਅਕਾਦਮੀ ਦੇ ਪ੍ਰਧਾਨ ਸੁਰਿੰਦਰ ਸੀਰਤ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਕਰਨ ਉਪਰੰਤ ਵਿਪਸਾ ਦੇ ਮੁੱਖ ਸਪਾਂਸਰ ਡਾ. ਸਰਬਜੀਤ ਸਿੰਘ ਹੁੰਦਲ ਤੇ ਗੁਰਦੀਪ ਸਿੰਘ ਸੇਖੋਂ ਨੂੰ ਪ੍ਰਧਾਨਗੀ ਮੰਡਲ ਦੇ ਵਿਸ਼ੇਸ਼ ਮਹਿਮਾਨਾਂ ਵਜੋਂ ਬਿਰਾਜਮਾਨ ਹੋਣ ਦੀ ਬੇਨਤੀ ਕੀਤੀ।

ਇਸ ਮੌਕੇ ਅਕਾਦਮੀ ਦੀ ਸਾਹਿਤ ਸਕੱਤਰ ਗੁਲਸ਼ਨ ਦਿਆਲ ਨੇ ਅਕਾਦਮੀ ਦੀ ਸਾਲਾਨਾ ਰਿਪੋਰਟ ਪੜ੍ਹੀ। ਉਪਰੰਤ ਸੁਰਿੰਦਰ ਸੀਰਤ ਨੇ ਕੁੰਜੀਵਤ ਭਾਸ਼ਣ ਵਿਚ ਕਾਨਫਰੰਸ ਦੀਆਂ ਇਸ ਵਰ੍ਹੇ ਅਤੇ ਭਵਿੱਖ ਦੀਆਂ ਗਤੀਵਿਧੀਆਂ ਦੀ ਗੱਲ ਕੀਤੀ। ਪ੍ਰੋ. ਖਾਹਰਾ ਨੇ ਕਾਵਿ-ਸੰਗ੍ਰਿਹ ਵਿਚ ਸ਼ਾਮਿਲ ਕੀਤੇ ਗਏ 59 ਅਮਰੀਕੀ ਸ਼ਾਇਰਾਂ ਦੀ ਕਾਵਿ-ਸੂਖਮਤਾ ਅਤੇ ਕਾਵਿ-ਬੋਧ 'ਤੇ ਇਕ ਸਰਵੇਖਣ ਵਜੋਂ ਵਿਚਾਰ ਰੱਖੇ। ਉਨ੍ਹਾਂ ਪਹਿਲੀ ਸਫ ਵਿਚ ਉਨ੍ਹਾਂ ਸ਼ਾਇਰਾਂ ਨੂੰ ਲਿਆ, ਜੋ ਪ੍ਰੌੜ ਅਤੇ ਸਥਾਪਿਤ ਸ਼ਾਇਰ ਹਨ। ਦੂਜੇ ਪਿੜ ਵਿਚ ਉਨ੍ਹਾਂ ਸ਼ਾਇਰਾਂ ਪ੍ਰਤੀ ਗੱਲ ਕੀਤੀ, ਜੋ ਬੜੀ ਤੇਜ਼ੀ ਨਾਲ ਸਥਾਪਤੀ ਵਲ ਵੱਧ ਰਹੇ ਹਨ ਅਤੇ ਤੀਜੇ ਪਿੜ ਵਿਚ ਉਨ੍ਹਾਂ ਸ਼ਾਇਰਾਂ ਵਲ ਸੰਕੇਤ ਕੀਤਾ, ਜੋ ਸ਼ਬਦ, ਸ਼ਾਇਰੀ ਅਤੇ ਜਾਣਕਾਰੀ ਦੇਣ ਪ੍ਰਤੀ ਜਾਗਰੂਕ ਹੁੰਦੇ ਜਾ ਰਹੇ ਪ੍ਰਤੀਤ ਹੁੰਦੇ ਹਨ।

ਇਸ ਮੌਕੇ ਮੱਖਣ ਮਾਨ ਨੇ ਕਾਵਿ-ਸੰਗ੍ਰਿਹ ਰੂਪ 'ਚ ਮੁੱਲਵਾਨ ਪ੍ਰਾਪਤੀ ਲਈ ਵਿਪਸਾ ਨੂੰ



ਵਧਾਈ ਦਿੱਤੀ। ਅਕਾਦਮੀ ਦੇ ਆਰਗੇਨਾਈਜ਼ਰ ਹਰਭਜਨ ਸਿੰਘ ਢਿੱਲੋਂ ਦੀ ਨਵੀਂ ਪ੍ਰਕਾਸ਼ਿਤ ਕਾਵਿ ਪੁਸਤਕ 'ਸੁਲਘਦੀ ਅੱਗ' ਬਾਰੇ ਚਰਚਾ ਹੋਈ ਅਤੇ ਨਾਲ ਹੀ ਉਨ੍ਹਾਂ ਨੂੰ ਵਿਪਸਾ ਵਲੋਂ ਸਨਮਾਨ ਪੱਤਰ ਭੇਟ ਕੀਤਾ ਗਿਆ। ਮੱਖਣ ਮਾਨ ਦਾ ਪਲੇਠਾ ਕਾਵਿ-ਸੰਗ੍ਰਿਹ 'ਬਿਰਸਾ ਮੁੰਡਾ ਦਾ ਪੁਨਰ ਜਨਮ' ਰਿਲੀਜ਼ ਕੀਤਾ ਗਿਆ।

ਕਾਨਫਰੰਸ ਦੇ 'ਮਿਨੀ ਕਹਾਣੀ ਗੋਸ਼ਟੀ' ਸੈਸ਼ਨ ਦੀ ਪ੍ਰਧਾਨਗੀ ਅਕਾਦਮੀ ਦੇ ਸਾਬਕਾ ਪ੍ਰਧਾਨ ਸੁਖਵਿੰਦਰ ਕੰਬੋਜ ਨੇ ਕੀਤੀ। ਡਾ. ਖਾਹਰਾ, ਪ੍ਰਿੰ. ਵੀਰ ਸਿੰਘ ਰੰਧਾਵਾ ਅਤੇ ਸੰਸਥਾ ਦੇ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਏ। ਪ੍ਰਿੰ. ਹਰਨੇਕ ਸਿੰਘ ਨੇ ਦੋ ਮਿਨੀ ਕਹਾਣੀਆਂ 'ਰਿਸ਼ਤੇਦਾਰੀ' ਅਤੇ 'ਇੱਕੋ ਰੈਂਕ' ਪੜ੍ਹੀਆਂ। ਕਹਾਣੀਕਾਰਾ ਅਮਰਜੀਤ ਪੰਨੂੰ ਨੇ ਕਹਾਣੀ 'ਅਧੂਰੀਆਂ ਕਹਾਣੀਆਂ ਦੇ ਪਾਤਰ' ਪੜ੍ਹੀ, ਜਦੋਂਕਿ ਹਰਜੀਤ ਖਡੂਰ ਨੇ ਇਕ ਮਿਨੀ ਕਹਾਣੀ ਪੇਸ਼ ਕੀਤੀ।

ਡਾ. ਖਾਹਰਾ ਨੇ ਕਿਹਾ ਕਿ ਮਿਨੀ ਕਹਾਣੀ ਇਕ ਪ੍ਰਤਿਭਾਸ਼ਾਲੀ ਸਾਹਿਤਕ ਕਿਰਤ ਹੈ, ਜੋ ਕੁੱਜੇ ਵਿਚ ਸਮੁੰਦਰ ਸਮੇਟ ਲੈਂਦੀ ਹੈ। ਇਸ ਵਿਚ ਵਰਣਨ ਨਹੀਂ, ਬਿਰਤਾਂਤ ਦੀ ਲੋੜ ਹੁੰਦੀ ਹੈ। ਅਮਰਜੀਤ ਦੀ ਕਹਾਣੀ ਪ੍ਰਤੀ ਉਨ੍ਹਾਂ ਕਿਹਾ ਕਿ ਮੌਤ ਦੇ ਮਾਹੌਲ 'ਚੋਂ ਆਸਰਾ ਤਲਾਸ਼ ਕਰਨਾ ਇਕ ਚਿੰਤਨਸ਼ੀਲ ਪ੍ਰਗਟਾਅ ਹੈ, ਜਿਸ ਨੂੰ ਭਾਸ਼ਾ ਅਤੇ ਇਸ ਦੀ ਸ਼ੈਲੀ ਵਿਚ ਖੂਬ ਨਿਭਾਇਆ ਗਿਆ ਹੈ।

ਪ੍ਰਧਾਨਗੀ ਸੰਬੋਧਨ ਵਿਚ ਸੁਖਵਿੰਦਰ ਕੰਬੋਜ ਨੇ ਮਿਨੀ ਕਹਾਣੀ ਨੂੰ ਇਕ ਚੁਟਕਲਾ ਹੋਣ ਤੋਂ ਬਚਣ ਅਤੇ ਇਸ ਵਿਚ ਛਿਪੇ ਮਕਸਦ ਨੂੰ ਸਵਾਲੀਆ ਬਣਾ ਦੇਣ ਉਤੇ ਜ਼ੋਰ ਦਿੱਤਾ। ਅਮਰਜੀਤ ਪੰਨੂੰ ਦੀ ਕਹਾਣੀ ਨੂੰ ਉਨ੍ਹਾਂ ਇਕ ਸਫਲ ਅਤੇ ਬਾਮਕਸਦ ਕਹਾਣੀ ਵਜੋਂ ਤਰਜੀਹ ਦਿਤੀ।

# ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ 'ਚ ਮੇਲਾ

**ਫਰਿਜ਼ਨੋ (ਬਿਊਰੋ):** ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਅਤੇ ਸਹਿਯੋਗੀਆਂ ਵੱਲੋਂ ਯਮਲਾ ਜੱਟ ਨੂੰ ਸਮਰਪਿਤ 19ਵਾਂ ਯਾਦਗਾਰੀ ਮੇਲਾ ਨਜ਼ਦੀਕੀ ਸ਼ਹਿਰ ਫਾਊਲਰ ਦੇ ਪੈਨਜੈਕ ਪਾਰਕ ਵਿਖੇ ਕਰਵਾਇਆ ਗਿਆ, ਜਿਸ ਵਿਚ ਇਲਾਕੇ ਦੀਆਂ ਵੱਖ-ਵੱਖ ਰਾਜਨੀਤਕ, ਸੱਭਿਆਚਾਰਕ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕੀਤੀ।



ਮੇਲੇ ਦੀ ਸ਼ੁਰੂਆਤ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ 'ਤੇ ਫੁੱਲਾਂ ਦੇ ਹਾਰ ਪਾਉਣ ਨਾਲ ਹੋਈ। ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਵਲੋਂ ਧਾਰਮਿਕ ਗੀਤ ਪੇਸ਼ ਕੀਤੇ ਜਾਣ ਉਪਰੰਤ ਗਾਇਕੀ ਦਾ ਖੁੱਲ੍ਹਾ ਅਖਾੜਾ ਲੱਗਾ, ਜਿਸ ਵਿਚ ਰਾਜ ਬਰਾੜ ਤੋਂ ਇਲਾਵਾ ਬਰਜਿੰਦਰ ਮਚਲਾ ਜੱਟ, ਗਾਇਕਾ ਜੋਤ ਰਣਜੀਤ ਕੌਰ, ਪੱਪੀ ਭਦੌੜ, ਗੋਗੀ ਸੰਧੂ, ਹਰਦੇਵ ਸੰਧੂ, ਦਿਲਦਾਰ ਬ੍ਰਦਰਜ਼ ਕੈਲੀਫੋਰਨੀਆ ਮਿਊਜ਼ੀਕਲ ਗਰੁੱਪ ਦੇ ਅਵਤਾਰ ਗਰੇਵਾਲ, ਰਾਣੀ ਗਿੱਲ, ਕਾਂਤਾ ਸਹੋਤਾ, ਕਾਰਾ ਗਿੱਲ ਅਤੇ ਪੱਪੂ ਬਰਾੜ ਨੇ ਆਪਣੀ ਗਾਇਕੀ ਦੀ ਛਹਿਬਰ ਲਾਈ।

ਮੇਲੇ ਵਿਚ ਸ਼ਿਰਕਤ ਕਰਨ ਲਈ ਨਾਮੀ ਗੀਤਕਾਰ ਤੇ ਸਟੇਜ ਸੰਚਾਲਕ ਮੱਖਣ ਬਰਾੜ ਉਚੇਚਾ ਪਹੁੰਚੇ, ਜਿਨ੍ਹਾਂ ਆਪਣੀ ਮਿਆਰੀ ਸ਼ਾਇਰੀ ਅਤੇ ਵਿਚਾਰਾਂ ਨਾਲ ਸਾਂਝ ਪਾਈ। ਸਟੇਜ ਸੰਚਾਲਨ ਰੇਡੀਓ ਹੋਸਟ ਅਤੇ ਲੇਖਕ ਜਗਤਾਰ ਗਿੱਲ ਤੇ ਜਸਵੰਤ ਮਹਿੰਮੀ ਨੇ ਬਾਖੂਬੀ ਕੀਤਾ। ਮੇਲੇ ਦੇ ਯਾਦਗਾਰੀ ਪਲਾਂ ਨੂੰ ਕੈਮਰਬੱਧ ਸ਼ਿਆਰਾ ਢੀਂਡਸਾ (ਓਮਨੀ ਵੀਡੀਓ, ਬੇਕਰਸ਼ਫੀਲਡ) ਨੇ ਕੀਤਾ।

## ਸੀਰੀਆ 'ਚ ਕਾਰ ਬੰਬ ਧਮਾਕਾ, 13 ਮੌਤਾਂ

**ਇਸਤਾਂਬੁਲ:** ਤੁਰਕੀ ਦੀਆਂ ਫੌਜਾਂ ਦੇ ਕਬਜ਼ੇ ਵਾਲੇ ਸੀਰੀਆ ਦੇ ਇਕ ਸਰਹੱਦੀ ਕਸਬੇ ਵਿਚ ਹੋਏ ਕਾਰ ਬੰਬ ਧਮਾਕੇ ਨਾਲ ਕਰੀਬ 13 ਲੋਕਾਂ ਦੀ ਮੌਤ ਹੋ ਗਈ ਹੈ। ਤੁਰਕੀ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ 13 ਨਾਗਰਿਕ ਮਾਰੇ ਗਏ ਹਨ ਜਦਕਿ 20 ਜਖਮੀ ਹੋ ਗਏ ਹਨ। ਹਮਲੇ ਲਈ ਸੀਰੀਆਈ ਕੁਰਦਿਸ਼ ਪੀਪਲਜ਼ ਪ੍ਰੋਟੈਕਸ਼ਨ ਯੂਨਿਟ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਇਸ ਨੂੰ ਤੁਰਕੀ ਅਤਿਵਾਦੀ ਜਥੇਬੰਦੀ ਮੰਨਦਾ ਹੈ। ਤੁਰਕੀ ਨੇ ਇਸ ਸੰਗਠਨ ਖਿਲਾਫ ਪਿਛਲੇ ਮਹੀਨੇ ਕਾਰਵਾਈ ਅਰੰਭੀ ਸੀ।


## Matrimonials

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 33 ਸਾਲ, ਕੱਦ 5'-9" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892 45-48

ਰਾਮਗੜ੍ਹੀਆ ਸਿੱਖ, ਉਮਰ 29 ਸਾਲ, ਕੱਦ 6 ਫੁੱਟ, ਇੰਡੀਆ ਤੋਂ ਪੜ੍ਹੇ ਬੀ.ਟੈਕ ਮਕੈਨੀਕਲ ਮਾਸਟਰ ਇਨ ਡਿਜਾਈਨਿੰਗ, ਗਰੀਨ ਕਾਰਡ ਹੋਲਡਰ, ਟਰੱਕ ਡਰਾਈਵਰ ਲੜਕੇ ਲਈ ਲੜਕੀ (ਕੱਦ 5'-5" ਜਾਂ ਵੱਧ) ਦੀ ਲੋੜ ਹੈ। ਇੰਡੀਆ ਤੋਂ ਨਵੇਂ ਆਏ ਪਰਿਵਾਰ ਨੂੰ ਪਹਿਲ। ਸੰਪਰਕ ਕਰੋ, ਫੋਨ: 331-551-3111 44-47

### ਲੜਕੇ ਦੀ ਲੋੜ ਹੈ

Wanted suitable boy for US green card holder Jatt Sikh, 25 years, 5'-6" educated girl, doing job in Michigan. Boy should be us citizen or green card holder, Contact, Ph: 734-927-2674 45-48

*To Advertise with Punjab Times*
***Call: 847-359-0746***

# Wanted Workers

**Need workers for Restaurant and Gas stations In Eureka, CA.**

***Housing and food provide.***

**ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ**

***ਰਿਹਾਇਸ਼ ਅਤੇ ਖਾਣਾ ਮੁਫਤ***

**Call, Gurpreet Singh Sohal**

**Ph: 707-498-9325**

redwoodpetroleum@gmail.com

42-45

# Prince's Barber Shop

**37477 Fremont Blvd, suite C, Fremont, CA 94536**

***Men & Children's Hair Cut***

*Threading
*Men's Facials
*Custom Designing
*Line-ups
*Custom Text
*Hair Coler
*Shave & Mundan
*Head Massage

**ਫੁੱਲ ਟਾਈਮ ਬਾਰਬਰ ਦੀ ਲੋੜ ਹੈ**

*ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ*

**Business hours:**
**Mon thru Thursday 9am to 6pm (Appointment only)**
**Friday, Sat- Sunday- 9am to 6pm (Walk in only)**
**(Tuesday Closed)**



**Cell: (510)-677-9942**
**Shop: (510)-505-9605**

*www.princebarbershop.com*

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

***National Truck Driving School***

**1816 Main Ave., Secramento CA, 95838**

## ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

*ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**

# ਬਰਮਿੰਘਮ ਯੂਨੀਵਰਸਿਟੀ 'ਚ ਗੁਰੂ ਨਾਨਕ ਚੇਅਰ ਸਥਾਪਿਤ

**ਬਰਮਿੰਘਮ:** ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਯੂਨੀਵਰਸਿਟੀ ਆਫ ਬਰਮਿੰਘਮ (ਯੂਕੇ) ਵਿਚ ਗੁਰੂ ਨਾਨਕ ਚੇਅਰ ਦਾ ਉਦਘਾਟਨ ਕੀਤਾ ਹੈ। ਇਹ ਚੇਅਰ ਭਾਰਤ ਸਰਕਾਰ ਦੇ ਸਹਿਯੋਗ ਨਾਲ ਸਥਾਪਿਤ ਕੀਤੀ ਗਈ ਹੈ ਤੇ ਇਸ ਤਹਿਤ ਕੀਤਾ ਜਾਣ ਵਾਲਾ ਖੋਜ ਕਾਰਜ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਉਤੇ ਕੇਂਦਰਤ ਹੋਵੇਗਾ।

ਕੇਂਦਰੀ ਮੰਤਰੀ ਨੇ ਐਲਾਨ ਕੀਤਾ ਕਿ ਇਹ ਨਵੀਂ ਚੇਅਰ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸਥਾਪਿਤ ਕੀਤੀ ਜਾ ਰਹੀ ਹੈ। ਉਹ ਬਰਮਿੰਘਮ ਦੇ ਦੌਰੇ ਉਤੇ ਆਏ ਸਨ ਜਿਥੇ ਉਨ੍ਹਾਂ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਦੀ ਅਜੋਕੇ ਸਮੇਂ ਵਿਚ ਮਹੱਤਤਾ ਦੇ ਵਿਸ਼ੇ ਉਤੇ ਭਾਸ਼ਨ ਦਿੱਤਾ। ਇਸ ਭਾਸ਼ਨ ਦਾ ਪ੍ਰਬੰਧ ਇੰਡੀਅਨ ਇੰਸਟੀਚਿਊਟ ਆਫ ਯੂਨੀਵਰਸਿਟੀ ਵੱਲੋਂ ਕੀਤਾ ਗਿਆ ਸੀ। ਪੁਰੀ ਨੇ ਕਿਹਾ ਕਿ ਬਰਤਾਨੀਆ ਵਿਚ ਭਾਰਤੀ ਭਾਈਚਾਰੇ ਦੀਆਂ ਭਾਵਨਾਵਾਂ ਤੇ ਇੱਛਾ ਨੂੰ ਧਿਆਨ ਵਿਚ ਰੱਖ ਕੇ ਗੁਰੂ ਨਾਨਕ ਦੀਆਂ ਸਿੱਖਿਆਵਾਂ ਨੂੰ ਅਕਾਦਮਿਕ ਦਾਇਰੇ ਵਿਚ ਲਿਆਉਣ ਦੀ ਇਹ ਇਕ ਕੋਸ਼ਿਸ਼ ਹੈ। ਇਸ ਨਾਲ ਹੋਰ ਖੋਜ ਦੇ ਰਾਹ ਖੁੱਲ੍ਹਣਗੇ ਤੇ ਬਾਬਾ ਨਾਨਕ ਦੀਆਂ ਸਿੱਖਿਆਵਾਂ ਦਾ ਦਾਇਰਾ ਯੂਕੇ ਵਿਚ ਹੋਰ ਵੱਡਾ ਹੋਵੇਗਾ।

ਸੰਸਾਰ ਪੱਧਰ ਉਤੇ ਵੀ ਮਨੁੱਖਤਾ ਇਨ੍ਹਾਂ ਸੁਨੇਹਿਆਂ ਤੋਂ ਲਾਭ ਲੈ ਸਕੇਗੀ ਕਿਉਂਕਿ ਗੁਰੂ ਨਾਨਕ ਦੀਆਂ ਸਾਰੀਆਂ ਸਿੱਖਿਆਵਾਂ ਰੂਹਾਨੀ ਕਦਰਾਂ-ਕੀਮਤਾਂ, ਭਾਈਚਾਰੇ ਅਤੇ ਆਲਮੀ ਸ਼ਾਂਤੀ ਦੇ ਸੁਨੇਹਿਆਂ ਨਾਲ ਲਬਰੇਜ਼ ਹਨ ਤੇ ਸੰਸਾਰ ਨੂੰ ਬਿਹਤਰ ਬਣਾਉਣ ਲਈ ਯੋਗਦਾਨ ਦੇਣ ਦੇ ਸਮਰੱਥ ਹਨ। ਯੂਨੀਵਰਸਿਟੀ ਵੱਲੋਂ ਪ੍ਰਕਾਸ਼ ਪੁਰਬ ਦੇ ਸੰਦਰਭ ਵਿਚ ਕਈ ਸਮਾਗਮ ਕਰਵਾਏ ਜਾ ਰਹੇ ਹਨ। ਚੇਅਰ ਦੀ ਸਥਾਪਤੀ ਵਿਚ ਚਾਂਸਲਰ ਲਾਰਡ ਕਰਨ ਬਿਲੀਮੋਰੀਆ ਤੇ ਬਰਮਿੰਘਮ ਵਿਚ ਭਾਰਤੀ ਕੌਂਸਲ ਜਨਰਲ ਡਾ. ਅਮਨ ਪੁਰੀ ਦਾ ਵੀ ਅਹਿਮ ਯੋਗਦਾਨ ਹੈ। ਭਾਰਤ ਸਰਕਾਰ ਇਸ ਲਈ ਸਾਲਾਨਾ ਇਕ ਲੱਖ ਪੌਂਡ ਦਾ ਯੋਗਦਾਨ ਦੇਵੇਗੀ।

## ਮੋਦੀ ਵੱਲੋਂ ਗੁਰੂ ਨਾਨਕ ਦੀ ਯਾਦ 'ਚ ਸਿੱਕਾ ਜਾਰੀ

**ਬੈਂਕਾਕ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਸਿੱਕਾ ਜਾਰੀ ਕੀਤਾ ਹੈ। ਇਹ ਸਿੱਕਾ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਯਾਦ ਵਿਚ ਜਾਰੀ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਨੇ ਥਾਈਲੈਂਡ ਦੀ ਰਾਜਧਾਨੀ ਵਿਚ ਭਾਰਤੀ ਭਾਈਚਾਰੇ ਦੇ ਲੋਕਾਂ ਦੀ 'ਸਵਾਸਦੀ ਪੀਐਮ ਮੋਦੀ' ਇਕੱਤਰਤਾ ਵਿਚ ਤਾਮਿਲ ਭਾਸ਼ਾ ਦੀ ਪ੍ਰਸਿੱਧ ਸਾਹਿਤਕ ਕਿਰਤ 'ਤ੍ਰਿਕੁਰਾਲ' ਦਾ ਥਾਈ ਅਨੁਵਾਦ ਵੀ ਜਾਰੀ ਕੀਤਾ। ਪ੍ਰਧਾਨ ਮੰਤਰੀ ਨੇ ਭਾਰਤੀ ਭਾਈਚਾਰੇ ਵੱਲੋਂ ਗਰਮਜੋਸ਼ੀ ਨਾਲ ਕੀਤੇ ਸਵਾਗਤ ਦੇ ਲਈ ਟਵੀਟ ਕਰਕੇ ਜਾਣਕਾਰੀ ਦਿੱਤੀ ਹੈ।

# ਅਮਰੀਕਾ ਪੁੱਜੇ ਛੇ ਨੌਜਵਾਨ ਢਾਈ ਸਾਲ ਤੋਂ ਲਾਪਤਾ

**ਜਲੰਧਰ:** ਢਾਈ ਸਾਲ ਪਹਿਲਾਂ ਚੰਗੇ ਭਵਿੱਖ ਦੀ ਆਸ ਵਿਚ ਅਮਰੀਕਾ ਲਈ ਨਿਕਲੇ ਛੇ ਨੌਜਵਾਨ ਰਾਹ ਵਿਚੋਂ ਹੀ ਲਾਪਤਾ ਹੋ ਗਏ। ਇਨ੍ਹਾਂ ਨੌਜਵਾਨਾਂ ਦੇ ਮਾਪੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕੇਂਦਰੀ ਵਿਦੇਸ਼ ਮੰਤਰੀ ਦੇ ਦਫਤਰਾਂ ਵਿਚ ਚਿੱਠੀਆਂ ਪਾ-ਪਾ ਕੇ ਥੱਕ ਗਏ ਹਨ। ਜਿਹੜੇ ਟਰੈਵਲ ਏਜੰਟ ਨੇ ਉਨ੍ਹਾਂ ਦੇ ਬੱਚਿਆਂ ਨੂੰ ਮਾਸਕੋ ਤੋਂ ਹਵਾਨਾ ਤੇ ਹਵਾਨਾ ਤੋਂ ਬਾਹਮਾਸ ਦੇ ਰਸਤੇ ਅਮਰੀਕਾ ਭੇਜਣ ਦੀਆਂ ਘਰ ਆ ਕੇ ਵਧਾਈਆਂ ਦਿੱਤੀਆਂ ਸਨ, ਉਹ ਹੁਣ ਬੱਚਿਆਂ ਦਾ ਕੋਈ ਥਹੁ-ਪਤਾ ਵੀ ਨਹੀਂ ਦੱਸਦੇ।

ਤਿੰਨ ਨੌਜਵਾਨਾਂ ਦੇ ਮਾਪਿਆਂ ਨੇ ਦੱਸਿਆ ਕਿ ਪੁਲਿਸ ਵੱਲੋਂ ਕਈ ਦਿਨ ਪਹਿਲਾਂ ਟਰੈਵਲ ਏਜੰਟ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਪਰ ਉਸ ਦਾ ਕੋਈ ਰਿਮਾਂਡ ਲਏ ਬਿਨਾਂ ਹੀ ਜੇਲ੍ਹ ਭੇਜ ਦਿੱਤਾ ਤੇ ਪੀੜਤ ਮਾਪਿਆਂ ਨੂੰ ਫੜੇ ਗਏ ਟਰੈਵਲ ਏਜੰਟ ਦੀ ਭਿਣਕ ਤੱਕ ਨਹੀਂ ਪੈਣ ਦਿੱਤੀ। ਸੂਬੇਦਾਰ ਸ਼ਮਸ਼ੇਰ ਸਿੰਘ ਦਾ ਪੁੱਤਰ ਇੰਦਰਜੀਤ ਸਿੰਘ, ਜਰਨੈਲ ਸਿੰਘ ਦਾ ਪੁੱਤਰ ਸਰਬਜੀਤ ਸਿੰਘ ਅਤੇ ਮਹਿੰਦਰ ਸਿੰਘ ਦਾ ਪੁੱਤਰ ਨਵਦੀਪ ਸਿੰਘ, ਟਰੈਵਲ ਏਜੰਟ ਸੁਖਵਿੰਦਰ ਸਿੰਘ ਵਾਸੀ ਪਿੰਡ ਮਹਿਦੀਪੁਰਾ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਟਰੈਵਲ ਏਜੰਟ ਰਾਣਾ ਖੌਸਣ ਰਾਹੀਂ ਅਮਰੀਕਾ ਜਾਣ ਲਈ ਨਿਕਲੇ ਸਨ। ਸ਼ਮਸ਼ੇਰ ਸਿੰਘ, ਜਰਨੈਲ ਸਿੰਘ ਤੇ ਮਹਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਆਪਣੇ ਬੱਚਿਆਂ ਨਾਲ 2 ਅਗਸਤ 2017 ਨੂੰ ਆਖਰੀ ਵਾਰ ਗੱਲਬਾਤ ਹੋਈ ਸੀ।

ਢਾਈ ਸਾਲ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਨੂੰ ਪਤਾ ਨਹੀਂ ਲੱਗ ਰਿਹਾ ਕਿ ਉਨ੍ਹਾਂ ਦੇ ਬੱਚੇ ਕਿੱਥੇ ਹਨ। ਜਦਕਿ ਟਰੈਵਲ ਏਜੰਟ ਨੇ 4 ਅਗਸਤ 2017 ਨੂੰ ਇਹ ਦਾਅਵਾ ਕੀਤਾ ਸੀ ਕਿ ਉਨ੍ਹਾਂ ਦੇ ਮੁੰਡੇ ਅਮਰੀਕਾ ਪਹੁੰਚ ਚੁੱਕੇ ਹਨ ਤੇ ਉਨ੍ਹਾਂ ਨੂੰ ਵਧਾਈਆਂ ਵੀ ਦਿੱਤੀਆਂ ਸਨ। ਦੋ ਮਹੀਨੇ ਬਾਅਦ ਜਦੋਂ ਉਸ ਨੇ ਬਾਕੀ ਪੈਸੇ ਮੰਗੇ ਤਾਂ ਮਾਪਿਆਂ ਨੇ ਕਿਹਾ ਕਿ ਪਹਿਲਾਂ ਮੁੰਡਿਆਂ ਨਾਲ ਗੱਲ ਕਰਵਾਈ ਜਾਵੇ। ਫਿਰ ਟਰੈਵਲ ਏਜੰਟ ਨੇ 25 ਲੱਖ ਇਹ ਕਹਿ ਕੇ ਵਾਪਸ ਕਰ ਦਿੱਤਾ ਕਿ ਤੁਸੀਂ ਵੀ ਆਪਣੇ ਮੁੰਡੇ ਲੱਭੋ ਤੇ ਉਹ ਵੀ ਲੱਭਣ ਵਿਚ ਮਦਦ ਕਰਦਾ ਹੈ।

ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਸੁਖਵਿੰਦਰ ਸਿੰਘ, ਜਿਹੜਾ ਕਿ ਪੰਜਾਬ ਪੁਲਿਸ ਵਿਚ ਏ.ਐਸ.ਆਈ. ਵਜੋਂ ਤਾਇਨਾਤ ਸੀ, ਉਹ ਟਰੈਵਲ ਏਜੰਟ ਦਾ ਵੀ ਕੰਮ ਕਰਦਾ ਸੀ। ਹੁਣ ਉਹ ਸੇਵਾਮੁਕਤ ਹੋ ਚੁੱਕਾ ਹੈ।

ਪਹਿਲਾਂ ਤਾਂ ਪੁਲਿਸ ਉਸ ਨੂੰ ਗ੍ਰਿਫਤਾਰ ਨਹੀਂ ਸੀ ਕਰਦੀ, ਹੁਣ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਪੁਲਿਸ ਨੇ ਦਸਹਿਰੇ ਵਾਲੇ ਦਿਨ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ ਪਰ ਰਿਮਾਂਡ ਨਾ ਲੈਣ ਕਾਰਨ ਮਾਪਿਆਂ ਦੀ ਸ਼ੰਕਾ ਪੱਕੀ ਹੋ ਰਹੀ ਹੈ ਕਿ ਪੰਜਾਬ ਪੁਲਿਸ ਤੇ ਵੱਡੇ ਅਫਸਰਾਂ ਦੀ ਮਿਲੀਭੁਗਤ ਨਾਲ ਉਕਤ ਏਜੰਟ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਏਜੰਟ ਰਾਣਾ ਖੌਸਣ ਤੇ ਸੁਖਵਿੰਦਰ ਸਿੰਘ ਜੇਲ੍ਹ ਵਿਚ ਹਨ ਪਰ ਪੁਲਿਸ ਪੁੱਛਗਿੱਛ ਵਿਚ ਉਨ੍ਹਾਂ ਕੋਲੋਂ ਇਹ ਪਤਾ ਲਾਉਣ ਵਿਚ ਸਫਲ ਨਹੀਂ ਹੋ ਸਕੀ ਕਿ ਉਨ੍ਹਾਂ ਦੇ ਬੱਚੇ ਕਿਥੇ ਹਨ।

# 'ਸ੍ਰੀ ਗੁਰੂ ਨਾਨਕ ਦੇਵ ਜੀ ਐਵਾਰਡ' ਸ਼ੁਰੂ ਕਰਨ ਨੂੰ ਹਰੀ ਝੰਡੀ

**ਚੰਡੀਗੜ੍ਹ:** ਪੰਜਾਬ ਵਜ਼ਾਰਤ ਨੇ 'ਸ੍ਰੀ ਗੁਰੂ ਨਾਨਕ ਦੇਵ ਜੀ ਐਵਾਰਡ' ਸ਼ੁਰੂ ਕਰਨ ਦੀ ਤਜਵੀਜ਼ ਉਤੇ ਮੋਹਰ ਲਾ ਦਿੱਤੀ ਹੈ। ਐਵਾਰਡ ਵਿਚ ਸਨਮਾਨ ਪੱਤਰ ਅਤੇ 11 ਲੱਖ ਰੁਪਏ ਦਾ ਨਗਦ ਇਨਾਮ ਹੋਵੇਗਾ। ਇਹ ਸਨਮਾਨ ਹਰ ਸਾਲ ਦਿੱਤਾ ਜਾਵੇਗਾ ਤੇ ਚੋਣ ਜਿਊਰੀ ਵੱਲੋਂ ਕੀਤੀ ਜਾਵੇਗੀ। ਵਜ਼ਾਰਤ ਨੇ ਮੁੱਖ ਮੰਤਰੀ ਦੇ ਸਲਾਹਕਾਰਾਂ ਨੂੰ ਅਯੋਗ ਠਹਿਰਾਏ ਜਾਣ ਤੋਂ ਰੋਕਣ ਲਈ ਐਕਟ ਵਿਚ ਸੋਧ ਕਰਨ ਦਾ ਫੈਸਲਾ ਵੀ ਕੀਤਾ ਹੈ।

ਵਜ਼ਾਰਤ ਨੇ ਸ਼ਾਂਤੀ ਤੇ ਅੰਤਰ-ਧਰਮ ਸਹਿ-ਹੋਂਦ ਨੂੰ ਉਤਸ਼ਾਹਿਤ ਕਰਨ ਲਈ ਪ੍ਰਕਾਸ਼ ਪੁਰਬ ਦੇ ਜਸ਼ਨਾਂ ਦੇ ਹਿੱਸੇ ਵਜੋਂ ਇਹ ਐਵਾਰਡ ਸ਼ੁਰੂ ਕਰਨ ਦਾ ਫੈਸਲਾ ਕੀਤਾ ਸੀ। ਸਲਾਹਕਾਰਾਂ ਨੂੰ ਲਾਭ ਦੇ ਅਹੁਦੇ ਤੋਂ ਅਯੋਗ ਠਹਿਰਾਏ ਜਾਣ ਤੋਂ ਬਾਹਰ ਰੱਖਣ ਲਈ ਵਜ਼ਾਰਤ ਨੇ ਪੰਜਾਬ ਸਟੇਟ ਲੈਜਿਸਲੇਚਰ (ਪ੍ਰੀਵੈਨਸ਼ਨ ਆਫ ਡਿਸਕੁਆਲੀਫਿਕੇਸ਼ਨ) ਐਕਟ 1952 ਵਿਚ ਸੋਧ ਕਰਨ ਦਾ ਫੈਸਲਾ ਕੀਤਾ ਹੈ। ਸੋਧ ਬਿੱਲ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਪੇਸ਼ ਕੀਤਾ ਜਾਵੇਗਾ।

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ (ਸੋਧ) ਆਰਡੀਨੈਂਸ-2019 ਨੂੰ ਵਿਧਾਨ ਸਭਾ ਦੇ ਅਗਲੇ ਸੈਸ਼ਨ ਵਿਚ ਲਿਆਉਣ ਦੀ ਪ੍ਰਵਾਨਗੀ ਵੀ ਦਿੱਤੀ ਗਈ ਹੈ। ਇਸ ਤਹਿਤ ਕਮਿਸ਼ਨ ਦੇ ਚੇਅਰਪਰਸਨ ਦੀ ਨਿਯੁਕਤੀ ਲਈ ਉਮਰ ਹੱਦ ਮੌਜੂਦਾ 70 ਤੋਂ 72 ਸਾਲ ਹੋ ਜਾਵੇਗੀ।

ਇਸ ਤੋਂ ਇਲਾਵਾ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਣ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਐਕਟ, 2016 ਨੂੰ ਬਿੱਲ ਦੇ ਰੂਪ ਵਿਚ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤਾ ਜਾਵੇਗਾ ਤਾਂ ਕਿ ਸੂਬੇ ਵਿਚ ਗੈਰ-ਸਹਾਇਤਾ ਪ੍ਰਾਪਤ ਵਿਦਿਅਕ ਅਦਾਰਿਆਂ ਵਿਚ ਫੀਸ ਨੂੰ ਰੈਗੂਲੇਟ ਕਰਨ ਲਈ ਢੰਗ-ਤਰੀਕਾ ਮੁਹੱਈਆ ਕਰਵਾਇਆ ਜਾ ਸਕੇ।

ਇਸ ਸੋਧ ਨਾਲ ਗੈਰ-ਸਹਾਇਤਾ ਪ੍ਰਾਪਤ ਵਿਦਿਅਕ ਅਦਾਰਿਆਂ ਵਿਚ ਪੜ੍ਹਦੇ ਗਰੀਬ ਬੱਚੇ ਬਿਨਾਂ ਫੀਸ ਦਿੱਤੇ ਪੜ੍ਹਾਈ ਪੂਰੀ ਕਰ ਸਕਣਗੇ। ਐਕਟ ਹੇਠ ਰੈਗੂਲੇਟਰੀ ਅਥਾਰਿਟੀ ਨੂੰ ਡਿਵੀਜ਼ਨਲ ਪੱਧਰ ਦੀ ਥਾਂ ਜ਼ਿਲਾ ਪੱਧਰ 'ਤੇ ਮੁੜ ਗਠਿਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ.ਐਸ.ਆਰ.) ਦੀਆਂ ਗਤੀਵਿਧੀਆਂ ਲਈ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਸਲਾਹਕਾਰ ਬੋਰਡ ਤੇ ਮੁੱਖ ਸਕੱਤਰ ਦੀ ਅਗਵਾਈ ਵਿਚ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਅਥਾਰਿਟੀ ਦੇ ਗਠਨ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ।

# ਗਦਰੀ ਮੇਲਾ: ਕਸ਼ਮੀਰ ਤੇ ਹਜੂਮੀ ਕਤਲਾਂ ਦਾ ਮੁੱਦਾ ਰਿਹਾ ਭਾਰੂ

**ਜਲੰਧਰ:** 28ਵੇਂ 'ਮੇਲਾ ਗਦਰੀ ਬਾਬਿਆਂ ਦਾ' ਵਿਚ ਫਾਸ਼ੀਵਾਦ ਤੇ ਕਸ਼ਮੀਰ ਦਾ ਮੁੱਦਾ ਰਿਹਾ ਭਾਰੂ ਰਿਹਾ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਦੇਸ਼ ਦੀਆਂ ਖੁਦਮੁਖਤਿਆਰ ਸੰਸਥਾਵਾਂ ਨੂੰ ਲਾਈ ਜਾ ਰਹੀ ਢਾਹ ਅਤੇ ਹਜੂਮੀ ਕਤਲਾਂ ਉਤੇ ਚਿੰਤਾ ਪ੍ਰਗਟ ਕੀਤੀ ਗਈ।

ਬੁਲਾਰਿਆਂ ਨੇ ਕਿਹਾ ਕਿ ਦੇਸ਼ ਵਿਚ ਆਰ.ਬੀ.ਆਈ, ਸੀ.ਬੀ.ਆਈ, ਕੇਂਦਰੀ ਯੂਨੀਵਰਸਿਟੀਆਂ, ਸੁਪਰੀਮ ਕੋਰਟ ਅਤੇ ਹੋਰ ਪਬਲਿਕ ਅਦਾਰਿਆਂ ਨੂੰ ਕਮਜ਼ੋਰ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਅੰਦਰ ਡਰ ਤੇ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਬੁਲਾਰਿਆਂ ਮੁਤਾਬਕ ਕਸ਼ਮੀਰ ਵਿਚ ਧਾਰਾ 370 ਤੇ 35ਏ ਖਤਮ ਕਰਨ ਅਤੇ ਕਸ਼ਮੀਰ ਨੂੰ ਦੋ ਟੁਕੜਿਆਂ ਵਿਚ ਵੰਡਣ ਵਿਰੁੱਧ ਦੇਸ਼ ਵਿਚੋਂ ਜੇ ਕਿਸੇ ਨੇ ਆਵਾਜ਼ ਬੁਲੰਦ ਕੀਤੀ ਹੈ ਤਾਂ ਉਹ ਪੰਜਾਬੀ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਬਾਕੀ ਲੋਕਾਂ ਦਾ ਚੁੱਪ ਰਹਿਣਾ ਬਹੁਤ ਹੀ ਖਤਰਨਾਕ ਰੁਝਾਨ ਹੈ।

ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਨੇ ਕਿਹਾ ਕਿ ਮੌਜੂਦਾ ਕੇਂਦਰ ਸਰਕਾਰ ਹੀ ਮੌਬ ਲਿੰਚਿੰਗ ਦੀ ਸਰਕਾਰ ਹੈ। ਉਨ੍ਹਾਂ ਕਿਹਾ ਕਿ ਮੋਦੀ ਤੇ ਸ਼ਾਹ ਦੇ ਪਿੱਛੇ ਆਰ.ਐਸ.ਐਸ. ਹੈ, ਜਿਸ ਦੇ ਅਧੀਨ 60 ਹਜ਼ਾਰ ਸ਼ਾਖਾਵਾਂ ਚਲਦੀਆਂ ਹਨ ਅਤੇ ਉਨ੍ਹਾਂ ਦੇ 16 ਲੱਖ ਤੋਂ ਵੱਧ ਕਾਰਕੁਨ ਹਨ। 'ਆਰ.ਐਸ.ਐਸ. ਕੋਲ ਲਿਟਰੇਚਰ ਛਾਪਣ ਦਾ ਵੱਡਾ ਬੁਨਿਆਦੀ ਢਾਂਚਾ ਹੈ ਜਿਹੜਾ ਫਰਜ਼ੀ ਇਤਿਹਾਸ ਛਾਪ ਕੇ ਆਉਣ ਵਾਲੀਆਂ ਪੀੜ੍ਹੀਆਂ ਦੇ ਮਨਾਂ ਵਿਚ ਗਲਤ ਜਾਣਕਾਰੀ ਦੇ ਰਿਹਾ ਹੈ।' ਅਰੁੰਧਤੀ ਨੇ ਕਿਹਾ ਕਿ ਭਾਜਪਾ 'ਇਕ ਦੇਸ਼-ਇਕ ਸੰਵਿਧਾਨ' ਦੀ ਗੱਲ ਕਰਦੀ ਹੈ ਪਰ ਮੁਲਕ 'ਚ ਇਹ ਸੰਭਵ ਨਹੀਂ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਹਿੰਦੂ, ਹਿੰਦੀ, ਹਿੰਦੁਸਤਾਨ ਬਣਾਉਣ ਦੇ ਰਾਹ ਪਈ ਭਾਜਪਾ ਵਿਰੁੱਧ ਆਵਾਜ਼ ਉਠਾਉਣੀ ਪਵੇਗੀ।

ਅਰੁੰਧਤੀ ਰਾਏ ਨੇ ਕਿਹਾ, "ਜਦੋਂ ਲੱਖਾਂ ਲੋਕਾਂ ਨੂੰ ਚੈਂਬਰਾਂ ਵਿਚ ਇਕੋ ਝਟਕੇ ਨਾਲ ਕਤਲ ਕਰ ਦਿੱਤਾ ਜਾਏ ਤਾਂ ਉਹ ਹੀ ਸਿਰਫ ਫਾਸ਼ਿਜ਼ਮ ਨਹੀਂ ਹੁੰਦਾ ਸਗੋਂ ਮੁਲਕ ਅੰਦਰ ਜਦੋਂ ਕਸ਼ਮੀਰੀ, ਬੁੱਧੀਮਾਨ ਵਰਗ, ਦਲਿਤਾਂ, ਮੁਸਲਿਮ ਭਾਈਚਾਰੇ, ਜਮਹੂਰੀ ਸ਼ਕਤੀਆਂ, ਆਦਿਵਾਸੀਆਂ ਉਪਰ ਮਾਰੂ ਹੱਲਾ ਵਿੱਢ ਰੱਖਿਆ ਹੋਇਆ ਹੋਵੇ ਤਾਂ ਉਹ ਵੀ ਨੰਗਾ ਚਿੱਟਾ ਫਾਸ਼ਿਜ਼ਮ ਹੁੰਦਾ ਹੈ। ਡਰ ਦਾ ਪਰਦਾ ਚੁੱਕ ਦਿਓ, ਫਾਸ਼ੀ ਹੱਲੇ ਖਿਲਾਫ਼ ਸਿਰ ਉੱਚਾ ਕਰਕੇ ਸੰਗਰਾਮ ਕਰੋ; ਸੱਚ ਜਿੱਤੇਗਾ ਅਤੇ ਝੂਠ ਹਾਰੇਗਾ।"

ਇਸ ਦੌਰਾਨ 'ਦਿ ਵਾਇਰ' ਦੇ ਸੰਪਾਦਕ ਡਾ. ਸਿਧਾਰਥ ਵਰਦਰਾਜਨ ਨੇ ਕਿਹਾ ਕਿ ਪੂਰੀ ਕਸ਼ਮੀਰ ਘਾਟੀ ਨੂੰ ਖੁੱਲ੍ਹੀ ਜੇਲ੍ਹ ਵਿਚ ਬਦਲ ਕੇ, ਲੋਕਾਂ ਦੇ ਮੁਢਲੇ ਜਮਹੂਰੀ ਹੱਕਾਂ ਦਾ ਘਾਣ ਕਰਕੇ ਫਿਰਕੂ ਫਾਸ਼ੀ ਹੱਲੇ ਦੀ ਹਨੇਰੀ ਝੁਲਾਉਣ ਵਾਲੇ ਹਾਕਮਾਂ ਖਿਲਾਫ ਪੂਰੇ ਦੇਸ਼ ਵਿਚੋਂ ਪੰਜਾਬ ਸਭ ਤੋਂ ਅਗਲੀ ਕਤਾਰ ਵਿਚ ਖੜ੍ਹਾ ਰਿਹਾ, ਜਿਹੜਾ ਪੂਰੇ ਸਿਰੜ ਅਤੇ ਸਮਝਦਾਰੀ ਨਾਲ ਕਸ਼ਮੀਰੀ ਲੋਕਾਂ ਦੇ ਹੱਕ ਵਿਚ ਲਲਕਾਰੇ ਮਾਰ ਰਿਹਾ ਹੈ।' ਇਸ ਮੌਕੇ ਪਰਮਿੰਦਰ ਨੇ ਲੋਕਾਂ ਵੱਲੋਂ ਅਰੁੰਧਤੀ ਰਾਏ ਨੂੰ ਸਵਾਲ ਕੀਤੇ ਜਿਨ੍ਹਾਂ ਨੇ ਜਵਾਬ ਦਿੰਦਿਆਂ ਦੇਸ਼ ਦੀ ਅਸਲ ਤਸਵੀਰ ਪੇਸ਼ ਕੀਤੀ।

# ਧੁਆਂਖੀ ਧੁੰਦ ਨੇ ਪੰਜਾਬ ਨੂੰ ਵੀ ਲਪੇਟ 'ਚ ਲਿਆ

**ਚੰਡੀਗੜ੍ਹ:** ਝੋਨੇ ਦੀ ਕਟਾਈ ਤੋਂ ਬਾਅਦ ਹੁਣ ਤੱਕ ਦਿਨ ਪ੍ਰਤੀਦਿਨ ਖੇਤਾਂ ਵਿਚ ਪਰਾਲੀ ਨੂੰ ਸਾੜਨ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋਇਆ ਹੈ। ਪੰਜਾਬ ਭੱਠੀ ਵਿਚ ਤਪਦਾ ਨਜ਼ਰ ਆ ਰਿਹਾ ਹੈ। ਪੰਜਾਬ ਦੇ ਕਈ ਇਲਾਕਿਆਂ ਵਿਚ ਹਵਾ ਗੁਣਵੱਤਾ ਦਾ ਪੱਧਰ ਕਾਫੀ ਡਿੱਗ ਗਿਆ ਹੈ।

ਸੂਬੇ ਵਿਚ ਕਈ ਥਾਂਵਾਂ 'ਤੇ ਇਹ ਸੂਚਕ ਅੰਕ 200 ਤੋਂ ਵਧ ਕੇ 300 ਦੇ ਨੇੜੇ-ਤੇੜੇ ਪੁੱਜਣ ਲੱਗਾ ਹੈ। ਪੰਜਾਬ ਰੀਮੋਟ ਸੈਂਸਿੰਗ ਕੇਂਦਰ, ਜਿਸ ਤੋਂ ਖੇਤਾਂ ਨੂੰ ਅੱਗਾਂ ਲਾਉਣ ਸਬੰਧੀ ਵਿਸਥਾਰਤ ਰਿਪੋਰਟ ਮਿਲ ਜਾਂਦੀ ਹੈ, ਅਨੁਸਾਰ ਹੁਣ ਤੱਕ ਅੱਗ ਲਾਉਣ ਦੀਆਂ ਘਟਨਾਵਾਂ 20 ਹਜ਼ਾਰ ਦੇ ਨੇੜੇ-ਤੇੜੇ ਪੁੱਜ ਚੁੱਕੀਆਂ ਹਨ। ਬਹੁਤੇ ਹਸਪਤਾਲਾਂ ਦੀਆਂ ਸੂਚਨਾਵਾਂ ਅਨੁਸਾਰ ਸਾਹ ਅਤੇ ਫੇਫੜੇ ਦੀਆਂ ਬਿਮਾਰੀਆਂ ਦੇ ਮਰੀਜ਼ ਵਧਦੇ ਜਾ ਰਹੇ ਹਨ। ਇਨ੍ਹਾਂ ਵਿਚੋਂ ਵਧੇਰੇ ਮਰੀਜ਼ ਪੇਂਡੂ ਖੇਤਰਾਂ ਤੋਂ ਆਉਣੇ ਸ਼ੁਰੂ ਹੋ ਗਏ ਹਨ। ਇਸ ਦਾ ਵੱਡਾ ਕਾਰਨ ਪਰਾਲੀ ਦੇ ਸੜਦੇ ਹੋਏ ਖੇਤਾਂ ਦੇ ਖੇਤ ਹਨ।

ਧੁਆਂਖੀ ਧੁੰਦ ਕਾਰਨ ਜ਼ਿਆਦਾਤਰ ਇਲਾਕਿਆਂ ਵਿਚ ਵਿਜ਼ੀਬਿਲਟੀ (ਦੂਰ ਤੱਕ ਦੇਖਣ ਦੀ ਸਮਰੱਥਾ) ਬਹੁਤ ਘਟ ਗਈ ਹੈ। ਬਠਿੰਡਾ 'ਚ ਹਵਾ ਗੁਣਵੱਤਾ ਵਿਚ ਪ੍ਰਦੂਸ਼ਣ ਦਾ ਪੱਧਰ 318 ਮਾਪਿਆ ਗਿਆ ਹੈ ਜਦੋਂ ਕਿ ਲੁਧਿਆਣਾ 302, ਜਲੰਧਰ 278, ਅੰਮ੍ਰਿਤਸਰ 274 ਤੇ ਪਟਿਆਲਾ ਵਿਚ 263 ਹਵਾ ਗੁਣਵੱਤਾ ਦਾ ਪੱਧਰ ਮਾਪਿਆ ਗਿਆ।

ਇਸੇ ਤਰ੍ਹਾਂ ਰਾਜਧਾਨੀ ਚੰਡੀਗੜ੍ਹ ਵਿਚ ਹਵਾ ਗੁਣਵੱਤਾ ਦਾ ਪੱਧਰ 280 ਰਿਹਾ ਜੋ ਕਿ ਮਾੜੀ ਸ਼੍ਰੇਣੀ ਵਿਚ ਆਉਂਦਾ ਹੈ। ਜ਼ਿਕਰਯੋਗ ਹੈ ਕਿ ਹਵਾ ਗੁਣਵੱਤਾ ਦਾ ਪੱਧਰ 0 ਤੋਂ 50 ਤੱਕ ਚੰਗਾ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ 51 ਤੋਂ 100 ਤੱਕ ਦਰਮਿਆਨਾ ਜਦੋਂ ਕਿ 201 ਤੋਂ 300 ਤੱਕ ਮਾੜਾ ਅਤੇ 301 ਤੋਂ 400 ਤੱਕ ਬਹੁਤ ਮਾੜਾ ਸਮਝਿਆ ਜਾਂਦਾ ਹੈ। 401 ਤੋਂ 500 ਤੱਕ ਇਸ ਨੂੰ ਗੰਭੀਰ ਸਮਝਿਆ ਜਾਂਦਾ ਹੈ ਜਦੋਂ ਕਿ 500 ਤੋਂ ਉੱਪਰ ਦੇ ਪੱਧਰ ਨੂੰ ਅਤਿ ਗੰਭੀਰ ਹਵਾ ਗੁਣਵੱਤਾ ਪੱਧਰ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਪਾਬੰਦੀ ਦੇ ਬਾਵਜੂਦ ਪੰਜਾਬ ਤੇ ਹਰਿਆਣਾ ਵਿਚ ਕਿਸਾਨਾਂ ਵੱਲੋਂ ਲਗਾਤਾਰ ਪਰਾਲੀ ਨੂੰ ਅੱਗ ਲਗਾਈ ਜਾ ਰਹੀ ਹੈ। ਪੰਜਾਬ 'ਚ ਹੁਣ ਤੱਕ ਪਰਾਲੀ ਨੂੰ ਅੱਗ ਲਗਾਉਣ ਦੇ 22000 ਮਾਮਲੇ ਸਾਹਮਣੇ ਆਏ ਹਨ ਜਦੋਂ ਕਿ ਹਰਿਆਣਾ ਵਿਚ 4200 ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਨੁਸਾਰ ਹਰਿਆਣਾ ਦੇ ਹਿਸਾਰ ਵਿਚ ਹਵਾ ਗੁਣਵੱਤਾ ਵਿਚ ਪ੍ਰਦੂਸ਼ਣ ਪੱਧਰ 487 ਰਿਹਾ ਜੋ ਕਿ ਸਭ ਤੋਂ ਮਾੜਾ ਹੈ। ਅੰਕੜਿਆਂ ਅਨੁਸਾਰ ਜੀਂਦ ਵਿਚ ਹਵਾ ਗੁਣਵੱਤਾ ਵਿਚ ਪ੍ਰਦੂਸ਼ਣ ਪੱਧਰ 456, ਫਰੀਦਾਬਾਦ ਵਿਚ 486 ਅਤੇ ਕੈਥਲ ਵਿਚ 408 ਰਿਹਾ ਜੋ ਕਿ ਗੰਭੀਰ ਸ਼੍ਰੇਣੀ ਵਿਚ ਆਉਂਦਾ ਹੈ। ਅੰਬਾਲਾ ਵਿਚ ਹਵਾ ਗੁਣਵੱਤਾ ਵਿਚ ਪ੍ਰਦੂਸ਼ਣ ਪੱਧਰ 374, ਗੁਰੂਗਰਾਮ ਵਿਚ 364, ਭਿਵਾਨੀ 372, ਕਰਨਾਲ 362, ਕੁਰੂਕਸ਼ੇਤਰ 376, ਪਲਵਲ 369, ਪਾਣੀਪਤ 390, ਰੋਹਤਕ 365 ਅਤੇ ਯਮੁਨਾਨਗਰ ਵਿਚ 346 ਰਿਹਾ।

## ਪਾਕਿਸਤਾਨ 'ਚ ਰੇਲ ਨੂੰ ਅੱਗ, 73 ਮੌਤਾਂ

**ਲਾਹੌਰ:** ਪਾਕਿਸਤਾਨ ਦੇ ਪੰਜਾਬ ਸੂਬੇ ਵਿਚ ਚੱਲਦੀ ਰੇਲਗੱਡੀ ਵਿਚ ਦੋ ਗੈਸ ਸਿਲੰਡਰ ਫਟਣ ਕਰਕੇ ਭਿਆਨਕ ਅੱਗ ਲੱਗ ਗਈ ਜਿਸ ਕਾਰਨ 73 ਮੁਸਾਫਰ ਮਾਰੇ ਗਏ। ਮ੍ਰਿਤਕਾਂ ਵਿਚ ਜ਼ਿਆਦਾਤਰ ਇਸਲਾਮਿਕ ਪ੍ਰਚਾਰਕ ਸਨ ਜੋ ਧਾਰਮਿਕ ਸਮਾਗਮ ਲਈ ਜਾ ਰਹੇ ਸਨ।

ਕਰਾਚੀ ਤੋਂ ਲਾਹੌਰ ਜਾ ਰਹੀ ਤੇਜ਼ਗਾਮ ਐਕਸਪ੍ਰੈੱਸ ਵਿਚ ਸਵੇਰੇ 6 ਵਜੇ ਦੇ ਕਰੀਬ ਰਹੀਮ ਯਾਰ ਖਾਨ ਨੇੜੇ ਲਿਆਕਤਪੁਰ ਵਿਖੇ ਅੱਗ ਲੱਗੀ ਜਿਸ ਨਾਲ ਤਿੰਨ ਡੱਬੇ ਸੜ ਕੇ ਸੁਆਹ ਹੋ ਗਏ। ਰੇਲਗੱਡੀ ਵਿਚ ਮਹਿਲਾਵਾਂ ਅਤੇ ਬੱਚਿਆਂ ਸਮੇਤ 200 ਮੁਸਾਫਰ ਸਵਾਰ ਸਨ। ਅਧਿਕਾਰੀਆਂ ਮੁਤਾਬਕ ਮੌਤਾਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ ਕਿਉਂਕਿ 40 ਤੋਂ ਵੱਧ ਵਿਅਕਤੀ ਗੰਭੀਰ ਰੂਪ ਵਿਚ ਝੁਲਸੇ ਹਨ।

ਜ਼ਿਆਦਾਤਰ ਲੋਕਾਂ ਦੀਆਂ ਚੱਲਦੀ ਰੇਲਗੱਡੀ ਵਿਚੋਂ ਛਾਲਾਂ ਮਾਰਨ ਕਰਕੇ ਮੌਤਾਂ ਹੋਈਆਂ ਹਨ। ਹਰੇਕ ਮ੍ਰਿਤਕ ਦੇ ਵਾਰਸਾਂ ਨੂੰ 15-15 ਲੱਖ ਰੁਪਏ ਦਾ ਮੁਆਵਜ਼ਾ ਅਤੇ ਜਖ਼ਮੀਆਂ ਨੂੰ ਪੰਜ-ਪੰਜ ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਹੈ।

# ਉਤਰ ਭਾਰਤ 'ਚ ਹਵਾ ਪ੍ਰਦੂਸ਼ਣ ਕਾਰਨ ਉਮਰ 7 ਸਾਲ ਘਟੀ

**ਨਵੀਂ ਦਿੱਲੀ:** ਉਤਰ ਭਾਰਤ ਵਿਚ ਹਵਾ ਪ੍ਰਦੂਸ਼ਣ ਇਸ ਕਦਰ ਖਤਰਨਾਕ ਪੱਧਰ ਉਤੇ ਪੁੱਜ ਚੁੱਕਾ ਹੈ ਕਿ ਇਸ ਦੇ ਚੱਲਦਿਆਂ ਲੋਕਾਂ ਦੀ ਉਮਰ ਤਕਰੀਬਨ 7 ਸਾਲ ਘਟ ਹੋ ਰਹੀ ਹੈ। ਇਸ ਦਾ ਖੁਲਾਸਾ ਯੂਨੀਵਰਸਿਟੀ ਆਫ ਸ਼ਿਕਾਗੋ ਦੇ ਐਨਰਜੀ ਪਾਲਿਸੀ ਇੰਸਟੀਚਿਊਟ ਵੱਲੋਂ ਉੱਤਰ ਭਾਰਤ ਦੀ ਹਵਾ ਗੁਣਵੱਤਾ ਇੰਡੈਕਸ (ਏ.ਕਿਊ.ਐਲ.ਆਈ) ਬਾਰੇ ਕੀਤੇ ਗਏ ਵਿਸ਼ਲੇਸ਼ਣ ਤੋਂ ਹੋਇਆ ਹੈ।

ਉੱਤਰ ਭਾਰਤ ਵਿਚ ਹਵਾ ਪ੍ਰਦੂਸ਼ਣ ਤਿੰਨ ਗੁਣਾ ਵਧੇਰੇ ਖਤਰਨਾਕ ਪੱਧਰ ਤੱਕ ਪੁੱਜ ਚੁੱਕਾ ਹੈ ਅਤੇ ਸਾਲ 1998 ਤੋਂ ਲੈ ਕੇ 2016 ਦਰਮਿਆਨ ਉੱਤਰ ਭਾਰਤ ਵਿਚ ਕਣ ਤੱਤ (ਪ੍ਰਟੀਕੁਲੇਟ ਮੈਟਰ) ਦਾ ਪ੍ਰਦੂਸ਼ਣ 69 ਫੀਸਦੀ ਵਧਿਆ ਹੈ, ਜਿਸ ਦੇ ਚੱਲਦਿਆਂ 1998 ਵਿਚ ਕਣ ਤੱਤ ਦੇ ਪ੍ਰਦੂਸ਼ਣ ਨਾਲ ਲੋਕਾਂ ਦੀ ਉਮਰ 2.2 ਸਾਲ ਘਟਣੀ ਸ਼ੁਰੂ ਹੋ ਗਈ ਸੀ ਜੋ 2016 ਤੋਂ 4.3 ਸਾਲ ਘਟ ਹੋ ਰਹੀ ਹੈ। 1998 ਵਿਚ ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ ਵਿਚ ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਦੇ ਮਾਪਦੰਡਾਂ ਦੇ ਮੁਕਾਬਲੇ ਕਣ ਤੱਤ ਪ੍ਰਦੂਸ਼ਣ 3-6 ਫੀਸਦੀ ਵੱਧ ਸੀ ਅਤੇ ਲੋਕਾਂ ਦੀ ਉਮਰ 2 ਤੋਂ 5 ਸਾਲ ਘਟ ਰਹੀ ਹੈ। ਵਿਸ਼ਵ ਸਿਹਤ ਸੰਗਠਨ ਦੇ ਮਾਪਦੰਡਾਂ ਦੇ ਮੁਕਾਬਲੇ 2016 ਵਿਚ ਉਤਰ ਪ੍ਰਦੇਸ਼ ਵਿਚ ਸਥਿਤੀ ਬੇਹੱਦ ਗੰਭੀਰ ਹੈ ਜਿਥੇ ਕਣ ਤੱਤ ਪ੍ਰਦੂਸ਼ਣ 10 ਗੁਣਾ ਹੋਣ ਕਾਰਨ ਇਥੋਂ ਦੇ ਲੋਕਾਂ ਦੀ ਉਮਰ 8.6 ਸਾਲ ਘਟ ਚੁੱਕੀ ਹੈ।

ਦਿੱਲੀ ਵਿਚ 2016 ਵਿਚ ਕਣ ਤੱਤ ਇਕਾਗਰਤਾ ਔਸਤ 113 ਤੱਕ ਪੁੱਜ ਚੁੱਕਾ ਹੈ ਜੋ 1998 ਵਿਚ 70 ਕਿਲੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਸੀ ਅਤੇ ਇਸ ਨਾਲ ਦਿੱਲੀ ਵਿਚ ਲੋਕਾਂ ਦੀ ਉਮਰ 10 ਸਾਲ ਤੱਕ ਘਟ ਚੁੱਕੀ ਹੈ। ਇਸੇ ਤਰ੍ਹਾਂ ਭਾਰਤ ਦੇ ਗੰਗਟਿਕ ਖੇਤਰ ਵਿਚ ਕਣ ਤੱਤ ਇਕਾਗਰਤਾ ਔਸਤ ਭਾਰਤ ਦੇ ਹੋਰ ਇਲਾਕਿਆਂ ਦੀ ਤੁਲਨਾ ਵਿਚ ਦੁੱਗਣੇ ਤੋਂ ਵੀ ਵਧ ਰਿਹਾ ਹੈ, ਇਸ ਖੇਤਰ 'ਚ 1998 ਦੇ ਮੁਕਾਬਲੇ 2016 'ਚ ਹਵਾ ਪ੍ਰਦੂਸ਼ਣ 72 ਫੀਸਦੀ ਤੱਕ ਵਧਿਆ ਤੇ ਇਸ ਦੇ ਚੱਲਦਿਆਂ 1998 ਵਿਚ ਸੰਭਾਵਿਤ ਉਮਰ ਜੋ 3.4 ਸਾਲ ਘਟ ਰਹੀ ਸੀ, ਉਹ ਹੁਣ 7.1 ਸਾਲ ਤੱਕ ਘਟ ਰਹੀ ਹੈ। ਜ਼ਿਕਰਯੋਗ ਹੈ ਕਿ ਭਾਰਤ ਦੇ ਗੰਗਟਿਕ ਖੇਤਰ ਵਿਚ ਦੇਸ਼ ਦੇ ਕਰੀਬ 40 ਫੀਸਦੀ (48 ਕਰੋੜ ਦੇ ਕਰੀਬ) ਲੋਕ ਰਹਿੰਦੇ ਹਨ।

# ਚਿੰਤਕ ਤੇ ਜਿੰਮੇਵਾਰ ਸ਼ਖਸੀਅਤ ਸੀ ਸੁਰਿੰਦਰਪਾਲ ਸਿੰਘ


## ਸ਼ਰਧਾਂਜਲੀ

ਹਿੰਦੋਸਤਾਨ ਦੀ ਆਜ਼ਾਦੀ ਲਈ ਮਰ-ਮਿਟਣ ਵਾਲੇ ਗਦਰੀ ਬਾਬਿਆਂ ਦੀ ਮੌਤ ਪਿਛੋਂ ਉਨ੍ਹਾਂ ਦੀਆਂ ਯਾਦਾਂ ਨੂੰ ਜਿੰਦਾ ਰੱਖਣ ਵਾਲੇ ਇਨਸਾਨ ਬਹੁਤ ਘੱਟ ਹਨ। ਇਨ੍ਹਾਂ ਵਿਚ ਇਕ ਨਾਂ ਸੁਰਿੰਦਰਪਾਲ (ਐਸ. ਪੀ.) ਸਿੰਘ ਦਾ ਹੈ, ਜਿਨ੍ਹਾਂ ਆਪਣੇ ਨਾਨੇ ਭਾਈ ਭਗਵਾਨ ਸਿੰਘ 'ਪ੍ਰੀਤਮ' ਦੇ ਨਾਂ ਨੂੰ ਜ਼ਿੰਦਾ ਰੱਖਿਆ। ਪਿਛਲੇ ਦਿਨੀਂ ਐਸ. ਪੀ. ਸਿੰਘ ਇਸ ਫਾਨੀ ਦੁਨੀਆਂ 'ਚੋਂ ਰੁਖਸਤ ਹੋ ਗਏ। ਉਹ ਪਿਛਲੇ ਕੁਝ ਮਹੀਨਿਆਂ ਤੋਂ ਸਖਤ ਬੀਮਾਰ ਸਨ।

ਭਾਈ ਭਗਵਾਨ ਸਿੰਘ ਨੇ 8 ਸਤੰਬਰ 1962 ਨੂੰ ਸ਼ਿਮਲਾ ਵਿਚ ਆਖਰੀ ਸਾਹ ਲੈਣ ਤੋਂ ਪਹਿਲਾਂ ਆਪਣੀਆਂ ਹੱਥ-ਲਿਖਤਾਂ ਦੀ ਸਾਂਭ-ਸੰਭਾਲ ਤੇ ਉਨ੍ਹਾਂ ਨੂੰ ਛਪਵਾਉਣ ਦਾ ਜ਼ਿੰਮਾ ਐਸ. ਪੀ. ਸਿੰਘ ਨੂੰ ਦਿੱਤਾ। ਉਨ੍ਹਾਂ 'ਭਗਵਾਨ ਸਿੰਘ ਗਿਆਨੀ ਮੈਮੋਰੀਅਲ ਫਾਉਂਡੇਸ਼ਨ' ਸਥਾਪਤ ਕਰਕੇ ਉਨ੍ਹਾਂ ਦੀਆਂ ਅੰਗਰੇਜ਼ੀ ਵਿਚ ਲਿਖੀਆਂ ਪੁਸਤਕਾਂ-ਦਿ Art of Practical Living (2006), Karma and Dharma (2008) ਅਤੇ Problems of Indian Nationalism (2009) ਛਾਪੀਆਂ। ਪੰਜਾਬੀ ਭਾਸ਼ਾ ਵਿਚ ਭਾਈ ਸਾਹਿਬ ਦੀ ਜੀਵਨੀ, 'ਗਦਰੀ ਬਾਬਾ ਭਾਈ ਭਗਵਾਨ ਸਿੰਘ ਪ੍ਰੀਤਮ' ਅਤੇ ਕਵਿਤਾ 'ਭਗਵਾਨ ਸਿੰਘ ਪ੍ਰੀਤਮ ਦੀ ਸਮੁੱਚੀ ਕਵਿਤਾ' ਛਾਪੀ। ਭਾਈ ਸਾਹਿਬ ਦੀ ਕਵਿਤਾ ਨੂੰ ਸੰਪਾਦਿਤ ਕਰਨ ਦਾ ਮੌਕਾ ਮੈਨੂੰ ਮਿਲਿਆ।

ਐਸ. ਪੀ. ਸਿੰਘ ਨੇ ਸਵਰਗਵਾਸ ਹੋਣ ਤੋਂ ਕੁਝ ਚਿਰ ਪਹਿਲਾਂ ਭਾਈ ਭਗਵਾਨ ਸਿੰਘ ਦੀਆਂ ਹੇਠ ਦਿੱਤੀਆਂ ਇਤਿਹਾਸਕ ਚਿੱਠੀਆਂ ਮੇਰੇ ਸਪੁਰਦ ਕੀਤੀਆਂ ਤਾਂ ਜੋ ਇਨ੍ਹਾਂ ਦਾ ਸੰਪਾਦਨ ਕਰਕੇ ਛਾਪਿਆ ਜਾ ਸਕੇ:

1. ਰਾਸ ਬਿਹਾਰੀ ਬੋਸ ਵਲੋਂ ਅਮਰੀਕਾ ਦੇ ਪ੍ਰੈਜ਼ੀਡੈਂਟ, ਵੁੱਡਰੋ ਵਿਲਸਨ ਵਲ (1 ਜੁਲਾਈ 1917)




2. ਭਗਵਾਨ ਸਿੰਘ ਵਲੋਂ ਅਮਰੀਕਾ ਦੇ ਲੇਬਰ ਸਕੱਤਰ, ਡਬਲਯੂ. ਬੀ. ਵਿਲਸਨ ਵਲ (3 ਸਤੰਬਰ 1919)
3. ਹਿੰਦੋਸਤਾਨ ਦੀ ਆਜ਼ਾਦੀ ਦੀ ਹਮਦਰਦ ਐਗਨਸ ਸਮੈਡਲੇ ਵਲੋਂ ਭਗਵਾਨ ਸਿੰਘ ਵਲ (9 ਨਵੰਬਰ 1919)
4. ਭਗਵਾਨ ਸਿੰਘ ਵਲੋਂ 'ਵੰਦੇ ਮਾਤਰਮ ਆਫ ਲਾਹੌਰ' ਦੇ ਦਫਤਰ ਵਲ (29 ਅਪਰੈਲ 1919)
5. ਐਗਨਸ ਸਮੈਡਲੇ ਦੀ ਸੰਸਥਾ 'ਫਰੈਂਡਜ਼ ਆਫ ਫਰੀਡਮ ਫਾਟਰਜ਼' ਵਲੋਂ ਭਗਵਾਨ ਸਿੰਘ ਵਲ (16 ਜਨਵਰੀ 1920)
6. ਭਗਵਾਨ ਸਿੰਘ ਵਲੋਂ ਚੀਨ ਦੀ ਮੁੱਖ ਲੇਡੀ, ਮੈਡਮ ਚੰਕਾਈ-ਸ਼ਿਕ ਵਲ (4 ਜੁਲਾਈ 1943)
7. ਭਗਵਾਨ ਸਿੰਘ ਵਲੋਂ ਅਮਰੀਕਾ ਦੇ ਕੌਂਸਲ ਜਨਰਲ ਮਿਸਟਰ ਐਮ. ਆਰ. ਆਹੂਜਾ ਵਲ (ਨਵੰਬਰ 1950)
8. ਮਾਸਟਰ ਤਾਰਾ ਸਿੰਘ ਵਲੋਂ ਭਗਵਾਨ ਸਿੰਘ ਵਲ (18 ਨਵੰਬਰ 1953)
9. ਬਾਬਾ ਗੁਰਦਿੱਤ ਸਿੰਘ ਵਲੋਂ ਭਗਵਾਨ ਸਿੰਘ ਵਲ (3 ਸਤੰਬਰ 1954)
10. ਭਗਵਾਨ ਸਿੰਘ ਵਲੋਂ ਮਿਸਟਰ ਐਨ. ਜੀ. ਰਾਠੌਰ ਵਲ (27 ਅਗਸਤ 1959)
11. ਭਗਵਾਨ ਸਿੰਘ ਵਲੋਂ ਅਮਰੀਕਾ ਦੇ ਭਾਰਤੀ ਵਿਦਿਆਰਥੀਆਂ ਵਲ (10 ਅਕਤੂਬਰ 1959)

ਐਸ. ਪੀ. ਸਿੰਘ ਸਾਰੀ ਉਮਰ ਗਦਰੀ ਬਾਬਿਆਂ ਦੀ ਸੋਚ ਨੂੰ ਸਮਰਪਿਤ ਰਹੇ। ਉਨ੍ਹਾਂ ਗਦਰੀ ਬਾਬਿਆਂ ਨਾਲ ਸਬੰਧਤ ਸੰਸਥਾਵਾਂ: ਇੰਡੋ-ਅਮੈਰੀਕਨ ਹੈਰੀਟੇਜ ਫਾਉਂਡੇਸ਼ਨ, ਨਿਊ ਯਾਰਕ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਅਤੇ ਇੰਡੋ-ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ, ਸੈਕਰਾਮੈਂਟੋ ਨਾਲ ਹਮੇਸ਼ਾ ਰਾਬਤਾ ਰਖਿਆ। ਜਦ ਵੀ ਮੌਕਾ ਲਗਦਾ, ਉਨ੍ਹਾਂ ਦੇ ਸਮਾਗਮਾਂ ਵਿਚ ਸ਼ਾਮਿਲ ਵੀ ਹੁੰਦੇ। ਸਵਰਗੀ ਐਸ. ਪੀ. ਸਿੰਘ ਦੀ ਪਤਨੀ ਰਘੁਬੀਰ ਕੌਰ ਅਤੇ ਬੇਟੇ ਜਸਪਾਲ ਸਿੰਘ ਨਾਲ ਦੁੱਖ ਸਾਂਝਾ ਕਰਦਿਆਂ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਐਸ. ਪੀ. ਸਿੰਘ ਨੂੰ ਰੱਬੀ ਦਰਗਾਹ ਵਿਚ ਸੁਖਾਵੀਂ ਥਾਂ ਮਿਲੇ।

-ਗੁਰੁਮੇਲ ਸਿੱਧੂ

# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਸਬੰਧੀ ਸਮਾਗਮ 24 ਨਵੰਬਰ ਨੂੰ

**ਫਰਿਜ਼ਨੋ (ਬਿਊਰੋ):** ਗਦਰੀ ਬਾਬਿਆਂ ਅਤੇ ਦੇਸ਼ ਭਗਤਾਂ ਨੂੰ ਸਮਰਪਿਤ ਸਥਾਨਕ ਸੰਸਥਾ ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਸਬੰਧੀ ਸਮਾਗਮ 24 ਨਵੰਬਰ ਨੂੰ ਇੰਡੀਆ ਓਵਨ ਰੈਸਟੋਰੈਂਟ ਵਿਚ ਕਰਵਾਇਆ ਜਾਵੇਗਾ। ਡਾ. ਹਰਸ਼ਿੰਦਰ ਕੌਰ ਬਤੌਰ ਮੁੱਖ ਬੁਲਾਰੇ ਪਹੁੰਚਣਗੇ ਅਤੇ ਹੋਰ ਨਾਮੀ ਬੁਲਾਰੇ ਵੀ ਆਪਣੇ ਵਿਚਾਰ ਰੱਖਣਗੇ।



ਸ਼ਹੀਦ ਕਰਤਾਰ ਸਿੰਘ ਸਰਾਭਾ

ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਸੀਨੀਅਰ ਆਗੂ ਤੇ ਖਜਾਨਚੀ ਜਸਵੰਤ ਸਿੰਘ ਮਾਨ ਨੇ ਦੱਸਿਆ ਕਿ ਬੱਚਿਆਂ ਨੂੰ ਇਨ੍ਹਾਂ ਸਮਾਗਮਾਂ ਨਾਲ ਜੋੜ ਕੇ ਇਤਿਹਾਸ ਪ੍ਰਤੀ ਸੁਚੇਤ ਕਰਨ ਲਈ ਸੰਸਥਾ ਵਲੋਂ ਬੱਚਿਆਂ ਦੀਆਂ ਪੇਸ਼ਕਾਰੀਆਂ ਨੂੰ ਵੀ ਅਹਿਮੀਅਤ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਬੱਚਿਆਂ ਦੀ ਦੇਸ਼ ਭਗਤੀ ਬਾਰੇ ਕਿਸੇ ਵੀ ਪੇਸ਼ਕਾਰੀ ਨੂੰ ਪਹਿਲ ਦਿੱਤੀ ਜਾਵੇਗੀ। ਸਥਾਨਕ ਕਲਾਕਾਰ ਗੀਤਾਂ ਰਾਹੀਂ ਸ਼ਹੀਦ ਸਰਾਭੇ ਨੂੰ ਸ਼ਰਧਾਂਜਲੀ ਭੇਟ ਕਰਨਗੇ। ਇਸ ਤੋਂ ਇਲਾਵਾ ਗਦਰੀ ਬਾਬਿਆਂ ਅਤੇ ਦੇਸ਼ ਭਗਤਾਂ ਦੀ ਯਾਦ ਵਿਚ 20ਵਾਂ ਮੇਲਾ 29 ਮਾਰਚ 2020 ਨੂੰ ਹੋਵੇਗਾ। ਹੋਰ ਜਾਣਕਾਰੀ ਲਈ ਸੰਸਥਾ ਨਾਲ ਫੋਨ: 559-618-0156 ਜਾਂ 559-287-0822 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# 'ਸਹਾਇਤਾ' ਅਤੇ ਨਿਰਵਾਨਾ ਬੈਂਕਇਟ ਤੇ ਈਵੈਂਟ ਸੈਂਟਰ ਵਲੋਂ 'ਸਿਹਤ ਟਾਕਸ' ਸੈਮੀਨਾਰ 9 ਨੂੰ

**ਟਰੇਸੀ (ਬਿਊਰੋ):** ਨਿਰਵਾਨਾ ਬੈਂਕੁਇਟ ਤੇ ਈਵੈਂਟ ਸੈਂਟਰ ਅਤੇ 'ਸਹਾਇਤਾ' ਸੰਸਥਾ ਵਲੋਂ 'ਸਿਹਤ ਟਾਕਸ' ਸਮਾਗਮ 9 ਨਵੰਬਰ, ਸਨਿਚਰਵਾਰ ਨੂੰ ਇਥੇ ਨਿਰਵਾਨਾ ਬੈਂਕੁਇਟ ਤੇ ਈਵੈਂਟ ਸੈਂਟਰ (1005 E. Pescadero Ave.) ਵਿਖੇ ਕਰਵਾਇਆ ਜਾ ਰਿਹਾ ਹੈ। ਡਾ. ਹਰਕੇਸ਼ ਸੰਧੂ ਅਤੇ ਸਰੂਪ ਸਿੰਘ ਝੱਜ ਨੇ ਦੱਸਿਆ ਕਿ ਇਸ ਸੈਮੀਨਾਰ ਵਿਚ ਡਾਇਆਬੈਟਸ, ਕਾਰਡੀਓਵੈਸਕੁਲਰ ਇਸ਼ੂ, ਐਨੰਕਸਟੀ ਇਨ ਚਿਲਡਰਨ ਐਂਡ ਅਡਲਟਸ, ਡਾਇਟਰੀ ਹੈਬਿਟਸ ਵਿਸ਼ਿਆਂ 'ਤੇ ਡੂੰਘਾ ਵਿਚਾਰ-ਵਟਾਂਦਰਾ ਹੋਵੇਗਾ। ਸੈਮੀਨਾਰ ਲਈ ਦਾਖਲਾ ਮੁਫਤ ਹੈ ਅਤੇ ਚਾਹ-ਪਾਣੀ ਵੀ ਹੋਣਗੇ। ਹੋਰ ਜਾਣਕਾਰੀ ਲਈ ਸਹਾਇਤਾ ਦੀ ਵੈੱਬਸਾਈਟ www.sahaita.org 'ਤੇ ਲਾਗ ਆਨ ਕੀਤਾ ਜਾ ਸਕਦਾ ਹੈ।


## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

22+

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

GLOBAL

**SAME DAY** ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

**STOCKTON** ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

***Grand Opening***
***Special Price for Truck Wash***

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
**1950 E Miner Ave.**
**Stockton, CA 95205**

**Ph: 209.982.9996**

FAX: 209.982.9997
www.globalmultiservices.com info@globalmultiservices.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਵੀਹ ਰੁਪਏ-ਵੀਹ ਡਾਲਰ ਤੇ ਸੱਚੇ ਸੌਦੇ ਵਾਲੀ ਸਾਖੀ

ਇਹ ਕੋਈ ਕਾਲਪਨਿਕ ਕਹਾਣੀ ਨਹੀਂ, ਸਗੋਂ ਹਕੀਕੀ ਵਾਕਿਆ ਹੈ, ਜੋ ਬਾਲ ਗੁਰੂ ਨਾਨਕ ਵਲੋਂ ਬਚਪਨ ਵਿਚ ਕੀਤੇ ਸੱਚੇ ਸੌਦੇ ਦੀ ਯਾਦ ਦਿਵਾ ਗਿਆ। ਹੋਇਆ ਇਹ ਕਿ ਕੁਝ ਦਿਨ ਪਹਿਲਾਂ ਕੈਲੀਫੋਰਨੀਆ ਸਟੇਟ ਦੇ ਸ਼ਹਿਰ ਸੈਨ ਰਫੈਲ (San Rafael) ਲਾਗੇ ਭਿਆਨਕ ਅੱਗ ਲੱਗ ਗਈ। ਸਰਕਾਰੀ ਮਦਦ ਤੋਂ ਇਲਾਵਾ ਹੋਰ ਲੋਕ ਵੀ ਅੱਗ ਤੋਂ ਪੀੜਤ ਲੋਕਾਂ ਦੀ ਸੇਵਾ ਵਿਚ ਲੱਗੇ ਹੋਏ ਹਨ।

ਸਟਾਕਟਨ ਨਿਵਾਸੀ ਨੌਜਵਾਨ ਰਾਜਿੰਦਰ ਸਿੰਘ ਟਾਂਡਾ, ਜੋ ਲੰਮੇ ਅਰਸੇ ਤੋਂ ਆਪਣੇ ਸੰਗੀ ਸਾਥੀਆਂ ਸਮੇਤ ਵੱਖ ਵੱਖ ਸ਼ਹਿਰਾਂ ਦੇ ਬੇਘਰੇ ਤੇ ਲੋੜਵੰਦ ਲੋਕਾਂ ਲਈ ਹਰ ਐਤਵਾਰ ਲੰਗਰ ਲਾਉਂਦੇ ਹਨ, ਉਹ ਜਥਾ ਵੀ ਸੈਨ ਰਫੈਲ ਪਹੁੰਚ ਕੇ ਅੱਗ ਪੀੜਤਾਂ ਨੂੰ ਲੰਗਰ ਛਕਾ ਰਿਹਾ ਹੈ।

ਬੀਤੇ ਦਿਨੀਂ ਅੱਗ ਪੀੜਤਾਂ 'ਚੋਂ ਇਕ ਗੋਰੀ ਬੀਬੀ ਇਨ੍ਹਾਂ ਨੌਜਵਾਨਾਂ ਦੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਭਾਈ ਰਾਜਿੰਦਰ ਸਿੰਘ ਟਾਂਡਾ ਨੂੰ ਕਹਿਣ ਲੱਗੀ ਕਿ ਮੈਂ ਤੁਹਾਡੀ ਨਿਗੂਣੀ ਜਿਹੀ ਮਦਦ ਕਰਨੀ ਚਾਹੁੰਦੀ ਹਾਂ। ਭਾਈ ਟਾਂਡਾ ਨੇ ਉਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੀਬੀ ਜੀ ਸਾਡਾ ਸੇਵਕ ਜਥਾ ਆਪਣੇ ਹੀ ਦਸਵੰਧ ਨਾਲ ਇਹ ਸੇਵਾਵਾਂ ਕਰ ਰਿਹਾ ਹੈ, ਅਸੀਂ ਇੰਜ ਕਿਸੇ ਤੋਂ ਨਾ ਦਾਨ ਲੈਂਦੇ ਹਾਂ ਤੇ ਨਾ ਹੀ ਹੋਰਾਂ ਪਾਸੋਂ ਉਗਰਾਹੀ ਕਰਦੇ ਹਾਂ। ਪਰ ਜਦ ਉਹ ਬੀਬੀ ਬਹੁਤ ਜੋਰ ਪਾਉਣ ਲੱਗੀ ਤਾਂ ਭਾਈ ਟਾਂਡਾ ਦੇ ਦੂਜੇ ਸਾਥੀ ਕਸ਼ਮੀਰ ਸਿੰਘ ਸ਼ਾਹੀ ਕਹਿਣ ਲੱਗੇ ਕਿ ਚਲੋ ਬੀਬੀ ਜੀ 'ਟੋਕਨ'




*ਰਾਜਿੰਦਰ ਸਿੰਘ ਟਾਂਡਾ ਅਤੇ ਕਸ਼ਮੀਰ ਸਿੰਘ ਸ਼ਾਹੀ ਗੋਰੀ ਬੀਬੀ ਨਾਲ*

ਵਜੋਂ ਇੱਕ ਡਾਲਰ ਦੇ ਦਿਉ। ਬੀਬੀ ਆਪਣਾ ਪਰਸ ਫਰੋਲਦੀ ਕਹਿੰਦੀ ਕਿ ਇੱਕ ਨਹੀਂ ਚਲੋ ਮੈਂ ਪੰਜ ਡਾਲਰ ਦੇ ਦਿੰਦੀ ਹਾਂ। ਪਰ ਉਸਦੇ ਪਰਸ ਵਿਚ ਪੰਜ ਡਾਲਰ ਦਾ ਕੋਈ ਨੋਟ ਹੀ ਨਹੀਂ ਸੀ। ਆਖਰ ਉਸ ਨੇ ਜਦ ਵੀਹ ਡਾਲਰ ਦਾ ਨੋਟ ਕੱਢ ਕੇ ਇਨ੍ਹਾਂ ਵੱਲ੍ਹ ਵਧਾਇਆ ਤਾਂ ਭਾਈ ਟਾਂਡਾ ਵਜਦ ਵਿਚ ਆ ਕੇ ਕਹਿੰਦੇ ਕਿ ਮੈਡਮ ਵੀਹਾਂ ਦੇ ਨੋਟ ਨਾਲ ਤਾਂ ਸਾਡਾ ਇਤਿਹਾਸਕ ਰਿਸ਼ਤਾ ਹੈ ਅਤੇ ਵੀਹਾਂ ਦਾ ਬੜਾ ਉਚਾ ਰੁਤਬਾ ਹੈ, ਸਾਡੇ ਵਿਰਸੇ ਵਿਚ! ਗੁਰੂ ਪਾਤਸ਼ਾਹ ਦੀ ਰਹਿਮਤ ਸਦਕਾ ਤੇਰੇ ਇਹ ਵੀਹ ਡਾਲਰ ਵੀ ਉਸੇ ਸੱਚੇ ਸੌਦੇ ਵਾਲੀ ਵਿਰਾਸਤ ਵਿਚ ਸ਼ਾਮਲ ਕਰ ਲੈਂਦੇ ਹਾਂ।

ਉਸ ਮੈਡਮ ਦੇ ਪੁੱਛਣ 'ਤੇ ਜਦੋਂ ਭਾਈ ਟਾਂਡਾ ਨੇ ਉਸ ਨੂੰ ਬਾਲ ਗੁਰੂ ਨਾਨਕ ਵਲੋਂ ਕੀਤੇ ਗਏ ਸੱਚੇ ਸੌਦੇ ਵਾਲੀ ਸਾਖੀ ਸੁਣਾਈ ਤਾਂ ਉਹ ਬਹੁਤ ਭਾਵੁਕ ਹੋਈ ਅਤੇ ਉਸ ਨੇ ਇਨ੍ਹਾਂ ਤੋਂ ਸਿੱਖ ਧਰਮ ਬਾਰੇ ਹੋਰ ਲਿਟਰੇਚਰ ਦੀ ਵੀ ਮੰਗ ਕੀਤੀ!

ਦੇਖਿਆ ਜਾਵੇ ਤਾਂ ਸਟੇਜਾਂ 'ਤੇ ਕੀਤੇ ਜਾਂਦੇ ਪ੍ਰਚਾਰ ਨਾਲੋਂ ਹੱਥੀਂ ਸੇਵਾ ਕਰ ਰਹੇ ਨਿਸ਼ਕਾਮ ਸੇਵਕਾਂ ਦੀ ਸੇਵਾ ਵੱਧ ਪ੍ਰਭਾਵਸ਼ਾਲੀ ਤੇ ਅਸਰਦਾਰ ਹੋ ਸਕਦੀ ਹੈ।

# ਕਲਾਕਾਰ ਅਤੇ ਸਟੇਜ ਦਾ ਰੌਲਾ !

ਲੋਕ ਸੰਪਰਕ ਵਿਭਾਗ ਤੋਂ ਸੇਵਾ ਮੁਕਤ ਹੋਣ ਉਪਰੰਤ ਪ੍ਰਸਿੱਧ ਨਾਟਕਕਾਰ ਸਵਰਗੀ ਚਰਨ ਸਿੰਘ ਸਿੰਧਰਾ ਸਾਡੇ ਸ਼ਹਿਰ 'ਚ ਰਹਿੰਦੇ ਆਪਣੇ ਬੇਟੇ ਕੋਲ ਅਮਰੀਕਾ ਆ ਗਏ। ਇੱਥੇ ਆਉਂਦਿਆਂ ਹੀ ਉਨ੍ਹਾਂ ਸਾਹਿਤਕ ਮੱਸ ਰੱਖਦੇ ਮੇਰੇ ਸਮੇਤ ਕੁਝ ਦੋਸਤਾਂ ਨਾਲ ਸੰਪਰਕ ਬਣਾਇਆ ਅਤੇ ਗੁਰਦੁਆਰਾ ਸੈਨ ਹੋਜੇ ਵਿਚ ਕਈ ਧਾਰਮਿਕ-ਇਤਿਹਾਸਕ ਨਾਟਕ ਤਿਆਰ ਕਰਵਾ ਕੇ ਸਟੇਜ 'ਤੇ ਪੇਸ਼ ਕੀਤੇ।

ਵਿਹਲ ਦੇ ਪਲਾਂ ਦੌਰਾਨ ਉਹ ਆਪਣੀ ਸਰਕਾਰੀ ਨੌਕਰੀ ਦੌਰਾਨ ਵਾਪਰੇ ਕਈ ਦਿਲਚਸਪ ਕਿੱਸੇ ਸੁਣਾਉਂਦੇ ਰਹਿੰਦੇ। ਪੁਰਾਣੇ ਵੇਲਿਆਂ ਦੀ ਇੱਕ ਵਾਰਤਾ ਸੁਣਾਉਂਦਿਆਂ ਉਨ੍ਹਾਂ ਦੱਸਿਆ ਕਿ ਇੱਕ ਵਾਰ ਉਹ ਦੂਰ ਦਰਾਜ ਦੇ ਕਿਸੇ ਪਿੰਡ ਨਾਟਕ ਕਰਨ ਪਹੁੰਚੇ। ਉਨ੍ਹੀਂ ਦਿਨੀਂ ਪੇਂਡੂ ਇਲਾਕਿਆਂ 'ਚ ਦੋ ਗੱਡੇ ਜਾਂ ਰੇੜ੍ਹੀਆਂ ਪਿੱਠਾਂ ਜੋੜ ਕੇ ਖੜ੍ਹੀਆਂ ਕਰ ਲਈਆਂ ਜਾਂਦੀਆਂ ਅਤੇ ਉਨ੍ਹਾਂ 'ਤੇ ਦਰੀਆਂ ਵਗੈਰਾ ਵਿਛਾ ਕੇ ਸਟੇਜ ਬਣਾ ਲੈਂਦੇ।

ਸ. ਸਿੰਧਰਾ ਕਹਿੰਦੇ, ਸਾਡੀ ਟੀਮ ਸ਼ਾਮ ਨੂੰ ਉਸ ਪਿੰਡ ਜਾ ਪਹੁੰਚੀ। ਸਰਪੰਚ ਦੇ ਘਰ ਚਾਹ-ਪਾਣੀ ਪੀ ਕੇ ਅਸੀਂ ਦੋ ਤਿੰਨ ਜਣੇ ਪਿੰਡ ਦੇ ਵਿਚਾਲੇ ਖਾਲੀ ਪਏ ਤੌੜ ਵਿਚ ਖੜ੍ਹ ਕੇ ਅੰਦਾਜ਼ੇ ਲਾਉਣ ਲੱਗੇ ਕਿ 'ਸਟੇਜ' ਕਿੱਧਰ ਬਣਾਈ ਜਾਵੇ ਤੇ ਸਰੋਤੇ ਕਿਹੜੇ ਪਾਸੇ ਬਿਠਾਏ ਜਾਣੇ ਸੂਤ ਰਹਿਣਗੇ। ਪਿੰਡ ਦੇ ਕੁਝ ਮੁੰਡੇ ਰੇੜ੍ਹੀਆਂ ਲੈ ਕੇ ਵੀ ਉਸ ਤੌੜ ਵਿਚ ਆ ਗਏ। ਆਪਣੇ ਅਨੁਮਾਨ ਅਨੁਸਾਰ ਅਸੀਂ ਇੱਕ ਸਾਈਡ ਰੇੜ੍ਹੀਆਂ ਦੀਆਂ ਪਿੱਠਾਂ ਜੋੜ ਕੇ ਖੜ੍ਹੀਆਂ ਕਰਵਾ ਲਈਆਂ। ਰੇੜ੍ਹੀਆਂ ਵੱਲ ਦੇਖ ਕੇ ਸਾਡੀ ਟੀਮ ਦਾ ਇੱਕ ਮੈਂਬਰ ਕਹਿਣ ਲੱਗਾ, ਜੇ ਏਧਰ ਦੀ ਥਾਂ ਸਟੇਜ ਦੂਜੇ ਪਾਸੇ ਬਣਾਈ ਜਾਏ ਤਾਂ ਸਰੋਤਿਆਂ ਦੇ ਬਹਿਣ ਲਈ ਕਾਫੀ ਖੁੱਲ੍ਹੀ ਥਾਂ ਹੋ ਜਾਵੇਗੀ। ਉਹਦੇ ਸੁਝਾਅ ਅਨੁਸਾਰ ਅਸੀਂ ਮੁੰਡਿਆਂ ਨੂੰ ਕਿਹਾ, ਕਾਕਾ ਉਧਰੋਂ ਰੇੜ੍ਹੀਆਂ ਧੱਕ ਲਿਆਓ ਤੇ ਏਧਰਲੇ ਪਾਸੇ ਬੀੜੋ। ਖਿੱਚ-ਧੂਹ ਜਿਹੀ ਕਰਦਿਆਂ ਮੁੰਡਿਆਂ ਨੇ ਰੇੜ੍ਹੀਆਂ ਦੀ ਥਾਂ ਬਦਲ ਦਿੱਤੀ।

ਹੁਣ ਰੇੜ੍ਹੀਆਂ 'ਤੇ ਖੜ੍ਹੇ ਹੋ ਕੇ ਸਾਡੇ ਇਕ ਕਲਾਕਾਰ ਨੇ ਆਲੇ-ਦੁਆਲੇ ਦੇਖਿਆ ਤੇ ਸਟੇਜ ਲਈ ਇਹ ਥਾਂ ਵੀ ਬਦਲਣ ਲਈ ਕਹਿ ਦਿੱਤਾ, ਅਖੇ ਰੇੜ੍ਹੀਆਂ ਉਤੇ ਦਰਖਤ ਦੀਆਂ ਝੁਕੀਆਂ ਹੋਈਆਂ ਟਾਹਣੀਆਂ ਨਾਟਕ ਖੇਡਣ ਵਿਚ ਅੜਿੱਕਾ ਬਣਨਗੀਆਂ। ਸੋ, ਸਟੇਜ ਤੀਜੇ ਪਾਸੇ ਬਣਾਈ ਜਾਏ। ਸਾਡੇ ਕਹੇ 'ਤੇ ਪਿੰਡ ਦੇ ਮੁੰਡੇ ਵਿਚਾਰੇ ਫਿਰ ਰੇੜ੍ਹੀਆਂ ਨਾਲ ਘੁਲਣ ਲੱਗੇ ਅਤੇ ਜੋਰ ਜਾਰ ਲਾ ਕੇ ਰੇੜ੍ਹੀਆਂ ਸਾਡੇ ਵਲੋਂ ਸੁਝਾਏ ਤੀਜੇ ਥਾਂ ਫਿੱਟ ਕਰ ਦਿੱਤੀਆਂ।

ਮੁੱਕਦੀ ਗੱਲ, ਸਾਡੀ ਟੀਮ ਦੇ ਦੋ ਹੋਰ ਕਲਾਕਾਰਾਂ ਨੇ ਤੀਜੇ ਥਾਂ ਬਣਾਈ ਸਟੇਜ ਵਿਚ ਵੀ ਕੋਈ ਹੋਰ ਤਕਨੀਕੀ ਨੁਕਸ ਕੱਢ ਦਿੱਤਾ। ਆਖਰ ਅਸੀਂ ਸਭ ਨੇ ਸਲਾਹ ਕੀਤੀ ਕਿ ਸਟੇਜ ਪਹਿਲੇ ਥਾਂ ਹੀ ਸੂਤ ਰਹੂ। ਆਪਸੀ ਰਾਇ ਮਸ਼ਵਰੇ ਪਿੱਛੋਂ ਸਾਡਾ ਫੈਸਲਾ ਉਡੀਕ ਰਹੇ ਉਨ੍ਹਾਂ ਮੁੰਡਿਆਂ ਨੂੰ ਅਸੀਂ ਕਿਹਾ, ਮੁੰਡਿਓ ਤੁਸੀਂ ਥੱਕ ਤਾਂ ਗਏ ਹੋਣੇ ਐਂ, ਪਰ ਰੇੜ੍ਹੀਆਂ ਪਹਿਲੇ ਥਾਂ ਹੀ ਲੈ ਚਲੋ ਪੁੱਤ!

ਜਦ ਅਸੀਂ ਮੁੰਡਿਆਂ ਨੂੰ ਇਸ਼ਾਰੇ ਕਰ ਕਰ ਦੱਸ ਰਹੇ ਸਾਂ ਕਿ ਰੇੜ੍ਹੀਆਂ ਓਥੇ ਕੁ ਫਿੱਟ ਕਰ ਦਿਓ, ਤਾਂ ਉਥੇ ਲਾਗੇ ਹੀ ਬੈਠੇ ਪੰਜ-ਛੇ ਬਜੁਰਗ, ਜੋ ਵਾਰ ਵਾਰ ਰੇੜ੍ਹੀਆਂ ਬਦਲ ਹੁੰਦੀਆਂ ਲਗਾਤਾਰ ਦੇਖੀ ਜਾ ਰਹੇ ਸਨ, ਉਠ ਕੇ ਸਾਡੇ ਕੋਲ ਆ ਖਲੋਤੇ। ਹੈਰਾਨੀ ਨਾਲ ਪੁੱਛਣ ਲੱਗੇ, ਤੁਸੀਂ ਇੱਥੇ ਕਾਹਦਾ ਜੁਗਾੜ ਲਾ ਰਹੇ ਹੋ? ਸਾਡੇ ਮੂੰਹੋਂ 'ਨਾਟਕ ਖੇਡਣ' ਵਾਲੀ ਗੱਲ ਸੁਣ ਕੇ ਬਾਕੀ ਜਣੇ ਤਾਂ ਮੁਸਕੜੀਏਂ ਜਿਹੇ ਹੱਸਣ ਲੱਗ ਪਏ, ਪਰ ਇੱਕ ਚੁਸਤ ਜਿਹਾ ਬਜੁਰਗ ਬੋਲਿਆ, "ਫਿਰ ਤੁਸੀਂ ਰੇੜ੍ਹੀਆਂ ਕਾਹਨੂੰ ਐਧਰ-ਓਧਰ ਨੂੰ ਬਦਲੀ ਜਾਨੇ ਓਂ? ਕਰਨਾ ਤਾਂ ਤੁਸੀਂ 'ਕੰਜਰਪੁਣਾ' ਈ ਐ, ਰੇੜ੍ਹੀਆਂ ਜਿੱਧਰ ਮਰਜੀ ਖੜ੍ਹਾ ਲਓ!"

ਪਾਠਕ ਜੀ! ਹੁਣ ਤੁਸੀਂ ਇਹ ਨਾ ਪੁੱਛਣ ਲੱਗ ਪਿਓ ਕਿ ਕਲਾਕਾਰਾਂ ਵਲੋਂ 'ਸਟੇਜ ਫਿੱਟ ਕਰਨ ਦੇ ਰੌਲੇ' ਵਾਲੀ ਇਹ ਦਿਲਚਸਪ ਵਾਰਤਾ ਹੁਣ ਹੀ ਚੇਤੇ ਕਿਉਂ ਆਈ ਹੈ?

# ਸਾਡੇ ਪੱਲੇ ਪਾਏ ਹੰਝੂ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਪਿੰਡੋਂ ਕਈ ਵਾਰ ਬੇਬੇ ਬਾਪੂ ਨੇ ਫੋਨ ਕੀਤਾ ਕਿ ਬੱਚਿਆਂ ਨੂੰ ਇਕ ਵਾਰ ਤਾਂ ਮਿਲਾ ਦੇ; ਸਾਡੇ ਮਰਨ ਤੋਂ ਪਹਿਲਾਂ ਨਾਨਕਾ ਪਿੰਡ ਦਿਖਾ ਦੇ; ਨਾਨੇ-ਨਾਨੀ ਦੀ ਗੋਦ ਦਾ ਨਿੱਘ ਪਿਆਰ ਦਿਵਾ ਦੇ, ਪਰ ਮੇਰਾ ਪਿੰਡ ਤਾਂ ਕੀ, ਇੰਡੀਆ ਜਾਣ ਨੂੰ ਵੀ ਦਿਲ ਨਹੀਂ ਸੀ ਕਰਦਾ। ਨਫਰਤ ਹੈ ਆਪਣੀ ਜੰਮਣ ਭੋਇੰ ਨਾਲ, ਹਰ ਉਸ ਮਰਦ-ਔਰਤ ਨਾਲ ਜਿਸ ਨੇ ਵੀ ਗਊ ਕਸਾਈਆਂ ਹੱਥ ਫੜਾਉਣ ਵਿਚ ਮੇਰੇ ਮਾਪਿਆਂ, ਭਰਾ-ਭਰਜਾਈ ਦੀ ਮਦਦ ਕੀਤੀ। ਅੰਮਾ ਜਾਏ ਭਰਾ ਨੇ ਪਤਾ ਨਹੀਂ ਭਰਜਾਈ ਨਾਲ ਮਿਲ ਕੇ ਇਹ ਕਸਾਈ ਕਿਥੋਂ ਲਭਿਆ ਸੀ!

ਧੀ ਦਾ ਚੁੱਕਿਆ ਕੋਈ ਵੀ ਕਦਮ ਮਾਪਿਆਂ ਦੀ ਇੱਜਤ ਦਾ ਸਵਾਲ ਹੋ ਜਾਂਦਾ ਹੈ, ਪਰ ਪੁੱਤ ਦਾ ਗੁਨਾਹ ਲੁਕਾਉਣਾ ਚਤੁਰਾਈ ਸਮਝਦੇ ਹਨ। ਧੀ ਦਾ ਹੱਸਣਾ ਵੀ ਅਣਖ ਨੂੰ ਚੁਭ ਜਾਂਦਾ ਹੈ। ਇਸੇ ਦੀ ਮੈਨੂੰ ਸਜ਼ਾ ਮਿਲੀ ਜੋ ਮੈਂ ਭੁਗਤ ਰਹੀ ਹਾਂ।

ਮੈਂ ਪਿੰਡ ਵਾਲੇ ਸਕੂਲ ਵਿਚੋਂ ਦਸਵੀਂ ਪਹਿਲੇ ਦਰਜੇ ਵਿਚ ਪਾਸ ਕੀਤੀ, ਅੱਗੇ ਕਾਲਜ ਦੀ ਪੜ੍ਹਾਈ ਕਰਨੀ ਚਾਹੁੰਦੀ ਸਾਂ ਪਰ ਬੇਬੇ ਬਾਪੂ ਅੱਗੇ ਪੜ੍ਹਾਉਣ ਦੇ ਹੱਕ 'ਚ ਨਹੀਂ ਸਨ। ਰੋਹਤਕ ਵਾਲਾ ਲਾਲਾ ਸਾਡੇ ਪਿੰਡ ਕਰਿਆਨੇ ਦੀ ਹੱਟੀ ਚਲਾਉਂਦਾ ਸੀ। ਉਹ ਹਮੇਸ਼ਾ ਬਾਪੂ ਨੂੰ ਕਹਿੰਦਾ, "ਸਰਦਾਰਾ! ਲਾਡੋ ਨੂੰ ਪੜ੍ਹਨੋਂ ਨਾ ਹਟਾਈਂ। ਬੜੀ ਹੁਸ਼ਿਆਰ ਆ ਪੜ੍ਹਾਈ ਵਿਚ, ਮੇਰੀ ਧੀ ਕਾਂਤਾ ਦੱਸਦੀ ਆ। ਪੜ੍ਹ ਲਿਖ ਜਾਊ, ਕੋਈ ਕਨੇਡਾ-ਅਮਰੀਕਾ ਤੋਂ ਵਰ ਮਿਲ ਜਾਊ ਤਾਂ ਕੁੜੀ ਮੌਜਾਂ ਕਰੂ।"

"ਲਾਲਾ! ਧੀ ਚਿੱਠੀ ਲਿਖਣ ਪੜ੍ਹਨ ਜੋਗੀ ਹੋ ਗਈ ਆ। ਕੋਈ ਟਿਕਾਣੇ ਦਾ ਘਰ ਲੱਭ ਕੇ ਹੱਥ ਪੀਲੇ ਕਰ ਦਊਂ। ਕੀ ਲੈਣਾ ਡਿਗਰੀਆਂ ਤੋਂ। ਖਾਣੇ ਤਾਂ ਪਿਛੋਂ ਧੱਕੇ ਈ ਨੇ।" ਬਾਪੂ ਜਵਾਬ ਦਿੰਦਾ।

ਲਾਲਾ ਮੇਰੀ ਫਿਰ ਤਰਫਦਾਰੀ ਕਰ ਗਿਆ। ਮੈਨੂੰ ਸ਼ਹਿਰ ਵਾਲੇ ਕਾਲਜ ਦਾਖਲਾ ਮਿਲ ਗਿਆ। ਇਨ੍ਹੀਂ ਦਿਨੀਂ ਛੋਟੇ ਬਾਈ ਦਾ ਵਿਆਹ ਹੋ ਗਿਆ। ਭਾਬੀ ਸੋਹਣੀ ਤਾਂ ਬਹੁਤ ਸੀ ਪਰ ਮਧਰੀ ਸੀ।

"ਲਾਡੋ! ਲੰਮੀਆਂ ਕੁੜੀਆਂ ਹੁਸ਼ਿਆਰ ਤੇ ਅਕਲਮੰਦ ਹੁੰਦੀਆਂ ਨੇ।" ਭਾਬੀ ਨੂੰ ਆਪਣੇ ਮਧਰੇ ਕੱਦ 'ਤੇ ਜਿਵੇਂ ਅਫਸੋਸ ਜਾਂ ਝੋਰਾ ਰਹਿੰਦਾ।

ਮੈਂ ਹੱਸ ਕੇ ਜਵਾਬ ਦਿੰਦੀ, "ਸੱਚੀਂ ਭਾਬੀ! ਮੈਂ ਤਾਂ ਸੁਣਿਆ, ਲੰਮੇ ਮਰਦ ਤੇ ਜਨਾਨੀ ਦੀ ਅਕਲ ਤਾਂ ਗਿੱਟਿਆਂ ਵਿਚ ਹੁੰਦੀ ਆ। ਭਾਬੀ! ਤੂੰ ਮੈਨੂੰ ਐਵੇਂ ਹਵਾ ਛਕਾਈ ਜਾਂਦੀ ਆਂ।"

"ਹਾਏ ਨੀ ਲਾਡੋ। ਇੰਜ ਨਹੀਂ ਕਹੀਦਾ। ਲੰਮੇ ਮਰਦ, ਔਰਤ ਤਾਂ ਜੱਗ ਦਾ ਸ਼ਿੰਗਾਰ ਹੁੰਦੇ ਨੇ, ਜਿਵੇਂ ਤੀਵੀਂ ਨੂੰ ਗਹਿਣੇ ਹੁੰਦੇ ਆ।" ਭਾਬੀ ਨੇ ਮਿੱਠੀ ਘੂਰੀ ਵੱਟ ਕੇ ਕਹਿਣਾ। ਭਾਬੀ ਦੱਸਦੀ ਕਿ ਛੋਟੀ ਹੁੰਦੀ ਦੀ ਮਾਂ ਮਰ ਗਈ, ਭਰਾ 3 ਸਾਲ ਵੱਡਾ ਸੀ। ਰਿਸਤੇਦਾਰਾਂ ਨੇ ਜ਼ੋਰ ਪਾ ਕੇ ਬਾਪੂ ਦਾ ਦੂਜਾ ਵਿਆਹ ਕਰਾ ਦਿੱਤਾ। ਬਾਪੂ ਨੇ ਵੀ ਸੋਚਿਆ ਹੋਣਾ ਕਿ ਰੋਟੀ ਪੱਕਦੀ ਹੋ ਜੂ ਤੇ ਬੱਚਿਆਂ ਨੂੰ ਮਾਂ ਮਿਲ ਜਾਊ, ਪਰ ਮਤਰੇਈ ਮਾਂ ਨੇ ਤਾਂ ਪੰਜ ਪੜ੍ਹਾ ਕੇ ਗੋਹੇ ਦੀ ਟੋਕਰੀ ਥੱਲੇ ਦੇ ਦਿੱਤਾ। ਭਾਬੀ ਮਤਰੇਈ ਮਾਂ ਦੇ ਧੱਕੇ ਦੀ ਕਹਾਣੀ ਸੁਣਾਉਂਦੀ ਰੋ ਪੈਂਦੀ।

ਪਰ ਮੈਂ ਅੱਜ ਸਕੀ ਮਾਂ ਦੀ ਭਰਾ ਨਾਲ ਮਿਲ ਕੇ ਦਿੱਤੀ ਸਜ਼ਾ ਭੁਗਤ ਰਹੀ ਹਾਂ। ਲਾਲੇ ਦੀ ਗਵਾਹੀ ਨੇ ਕਾਲਜ ਦੇ ਬੂਹੇ ਖੋਲ੍ਹੇ। ਪਹਿਲੇ ਸਾਲ ਚੰਗੇ ਨੰਬਰ ਲੈ ਕੇ ਪਾਸ ਹੋ ਗਈ। ਕੁੜੀਆਂ ਨਾਲ ਹੀ ਸਾਈਕਲ 'ਤੇ ਕਾਲਜ ਜਾਂਦੀ। ਕੋਈ ਵੀ ਚੀਜ਼ ਲੈਣ ਸ਼ਹਿਰ ਨਾ ਜਾਣਾ, ਭਰਾ ਤੋਂ ਮੰਗਾ ਲੈਣੀ। ਦੂਜਾ ਸਾਲ ਵੀ ਚੰਗੇ ਨੰਬਰਾਂ ਨਾਲ ਪਾਸ ਕਰ ਲਿਆ। ਬੀ.ਏ. ਵਿਚ ਹੀ ਪਤਾ ਨਹੀਂ ਕਦੋਂ ਮੇਰੀ ਅੱਖ ਬੁਰਜ ਲਟਾਂ ਦੇ ਮੁੰਡੇ, ਜਿਸ ਦਾ ਨਾਂ ਜਗਸੀਰ ਸੀ, ਨਾਲ ਲੜ ਗਈ। ਉਹ ਸੋਹਣਾ ਜਵਾਨ ਗੱਭਰੂ ਸੀ। ਹਾਕੀ ਦਾ ਵਧੀਆ ਖਿਡਾਰੀ ਸੀ। ਪੜ੍ਹਾਈ ਵਿਚ ਬਹੁਤਾ ਤੇਜ਼ ਨਹੀਂ ਸੀ ਪਰ ਐਨਾ ਮਾੜਾ ਵੀ ਨਹੀਂ ਸੀ। ਹਾਲ-ਚਾਲ ਪੁੱਛਣ ਪਿਛੋਂ ਗੱਲ ਚਾਹ-ਕੌਫੀ 'ਤੇ ਪੁੱਜ ਗਈ। ਕੁੜੀਆਂ ਕਹਿਣ ਲੱਗ ਪਈਆਂ, ਲਾਡੋ! ਤੁਹਾਡੀ ਤਾਂ ਜੋੜੀ ਉਪਰ ਵਾਲੇ ਨੇ ਆਪ ਬਣਾਈ ਹੈ। 'ਜੇ ਘਰਦਿਆਂ ਨੂੰ ਪਤਾ ਲੱਗ ਗਿਆ ਤਾਂ ਕੀ ਬਣੇਗਾ!' ਮੈਂ ਡਰ ਨਾਲ ਹੋਰ ਸਿਆਣੀ ਬਣ ਕੇ ਰਹਿੰਦੀ।

ਇਕ ਦਿਨ ਜਗਸੀਰ, ਸਾਰੇ ਲਾਡ ਨਾਲ ਉਹਨੂੰ ਜੱਗਾ ਕਹਿੰਦੇ ਸੀ, ਮੈਨੂੰ ਨਹਿਰੋਂ ਪਾਰ ਵਾਲੇ ਸ਼ਹਿਰ ਵਿਚ ਹੋਟਲ 'ਚ ਲੈ ਗਿਆ। ਚਾਹ ਦਾ ਆਰਡਰ ਦੇ ਕੇ ਮੇਰੇ ਅਤੇ ਘਰਦਿਆਂ ਬਾਰੇ ਪੁੱਛਣ ਲੱਗਾ। ਮੈਂ ਸਭ ਕੁਝ ਦੱਸ ਦਿੱਤਾ। ਉਸ ਨੇ ਆਪਣੇ ਬਾਰੇ ਦੱਸਿਆ, "ਮੈਂ ਮਾਪਿਆਂ ਦਾ ਇਕੱਲਾ ਪੁੱਤ ਹਾਂ। ਵੱਡੀ ਭੈਣ ਦੋ ਸਾਲ ਪਹਿਲਾਂ ਕੈਨੇਡਾ ਵਿਆਹੀ ਹੈ। ਦਸ ਕਿੱਲੇ ਜ਼ਮੀਨ ਹੈ ਤੇ ਪੰਜ ਕਿੱਲੇ ਰੇਤੇ ਵਾਲੀ ਹੈ। ਵਧੀਆ ਗੁਜ਼ਾਰਾ ਹੁੰਦਾ ਹੈ। ਜੀਜਾ ਕਹਿੰਦਾ ਸੀ, ਕਨੇਡਿਓਂ ਕੁੜੀ ਲਿਆਵਾਂਗੇ।"

ਛੋਟੂ ਚਾਹ ਮੇਜ਼ 'ਤੇ ਰੱਖ ਗਿਆ। ਮੈਂ ਸੋਚਣ ਲੱਗੀ, ਮੈਨੂੰ ਚਾਹ 'ਤੇ ਸੱਦ ਕੇ ਗੱਲ ਕੈਨੇਡਾ ਵਾਲੀ ਵਹੁਟੀ ਦੀ ਛੇੜਦਾ ਹੈ! ਛੋਟੂ ਨੇ ਲੱਡੂਆਂ ਦੀ ਪਲੇਟ ਮੇਜ਼ 'ਤੇ ਰੱਖੀ ਤਾਂ ਮੇਰੀ ਸੋਚ ਟੁੱਟੀ।

"ਮਾਲਕੋ! ਕਿਥੇ ਚਲੇ ਗਏ ਸੀ।" ਜੱਗੇ ਨੇ ਹੱਸਦਿਆਂ ਪੁੱਛਿਆ।

"ਜੇ ਜੀਜੇ ਨੇ ਕਨੇਡਿਓਂ ਕੁੜੀ ਲਿਆਉਣੀ ਹੈ ਤਾਂ ਮੇਰੇ ਇਥੇ ਢਿੱਡ ਫੂਕਣੀ ਨਾਲ ਜ਼ਰੂਰ ਬੁੱਲ੍ਹ ਮਚਾਉਣੇ ਸੀ।" ਮੈਂ ਹਰਖ ਕੇ ਕਿਹਾ।

"ਲਾਡੋ! ਮੈਂ ਆਪਣੇ ਬਾਰੇ ਸੱਚ ਦੱਸ ਦਿੱਤਾ ਹੈ ਪਰ ਤੂੰ ਮਿਲ ਗਈ ਹੁਣ, ਵਿਆਹ ਵੀ ਤੇਰੇ ਨਾਲ ਹੀ ਕਰਾਉਣਾ। 15 ਕਿੱਲਿਆਂ ਦਾ ਮਾਲਕ, ਸਾਡਾ ਇਥੇ ਹੀ ਕੈਨੇਡਾ।" ਜੱਗੇ ਨੇ ਕਿਹਾ।

ਬੀ.ਏ. ਦੇ ਦੂਜੇ ਸਾਲ ਦੇ ਅਖੀਰ ਵਿਚ ਜੱਗੇ ਦਾ ਜੀਜਾ ਸੱਚੀਂ ਕੈਨੇਡਾ ਤੋਂ ਕੁੜੀ ਲੈ ਆਇਆ ਜੱਗੇ ਵਾਸਤੇ। ਜੱਗ ਜਿਉਂਦਾ ਰਹੇ ਜਿਸ ਨੇ ਮੇਰੀ ਖਾਤਰ ਕੈਨੇਡਾ ਵਾਲੀ ਕੁੜੀ ਦਾ ਰਿਸ਼ਤਾ ਠੁਕਰਾ ਦਿੱਤਾ। ਉਹਨੇ ਆਪਣੇ ਪਿਆਰ ਦੀ ਕਹਾਣੀ ਬੜੀ ਬੇਬਾਕੀ ਨਾਲ ਦੱਸ ਦਿੱਤੀ। ਜੱਗੇ ਦਾ ਜੀਜਾ, ਮਾਮਾ ਤੇ ਬਾਪੂ ਵਿਚ ਕੋਈ ਬੰਦਾ ਪਾ ਕੇ ਸਾਡੇ ਪਿੰਡ ਆ ਗਏ। ਜਦੋਂ ਮੇਰੇ ਭਰਾਵਾਂ ਤੇ ਬਾਪੂ ਨੂੰ ਪਤਾ ਲੱਗਾ ਤਾਂ ਕੱਪੜਿਓਂ ਬਾਹਰ ਹੋ ਗਏ ਕਿ ਕੁੜੀ ਨੇ ਆਪ ਮੁੰਡਾ ਲੱਭਿਆ ਹੋਇਆ। ਮੇਰਾ ਅਗਲੇ ਦਿਨ ਕਾਲਜ ਜਾਣਾ ਬੰਦ ਹੋ ਗਿਆ। ਜੱਗੇ ਨੂੰ ਮਿਲਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਮੁਲਾਕਾਤ ਨਾ ਹੋ ਸਕੀ। ਮੇਰੇ ਘਰਦੇ ਮੇਰੇ ਲਈ ਵਰ ਲੱਭਣ ਲੱਗੇ। ਕਿਸੇ ਨੇ ਦੱਸ ਪਾ ਦਿੱਤੀ ਭਰਾ ਨੂੰ ਕਿ ਮਨੀਲਾ ਤੋਂ ਮੁੰਡਾ ਆਇਆ, ਚਾਰ ਲਾਵਾਂ ਤੇ ਤਿੰਨ ਕੱਪੜਿਆਂ 'ਚ ਵਿਆਹ ਕਰਾਉਣ ਨੂੰ ਰਾਜ਼ੀ ਹੈ।

ਛੋਟੀ ਭਾਬੀ ਨੂੰ ਮਨਾ ਲਿਆ ਕਿ ਕਿਸੇ ਕੋਲ ਜੱਗੇ ਨੂੰ ਸੁਨੇਹਾ ਭੇਜ ਦੇਵੇ, ਅਸੀਂ ਦੋਵੇਂ ਦਵਾਈ ਦੇ ਬਹਾਨੇ ਸ਼ਹਿਰ ਜਾਵਾਂਗੀਆਂ। ਭਾਬੀ ਨੇ ਦਲੇਰੀ ਕਰ ਕੇ ਜੱਗੇ ਨੂੰ ਸੁਨੇਹਾ ਲਾ ਦਿੱਤਾ। ਜੱਗੇ ਦੀ ਰਿਸ਼ਤੇਦਾਰੀ ਵਿਚੋਂ ਮੁੰਡਾ ਇਕ ਹਸਪਤਾਲ ਵਿਚ ਕੰਪਾਊਂਡਰ ਸੀ। ਉਸ ਦੀ ਮਿਹਰਬਾਨੀ ਨਾਲ ਮੈਂ ਦਵਾਈ ਦੇ ਬਹਾਨੇ ਉਥੇ ਆਖਰੀ ਵਾਰ ਜੱਗੇ ਨੂੰ ਮਿਲ ਆਈ। ਮਾਪਿਆਂ ਦੀ ਜਿੱਤ ਹੋ ਗਈ। ਜੱਗੇ ਨੇ ਵੀ ਪਿਆਰ ਨਾਲ ਸਮਝੌਤਾ ਕਰ ਲਿਆ ਤੇ ਮੈਨੂੰ ਬਾਪੂ ਦੀ ਪੱਗ ਨੇ ਜੱਗੇ ਤੋਂ ਦੂਰ ਕਰ ਦਿੱਤਾ। ਨਾ ਜੱਗੇ ਦਾ ਰੌਲਾ ਪਾਇਆ ਕੰਮ ਆਇਆ, ਨਾ ਮੇਰਾ ਰੋਣਾ ਕੁਰਲਾਉਣਾ।

ਦਸਾਂ ਦਿਨਾਂ ਵਿਚ ਹੀ ਮੇਰੇ ਹੱਥਾਂ ਨੂੰ ਮਹਿੰਦੀ ਲਾ ਕੇ ਮਨੀਲਾ ਵਾਲੇ ਨਾਲ ਤੋਰ ਦਿਤਾ। ਕਹਿੰਦੇ ਮੁੰਡਾ ਸੀ ਪਰ ਨਿਕਲਿਆ ਅੱਧਖੜ। ਉਮਰ ਪੈਂਤੀ-ਚਾਲੀ ਸੀ। ਦਾੜ੍ਹੀ ਅਧਿਓਂ ਵਧ ਚਿੱਟੀ। ਕਦੇ ਚਿੱਟਾ ਵਾਲ ਨਹੀਂ ਸੀ ਆਉਣ ਦਿੱਤਾ। ਟਿੰਡ ਇੰਜ ਸੀ, ਜਿਵੇਂ ਚਾਟੀ ਮੂਧੀ ਮਾਰੀ ਹੋਵੇ। ਸਾਰਾ ਪਿੰਡ ਦੇਖ ਕੇ ਮੇਰੇ ਮਾਪਿਆਂ ਨੂੰ ਲਹਾਨਤਾਂ ਪਾ ਰਿਹਾ ਸੀ। ਕਹਿੰਦੇ ਗਊ ਵਰਗੀ ਧੀ ਕਸਾਈ ਨੂੰ ਫੜਾ ਦਿੱਤੀ।

ਫਿਰ ਪਤਾ ਨਹੀਂ ਕਦੋਂ ਮਨੀਲਾ ਆ ਗਈ। ਇਹ ਅਧਖੜ ਬੰਦਾ ਰੰਨਾਂ ਦਾ ਸ਼ੌਕੀਨ ਮੇਰੇ ਵਿਚੋਂ ਫਿਲੀਪੀਨਣਾਂ ਵਾਲੇ ਕਰਤੱਵ ਭਾਲਦਾ। ਫਿਰ ਕੀ, ਸ਼ਗਨਾਂ ਦੇ ਦਿਨਾਂ ਤੋਂ ਹੀ ਮਾਰ-ਕੁਟਾਈ ਸ਼ੁਰੂ ਹੋ ਗਈ। ਮੈਂ ਤਾਂ ਆਪਣੇ ਚਾਅ, ਸ਼ੌਂਕ ਸਭ ਪਿੰਡ ਹੀ ਦਫਨਾ ਆਈ ਸੀ। ਬੱਸ ਅੱਧਖੜ ਜਿਸਮ ਨੂੰ ਨੋਚ ਲੈਂਦਾ ਸੀ। ਪਤਾ ਨਾ ਲੱਗਾ, ਕਦੋਂ ਵੱਡਾ ਚੇਤਨ ਕੁੱਖੇ ਪੈ ਗਿਆ। ਮੁੰਡਾ ਹੋਇਆ ਤਾਂ ਸਾਰੇ ਆਂਢੀ-ਗੁਆਂਢੀ ਸੋਗ ਵਿਚ ਡੁੱਬ ਗਏ। ਪਤਾ ਲੱਗਾ, ਇਹ ਕੁੜੀ ਹੋਈ ਤੋਂ ਖੁਸ਼ੀ ਮਨਾਉਂਦੇ ਹਨ। ਮੈਂ ਸੋਚਿਆ, ਇਹ ਦੇਸ਼ ਅਗਾਂਹਵਧੂ ਹੈ, ਧੀਆਂ ਦੇ ਹੱਕ ਵਿਚ ਨਿੱਤਰਦਾ ਹੈ। ਮੇਰੇ ਦੇਸ਼ ਵਾਂਗ ਨਹੀਂ ਕਿ ਧੀਆਂ ਨੂੰ ਕੁੱਖ ਵਿਚ ਕਤਲ ਕਰਵਾਉਂਦਾ ਹੈ ਪਰ ਪਿਛੋਂ ਪਤਾ ਲੱਗਾ ਕਿ ਇਹ ਧੀਆਂ ਦੀ ਕਮਾਈ ਖਾਂਦੇ ਨੇ। ਇਹ ਸੁਣ ਕੇ ਮੈਂ ਸ਼ਰਮ ਨਾਲ ਸੁੰਨ ਹੋ ਗਈ।


ਉਸ ਅੱਧਖੜ ਬੰਦੇ ਦਾ ਕੰਮ ਪੈਸੇ ਦਾ ਲੈਣ-ਦੇਣ ਸੀ। ਕਮਾਈ ਤਾਂ ਬਥੇਰੀ ਸੀ ਪਰ ਲੋਕਾਂ ਲਈ ਸੀ। ਹਰ ਰਾਤ ਨਵੀਂ ਸੇਜ ਭਾਲਦਾ ਸੀ। ਮੈਂ ਆਪਣੇ ਮੁਕੱਦਰਾਂ ਨੂੰ ਰੋਂਦੀ ਪਰ ਯਾਦਾਂ ਦਾ ਪੱਲਾ ਨਾ ਛੱਡਿਆ। ਭਾਬੀ ਨੇ ਦੱਸਿਆ ਕਿ ਜੱਗੇ ਦਾ ਕੈਨੇਡਾ ਵਿਆਹ ਹੋ ਗਿਆ ਸੀ। ਉਹਨੇ ਵੱਡੀ ਕੁੜੀ ਦਾ ਨਾਂ ਲਾਡੋ ਰੱਖਿਆ ਹੈ; ਛੋਟਾ ਮੁੰਡਾ ਹੈ, ਉਸ ਦਾ ਨਾਂ ਪ੍ਰੀਤ ਹੈ। ਮੈਂ ਜੱਗੇ ਦੀ ਖੁਸ਼ੀ ਵਿਚ ਸਭ ਕੁਝ ਦੇਖ ਲੈਂਦੀ। ਫਿਰ ਦੂਜੀ ਵਾਰ ਮੇਰੇ ਧੀ ਹੋਈ। ਅਧਖੜ ਬੰਦੇ ਨੇ ਲੋਹੜੀ ਮਨਾਈ, ਕਹਿੰਦਾ, ਫੈਮਿਲੀ ਪੂਰੀ ਹੋ ਗਈ। ਅਜੇ ਧੀ ਤਿੰਨ ਮਹੀਨਿਆਂ ਦੀ ਸੀ ਕਿ ਲੁਟੇਰੇ ਗੋਲੀ ਮਾਰ ਕੇ ਪੈਸੇ ਲੈ ਗਏ ਤੇ ਮੈਂ ਭਰੀ ਜਵਾਨੀ ਵਿਚ ਵਿਧਵਾ ਹੋ ਗਈ। ਹਮ-ਵਤਨਾਂ ਅਤੇ ਵਿਦੇਸ਼ੀਆਂ ਨੇ ਬਹੁਤ ਵਾਰ ਮੇਰੇ 'ਤੇ ਡੋਰੇ ਪਾਉਣੇ ਚਾਹੇ ਪਰ ਇਹ ਅਮਾਨਤ ਜੱਗੇ ਦੀ ਸੀ ਤੇ ਹੈ। ਪਿਆਰ ਜਿਸਮਾਂ ਦਾ ਨਹੀਂ, ਰੂਹਾਂ ਦਾ ਕੀਤਾ ਸੀ। ਜੋ ਮਾਪਿਆਂ ਨੇ ਸਜ਼ਾ ਦਿੱਤੀ, ਉਹ ਭੁਗਤ ਰਹੀ ਹਾਂ।

ਇਕ ਦਿਨ ਛੋਟੀ ਭਾਬੀ ਨੇ ਫੋਨ 'ਤੇ ਦੱਸਿਆ ਕਿ ਵੱਡੇ ਬਾਈ ਦੇ ਪੁੱਤ ਨੇ ਬ੍ਰਾਹਮਣਾਂ ਦੀ ਕੁੜੀ ਨਾਲ ਲਵ ਮੈਰਿਜ ਕਰਵਾਈ ਹੈ। ਕੁੜੀ ਨੇ ਸੱਤ ਬੈਂਡ ਲਏ ਹੋਏ ਨੇ। ਬਾਈ ਬ੍ਰਾਹਮਣਾਂ ਦੇ ਘਰੇ ਪੱਗ ਪੈਰੀਂ ਰੱਖ ਕੇ ਪੁੱਤ ਦੀਆਂ ਖੁਸ਼ੀਆਂ ਦੀ ਮਨਜ਼ੂਰੀ ਲੈ ਕੇ ਆਇਆ ਹੈ। ਹੁਣ ਬੇਬੇ ਬਾਪੂ ਨੂੰ ਜਿਵੇਂ ਸੱਪ ਸੁੰਘ ਗਿਆ ਹੋਵੇ। ਭੈਣ ਦੀ ਵਾਰੀ ਇੱਜਤ ਅਣਖ ਤੇ ਪੱਗ ਦਾ ਰੌਲਾ ਸੀ, ਹੁਣ ਪੁੱਤ ਦੀ ਵਾਰੀ ਉਹੀ ਪੱਗ ਪੈਰੀਂ ਰੱਖ ਦਿੱਤੀ।

ਮੇਰੇ ਦੋਹਾਂ ਬੱਚਿਆਂ ਨੇ ਮੈਨੂੰ ਉਠਾਇਆ। ਮੈਂ ਦੋਹਾਂ ਨੂੰ ਬੁੱਕਲ ਵਿਚ ਲੈ ਲਿਆ ਤੇ ਆਪ ਮੁਹਾਰੇ ਬੋਲੀ, "ਮੈਂ ਤੁਹਾਡੇ ਨਾਲ ਇੰਜ ਨਹੀਂ ਕਰਾਂਗੀ, ਇੰਜ ਨਹੀਂ ਕਰਾਂਗੀ।"

# ਸੰਸਾਰ ਕਤਾਰਬੰਦੀ ਦੇ ਚੌਖਟੇ 'ਚ ਭਾਰਤ ਦੀ ਸਥਿਤੀ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇੱਕ ਬੰਦੇ ਦੇ ਸਿਰ ਵਿਚ ਇਹ ਭੈੜਾ ਫਤੂਰ ਉਠਿਆ ਕਿ ਮੇਰੀ ਜਰਮਨ ਕੌਮ ਸੰਸਾਰ ਦੀਆਂ ਬਾਕੀ ਸਾਰੀਆਂ ਕੌਮਾਂ ਤੇ ਨਸਲਾਂ ਦੇ ਲੋਕਾਂ ਤੋਂ ਚੰਗੀ ਹੈ ਅਤੇ ਇਸ ਨੂੰ ਸਾਰੀ ਦੁਨੀਆਂ 'ਤੇ ਰਾਜ ਕਰਨਾ ਚਾਹੀਦਾ ਹੈ। ਨਤੀਜਾ ਉਸ ਦੇ ਆਪਣੇ ਦੇਸ਼ ਵਿਚ ਲੋਕਤੰਤਰੀ ਤਰੀਕੇ ਦੀਆਂ ਖਾਮੀਆਂ ਵਰਤ ਕੇ ਹੌਲੀ-ਹੌਲੀ ਉਹ ਰਾਜ ਕਾਇਮ ਕਰਨ ਵਿਚ ਨਿਕਲਿਆ, ਜਿਸ ਨੂੰ ਇੱਕ-ਅਧਿਕਾਰਵਾਦ ਕਹਿੰਦੇ ਹਨ। ਫਿਰ ਉਹ ਆਗੂ ਉਸ ਦੇਸ਼ ਦੀ ਜਨਤਾ ਨੂੰ ਜਨੂੰਨ ਦੀ ਪੁੱਠ ਚਾੜ੍ਹ ਕੇ ਤੇ ਸਾਰੀ ਦੁਨੀਆਂ 'ਤੇ ਰਾਜ ਕਰਨ ਦਾ ਸੁਫਨਾ ਵਿਖਾ ਕੇ ਤੁਰਿਆ ਤੇ ਇਹੋ ਜਿਹੀ ਜੰਗ ਵਿਚ ਉਲਝ ਗਿਆ, ਜਿਸ ਦੇ ਅੰਤ ਤੱਕ ਸੰਸਾਰ ਦੇ 7 ਕਰੋੜ ਲੋਕ ਅਣਆਈ ਮੌਤੇ ਮਾਰੇ ਗਏ, ਜਿਨ੍ਹਾਂ ਵਿਚ 57 ਲੱਖ ਲੋਕ ਜਰਮਨੀ ਦੇ ਆਪਣੇ ਵੀ ਸ਼ਾਮਲ ਸਨ। ਜਿਸ ਅਡੋਲਫ ਹਿਟਲਰ ਦੇ ਸਿਰ ਨੂੰ ਇਹ ਫਤੂਰ ਚੜ੍ਹਿਆ ਸੀ ਅਤੇ ਏਨੇ ਲੋਕ ਮਾਰੇ ਜਾਣ ਦਾ ਕਾਰਨ ਬਣਿਆ ਸੀ, ਉਸ ਦੇ ਸਬਕ ਸੰਸਾਰ ਨੂੰ ਯਾਦ ਰੱਖਣ ਦੀ ਲੋੜ ਸੀ, ਪਰ ਰੱਖੇ ਨਹੀਂ ਗਏ ਜਾਪਦੇ।

ਅੱਜ ਉਸ ਮਹਾਂ-ਜੰਗ ਦੀ ਸ਼ੁਰੂਆਤ ਦੇ ਅੱਸੀ ਸਾਲ ਬਾਅਦ, ਕਿਉਂਕਿ ਉਹ ਸੰਸਾਰ ਜੰਗ 1939 ਵਿਚ ਛਿੜੀ ਸੀ ਤੇ 1945 ਤੱਕ ਚੱਲਦੀ ਰਹੀ ਸੀ, ਇੱਕ ਵਾਰ ਫਿਰ ਇਸ ਸੰਸਾਰ ਦੇ ਹਾਲਾਤ ਇਤਿਹਾਸ ਨੂੰ ਦੁਹਰਾਉਣ ਵਾਲੇ ਪਾਸੇ ਨੂੰ ਜਾ ਰਹੇ ਹਨ ਤੇ ਇਨ੍ਹਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਵੱਧ ਤੋਂ ਵੱਧ ਧਿਆਨ ਜਾਂਦਾ ਹੈ ਤਾਂ ਉਸ ਆਈ. ਐਸ. ਵਾਲੀ ਧਾੜ ਤੱਕ ਜਾਂਦਾ ਹੈ, ਜਿਸ ਦਾ ਇੱਕ ਮੁਖੀ ਅਬੂ ਬਕਰ ਅਲ ਬਗਦਾਦੀ ਬੀਤੇ ਹਫਤੇ ਮਾਰਿਆ ਗਿਆ ਤੇ ਉਸ ਦੀ ਥਾਂ ਉਸ ਖੂੰਖਾਰ ਟੋਲੀ ਨੇ ਨਵਾਂ ਮੁਖੀ ਚੁਣ ਲਿਆ ਹੈ, ਬਾਕੀ ਦੇਸ਼ਾਂ ਅੰਦਰਲੇ ਹਾਲਾਤ ਕਿਸੇ ਨੂੰ ਚਿੰਤਿਤ ਨਹੀਂ ਕਰਦੇ।

ਸੰਸਾਰ ਜੰਗ ਦਾ ਮੁੱਢ ਬੱਝਣ ਵੇਲੇ ਜਿਸ ਸੋਚ ਨੇ ਜਰਮਨੀ ਦੇ ਲੋਕਾਂ ਨੂੰ ਮਰਨ ਅਤੇ ਮਾਰਨ ਦੇ ਰਾਹ ਪਾਇਆ ਸੀ, ਉਸ ਕਿਸਮ ਦੀ ਸੋਚ ਇਸ ਵੇਲੇ ਕਈ ਦੇਸ਼ਾਂ ਵਿਚ ਹਰ ਨਵੇਂ ਦਿਨ ਅੱਗੇ ਵਧੀ ਜਾਂਦੀ ਹੈ। ਆਮ ਚੋਣ ਲਾਭਾਂ ਲਈ ਇਸ ਤਰ੍ਹਾਂ ਦੇ ਜਨੂੰਨ ਨੂੰ ਆਪਣਾ ਪਲੇਟਫਾਰਮ ਬਣਾਉਣ ਵਾਲਿਆਂ ਨੂੰ ਉਸ ਤਜਰਬੇ ਦੀ ਚੌਖਟ ਵਿਚੋਂ ਝਾਤੀਆਂ ਮਾਰਦੇ ਭਵਿੱਖ ਬਾਰੇ ਸੋਚਣ ਦੀ ਲੋੜ ਹੀ ਨਹੀਂ ਜਾਪਦੀ। ਮੱਧ ਯੁੱਗ ਵਿਚ ਜਿਵੇਂ ਰਾਜਿਆਂ ਨੂੰ ਰਾਜ ਹਾਸਲ ਕਰਨ ਲਈ ਲੋਕਾਂ ਦਾ ਮਰਨਾ ਬਹੁਤ ਆਮ ਗੱਲ ਜਾਪਦਾ ਸੀ, ਅੱਜ ਉਹ ਸਥਿਤੀ ਇੱਕੋ ਵਕਤ ਕਈ ਦੇਸ਼ਾਂ ਵਿਚ ਫਿਰ ਪੈਦਾ ਹੋਣ ਲੱਗ ਪਈ ਹੈ।

ਜਦੋਂ ਜਨੂੰਨ ਸਿਰਾਂ ਨੂੰ ਚੜ੍ਹਦਾ ਹੈ, ਅਕਲ ਦੀ ਗੱਲ ਕੋਈ ਸੁਣਦਾ ਹੀ ਨਹੀਂ ਹੁੰਦਾ। ਜਰਮਨੀ ਦੇ ਲੋਕਾਂ ਨੇ ਨਾ ਸੁਣੀ ਤੇ ਮੜ੍ਹੀਆਂ ਦੇ ਰਾਹ ਪੈ ਗਏ ਸਨ। ਇਸ ਵੇਲੇ ਇਸੇ ਤਰ੍ਹਾਂ ਦੀ ਹਾਲਤ ਉਨ੍ਹਾਂ ਦੇਸ਼ਾਂ ਵਿਚ ਬਣੀ ਜਾਂਦੀ ਹੈ, ਜਿੱਥੇ ਚੋਣਾਂ ਦੇ ਵਕਤ ਸਿਰੇ ਦੀ ਸਨਕੀ ਸੋਚ ਦੇ ਪਿੱਛੇ ਵੋਟਾਂ ਪਾਈਆਂ ਜਾਣ ਲੱਗ ਪਈਆਂ ਹਨ। ਡੋਨਲਡ ਟਰੰਪ ਨੂੰ ਕੋਈ ਹਿਟਲਰ ਕਹਿਣ ਲਈ ਤਿਆਰ ਨਹੀਂ ਹੋਵੇਗਾ, ਅਸੀਂ ਵੀ ਨਹੀਂ ਕਹਿੰਦੇ, ਪਰ ਉਸ ਨੇ ਆਪਣੀ ਪਹਿਲੀ ਚੋਣ ਮੁਹਿੰਮ ਵਿਚ ਜਿਸ ਨਸਲਵਾਦ ਦੀ ਹਵਾ ਅਸਿੱਧੇ ਤੌਰ 'ਤੇ ਵਗਾਈ ਸੀ, ਉਸ ਪਿੱਛੋਂ ਦੇ ਚਾਰ ਸਾਲਾਂ ਵਿਚ ਕਿਸੇ ਥਾਂ ਰੰਗ ਕਾਲਾ ਹੋਣ ਕਰ ਕੇ ਜਾਂ ਕਿਸੇ ਥਾਂ ਸਿਰਫ ਪਰਵਾਸੀ ਹੋਣ ਕਰ ਕੇ ਬਹੁਤ ਸਾਰੇ ਲੋਕਾਂ ਨੂੰ ਹਮਲੇ ਦਾ ਸ਼ਿਕਾਰ ਹੋਣਾ ਪਿਆ ਹੈ। ਇਹ ਸਿਲਸਿਲਾ ਹਾਲੇ ਤੱਕ ਚੱਲੀ ਜਾਂਦਾ ਹੈ ਤੇ ਅਗਲੇ ਸਾਲ ਦੀਆਂ ਚੋਣਾਂ ਲਈ ਜਦੋਂ ਪ੍ਰਚਾਰ ਵਿਚ ਤੇਜ਼ੀ ਆਵੇਗੀ, ਉਸ ਦੇ ਨਾਲੋ-ਨਾਲ ਇਸ ਪੱਖੋਂ ਵੀ ਤੇਜ਼ੀ ਆਉਣੀ ਸੁਭਾਵਕ ਜਾਪਦੀ ਹੈ।



ਬੈਂਜਾਮਿਨ ਨੇਤਨਯਾਹੂ

ਇਸਰਾਈਲ ਵਿਚ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਜਿਹਾ ਭ੍ਰਿਸ਼ਟਾਚਾਰ ਦਾ ਭਤੋਲਾ ਮੰਨਿਆ ਜਾਂਦਾ ਬੰਦਾ ਆਪਣੇ ਲੋਕਾਂ ਨੂੰ ਨਸਲੀ ਜਨੂੰਨ ਲਈ ਉਕਸਾ ਰਿਹਾ ਹੈ। ਬ੍ਰਿਟੇਨ ਵਿਚਲੇ ਜਿਨ੍ਹਾਂ ਲੀਡਰਾਂ ਨੇ ਯੂਰਪ ਤੋਂ ਆਪਣਾ ਦੇਸ਼ ਵੱਖ ਕਰਨ ਦੀ ਮੁਹਿੰਮ ਵਿੱਢੀ ਤੇ ਕਈ ਅੜਿੱਕਿਆਂ ਦੇ ਬਾਵਜੂਦ ਬ੍ਰੈਗਜ਼ਿਟ ਦੇ ਨਾਂ ਹੇਠ ਅੰਤਲੇ ਹਮਲੇ ਦੀ ਤਿਆਰੀ ਕਰਦੇ ਪਏ ਹਨ, ਉਨ੍ਹਾਂ ਵਿਚੋਂ ਕੁਝ ਲੋਕ ਵੀ ਆਪਣੇ ਦੇਸ਼ ਵਿਚ ਇਸ ਨਾਲ ਨਸਲਵਾਦ ਨੂੰ ਮਿਲਦੀ ਸ਼ਹਿ ਨੂੰ ਨਹੀਂ ਵੇਖਦੇ ਤੇ ਕੁਝ ਹੋਰ ਲੋਕ ਵੇਖ ਕੇ ਅਣਡਿੱਠ ਕਰਦੇ ਪਏ ਹਨ।

ਨਤੀਜਾ ਇਹ ਨਿਕਲਿਆ ਹੈ ਕਿ ਸੰਸਾਰ ਭਰ ਵਿਚ ਕਈ ਦੇਸ਼ਾਂ ਅੰਦਰ ਲੋਕਾਂ ਦੇ ਮਨਾਂ ਵਿਚ ਆਪਣੀ ਨਸਲ ਦੇ ਸਭ ਤੋਂ ਉੱਤਮ ਹੋਣ ਦਾ ਵਿਚਾਰ ਵਧਦਾ ਮਹਿਸੂਸ ਹੋ ਰਿਹਾ ਹੈ। ਹਰ ਐਕਸ਼ਨ ਦਾ ਰਿਐਕਸ਼ਨ ਹੁੰਦਾ ਹੈ। ਜਦੋਂ ਇਸ ਕਿਸਮ ਦਾ ਖਤਰਨਾਕ ਵਿਚਾਰ ਕੁਝ ਲੋਕਾਂ ਦੇ ਮਨਾਂ ਵਿਚ ਭਰ ਰਿਹਾ ਅਤੇ ਉਬਾਲੇ ਮਾਰਨ ਲਈ ਰਿੱਝਦਾ ਪਿਆ ਮਹਿਸੂਸ ਹੁੰਦਾ ਹੈ, ਇਸ ਦੇ ਉਲਟੇ ਅਸਰ ਵਜੋਂ ਕਈ ਹੋਰ ਦੇਸ਼ਾਂ ਤੇ ਨਸਲਾਂ ਵਿਚ ਐਨ ਉਲਟਾ ਵਿਚਾਰ ਵੀ ਭਰਦਾ ਜਾਂਦਾ ਹੈ ਕਿ ਇੱਕ ਲੜਾਈ ਲੜਨੀ ਪੈਣੀ ਹੈ। ਕੋਈ ਕਿਸੇ ਵੀ ਕਿਸਮ ਦਾ ਭਾਈਚਾਰਾ ਹੋਵੇ, ਉਸ ਦੇ ਲੋਕ ਇਹ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿ ਅਸੀਂ ਕਿਸੇ ਤੋਂ ਘੱਟ ਹਾਂ, ਸਗੋਂ ਇਹ ਸਾਬਤ ਕਰਨ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੋ ਸਕਦੇ ਹਨ ਕਿ ਅਸੀਂ ਕਿਸੇ ਤੋਂ ਘੱਟ ਨਹੀਂ ਹਾਂ।

ਸਾਡੇ ਲਈ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ ਕਿ ਜਿਸ ਪਾਕਿਸਤਾਨ ਵਿਚ ਇਸਲਾਮੀ ਜਨੂੰਨ ਦੇ ਬਹੁਤ ਭੜਕਾਊ ਉਬਾਲੇ ਪਹਿਲਾਂ ਵੀ ਆ ਚੁਕੇ ਹਨ, ਇੱਕ ਵਾਰ ਫਿਰ ਇੱਕ ਹੋਰ ਉਬਾਲੇ ਲਈ ਤਿਆਰ ਹੋ ਰਿਹਾ ਹੈ। ਅਫਗਾਨਿਸਤਾਨ ਤੋਂ ਖਹਿੜਾ ਛੁਡਾਉਣ ਲਈ ਅਮਰੀਕੀ ਸਰਕਾਰ, ਤੇ ਸਰਕਾਰ ਸਿਰਫ ਰਾਸ਼ਟਰਪਤੀ ਨਹੀਂ ਹੁੰਦਾ, ਅਮਰੀਕਾ ਦੀ ਸਮੁੱਚੀ ਸਰਕਾਰੀ ਮਸ਼ੀਨਰੀ ਮਨ ਬਣਾਈ ਬੈਠੀ ਹੈ। ਉਸ ਦੇਸ਼ ਦੀ ਤਾਕਤ ਇੱਕ ਵਾਰ ਫਿਰ ਉਨ੍ਹਾਂ ਹੀ ਤਾਲਿਬਾਨ ਨੂੰ ਸੌਂਪਣ ਵਾਸਤੇ ਸਮਝੌਤਾ ਹੁੰਦਾ ਪਿਆ ਹੈ, ਜੋ ਸਾਰੀ ਦੁਨੀਆਂ 'ਤੇ ਇਸਲਾਮ ਦਾ ਝੰਡਾ ਝੁਲਾਉਣ ਦਾ ਐਲਾਨ ਕਰਦੇ ਰਹੇ ਹਨ। ਇਸ ਮੌਕੇ ਅਮਰੀਕਾ ਦੇ ਨਾਟੋ ਗੱਠਜੋੜ ਦਾ ਸਹਿਯੋਗੀ ਦੇਸ਼ ਤੁਰਕੀ ਵੀ ਰਣਨੀਤਕ ਤੌਰ 'ਤੇ ਹੌਲੀ-ਹੌਲੀ ਜਿਸ ਪਾਸੇ ਖਿਸਕ ਰਿਹਾ ਹੈ, ਉਸ ਨਾਲ ਮਲੇਸ਼ੀਆ ਦਾ ਹੱਥ ਮਿਲਾਉਣਾ ਕੋਈ ਅਰਥ ਰੱਖਦਾ ਹੈ।

ਬੰਗਲਾ ਦੇਸ਼ ਦੀ ਪ੍ਰਧਾਨ ਮੰਤਰੀ ਹੁਸੀਨਾ ਬੇਸ਼ੱਕ ਧਰਮ ਨਿਰਪੱਖਤਾ ਦਾ ਝੰਡਾ ਚੁੱਕੀ ਰੱਖਣਾ ਚਾਹੁੰਦੀ ਹੈ, ਪਰ ਵਿਚਲੇ ਸਮੇਂ ਵਿਚ ਜਦੋਂ ਉਸ ਦੇਸ਼ ਨੂੰ ਇਸਲਾਮਕ ਰਿਪਬਲਿਕ ਐਲਾਨਿਆ ਗਿਆ ਸੀ, ਧਰਮ ਨਿਰਪੱਖਤਾ ਦੀ ਥਾਂ ਅੰਦਰੋ-ਅੰਦਰ ਇੱਕ ਜਨੂੰਨੀ ਕਿਸਮ ਦੇ ਰਾਹ ਉਤੇ ਚੱਲਣ ਦਾ ਮੁੱਢ ਉਸ ਵਕਤ ਹੀ ਬੱਝ ਗਿਆ ਸੀ। ਇਸ ਵਕਤ ਉਥੇ ਦਹਿਸ਼ਤਗਰਦੀ ਮਜ਼ਬੂਤ ਹੋ ਰਹੀ ਹੈ। ਇੱਕ ਪਾਸੇ ਉਸ ਦੇਸ਼ ਵਿਚ ਪਾਕਿਸਤਾਨ ਤੋਂ ਵੱਖ ਹੋਣ ਤੇ ਵੱਖਰਾ ਬੰਗਲਾ ਦੇਸ਼ ਬਣਨ ਵੇਲੇ ਦੇ ਪਾਕਿਸਤਾਨੀ ਫੌਜ ਦੇ ਏਜੰਟਾਂ ਨੂੰ ਫਾਂਸੀ ਦੇ ਹੁਕਮ ਸੁਣਾਏ ਜਾ ਰਹੇ ਹਨ ਤੇ ਦੂਜੇ ਪਾਸੇ ਪਾਕਿਸਤਾਨੀ ਖੁਫੀਆ ਏਜੰਸੀ ਦਾ ਤਾਣਾ ਅੰਦਰੋਂ-ਅੰਦਰ ਵਧ ਰਿਹਾ ਹੈ।

ਸਾਡੇ ਭਾਰਤੀਆਂ ਲਈ ਚਿੰਤਾ ਦੀ ਗੱਲ ਦੋ ਪੱਖਾਂ ਤੋਂ ਹੈ। ਇੱਕ ਇਹ ਕਿ ਇੱਕੋ ਲੀਡਰ ਦਾ ਉਭਾਰ ਹੋਣ ਨਾਲ ਦੇਸ਼ ਵਿਚ ਸਮੂਹਕਤਾ ਖਤਮ ਹੁੰਦੀ ਜਾਂਦੀ ਅਤੇ ਸਿਰਫ ਤੇ ਸਿਰਫ ਇੱਕੋ ਹੱਥ ਵਿਚ ਸਾਰੀ ਤਾਕਤ ਇਕੱਠੀ ਹੋਣ ਵਾਲਾ ਅਮਲ ਅੱਗੇ ਵਧੀ ਜਾ ਰਿਹਾ ਹੈ। ਨਾਲ ਦੀ ਨਾਲ ਭੜਕੀਆਂ ਭੀੜਾਂ ਵੱਲੋਂ ਰਾਹ ਜਾਂਦੇ ਕਿਸੇ ਵੀ ਵਿਅਕਤੀ ਦੇ ਵਿਰੁਧ ਕਿਸੇ ਤਰ੍ਹਾਂ ਦਾ ਹਮਲਾ ਕਰਨ ਅਤੇ ਕੁੱਟ ਕੇ ਮਾਰ ਦੇਣ ਵਾਲੀਆਂ ਘਟਨਾਵਾਂ ਵਿਚ ਵਾਧਾ ਹੋਈ ਜਾਂਦਾ ਹੈ। ਇਹ ਉਸੇ ਜਨੂੰਨ ਨਾਲ ਜੁੜੀ ਹੋਈ ਇੱਕ ਮਿਸਾਲ ਸਮਝਣਾ ਚਾਹੀਦਾ ਹੈ, ਜੋ ਜਨੂੰਨ ਸਮਾਂ ਪਾ ਕੇ ਉਥੇ ਲੈ ਜਾਇਆ ਕਰਦਾ ਹੈ ਕਿ ਫਿਰ ਪਿੱਛੇ ਹਟਣ ਦਾ ਰਾਹ ਹੀ ਨਹੀਂ ਰਹਿੰਦਾ। ਹੇਠਲੀ ਤਹਿ ਵਿਚ ਚੱਲਦਾ ਇਹ ਅਮਲ ਮਹਿਸੂਸ ਹੋ ਰਿਹਾ ਹੈ।

ਚਿੰਤਾ ਦਾ ਦੂਜਾ ਪੱਖ ਇਹ ਹੈ ਕਿ ਸੁਚੇਤ ਜਾਂ ਅਚੇਤ ਤੌਰ 'ਤੇ ਭਾਰਤ ਇਸ ਵੇਲੇ ਸੰਸਾਰ ਭਰ ਵਿਚ ਹੋਣ ਵਾਲੀ ਇੱਕ ਨਵੀਂ ਕਤਾਰਬੰਦੀ ਵਿਚ ਨਿਰਲੇਪ ਨਹੀਂ ਰਿਹਾ, ਇੱਕ ਖਾਸ ਧਿਰ ਨਾਲ ਜੁੜਦਾ ਜਾ ਰਿਹਾ ਹੈ। ਇਸ ਧਿਰ ਦਾ ਅਸਲੀ ਆਗੂ ਕੌਣ ਹੈ, ਸਭ ਨੂੰ ਪਤਾ ਹੈ, ਪਰ ਅਮਲ ਵਿਚ ਇਜ਼ਰਾਈਲ ਦੇ ਨੇਤਨਯਾਹੂ ਨੂੰ ਇੱਕ ਮੋਰਚੇ ਦਾ ਲੀਡਰ ਬਣਾ ਕੇ ਉਭਾਰਿਆ ਜਾ ਰਿਹਾ ਹੈ, ਜਿਸ ਨਾਲ ਸੰਸਾਰ ਨਕਸ਼ੇ ਉਤੇ ਇਸਲਾਮੀ ਦੇਸ਼ਾਂ ਵਿਚਾਲੇ ਸਥਿਤ ਭਾਰਤ ਦੀ ਕੁਝ ਖਾਸ ਧਾਰਨਾਵਾਂ ਦੇ ਵਹਿਣ ਵਿਚ ਵਹਿੰਦਾ ਜਾਂਦਾ ਜਾਪਣ ਲੱਗਾ ਹੈ।

ਜਦੋਂ ਦੂਜੀ ਸੰਸਾਰ ਜੰਗ ਹੋਈ ਤਾਂ ਉਸ ਨਾਲ ਭਾਰਤ ਦਾ ਕੋਈ ਸਿੱਧਾ ਵਾਸਤਾ ਨਹੀਂ ਸੀ, ਇਸ ਦੇਸ਼ ਉਤੇ ਰਾਜ ਕਰਨ ਵਾਲੇ ਬ੍ਰਿਟਿਸ਼ ਸਾਮਰਾਜ ਦਾ ਸੰਸਾਰ ਜੰਗ ਵਿਚ ਕੁੱਦਣਾ ਭਾਰਤ ਨੂੰ ਭੁਗਤਣਾ ਪਿਆ ਸੀ। ਸੰਸਾਰ ਜੰਗ ਵਿਚ ਭਾਰਤ ਦੇ 87 ਹਜ਼ਾਰ ਲੋਕ ਜੰਗ ਲੜਦੇ ਮੌਤ ਦੀ ਝੋਲੀ ਜਾ ਪਏ ਸਨ ਅਤੇ ਇਸ ਦੌਰਾਨ ਜੰਗ ਦੇ ਨਾਲ ਸਿਰ ਪਈਆਂ ਹੋਰ ਮੁਸ਼ਕਿਲਾਂ ਕਾਰਨ ਕੁੱਲ ਮੌਤਾਂ ਦੀ ਗਿਣਤੀ 31 ਲੱਖ ਨੂੰ ਟੱਪ ਗਈ ਸੀ।

ਪੰਜਾਬੀ ਦਾ ਮੁਹਾਵਰਾ ਹੈ, 'ਗਧੇ ਨੂੰ ਸੋਟਾ ਤੇ ਰਾਕੀ ਨੂੰ ਸੈਨਤ।' ਜੋ ਕੌਮਾਂ ਗਧੇ ਵਾਂਗ ਸੋਟੇ ਖਾਣ ਹੀ ਗਿੱਝ ਜਾਂਦੀਆਂ ਹਨ ਤੇ ਰਾਕੀ (ਘੋੜੇ) ਵਾਂਗ ਸਮੇਂ ਦੀ ਸੈਨਤ ਨਹੀਂ ਸਮਝ ਸਕਦੀਆਂ, ਉਨ੍ਹਾਂ ਨੂੰ ਮੁੜ-ਮੁੜ ਸੰਤਾਪ ਹੰਢਾਉਣਾ ਪੈ ਜਾਂਦਾ ਹੈ। ਭਾਰਤ ਇਸ ਵਕਤ ਉਸੇ ਸੰਤਾਪ ਦੀ ਸੜਕੇ ਪੈਂਦਾ ਜਾਪਦਾ ਹੈ। ਬਦਕਿਸਮਤੀ ਇਹ ਵੀ ਹੈ ਕਿ ਨਵੀਂ ਹੋ ਰਹੀ ਸੰਸਾਰ ਕਤਾਰਬੰਦੀ ਦੌਰਾਨ ਜਿਸ ਭਾਰਤ ਦਾ ਨਾਂ ਇੱਕ ਧਿਰ ਨਾਲ ਜੋੜਿਆ ਜਾਂਦਾ ਹੈ, ਉਸ ਦਾ ਅਜੋਕਾ ਲੀਡਰ ਦੇਸ਼ ਬੇਸ਼ੱਕ ਇਜ਼ਰਾਈਲ ਹੈ ਅਤੇ ਕਤਾਰਬੰਦੀ ਦਾ ਆਗੂ ਉਥੋਂ ਦਾ ਪ੍ਰਧਾਨ ਮੰਤਰੀ ਯੇਤਨਯਾਹੂ ਜਾਪਦਾ ਹੈ, ਪਰ ਇਹ ਅਗਵਾਈ ਪੱਕੀ ਨਹੀਂ, ਅੱਗੋਂ ਇਸ ਅਗਵਾਈ ਦਾ ਛੱਜ ਖਿਸਕਦਾ ਭਾਰਤ ਦੇ ਵਿਹੜੇ ਵੱਲ ਆ ਰਿਹਾ ਹੈ।

ਸਿਆਣੇ ਕਹਿੰਦੇ ਹੁੰਦੇ ਸਨ ਕਿ ਸੁੱਤੇ ਨੂੰ ਹਲੂਣ ਕੇ ਜਗਾਇਆ ਜਾ ਸਕਦਾ ਹੈ, ਪਰ ਜੋ ਘੇਸਲ ਮਾਰ ਕੇ ਪਿਆ ਹੋਵੇ, ਉਸ ਬੰਦੇ ਨੂੰ ਉਠਾਉਣਾ ਔਖਾ ਹੁੰਦਾ ਹੈ। ਅੱਜ ਦੇ ਹਾਲਾਤ ਵਿਚ ਵੀ ਕਈ ਲੋਕਾਂ ਨੇ ਘੇਸਲ ਮਾਰੀ ਪਈ ਹੈ।

# ਧਰਮੀ ਸ਼ਿੰਗਾਰ, ਧਰਮੀ ਪ੍ਰਚਾਰ ਅਤੇ ਧਰਮੀ ਵਿਕਾਰ

ਕੁਲਵੰਤ ਸਿੰਘ ਢੇਸੀ


ਪੰਜਾਬ ਅਤੇ ਪੰਥਕ ਹਲਕਿਆਂ ਵਿਚ ਪਿਛਲੇ ਕੁਝ ਹਫਤਿਆਂ ਤੋਂ ਇਹ ਤੌਖਲਾ ਬਰਕਰਾਰ ਹੈ ਕਿ ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸੁਲਤਾਨਪੁਰ ਲੋਧੀ ਵਿਚ ਗੁਰਦੁਆਰਾ ਬੇਰ ਸਾਹਿਬ ਵਿਖੇ ਲੱਗਣ ਵਾਲੀ ਪੰਥਕ ਸਟੇਜ ਦਾ ਸ਼ਿੰਗਾਰ ਕਿਹੜੇ ਲੋਕ ਬਣਨਗੇ? ਅਕਾਲ ਤਖਤ ਸਾਹਿਬ ਦੇ ਐਕਟਿੰਗ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਨੁਸਾਰ ਸ਼੍ਰੋਮਣੀ ਕਮੇਟੀ ਵਲੋਂ ਸਿਰਫ ਇੱਕ ਹੀ ਸਟੇਜ ਲੱਗੇਗੀ, ਜਿਥੇ ਸਭ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਜਾਵੇਗਾ। ਜਦ ਕਿ ਪੰਥ ਹਿਤੈਸ਼ੀਆਂ ਨੂੰ ਇਹ ਖਦਸ਼ਾ ਹੈ ਕਿ ਇਸ ਪੰਥਕ ਸਟੇਜ ਦਾ ਸ਼ਿੰਗਾਰ ਉਹ ਲੋਕ ਬਣਨਗੇ, ਜੋ ਭਾਰਤ ਨੂੰ ਹਿੰਦੂ ਰਾਜ ਘੋਸ਼ਿਤ ਕਰਨ ਲਈ ਬਜ਼ਿਦ ਹਨ ਅਤੇ ਜਿਨ੍ਹਾਂ ਦਾ ਬਾਈਕਾਟ ਕਰਨ ਬਾਰੇ ਅਕਾਲ ਤਖਤ ਤੋਂ ਆਦੇਸ਼ ਆਏ ਹਨ। ਇਹ ਉਹੀ ਲੋਕ ਹਨ, ਜਿਨ੍ਹਾਂ ਦੇ ਆਗੂ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਇੰਦਰਾਂ ਨੂੰ ਦੁਰਗਾ ਦਾ ਰੂਪ ਕਹਿੰਦੇ ਰਹੇ ਹਨ ਅਤੇ ਲਾਲ ਕ੍ਰਿਸ਼ਨ ਅਡਵਾਨੀ ਵਰਗਿਆਂ ਨੇ ਤਾਂ ਆਪਣੀ ਜੀਵਨ ਕਥਾ ਵਿਚ ਇਥੋਂ ਤਕ ਕਿਹਾ ਹੈ ਕਿ ਇੰਦਰਾ ਨੇ ਦਰਬਾਰ ਸਾਹਿਬ 'ਤੇ ਹਮਲਾ ਨਹੀਂ ਸੀ ਕਰਨਾ, ਪਰ ਅਸੀਂ ਉਸ ਨੂੰ ਮਜ਼ਬੂਰ ਕੀਤਾ ਸੀ।

ਪੰਥਕ ਧਿਰਾਂ ਦਾ ਇਹ ਖਦਸ਼ਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਦੀ 550 ਸਾਲਾ ਸਟੇਜ ਹਿੰਦੁਤਵੀ ਦਿੱਖ ਵਾਲੀ ਹੋਵੇਗੀ ਅਤੇ ਇਸ ਸਟੇਜ 'ਤੇ ਬਹੁਤੇ ਬਾਦਲਾਂ ਪੱਖੀ ਜਾਂ ਹਿੰਦੁਤਵਵਾਦੀ ਸੰਤ ਸਮਾਜ ਜਾਂ ਸੰਪਰਦਾਈਆਂ ਦੇ ਚਿਹਰੇ ਦਿਖਾਈ ਦੇ ਸਕਦੇ ਹਨ। ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਜੋ ਅਕਾਲੀ ਰਾਜਨੀਤੀ ਅਤੇ ਸ਼੍ਰੋਮਣੀ ਕਮੇਟੀ ਦੀ ਮਿਲੀ ਭੁਗਤ ਤੋਂ ਬਹੁਤ ਚੰਗੀ ਤਰ੍ਹਾਂ ਵਾਕਿਫ ਹਨ, ਦਾ ਵੀ ਇਹ ਹੀ ਵਿਚਾਰ ਹੈ ਕਿ ਇਸ ਸਟੇਜ ਦਾ ਸ਼ਿੰਗਾਰ ਉਹ ਹੀ ਲੋਕ ਬਣਨਗੇ, ਜੋ ਸਿੱਖੀ ਦੇ ਵਿਰੋਧ ਵਿਚ ਹਨ। ਜਥੇਦਾਰ ਭੌਰ ਨੇ ਇਕ ਹੋਰ ਵੀ ਖੁਲਾਸਾ ਕੀਤਾ ਹੈ ਕਿ ਸਿੱਖ ਰਹਿਤ ਮਰਿਆਦਾ, ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਦੇ ਖਿਲਾਫ ਅਤੇ ਪੰਥਕ ਸਰੋਤਾਂ ਵਿਚ ਸੁਧਾਈ ਦੇ ਖਿਲਾਫ ਵੀ ਸੰਪਰਦਾਈਆਂ ਦੀ ਹੀ ਮਿਲੀ ਭੁਗਤ ਰਹੀ ਹੈ, ਪਰ ਉਹ ਲੋਕ ਹੀ ਹੁਣ ਪੰਥਕ ਸਟੇਜ ਦਾ ਸ਼ਿੰਗਾਰ ਬਣਨਗੇ।

ਲੋੜ ਤਾਂ ਇਸ ਗੱਲ ਦੀ ਸੀ ਕਿ ਇਸ ਵਿਸ਼ੇਸ਼ ਮੌਕੇ ਪੰਥਕ ਬੋਲਬਾਲੇ ਅਤੇ ਪੰਥਕ ਏਕਤਾ ਲਈ ਯਤਨ ਕੀਤੇ ਜਾਂਦੇ, ਪਰ ਪੰਥ ਦੀ ਅਗਵਾਈ ਨੂੰ ਕਿਉਂਕਿ ਸਿਆਸੀ ਲੋਕਾਂ ਵਲੋਂ ਉਧਾਲਿਆ ਹੋਇਆ ਹੈ, ਇਸ ਕਰਕੇ ਪੰਥਕ ਸ਼ਤਾਬਦੀਆਂ ਨੂੰ ਧਰਮ ਦੀ ਥਾਂ ਰਾਜਨੀਤਕ ਹਿੱਤਾਂ ਵਾਸਤੇ ਵਰਤਣ ਦੀ ਹਮੇਸ਼ਾ ਹੀ ਦੌੜ ਰਹੀ ਹੈ ਅਤੇ ਇਸ ਵਾਰ ਵੀ ਇਹੋ ਕੁਝ ਹੋਣ ਦੇ ਸੰਕੇਤ ਹਨ। ਇਸ ਮੌਕੇ ਮੁੱਖ ਰੱਖ ਕੇ ਸਰਕਾਰ ਵਲੋਂ ਵਿਦੇਸ਼ੀ ਸਿੱਖਾਂ ਦੀਆਂ ਕਾਲੀਆਂ ਸੂਚੀਆਂ ਖਤਮ ਕਰਨ, ਕੁਝ ਕੁ ਰਾਜਨੀਤਕ ਸਿੱਖ ਬੰਦੀਆਂ ਦੀ ਰਿਹਾਈ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਵਾਲੀਆਂ ਕੁਝ ਹਾਂ-ਪੱਖੀ ਗੱਲਾਂ ਜ਼ਰੂਰ ਹੋ ਰਹੀਆਂ ਹਨ, ਪਰ ਇਸ ਦੇ ਨਾਲ ਨਾਲ ਭਾਜਪਾ ਸਰਕਾਰ ਵਲੋਂ ਸਿੱਖਾਂ ਦੀ ਨਿਵੇਕਲੀ ਹੋਂਦ ਨੂੰ ਨਕਾਰ ਕੇ ਅਤੇ ਰਾਸ਼ਟਰੀ ਸਿੱਖ ਸੰਗਤ ਨੂੰ ਉਭਾਰ ਕੇ ਅੰਦਰ ਹੀ ਅੰਦਰ ਸਿੱਖਾਂ ਨੂੰ ਹਿੰਦੁਤਵ ਵਿਚ ਜਜ਼ਬ ਕਰਨ ਦੀਆਂ ਚਾਲਾਂ ਵੀ ਚੱਲੀਆਂ ਜਾ ਰਹੀਆਂ ਹਨ।

ਗੁਰੂ ਨਾਨਕ ਪਾਤਸ਼ਾਹ ਨੇ ਜਿਸ ਛੂਤ ਛਾਤ ਅਤੇ ਪੱਖਪਾਤੀ ਬਿਪਰਵਾਦ ਨੂੰ ਨਕਾਰ ਕੇ ਨਿਰਮਲ ਪੰਥ ਬਣਾਇਆ ਸੀ, ਅੱਜ ਉਸੇ ਪਾਤਸ਼ਾਹ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਂਦਿਆਂ ਮੁੜ ਓਹੀ ਪੱਖਪਾਤੀ ਬਿਪਰ ਚਿਹਰੇ ਪੰਥਕ ਸਟੇਜ 'ਤੇ ਹਾਵੀ ਹੋਣਗੇ, ਜੋ ਬਾਬੇ ਨਾਨਕ ਦੇ ਨਿਰਮਲ ਪੰਥ ਨੂੰ ਖਤਮ ਕਰਨ ਲਈ ਤਤਪਰ ਹਨ। ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਵਾਗ ਡੋਰ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਹੈ, ਜੋ ਸੰਘ ਪਰਿਵਾਰ ਸਾਹਮਣੇ ਉਚਾ ਸਾਹ ਤਕ ਨਹੀਂ ਕੱਢਦੇ। ਸਿੱਖ ਸੰਤ ਸਮਾਜ ਅਤੇ ਨਾਮ ਨਿਹਾਦ ਸਿੱਖ ਸੰਪਰਦਾਵਾਂ ਦੇ ਆਗੂ ਵੀ ਬਾਦਲਾਂ ਅਤੇ ਹਿੰਦੁਤਵੀ ਸ਼ਕਤੀਆਂ ਦਾ ਪਾਣੀ ਭਰਦੇ ਹਨ, ਜਿਨ੍ਹਾਂ ਦਾ ਪੰਥ ਵਿਰੋਧੀ ਪੈਂਤੜਾ ਜੱਗ ਨਸ਼ਰ ਹੋ ਚੁਕਾ ਹੈ। ਅਫਸੋਸ ਦੀ ਗੱਲ ਹੈ ਕਿ 550ਵੇਂ ਪ੍ਰਕਾਸ਼ ਪੁਰਬ ਦੀ ਸਟੇਜ 'ਤੇ ਸਿੱਖਾਂ ਦੇ ਉਹ ਆਗੂ ਹੀ ਸ਼ਿੰਗਾਰ ਬਣਨਗੇ, ਜੋ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਸਬੰਧੀ ਨਾ ਤਾਂ ਕਿਸੇ ਮੋਰਚੇ ਵਿਚ ਗਏ ਅਤੇ ਨਾ ਹੀ ਉਨ੍ਹਾਂ ਨੇ ਸੰਕਟ ਦੇ ਵੇਲੇ ਆਪਣਾ ਸਿੱਖ ਹੋਣ ਦਾ ਫਰਜ਼ ਅਦਾ ਕੀਤਾ।

**ਵਿਜੈ ਕੁਮਾਰ ਨਾਇਡੂ ਉਰਫ ਕਲਕੀ ਭਗਵਾਨ:** ਭਾਰਤ ਵਿਚ ਕਰੋੜਾਂ ਲੋਕਾਂ ਨੂੰ ਪਿਛੇ ਲਾਉਣ ਵਾਲੇ ਆਸਾ ਰਾਮ ਬਾਪੂ, ਸੰਤ ਰਾਮ ਪਾਲ, ਸਵਾਮੀ ਨਿਤਿਆ ਨੰਦ, ਗੁਰਮੀਤ ਰਾਮ ਰਹੀਮ ਅਤੇ ਅਨੇਕਾਂ ਅਜਿਹੇ ਅਖੌਤੀ ਧਰਮ ਗੁਰੂਆਂ ਦੀ ਸੱਚਾਈ ਲੋਕਾਂ ਸਾਹਮਣੇ ਪ੍ਰਗਟ ਹੋਣ ਪਿਛੋਂ ਅੱਜ ਕਲ ਇੱਕ ਕਲਕੀ ਭਗਵਾਨ ਨਾਂ ਦਾ ਧਰਮੀ ਗੁਰੂ ਚਰਚਾ 'ਚ ਹੈ। ਉਸ ਦੇ 40 ਟਿਕਾਣਿਆਂ 'ਤੇ ਪੁਲਿਸ ਛਾਪੇ ਪੈ ਰਹੇ ਹਨ। ਇਹ ਗੱਲ ਖਾਸ ਗੌਰ ਕਰਨ ਵਾਲੀ ਹੈ ਕਿ ਪੰਜਾਬ ਅਤੇ ਭਾਰਤ ਦੇ ਰਾਜਨੀਤਕ, ਧਾਰਮਕ ਅਤੇ ਸਮਾਜਕ ਸਰੋਕਾਰਾਂ 'ਤੇ ਇਨ੍ਹਾਂ ਡੇਰਿਆਂ ਦੀ ਅਮਰ ਵੇਲ ਛਾਈ ਹੋਈ ਹੈ, ਜਿਨ੍ਹਾਂ ਦੇ ਆਗੂਆਂ 'ਤੇ ਹਵਾਲੇ, ਚੋਰੀਆਂ, ਉਧਾਲੇ, ਜਬਰਜਨਾਹਾਂ ਅਤੇ ਕਤਲਾਂ ਤਕ ਦੇ ਦੋਸ਼ ਜੱਗ ਜਾਹਰ ਹੋ ਚੁਕੇ ਹਨ।



ਵਿਜੈ ਕੁਮਾਰ ਨਾਇਡੂ ਉਰਫ ਕਲਕੀ ਭਗਵਾਨ

'ਕਲਕੀ ਅਵਤਾਰ ਆਸ਼ਰਮ' ਦੇ ਸੰਚਾਲਕ ਕਲਕੀ ਭਗਵਾਨ ਦਾ ਅਸਲੀ ਨਾਂ ਵਿਜੈ ਕੁਮਾਰ ਨਾਇਡੂ ਹੈ, ਜੋ ਐਲ. ਆਈ. ਸੀ. ਵਿਚ ਇੱਕ ਕਲਰਕ ਸੀ। ਕਲਰਕੀ ਛੱਡ ਕੇ ਉਸ ਨੇ ਇੱਕ ਕਾਰੋਬਾਰ ਸ਼ੁਰੂ ਕੀਤਾ, ਜਿਸ ਦਾ ਦਿਵਾਲਾ ਨਿਕਲਣ 'ਤੇ ਉਹ ਅੰਡਰ ਗਰਾਊਂਡ ਹੋ ਗਿਆ ਅਤੇ ਫਿਰ 1979 'ਚ ਉਸ ਨੇ ਆਪਣੇ ਆਪ ਨੂੰ ਵਿਸ਼ਨੂੰ ਦਾ ਦਸਵਾਂ ਅਵਤਾਰ ਕਹਿ ਕੇ 'ਧਾਰਮਿਕ ਕਾਰੋਬਾਰ' ਸ਼ੁਰੂ ਕਰ ਲਿਆ।

ਹੁਣ ਉਸ ਕੋਲ 500 ਕਰੋੜ ਦੀ ਚੱਲ-ਅਚੱਲ ਜਾਇਦਾਦ ਦੇ ਨਾਲ 43.9 ਕਰੋੜ ਦੀ ਨਕਦੀ, 18 ਕਰੋੜ ਦੀ ਵਿਦੇਸ਼ੀ ਨਕਦੀ, 88 ਕਿੱਲੋ ਸੋਨੇ ਦੇ ਵਸਤਰ, ਜਿਨ੍ਹਾਂ ਦੀ ਕੀਮਤ 26 ਕਰੋੜ ਹੈ ਅਤੇ 5 ਕਰੋੜ ਦੇ ਹੀਰੇ ਹੋਣ ਦਾ ਖੁਲਾਸਾ ਹੋਇਆ ਹੈ। ਕਲਕੀ ਭਗਵਾਨ ਨੇ ਟਰੱਸਟਾਂ ਅਤੇ ਕੰਪਨੀਆਂ ਰਾਹੀਂ ਵਿਦੇਸ਼ਾਂ ਵਿਚ ਮੋਟਾ ਨਿਵੇਸ਼ ਕੀਤਾ ਹੈ। ਇਸ ਵਿਚ ਟੈਕਸ ਮੁਕਤ ਦੇਸ਼ ਸ਼ਾਮਲ ਹਨ। ਚੀਨ, ਅਮਰੀਕਾ, ਸਿੰਗਾਪੁਰ ਅਤੇ ਯੂ. ਏ. ਈ. ਵਿਚ ਸਥਾਪਤ ਇਹ ਕੰਪਨੀਆਂ ਵਿਦੇਸ਼ੀ ਗਾਹਕਾਂ ਤੋਂ ਧੰਨ ਉਗਰਾਹੁੰਦੀਆਂ ਹਨ। ਦਸਤਾਵੇਜ਼ਾਂ ਤੋਂ ਪਤਾ ਲੱਗਾ ਕਿ ਇਸ 'ਭਗਵਾਨ' ਦੀ ਤਾਮਿਲਨਾਡੂ ਵਿਚ ਹਜ਼ਾਰਾਂ ਏਕੜ ਬੇਨਾਮੀ ਜਮੀਨ ਹੈ। ਆਂਧਰਾ ਪ੍ਰਦੇਸ਼ ਅਤੇ ਵਿਦੇਸ਼ਾਂ ਵਿਚ ਅਚੱਲ ਜਾਇਦਾਦ ਦੇ ਸੰਕੇਤ ਵੀ ਮਿਲੇ ਹਨ। ਕਲਕੀ ਦੇ ਬੇਟੇ ਕ੍ਰਿਸ਼ਨ ਜੀ 'ਤੇ ਸੈਂਕੜੇ ਏਕੜ ਜਮੀਨ 'ਤੇ ਕਬਜ਼ਾ ਕਰਕੇ ਰੀਅਲ ਅਸਟੇਟ ਦਾ ਕਬਜ਼ਾ ਕਰਨ ਦੇ ਦੋਸ਼ ਹਨ। ਇਹ ਦੋਵੇਂ ਪਿਓ-ਪੁੱਤ ਧਾਰਮਿਕ ਅਤੇ ਬਿਹਤਰ ਜੀਵਨ ਜਿਉਣ ਦਾ ਉਪਦੇਸ਼ ਦੇ ਕੇ ਕਾਲਾ ਧੰਨ ਇਕੱਠਾ ਕਰਦੇ ਹਨ।

ਇਨ੍ਹੀਂ ਦਿਨੀਂ ਪੰਜਾਬ ਵਿਚ ਰਾਧਾ ਸੁਆਮੀ ਡੇਰੇ ਦੇ ਸੰਚਾਲਕ ਦਾ ਨਾਂ ਵੀ ਸੁਰਖੀਆਂ 'ਚ ਹੈ ਅਤੇ ਤਤਕਾਲੀ ਬਾਬੇ ਚਰਨ ਸਿੰਘ ਦੇ ਦੋ ਭਾਣਜੇ ਕਰੋੜਾਂ ਰੁਪਏ ਦੇ ਅਖੌਤੀ ਘਪਲੇ ਸਬੰਧੀ ਹਿਰਾਸਤ ਵਿਚ ਹਨ।

ਪੰਜਾਬ ਟਾਈਮਜ਼

*ਸਨਿਚਰਵਾਰ, 9 ਨਵੰਬਰ 2019*

# ਭਵਿਖ ਦੀ ਸਿਆਸਤ

ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇ ਸੁੱਚੇ ਸੁਨੇਹੇ ਨੇ ਸੁੱਚੀ ਸਿਆਸਤ ਦੇ ਕਿਵਾੜ ਖੋਲ੍ਹ ਦਿੱਤੇ ਹਨ। ਬਾਬੇ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਦੋਹਾਂ ਪੰਜਾਬਾਂ ਨੇ ਧਾਹ ਗਲਵੱਕੜੀ ਪਾਈ ਹੈ। ਇਸ ਗਲਵੱਕੜੀ ਦੀ ਕੱਸ ਢਿੱਲੀ ਪਾਉਣ ਲਈ ਝੂਠ ਦੀ ਸਿਆਸਤ ਨੇ ਹਰ ਸੰਭਵ ਕੋਸ਼ਿਸ਼ ਕੀਤੀ, ਪਰ ਸੱਚ ਦੀਆਂ ਗੂੰਜਾਰਾਂ ਇੰਨੀਆਂ ਉਚੀਆਂ ਹੋ ਗਈਆਂ ਕਿ ਝੂਠ ਦੀ ਸਿਆਸਤ ਪਿਛਾਂਹ ਛੁੱਟ ਗਈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਵਾਰ ਫਿਰ ਪਾਕਿਸਤਾਨ ਬਾਰੇ ਤੌਖਲੇ ਜਾਹਰ ਕਰਦਿਆਂ ਕਰਤਾਰਪੁਰ ਲਾਂਘਾ ਖੋਲ੍ਹਣ ਨੂੰ ਦਹਿਸ਼ਤਪਸੰਦੀ ਨਾਲ ਜੋੜਨ ਦਾ ਯਤਨ ਕੀਤਾ। ਸਭ ਨੂੰ ਯਾਦ ਹੋਵੇਗਾ ਕਿ ਪਿਛਲੇ ਸਾਲ ਜਦੋਂ ਲਾਂਘਾ ਖੁੱਲ੍ਹਣ ਬਾਰੇ ਗੱਲ ਅਜੇ ਚੱਲੀ ਹੀ ਸੀ ਤਾਂ ਮੁੱਖ ਮੰਤਰੀ ਨੇ ਉਸ ਵਕਤ ਵੀ ਇਹੀ ਬਿਆਨ ਦਾਗਿਆ ਸੀ। ਇਸ ਦੇ ਨਾਲ ਹੀ ਭਾਰਤੀ ਹਾਕਮਾਂ ਵਲੋਂ ਆਪਣੀ ਸੌੜੀ ਸਿਆਸਤ ਕਾਰਨ ਜਦੋਂ ਪੰਜਾਬ ਨੂੰ ਜੰਗ ਵਲ ਧੱਕਿਆ ਜਾ ਰਿਹਾ ਸੀ ਤਾਂ ਵੀ ਮੁੱਖ ਮੰਤਰੀ ਕੇਂਦਰ ਦੇ ਹਾਕਮਾਂ ਨਾਲ ਖੜ੍ਹਾ ਨਜ਼ਰ ਆਇਆ ਸੀ; ਹਾਲਾਂਕਿ ਉਸ ਵਕਤ ਵੀ ਪੰਜਾਬ ਵਿਚੋਂ ਜੰਗ ਦੇ ਖਿਲਾਫ ਆਵਾਜ਼ ਬੁਲੰਦ ਹੋਈ ਸੀ। ਉਦੋਂ ਮੁੱਖ ਮੰਤਰੀ ਨੇ ਖੁਦ ਨੂੰ ਫੌਜੀ ਦੱਸਦਿਆਂ ਦੇਸ਼ ਭਗਤੀ ਨਾਲ ਲਿਬੜੇ ਬਿਆਨ ਦਾਗ ਕੇ ਧਿਆਨ ਖਿੱਚਣ ਦਾ ਯਤਨ ਕੀਤਾ ਸੀ। ਹੁਣ ਦੇ ਬਿਆਨ ਬਾਰੇ ਪੰਜਾਬ ਕਾਂਗਰਸ ਦੇ ਮੁਖੀ ਸੁਨੀਲ ਜਾਖੜ ਦਾ ਬਿਆਨ ਆਇਆ ਹੈ ਕਿ ਮੁੱਖ ਮੰਤਰੀ ਸਾਬਕਾ ਫੌਜੀ ਰਹੇ ਹਨ, ਪਰ ਵਿਚੋਂ ਨੁਕਤਾ ਤਾਂ ਇਹ ਹੈ ਕਿ ਪੰਜਾਬ ਦੇ ਲੋਕਾਂ ਨੇ ਸੂਬੇ ਦੀ ਅਗਵਾਈ ਕਰਨ ਲਈ ਕਿਸੇ ਫੌਜੀ ਨੂੰ ਨਹੀਂ ਸੀ ਚੁਣਿਆ, ਸਗੋਂ ਅਮਰਿੰਦਰ ਸਿੰਘ ਨੂੰ ਵੋਟਾਂ ਪਾਈਆਂ ਸਨ ਤਾਂ ਜੋ ਅਕਾਲੀ-ਭਾਜਪਾ ਗਠਜੋੜ, ਜੋ ਦਸਾਂ ਸਾਲਾਂ ਤੋਂ ਸੱਤਾ ਵਿਚ ਬੈਠੇ ਮਨ-ਆਈਆਂ ਕਰ ਰਹੇ ਸਨ, ਨੂੰ ਖਦੇੜਿਆ ਜਾ ਸਕੇ। ਉਸ ਵਕਤ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਵੀ ਖਦੇੜ ਸੁੱਟਿਆ ਸੀ, ਜਿਸ ਨੂੰ ਸੂਬੇ ਵਿਚ ਆਪਣੀ ਸਰਕਾਰ ਬਣਾਉਣ ਦੀ ਆਸ ਹੀ ਨਹੀਂ, ਪੂਰਾ ਯਕੀਨ ਵੀ ਹੋ ਗਿਆ ਸੀ। ਜਾਹਰ ਹੈ ਕਿ ਉਸ ਵਕਤ ਲੋਕ-ਸ਼ਕਤੀ ਨੇ ਫੈਸਲਾ ਅਮਰਿੰਦਰ ਸਿੰਘ ਦੇ ਹੱਕ ਵਿਚ ਦਿੱਤਾ ਸੀ। ਹੁਣ ਵੀ ਸਭ ਸਿਆਸੀ ਪਾਰਟੀਆਂ ਦੇ ਸੂਝ ਤੋਂ ਸੱਖਣੇ ਬਿਆਨਾਂ ਦੇ ਬਾਵਜੂਦ ਲੋਕ-ਸ਼ਕਤੀ ਬਾਬੇ ਨਾਨਕ ਦਾ ਪੁਰਬ ਮਨਾਉਣ ਲਈ ਉਮੜ ਆਈ ਹੈ ਅਤੇ ਇਨ੍ਹਾਂ ਪਾਰਟੀਆਂ ਵਲੋਂ ਵਿਛਾਈ ਬਿਸਾਤ ਨੂੰ ਲੋਕਾਂ ਨੇ ਦੁਰਕਾਰ ਦਿੱਤਾ ਹੈ।

ਮੁੱਖ ਮੰਤਰੀ ਨੇ ਹੁਣ ਪਹਿਲਾ ਇਤਰਾਜ਼ ਇਹ ਕੀਤਾ ਹੈ ਕਿ ਲਾਂਘਾ ਖੋਲ੍ਹਣ ਬਾਰੇ ਪਾਕਿਸਤਾਨ ਨੂੰ 70 ਸਾਲ ਚੇਤਾ ਕਿਉਂ ਨਾ ਆਇਆ, ਹੁਣ ਹੀ ਕਿਉਂ ਇਸ ਪਾਸੇ ਉਚੇਚ ਕੀਤੀ ਜਾ ਰਹੀ ਹੈ? ਪਾਕਿਸਤਾਨ ਦੀ ਸਿਆਸਤ ਨੂੰ ਸਮਝਣ-ਬੁੱਝਣ ਵਾਲੇ ਜਾਣਦੇ ਹਨ ਕਿ ਉਥੇ ਬਹੁਤਾ ਸਮਾਂ ਫੌਜ ਦੀ ਸਰਦਾਰੀ ਰਹੀ ਹੈ। ਪਿਛਲੀਆਂ ਚੋਣਾਂ ਵਿਚ ਇਮਰਾਨ ਖਾਨ ਦੀ ਪਾਰਟੀ ਦੀ ਜਿੱਤ ਨੂੰ ਸਰਦਾਰੀ ਦੇ ਇਸੇ ਪੱਲੜੇ ਵਿਚ ਹੀ ਤੋਲਿਆ ਗਿਆ ਸੀ। ਉਂਜ, ਕੌਮੀ ਅਤੇ ਕੌਮਾਂਤਰੀ ਪੱਧਰ ਉਤੇ ਇਸ ਵੇਲੇ ਜੋ ਹਾਲਾਤ ਪਾਕਿਸਤਾਨ ਦੇ ਹਨ, ਇਹ ਖੁਦ ਔਖੇ ਹਾਲਾਤ ਵਿਚੋਂ ਲੰਘ ਰਿਹਾ ਹੈ। ਇਸੇ ਕਰਕੇ ਭਾਰਤ ਦੇ ਫਿਰਕੂ ਹਾਕਮਾਂ ਵਲੋਂ ਹਰ ਤਰ੍ਹਾਂ ਦੀਆਂ ਹੁੱਝਾਂ ਮਾਰਨ ਦੇ ਬਾਵਜੂਦ ਪਾਕਿਸਤਾਨ ਅਜੇ ਤਕ ਆਪਣੇ ਬਚਾਅ ਵਿਚ ਲੱਗਾ ਹੋਇਆ ਹੈ। ਬਿਨਾ ਸ਼ੱਕ, ਇਹ ਗੱਲ ਪੰਜਾਬ, ਸਗੋਂ ਦੋਹਾਂ ਪੰਜਾਬਾਂ ਦੇ ਹੱਕ ਵਿਚ ਜਾਂਦੀ ਹੈ। ਦੋਹਾਂ ਮੁਲਕਾਂ ਵਿਚਾਲੇ ਤਣਾਅ ਦਾ ਸਭ ਤੋਂ ਵੱਧ ਨੁਕਸਾਨ ਪੰਜਾਬਾਂ ਦਾ ਹੀ ਹੁੰਦਾ ਹੈ। ਇਸੇ ਕਰਕੇ ਸਭ ਸਿਆਸੀ ਵਿਸ਼ਲੇਸ਼ਣਕਾਰਾਂ ਨੇ ਕਰਤਾਰਪੁਰ ਲਾਂਘੇ ਨੂੰ ਦੋਹਾਂ ਪੰਜਾਬਾਂ ਦੀ ਸੁਖ-ਮਿਲਣੀ ਨਾਲ ਜੋੜਿਆ ਹੈ। ਉਂਜ ਵੀ ਤੱਥ ਇਹੀ ਬੋਲਦੇ ਹਨ ਕਿ ਜੇ ਦੋਹਾਂ ਪੰਜਾਬਾਂ ਵਿਚਾਲੇ ਵਪਾਰ ਖੁੱਲ੍ਹ ਜਾਵੇ ਤਾਂ ਦੋਹਾਂ ਪਾਸਿਆਂ ਨੂੰ ਬੇਹਦ ਫਾਇਦਾ ਹੋਵੇਗਾ, ਪਰ ਕੇਂਦਰ ਦੇ ਹਾਕਮ ਕਦੀ ਵੀ ਨਹੀਂ ਚਾਹੁਣਗੇ ਕਿ ਅਜਿਹਾ ਸੰਭਵ ਹੋ ਸਕੇ। ਇਸੇ ਕਰਕੇ ਇਹ ਦੋਸਤੀ ਦੇ ਹਰ ਪੈਗਾਮ ਉਤੇ ਫਲੂਹੇ ਸੁੱਟਣ ਦੇ ਯਤਨ ਕਰਦੀ ਹੈ। ਇਕ ਗੱਲ ਸਪਸ਼ਟ ਹੈ ਕਿ ਪ੍ਰਕਾਸ਼ ਪੁਰਬ ਮੌਕੇ ਦੋਹਾਂ ਪੰਜਾਬਾਂ ਦੀ ਇਹ ਗਲਵੱਕੜੀ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਕਰਕੇ ਹੀ ਸੰਭਵ ਹੋ ਸਕੀ ਹੈ। ਇਸ ਵਿਚੋਂ ਹੀ ਭਾਰਤੀ ਉਪ ਮਹਾਂਦੀਪ ਵਿਚ ਭਵਿਖ ਵਿਚ ਹੋਣ ਵਾਲੀ ਸਿਆਸਤ ਦੀ ਕਨਸੋਅ ਮਿਲਦੀ ਹੈ। ਪਿਛਲੇ ਕੁਝ ਸਮੇਂ ਤੋਂ ਕੌਮਾਂਤਰੀ ਖਿਡਾਰੀ ਚੀਨ ਦੀ ਪੈਂਠ ਇਸ ਖਿੱਤੇ ਵਿਚ ਲਗਾਤਾਰ ਵਧ ਰਹੀ ਹੈ। ਚੀਨ ਦਾ ਸ਼ਰੀਕ ਅਮਰੀਕਾ ਇਸ ਪੈਂਠ ਨੂੰ ਠੱਲ੍ਹ ਪਾਉਣ ਲਈ ਗਾਹੇ-ਬਗਾਹੇ ਭਾਰਤ ਦੀ ਪਿੱਠ ਥਾਪੜਦਾ ਰਿਹਾ ਹੈ। ਕੌਮਾਂਤਰੀ ਪੱਧਰ ਉਤੇ ਹੁਣ ਵੀ ਇਹੀ ਸਿਆਸਤ ਚੱਲ ਰਹੀ ਹੈ। ਇਹ ਉਹ ਹਾਲਾਤ ਹਨ, ਜਿਨ੍ਹਾਂ ਨੇ ਪਹਿਲਾਂ ਭਾਰਤ ਅਤੇ ਫਿਰ ਪੰਜਾਬ ਦੀ ਸਿਆਸਤ ਉਤੇ ਭਾਰੂ ਪੈਣਾ ਹੈ। ਇਨ੍ਹਾਂ ਹਾਲਾਤ ਨੂੰ ਸਮਝੇ ਬਿਨਾ ਪੰਜਾਬ ਦੀ ਅਗਲੀ ਸਿਆਸਤ ਉਲੀਕਣੀ ਮੁਸ਼ਕਿਲ ਹੈ। ਪੰਜਾਬ ਵਿਚ ਫਿਲਹਾਲ ਰਵਾਇਤੀ ਸਿਆਸੀ ਪਾਰਟੀਆਂ ਦਾ ਦਬਦਬਾ ਹੈ। ਆਸ ਕਰਨੀ ਚਾਹੀਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਵਿਚੋਂ ਬਦਲਵੀਂ ਸਿਆਸਤ ਦੀ ਆਵਾਜ਼ ਉਚੀ ਉਠੇ ਅਤੇ ਇਹ ਸੂਬੇ ਦੇ ਹਰ ਤਬਕੇ ਨੂੰ ਸਾਂਝੀਵਾਲਤਾ ਦੀ ਸਿਆਸਤ ਨਾਲ ਜੋੜ ਕੇ ਅਗਲਾ ਕਦਮ ਉਠਾਏ। ਬਦਲਵੀਂ ਸਿਆਸਤ ਦੀ ਅਣਹੋਂਦ ਵਿਚ ਰਵਾਇਤੀ ਸਿਆਸਤ ਇਸੇ ਤਰ੍ਹਾਂ ਬਖੇੜੇ ਖੜ੍ਹੇ ਕਰਨ ਵਾਲੇ ਬਿਆਨ ਦਾਗਦੀ ਰਹੇਗੀ ਅਤੇ ਆਮ ਲੋਕਾਂ ਦਾ ਸ਼ੋਸ਼ਣ ਕਰਦੀ ਰਹੇਗੀ। ਇਸ ਦਾ ਇਕੋ-ਇਕ ਤੋੜ ਇਹੀ ਹੈ ਕਿ ਰਵਾਇਤੀ ਪਾਰਟੀਆਂ ਨੂੰ ਲਾਂਭੇ ਕਰਕੇ ਸਾਂਝੀਵਾਲਤਾ ਦੀ ਸਿਆਸਤ ਲਈ ਰਾਹ ਖੋਲ੍ਹੇ ਜਾਣ। ਇਸ ਤੋਂ ਪਹਿਲਾਂ ਬਰਗਾੜੀ ਮੋਰਚੇ ਦੌਰਾਨ ਉਠਿਆ ਲੋਕ-ਸੈਲਾਬ ਅਤੇ ਨਸ਼ਿਆਂ ਖਿਲਾਫ ਉਠੀ ਮੁਹਿੰਮ ਇਹ ਸਾਬਤ ਕਰ ਚੁਕੇ ਹਨ ਕਿ ਸੂਝਵਾਨ, ਸੁਘੜ ਆਗੂ ਹੋਣ ਤਾਂ ਪੰਜਾਬ ਦਾ ਬੇੜਾ ਪਾਰ ਲੱਗ ਸਕਦਾ ਹੈ। ਕਰਤਾਰਪੁਰ ਲਾਂਘਾ ਖੁੱਲ੍ਹਣ ਦੀ ਵੱਡੀ ਪ੍ਰਾਪਤੀ ਇਹੀ ਹੋਵੇਗੀ ਕਿ ਕੂੜ ਦੀ ਸਿਆਸਤ ਨੂੰ ਸਮਝ ਕੇ ਸੱਚ ਦੀ ਸਿਆਸਤ ਲਈ ਚਾਰਾਜੋਈ ਕੀਤੀ ਜਾਵੇ। ਇਹ ਪੈਂਡਾ ਬਿਖੜਾ ਹੈ, ਪਰ ਨਾਨਕ ਨਾਮ ਲੇਵਾ ਇਨ੍ਹਾਂ ਔਖਿਆਈਆਂ ਨੂੰ ਪਾਰ ਕਰ ਸਕਦੇ ਹਨ। ਭਵਿਖ ਦੀ ਸਿਆਸਤ ਇਨ੍ਹਾਂ ਔਖਿਆਈਆਂ ਤੋਂ ਪਾਰ ਜਾ ਕੇ ਹੀ ਲੱਭਣੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਰੁਤਬਾ ਇਮਰਾਨ ਦਾ!*

ਸੂਬੇਦਾਰ ਲਾਹੌਰ ਦਾ ਮੀਰ ਮੰਨੂ, ਮੁੱਲ ਸਿੱਖਾਂ ਦੇ ਸਿਰਾਂ ਦੇ ਪਾਉਣ ਵਾਲਾ।
ਕੌੜਾ ਮੱਲ ਦੀਵਾਨ 'ਸਰਕਾਰੀਆ' ਸੀ, ਸਾੜੇ-ਨਫਰਤਾਂ ਦਿਲੋਂ ਭੁਲਾਉਣ ਵਾਲਾ।
ਹੁਕਮਰਾਨ ਸੀ ਪੰਥ ਦੇ ਬਣੇ ਦੁਸ਼ਮਣ, ਐਪਰ ਉਹ ਸੀ ਮਦਦ ਪਹੁੰਚਾਉਣ ਵਾਲਾ।
'ਮਿੱਠਾ ਮੱਲ' ਸੀ ਰੱਖਿਆ ਨਾਮ ਸਿੰਘਾਂ, ਮੋਹ ਪਿਆਰ ਨੂੰ ਹੋਰ ਵਧਾਉਣ ਵਾਲਾ।
ਲਾਂਘਾ ਖੁੱਲ੍ਹਿਆ ਸ੍ਰੀ ਕਰਤਾਰਪੁਰ ਦਾ, ਗੁਰਪੁਰਬ ਦੀ ਵਧ ਗਈ ਏ ਸ਼ਾਨ ਦੇਖੋ।
ਰੁਤਬਾ ਵਿਚ ਇਤਿਹਾਸ ਦੇ ਪਾ ਗਿਆ ਏ, ਗਨੀ-ਨਬੀ ਖਾਂ ਵਾਲਾ 'ਇਮਰਾਨ' ਦੇਖੋ!

# ਨਾਨਕ ਬਾਣੀ ਅਤੇ ਸੱਤਾ ਪ੍ਰਸੰਗ

ਜੋ ਲੋਕ ਸਮਾਜ ਦੇ ਚਲਨ-ਵਿਚਰਨ, ਆਚਾਰ-ਵਿਹਾਰ, ਮੁੱਲ-ਪ੍ਰਬੰਧ ਨੂੰ ਵੱਡੇ ਪੱਧਰ 'ਤੇ ਰੂਪਾਂਤਰ ਕਰਕੇ ਸਮੁੱਚਾ ਨਕਸ਼ਾ (ਪੈਰਾਡਾਈਮ) ਤਬਦੀਲ ਕਰਨਾ ਚਾਹੁੰਦੇ ਹੋਣ, ਭਾਵ ਸਮਾਜ ਦੀ ਤਾਸੀਰ ਬਦਲਣਾ ਲੋੜਦੇ ਹੋਣ, ਉਨ੍ਹਾਂ ਲਈ ਲੋਕਾਈ ਦੀਆਂ ਸਮੂਹਿਕ ਮਨੌਤਾਂ, ਰਵਾਇਤਾਂ, ਧਾਰਨਾਵਾਂ ਆਦਿ ਨੂੰ ਖਦੇੜਨਾ ਲਾਜ਼ਮੀ ਹੁੰਦਾ ਹੈ। ਮੱਧਕਾਲ ਵਿਚ ਲੋਕਾਈ ਨੇ ਰਾਜੇ, ਬ੍ਰਾਹਮਣ ਅਤੇ ਦੇਵੀ-ਦੇਵਤਿਆਂ ਦੀ ਸੱਤਾ ਨੂੰ ਅਟੱਲ ਸਚਾਈ ਵਾਂਗ ਮੰਨਿਆ ਹੋਇਆ ਸੀ। ਲੋਕਾਂ ਦਾ ਵਿਸ਼ਵਾਸ ਸੀ ਕਿ ਰਾਜੇ ਨੂੰ ਰੱਬ ਜਾਂ ਦੇਵਤਿਆਂ ਵੱਲੋਂ ਲੋਕਾਂ 'ਤੇ ਰਾਜ ਕਰਨ ਦਾ ਅਧਿਕਾਰ ਪ੍ਰਾਪਤ ਹੈ ਜਿਸ ਵਿਚ ਜ਼ੁਲਮ ਕਰਨ ਦਾ ਅਧਿਕਾਰ ਵੀ ਸ਼ਾਮਲ ਹੈ। ਬ੍ਰਾਹਮਣ ਨੂੰ ਉਸ ਦੀ ਜਾਤ ਕਾਰਨ ਸਮਾਜਕ ਚੌਧਰ ਦਾ ਅਧਿਕਾਰ ਹੈ ਅਤੇ ਲੋਕਾਂ ਦੇ ਦੁੱਖ-ਸੁੱਖ, ਅਮੀਰੀ-ਗ਼ਰੀਬੀ, ਖੁਸ਼ੀ-ਗ਼ਮੀ, ਬਿਮਾਰੀ-ਤੰਦਰੁਸਤੀ, ਤਰੱਕੀ-ਬਰਬਾਦੀ, ਔੜ-ਬਾਰਸ਼ ਆਦਿ ਸਭ ਵੱਖ-ਵੱਖ ਦੇਵੀ ਦੇਵਤਿਆਂ ਦੇ ਹੱਥ ਵੱਸ ਹਨ। ਗੁਰਮਤਿ ਨੇ ਇਨ੍ਹਾਂ ਤਿੰਨਾਂ, ਭਾਵ ਰਾਜੇ, ਬ੍ਰਾਹਮਣ ਅਤੇ



**ਜਸਵੰਤ ਸਿੰਘ ਜ਼ਫਰ**
ਫੋਨ: +91-96461-01116

ਦੇਵੀ-ਦੇਵਤਿਆਂ ਦੀ ਸੱਤਾ ਨੂੰ ਸਾਂਝੀਵਾਲਤਾ ਦੀ ਦੁਸ਼ਮਣ ਤਸਲੀਮ ਕੀਤਾ। ਇਕ ਨਿਰੰਕਾਰ ਦੀ ਸੱਤਾ ਸਥਾਪਤ ਕਰਕੇ ਇਨ੍ਹਾਂ ਤਿੰਨਾਂ ਦੀ ਸੱਤਾ ਨੂੰ ਮਲੀਆਮੇਟ ਕਰਨ ਦਾ ਕਾਰਜ ਆਰੰਭ ਕੀਤਾ।

ਨ ਦੇਵ ਦਾਨਵਾ ਨਰਾ॥
ਨ ਸਿਧ ਸਾਧਿਕਾ ਧਰਾ॥
ਅਸਤਿ ਏਕ ਦਿਗਰਿ ਕੁਈ॥
ਏਕ ਤੁਈ ਏਕ ਤੁਈ॥ (ਪੰਨਾ 144)
ਸਬਦੁ ਵੀਚਾਰੇ ਏਕ ਲਿਵ ਤਾਰਾ॥
ਨਾਨਕ ਧੰਨੁ ਸਵਾਰਣਹਾਰਾ॥ (412)
ਸਭੁ ਕਿਹੁ ਤੇਰੈ ਵਸਿ ਹੈ ਤੂ ਸਚਾ ਸਾਹੁ॥
ਭਗਤ ਰਤੇ ਰੰਗਿ ਏਕ ਕੈ ਪੂਰਾ ਵੇਸਾਹੁ॥ (ਪੰਨਾ 556)
ਕਹਤਉ ਪੜਤਉ ਸੁਣਤਉ ਏਕ॥
ਧੀਰਜ ਧਰਮੁ ਧਰਣੀਧਰ ਟੇਕ॥ (686)

ਇਸ ਇੱਕ ਦੇ ਆਵਾਜ਼ੇ ਨਾਲ ਸਭ ਦੇਵੀ ਦੇਵਤਿਆਂ ਦੀ ਸੱਤਾ ਨੂੰ ਇਸ ਪਰਮ-ਸੱਤਾ ਵਿਚ ਵਿਲੀਨ ਕਰ ਦਿੱਤਾ। ਪਰਮ ਸੱਤਾ ਦੇ ਮੰਨੇ ਜਾਂਦੇ ਤਿੰਨ ਅੰਗਾਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੀ ਅਲਹਿਦਾ ਅਲਹਿਦਾ ਹਸਤੀ ਅਤੇ ਹੋਂਦ ਨੂੰ ਨਹੀਂ ਸਵੀਕਾਰਿਆ:

ਬ੍ਰਹਮਾ ਬਿਸਨੁ ਮਹੇਸੁ ਨ ਕੋਈ॥
ਅਵਰੁ ਨ ਦੀਸੈ ਏਕੋ ਸੋਈ॥ (1035)

ਗੁਰੂ ਨਾਨਕ ਜਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਆਰੰਭ ਓਅੰਕਾਰ ਦੇ ਅੱਗੇ ਏਕਾ ਲਗਾ ਕੇ ਪੂਰੀ ਸ੍ਰਿਸ਼ਟੀ ਅੰਦਰ ਪ੍ਰਭੂ ਦੀ ਇਕਲੌਤੀ ਸੱਤਾ ਦੇ ਐਲਾਨ ਨਾਲ ਹੁੰਦਾ ਹੈ। ਇਹ ਇਕ ਓਅੰਕਾਰ ਨਿਰੰਕਾਰ ਹੈ, ਪਰਾ-ਭੌਤਿਕ ਹੈ, ਬੇਅੰਤ ਹੈ, ਸਭ ਦਾ ਮਾਲਕ ਵੀ ਹੈ, ਸਭ ਵਿਚ ਬਰਾਬਰ ਦਾ ਰਸਿਆ ਵਸਿਆ ਵੀ ਹੈ। ਇਸ ਕੇਂਦਰੀ ਸੱਤਾ ਨਾਲ ਸਭ ਦਾ ਬਰਾਬਰੀ ਵਾਲਾ ਸਬੰਧ ਹੈ। ਸਭ ਉਸ ਦੀ ਕਿਰਪਾ ਅਤੇ ਪਿਆਰ ਦੇ ਬਰਾਬਰ ਦੇ ਪਾਤਰ ਹਨ। ਉਹ ਆਪ ਨਿਰਭਉ, ਨਿਰਵੈਰ ਅਤੇ ਕਰਤਾ ਹੈ। ਉਸ ਦੇ ਸਾਰੇ ਧੀਆਂ ਪੁੱਤਰ ਵੀ ਨਿਰਭਉ, ਨਿਰਵੈਰ ਅਤੇ ਸਿਰਜਕ ਹੋਣੇ ਚਾਹੀਦੇ ਹਨ। ਕਿਸੇ ਦਾ ਕਿਸੇ ਨਾਲ ਸੱਤਾ ਪ੍ਰਾਪਤੀ ਜਾਂ ਸੱਤਾ ਦੀ ਊਚ-ਨੀਚ ਕਰਕੇ ਵੈਰ-ਵਿਰੋਧ ਨਹੀਂ ਹੋ ਸਕਦਾ ਜਾਂ ਹੋਣਾ ਚਾਹੀਦਾ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥(13)
ਏਕ ਮਹਿ ਸਰਬ ਸਰਬ ਮਹਿ ਏਕਾ
ਏਹ ਸਤਿਗੁਰਿ ਦੇਖਿ ਦਿਖਾਈ॥ (907)
ਸਰਬ ਸਬਦੰ ਤ ਏਕ ਸਬਦੰ
ਜੇ ਕੋ ਜਾਨਸਿ ਭੇਉ॥
ਨਾਨਕ ਤਾ ਕੋ ਦਾਸੁ ਹੈ
ਸੋਈ ਨਿਰੰਜਨ ਦੇਉ॥ (1353)

ਓਅੰਕਾਰ ਨੂੰ ਪਰਮ ਸੱਤਾ ਨਹੀਂ ਸਗੋਂ ਇਕਲੌਤੀ ਸੱਤਾ ਮੰਨਿਆ ਗਿਆ ਹੈ ਅਤੇ ਇਹ ਇਕਲੌਤੀ ਸੱਤਾ ਸਭ ਅੰਦਰ ਬਰਾਬਰ ਵਿਦਮਾਨ ਹੈ; ਭਾਵ ਸਭ ਅੰਦਰ ਉਸ ਦੀ ਮੌਜੂਦਗੀ ਕਾਰਨ ਸਭ ਬਰਾਬਰ ਦੇ ਸੱਤਾਵਾਨ ਹਨ। ਇਸ ਤਰ੍ਹਾਂ ਜਿਥੇ



ਨਿਰੰਜਨ ਜਾਂ ਓਅੰਕਾਰ ਦੀ ਇਕਲੌਤੀ ਹਸਤੀ ਨਾਲ ਸੱਤਾ ਦਾ ਕੇਂਦਰੀਕਰਨ ਕੀਤਾ ਗਿਆ, ਉਥੇ ਇਸ ਦੇ ਘਟ-ਘਟ ਅੰਤਰ ਸਰਬ ਨਿਰੰਤਰ ਹੋਣ ਨਾਲ ਇਸ ਸੱਤਾ ਨੂੰ ਸਭਨਾਂ ਦਰਮਿਆਨ ਬਰਾਬਰ ਵਰਤਾਅ ਕੇ ਸੱਤਾ ਦਾ ਵਿਆਪਕ ਅਤੇ ਇਕਸਾਰ ਵਿਕੇਂਦਰੀਕਰਨ ਕੀਤਾ ਗਿਆ। ਇਸ ਤਰ੍ਹਾਂ ੴ ਦੇ ਅੱਗੇ ਲੱਗਿਆ ਏਕਾ ਨਿਰੰਕਾਰ ਦੀ ਇਕਲੌਤੀ ਸੱਤਾ ਦਾ ਚਿੰਨ੍ਹ ਹੈ ਅਤੇ ਇਸ ਦੇ ਨਾਲ ਹੀ ਇਹ ਮਨੁੱਖੀ ਸਮਾਜ ਅੰਦਰ ਏਕਤਾ, ਇਕਸੁਰਤਾ ਅਤੇ ਸਾਂਝੀਵਾਲਤਾ ਦਾ ਵੀ ਲਖਾਇਕ ਹੈ। ਅਜਿਹੇ ਸਾਂਝੀਵਾਲਤਾ ਵਾਲੇ ਸਮਾਜ ਦੇ ਲੋਕ ਸੰਪੂਰਨ ਸੁਤੰਤਰ ਹਨ, ਬਰਾਬਰ ਦੇ ਸੱਤਾਵਾਨ ਹਨ, ਕਿਸੇ ਦੇ ਅਧੀਨ ਨਹੀਂ ਹਨ। ਗੁਰੂ ਨਾਨਕ ਨੇ ਰਾਜੇ, ਰਾਣਿਆਂ, ਖਾਨਾਂ, ਨਵਾਬਾਂ ਦੀ ਸੱਤਾ ਨੂੰ ਝੂਠੀ ਦੱਸਿਆ। ਉਨ੍ਹਾਂ ਦੇ ਹੁਕਮਾਂ-ਹਦਾਇਤਾਂ ਨੂੰ ਅਬਾ-ਤਬਾ ਕਹਿ ਕੇ ਖਿੱਲੀ ਉਡਾਈ:

ਖਾਨੁ ਮਲੂਕੁ ਕਹਾਵਉ ਰਾਜਾ॥
ਅਬੇ ਤਬੇ ਕੂੜੇ ਹੈ ਪਾਜਾ॥ (225)
ਤਾੜੈ ਰੂੜਾ ਹਰਿ ਜੀਉ ਸੋਈ॥
ਤਿਸੁ ਬਿਨੁ ਰਾਜਾ ਅਵਰੁ ਨ ਕੋਈ॥ (936)

ਸੱਤਾ ਸਿਰਫ ਰਾਜਿਆਂ ਕੋਲ ਜਾਂ ਰਾਜਧਾਨੀਆਂ ਵਿਚ ਹੀ ਕੇਂਦਰਤ ਨਹੀਂ ਹੁੰਦੀ। ਪਰਿਵਾਰ ਸਮਾਜ ਦੀ ਇਕਾਈ ਹੈ ਅਤੇ ਸਾਡੇ ਪਰਿਵਾਰਾਂ ਵਿਚ ਸੱਤਾ ਆਮ ਕਰਕੇ ਪੁਰਸ਼ਾਂ ਦੇ ਹੱਥ ਹੁੰਦੀ ਹੈ। ਪਰਿਵਾਰ ਨਾਲ ਸਬੰਧਤ ਫੈਸਲੇ ਮੁੱਖ ਤੌਰ 'ਤੇ ਪੁਰਸ਼ ਕਰਦੇ ਹਨ। ਔਰਤਾਂ ਅਤੇ ਬੱਚੇ ਉਨ੍ਹਾਂ ਦੀ ਪਰਜਾ ਹੁੰਦੇ ਹਨ। ਪਰਿਵਾਰ ਦਾ ਪੁਰਸ਼ ਮੁਖੀ ਕੇਵਲ ਆਪਣੀ ਪਤਨੀ ਜਾਂ ਨੂੰਹਾਂ, ਧੀਆਂ, ਭੈਣਾਂ, ਭਰਜਾਈਆਂ ਦਾ ਹੀ ਹੁਕਮਰਾਨ ਨਹੀਂ ਹੁੰਦਾ ਸਗੋਂ ਉਸ ਦੀ ਮਾਂ ਵੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਉਸ ਦੀ ਮਰਜ਼ੀ ਦੀ ਗੁਲਾਮ ਹੁੰਦੀ ਹੈ। ਗੁਰਮਤਿ ਨੇ ਕੇਵਲ ਪਰਮਾਤਮਾ ਨੂੰ ਇਕੋ ਇਕ ਸੱਚਾ ਪੁਰਸ਼ ਕਹਿ ਕੇ ਅਤੇ ਸਭ ਜੀਵਾਂ ਨੂੰ ਬਰਾਬਰ ਦੀਆਂ ਇਸਤਰੀਆਂ ਆਖ ਕੇ ਸਮਾਜ ਵਿਚੋਂ ਪੁਰਸ਼ਾਂ ਦੀ ਸੱਤਾ ਨੂੰ ਮਲੀਆਮੇਟ ਕਰਨ ਦਾ ਯਤਨ ਕੀਤਾ। ਇਸ ਇਕੋ ਸੱਚੇ ਪੁਰਸ਼ ਦੀ ਪੁਰਸ਼ਈ ਸੱਤਾ ਵੀ ਸਾਰਿਆਂ ਅੰਦਰ ਬਰਾਬਰ ਵਿਦਮਾਨ ਹੈ; ਭਾਵ ਜੋ ਸੱਤਾ ਪੁਰਸ਼ ਨੂੰ ਪਰਿਵਾਰ ਜਾਂ ਸਮਾਜ ਵਿਚ ਪੁਰਸ਼ ਹੋਣ ਕਾਰਨ ਪ੍ਰਾਪਤ ਹੈ, ਉਸ ਦੀਆਂ ਇਸਤਰੀਆਂ ਵੀ ਬਰਾਬਰ ਦੀਆਂ ਹੱਕਦਾਰ ਹਨ। ਜੋ ਪਰਿਵਾਰਕ ਜਾਂ ਸਮਾਜਕ ਜ਼ਿੰਮੇਵਾਰੀਆਂ ਇਸਤਰੀ ਨੂੰ ਇਸਤਰੀ ਹੋਣ ਕਰਕੇ ਨਿਭਾਉਣੀਆਂ ਪੈਂਦੀਆਂ ਹਨ, ਉਹ ਮਰਦ ਦੁਆਰਾ ਵੀ ਨਿਭਾਈਆਂ ਜਾਣੀਆਂ ਬਣਦੀਆਂ ਹਨ:

ਨਾਰੀ ਪੁਰਖ ਸਬਾਈ ਲੋਇ॥ (223)
ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ
ਤਿਸ ਕੀ ਨਾਰਿ ਸਬਾਈ॥ (765)

> ***ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੇ ਰਾਜੇ, ਬ੍ਰਾਹਮਣ ਅਤੇ ਦੇਵੀ-ਦੇਵਤਿਆਂ ਦੀ ਸੱਤਾ ਨੂੰ ਵੰਗਾਰਿਆ ਅਤੇ ਇਕ ਪਰਮਾਤਮਾ ਦੀ ਸੱਤਾ ਸਥਾਪਤ ਕੀਤੀ। ਪਹਿਲਾਂ ਲੋਕਾਂ ਦਾ ਵਿਸ਼ਵਾਸ ਸੀ ਕਿ ਰਾਜੇ ਨੂੰ ਰੱਬ ਜਾਂ ਦੇਵਤਿਆਂ ਵਲੋਂ ਲੋਕਾਂ 'ਤੇ ਰਾਜ ਕਰਨ ਦਾ ਹੱਕ ਹੈ। ਬ੍ਰਾਹਮਣ ਨੂੰ ਉਸ ਦੀ ਜਾਤ ਕਾਰਨ ਸਮਾਜਕ ਚੌਧਰ ਦਾ ਹੱਕ ਹੈ ਅਤੇ ਲੋਕਾਂ ਦੇ ਦੁੱਖ-ਸੁੱਖ, ਅਮੀਰੀ-ਗਰੀਬੀ, ਖੁਸ਼ੀ-ਗਮੀ, ਬਿਮਾਰੀ-ਤੰਦਰੁਸਤੀ, ਤਰੱਕੀ-ਬਰਬਾਦੀ, ਔੜ-ਬਾਰਸ਼ ਆਦਿ ਸਭ ਵੱਖ-ਵੱਖ ਦੇਵੀ ਦੇਵਤਿਆਂ ਦੇ ਹੱਥ ਵੱਸ ਹਨ।***

ਠਾਕੁਰੁ ਏਕੁ ਸਬਾਈ ਨਾਰਿ॥ (933)

ਸਭ ਨੂੰ ਨਾਰੀ ਕਹਿਣ ਦਾ ਭਾਵ ਸਭ ਦੀ ਬਰਾਬਰੀ ਅਤੇ ਪਰਮਾਤਮਾ ਨੂੰ ਪੁਰਸ਼ ਕਹਿਣ ਦਾ ਭਾਵ ਉਸ ਦੀ ਇਕਲੌਤੀ ਸੱਤਾ ਨੂੰ ਮੰਨਣਾ ਹੈ। ਰੱਬ ਨੂੰ ਪੁਰਖ, ਪੁਰਸ਼ ਜਾਂ ਪਤੀ ਕਹਿ ਕੇ ਉਸ ਦਾ ਜੈਂਡਰ ਨਿਰਧਾਰਤ ਨਹੀਂ ਕੀਤਾ ਗਿਆ। ਉਹ ਲਿੰਗਕ ਤੌਰ 'ਤੇ ਪੁਰਸ਼ ਨਹੀਂ ਹੈ:

ਸੁੰਨ ਮੰਡਲ ਇਕੁ ਜੋਗੀ ਬੈਸੇ॥
ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥ (685)
ਨਾਰਿ ਨ ਪੁਰਖੁ ਨ ਪੰਖਣੂ
ਸਾਚਉ ਚਤੁਰੁ ਸਰੂਪੁ॥
ਜੋ ਤਿਸੁ ਭਾਵੈ ਸੋ ਥੀਐ
ਤੂ ਦੀਪਕੁ ਤੂ ਧੂਪੁ॥ (1010)
ਨਾਰਿ ਪੁਰਖੁ ਨਹੀ ਜਾਤਿ
ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ॥ (1035)

ਪੁਰਸ਼ ਦੀ ਸੱਤਾ ਨੂੰ ਸੱਟ ਮਾਰਨ ਦਾ ਇਕ ਦੂਸਰਾ ਕੋਣ ਵੀ ਹੈ। ਪ੍ਰਚੱਲਤ ਸਮਾਜੀ ਪ੍ਰਬੰਧ ਅਨੁਸਾਰ ਪੁਰਸ਼ ਪਿਤਾ ਦੇ ਰੂਪ ਵਿਚ ਵੀ ਸੱਤਾਵਾਨ ਹੈ। ਬੱਚੇ ਉਸ ਦੇ ਅਧੀਨ ਹਨ। ਗੁਰਮਤਿ ਨੇ ਪੁਰਸ਼ਾਂ ਅੰਦਰਲੀ ਪਿਤਾ ਦੇ ਰੂਪ ਵਿਚ ਵਿਦਮਾਨ ਸੱਤਾ ਨੂੰ ਖੋਹ ਕੇ ਉਸ ਦਾ ਵੀ ਪਰਮਾਤਮਾ ਦੇ ਰੂਪ ਵਿਚ ਕੇਂਦਰੀਕਰਨ ਕੀਤਾ। ਪੁਰਾਣੇ ਸਮਾਜੀ ਨਿਯਮ ਮੁਤਾਬਿਕ ਮਾਤਾ-ਪਿਤਾ ਦੇ ਹੁਕਮਾਂ, ਇੱਛਾਵਾਂ ਅਤੇ ਸੁਪਨਿਆਂ ਦਾ ਪਾਲਣ ਕਰਨਾ ਬੱਚਿਆਂ ਦਾ ਫਰਜ਼ ਹੈ। ਸੰਤਾਨ ਨੇ ਪੁਰਖਿਆਂ ਦੇ ਕੰਮ-ਧੰਦੇ ਨੂੰ ਅਪਨਾਉਣ ਦੇ ਨਾਲ-ਨਾਲ ਪੁਰਖਿਆਂ ਦੁਆਰਾ ਸਥਾਪਤ ਨਿਯਮਾਂ, ਮਰਿਆਦਾਵਾਂ, ਰਿਵਾਜਾਂ ਨੂੰ ਵੀ ਅਗਾਂਹ ਜਾਰੀ ਰੱਖਣ ਦਾ ਕਰਤਵ ਪਾਲਣਾ ਹੁੰਦਾ ਹੈ। ਗੁਰਮਤਿ ਨੇ ਪਰਮਾਤਮਾ ਨੂੰ ਸਭ ਦਾ ਮਾਂ-ਬਾਪ ਕਹਿ ਕੇ ਸਮਾਜੀ ਰਿਵਾਜਾਂ ਅਤੇ ਪ੍ਰੰਪਰਾਵਾਂ ਦੀ ਜੜ੍ਹਤਾ ਨੂੰ ਤੋੜਦਿਆਂ ਸੰਤਾਨ ਨੂੰ ਆਪਣੇ ਕੰਮਾਂ, ਵਿਚਾਰਾਂ, ਵਿਹਾਰਾਂ ਅਤੇ ਵਿਸ਼ਵਾਸਾਂ ਨੂੰ ਨਵਿਆਉਣ ਦੀ ਸੁਤੰਤਰਤਾ ਦਿੰਦੇ ਹੋਏ ਮਾਪਿਆਂ ਦੀ ਸੱਤਾ ਨੂੰ ਖਤਮ ਕੀਤਾ ਹੈ। ਸਾਨੂੰ ਆਪਣੇ ਬੱਚਿਆਂ ਨੂੰ ਆਪਣੇ ਵਰਗੀ 'ਸਿਆਣਪ' ਦੇ ਗੁਲਾਮ ਬਣਾਉਣ ਦੀ ਬਜਾਏ ਖੁਦ ਉਨ੍ਹਾਂ ਵਰਗੀਆਂ ਆਜ਼ਾਦ ਸੋਚਾਂ ਨਾਲ ਜੀਵਨ ਨੂੰ ਬੇਅੰਤ ਸੰਭਾਵਨਾਵਾਂ ਨਾਲ ਜੋੜਨ ਵਾਲੇ ਬਣਨਾ ਚਾਹੀਦਾ ਹੈ। ਗੁਰੂ ਨਾਨਕ ਨੇ ਆਪਣੇ ਜੀਵਨ ਵਿਚ ਪਿੱਤਰੀ ਜਾਂ ਮਾਪਿਆਂ ਦੀ ਸੱਤਾ ਨੂੰ ਨਾ ਆਪ ਕਬੂਲਿਆ ਅਤੇ ਨਾ ਹੀ ਆਪਣੇ ਪੁੱਤਰਾਂ 'ਤੇ ਥੋਪਿਆ।

ਕਤ ਕੀ ਮਾਈ ਬਾਪੁ ਕਤ
ਕੇਰਾ ਕਿਦੂ ਥਾਵਹੁ ਹਮ ਆਏ॥
ਅਗਨਿ ਬਿੰਬ ਜਲ ਭੀਤਰਿ ਨਿਪਜੇ
ਕਾਹੇ ਕੰਮਿ ਉਪਾਏ॥ (156)

ਹੋਰ ਤਾਂ ਹੋਰ ਗੁਰੂ ਨਾਨਕ ਵੱਧ ਘੱਟ ਬੁੱਧੀ ਦੇ ਆਧਾਰ 'ਤੇ ਵੀ ਕਿਸੇ ਊਚ ਨੀਚ ਨੂੰ ਸਵੀਕਾਰ ਨਹੀਂ ਕਰਦੇ; ਭਾਵ ਵਰਤਮਾਨ ਸਮੇਂ ਵਿਚ 'ਸਿਆਣੇ ਲੋਕ' ਸਿਆਣਪ ਦੀ ਸੱਤਾ ਨੂੰ ਆਦਰਸ਼ ਮੰਨਦੇ ਹਨ, ਗੁਰੂ ਨਾਨਕ ਉਸ ਨੂੰ ਵੀ ਨਹੀਂ ਮੰਨਦੇ:

ਮੂਰਖੁ ਸਿਆਣਾ ਏਕੁ ਹੈ
ਏਕ ਜੋਤਿ ਦੁਇ ਨਾਉ॥ (1015)

ਸਟੇਟ 'ਤੇ ਰਾਜੇ ਦੀ, ਪਰਿਵਾਰ 'ਤੇ ਪੁਰਸ਼ ਦੀ, ਬੱਚਿਆਂ 'ਤੇ ਮਾਪਿਆਂ ਦੀ, ਭੋਲਿਆਂ 'ਤੇ ਚਤੁਰਾਂ ਦੀ, ਲੋਕ-ਮਨ 'ਤੇ ਦੇਵਤਿਆਂ ਦੀ ਸੱਤਾ ਜਾਂ ਚੌਧਰ ਵਾਂਗ ਸਮਾਜ ਉੱਤੇ ਸਭਿਆਚਾਰਕ ਚੌਧਰ ਅਤੇ ਸਮਾਜਕ ਧੌਂਸ ਬ੍ਰਾਹਮਣ ਦੀ ਮੰਨੀ ਜਾਂਦੀ ਸੀ। ਗੁਰਮਤਿ ਨੇ ਬ੍ਰਾਹਮਣ ਦੀ ਸਮਾਜਕ ਸੱਤਾ 'ਤੇ ਬਹੁਤ ਜ਼ੋਰਦਾਰ ਹਮਲਾ ਕੀਤਾ। ਇਹ ਹਮਲਾ ਉਸ ਦੀ ਜਾਤ ਕਰਕੇ ਨਹੀਂ ਸਗੋਂ ਉਸ ਕੋਲ ਸਮਾਜੀ ਸੱਤਾ ਹੋਣ ਕਰਕੇ ਕੀਤਾ ਗਿਆ। ਉਸ ਦੇ ਗਿਆਨ ਅਤੇ ਵਿੱਦਿਆ ਕਰਕੇ ਤਾਂ ਉਸ ਦਾ ਆਦਰ ਕੀਤਾ ਗਿਆ ਹੈ। ਜਨਮ ਆਧਾਰਿਤ ਜਾਤੀ ਦੀ ਬਜਾਏ ਸ਼ੁਭ ਗੁਣ, ਸ਼ੁਭ ਕਰਮ ਅਤੇ ਸ਼ੁਭ ਵਿਚਾਰ ਆਧਾਰਿਤ ਜਾਤੀ ਨਿਰਧਾਰਨ ਦੀ ਵਕਾਲਤ ਕਰਦਿਆਂ ਅਸਲ ਬ੍ਰਾਹਮਣ ਨੂੰ ਪੁਨਰ-ਪਰਿਭਾਸ਼ਤ ਕੀਤਾ ਗਿਆ। ਬ੍ਰਾਹਮਣ ਹੋਣ ਦਾ ਭਾਵ ਸਮਾਜਕ ਚੌਧਰ, ਧੌਂਸ ਜਾਂ ਸੋਸ਼ਣ ਦੀ ਬਜਾਏ ਵਿੱਦਿਆ, ਗਿਆਨ, ਸਰਬ ਕਲਿਆਣਕਾਰੀ ਸਿਆਣਪ ਜਾਂ ਅਧਿਆਪਨ ਨਾਲ ਜੋੜਿਆ:

ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥
ਆਪਿ ਤਰੈ ਸਗਲੇ ਕੁਲ ਤਾਰੈ॥ (662)

ਜਿਥੇ ਜਾਤ ਪਾਤ ਪ੍ਰਬੰਧ ਕਾਰਨ ਭੇਦ-ਭਾਵ ਨੂੰ ਖਤਮ ਕਰਨ ਲਈ ਇਸ ਪ੍ਰਬੰਧ ਦੇ ਸਿਖਰਲੇ ਡੰਡੇ ਉੱਤੇ ਬੈਠੇ ਬ੍ਰਾਹਮਣ ਦੀ ਸੱਤਾ ਨੂੰ ਸਿੱਧੀ ਚੁਣੌਤੀ ਦੇਣਾ ਹੀ ਕਾਫੀ ਨਹੀਂ ਸਮਝਿਆ ਗਿਆ ਸਗੋਂ ਵੱਖ ਵੱਖ ਜਾਤਾਂ ਨਾਲ ਜੋੜੀ ਹੋਈ ਊਚ-

***(ਬਾਕੀ ਅਗਲੇ ਸਫੇ 'ਤੇ)***

# ਕਰਤਾਰਪੁਰ ਲਾਂਘਾ ਅਤੇ ਹਿੰਦ-ਪਾਕਿ ਵਪਾਰਕ ਮਿਲਣੀ



ਕਰਤਾਰਪੁਰ ਸਾਹਿਬ ਲਾਂਘੇ ਖੁੱਲ੍ਹ ਗਿਆ ਹੈ ਅਤੇ ਉਮੀਦ ਹੈ ਕਿ ਇਹ ਦੋਵਾਂ ਮੁਲਕਾਂ ਦਰਮਿਆਨ 7 ਦਹਾਕਿਆਂ ਤੋਂ ਚੱਲ ਰਹੇ ਮਾੜੇ ਰਿਸ਼ਤਿਆਂ ਨੂੰ ਸੁਧਾਰਨ ਵਿਚ ਸਹਾਈ ਹੋਵੇਗਾ, ਕਿਉਂਕਿ ਇਹ ਦੁਨੀਆ ਭਰ ਨੂੰ ਅਮਨ ਦਾ ਸੁਨੇਹਾ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ। ਇਹ ਭਵਿਖ ਵਿਚ ਸਰਹੱਦ 'ਤੇ ਅਜਿਹੇ ਹੋਰ ਲਾਂਘੇ ਖੋਲ੍ਹਣ ਦਾ ਰਾਹ ਵੀ ਪੱਧਰਾ ਕਰੇਗਾ। ਇਸ ਲਾਂਘੇ ਦੇ ਬਹਾਨੇ ਭਾਰਤ-ਪਾਕਿਸਤਾਨ ਸਰਹੱਦ ਉਤੇ ਕਈ ਹੋਰ ਆਰਥਿਕ ਲਾਂਘੇ ਖੋਲ੍ਹਣ ਦੀ ਕਵਾਇਦ ਵੀ ਸ਼ੁਰੂ ਹੋਵੇਗੀ।

ਇਹੋ ਉਮੀਦ ਸਰਹੱਦ ਦੇ ਦੋਹੀਂ ਪਾਸੀਂ ਅਮਨ ਲਈ ਕੰਮ ਕਰਨ ਵਾਲੇ ਲੋਕ ਲਾਈ ਬੈਠੇ

**ਸੰਜੀਵ ਪਾਂਡੇ**

ਹਨ, ਕਿਉਂਕਿ ਕੁਝ ਘਟਨਾਕ੍ਰਮ ਦੱਸਦੇ ਹਨ ਕਿ ਦੋਵਾਂ ਮੁਲਕਾਂ ਦਰਮਿਆਨ ਭਾਰੀ ਤਣਾਅ ਦੇ ਬਾਵਜੂਦ ਸ਼ਾਂਤੀ ਦੀਆਂ ਉਮੀਦਾਂ ਖਤਮ ਨਹੀਂ ਹੋਈਆਂ। ਦੋਵਾਂ ਦੇਸ਼ਾਂ ਦਰਮਿਆਨ ਜੰਮੂ ਕਸ਼ਮੀਰ ਦੇ ਮੁੱਦੇ ਉਤੇ ਤਣਾਅ ਸਿਖਰਾਂ 'ਤੇ ਹੋਣ ਦੇ ਬਾਵਜੂਦ ਪਾਕਿਸਤਾਨ ਨੇ ਕਰਤਾਰਪੁਰ ਸਾਹਿਬ ਲਾਂਘੇ ਦੇ ਵਿਕਾਸ ਕਾਰਜਾਂ ਵਿਚ ਕੋਈ ਕੋਤਾਹੀ ਨਹੀਂ ਕੀਤੀ। ਦੋਵਾਂ ਦਰਮਿਆਨ ਇਸ ਸਬੰਧੀ ਲਗਾਤਾਰ ਮੀਟਿੰਗਾਂ ਹੁੰਦੀਆਂ ਰਹੀਆਂ ਅਤੇ ਅਖੀਰ ਸਮਝੌਤਾ ਸਹੀਬੰਦ ਹੋ ਗਿਆ।

ਕਰਤਾਰਪੁਰ ਸਾਹਿਬ ਤੋਂ ਸ਼ੁਰੂ ਹੋਈ ਇਹ ਗੱਲ ਯਕੀਨਨ ਅਗਾਂਹ ਵਧੇਗੀ। ਕਰਤਾਰਪੁਰ ਸਾਹਿਬ ਲਾਂਘੇ ਰਾਹੀਂ ਪਾਕਿਸਤਾਨ ਆਪਣੀ ਸਰਜ਼ਮੀਨ 'ਤੇ ਧਾਰਮਿਕ ਸਥਾਨਾਂ ਦੀ ਯਾਤਰਾ ਅਤੇ ਸੈਰ-ਸਫਰ ਲਈ ਵਧੀਆ ਮਾਹੌਲ ਬਣਾਉਣਾ ਚਾਹੁੰਦਾ ਹੈ। ਇਹ ਪਾਕਿਸਤਾਨ ਦੇ ਵਿਕਾਸ ਲਈ ਵੀ ਜ਼ਰੂਰੀ ਹੈ। ਧਾਰਮਿਕ ਸਥਾਨਾਂ ਰਾਹੀਂ ਲੋਕਾਂ ਦਾ ਵਧਦਾ ਹੋਇਆ ਮੇਲਜੋਲ ਦੋਵਾਂ ਮੁਲਕਾਂ ਦਰਮਿਆਨ ਚਿਰਾਂ ਤੋਂ ਚੱਲ ਰਹੇ ਝਗੜਿਆਂ ਦੇ ਖਾਤਮੇ ਲਈ ਅਹਿਮ ਭੂਮਿਕਾ ਨਿਭਾਵੇਗਾ।

ਬਿਨਾ ਸ਼ੱਕ ਲੰਬੇ ਸਮੇਂ ਤੋਂ ਦਹਿਸ਼ਤਗਰਦੀ ਨਾਲ ਜੂਝ ਰਹੇ ਪਾਕਿਸਤਾਨ ਦੀ ਮਾਲੀ ਹਾਲਤ ਖਰਾਬ ਹੈ। ਦਹਿਸ਼ਤਗਰਦੀ ਦਾ ਮਾੜਾ ਅਸਰ ਪਾਕਿਸਤਾਨ ਦੇ ਖੇਤੀ ਤੇ ਸਨਅਤੀ ਖੇਤਰਾਂ 'ਤੇ ਵੀ ਪੈ ਰਿਹਾ ਹੈ। ਬੀਤੇ ਵੀਹ ਸਾਲਾਂ ਦੌਰਾਨ ਪਾਕਿਸਤਾਨ ਦੇ ਅਰਥਚਾਰੇ ਨੂੰ ਦਹਿਸ਼ਤਗਰਦੀ ਕਾਰਨ 125 ਅਰਬ ਡਾਲਰ ਦਾ ਨੁਕਸਾਨ ਹੋਇਆ ਹੈ। ਇਸ ਕਾਰਨ ਪਾਕਿਸਤਾਨ ਦੀ ਜਮਹੂਰੀ ਹਕੂਮਤ ਅਤੇ ਫੌਜ ਦੋਵਾਂ ਦੀਆਂ ਮੁਸ਼ਕਿਲਾਂ ਵਧੀਆਂ ਹਨ। ਪਾਕਿਸਤਾਨੀ ਨਿਜ਼ਾਮ ਨੂੰ ਉਮੀਦ ਹੈ ਕਿ ਦੋਵਾਂ ਮੁਲਕਾਂ ਦਰਮਿਆਨ ਧਾਰਮਿਕ ਸੈਰ-ਸਫਰ ਵਧਣ ਸਦਕਾ ਆਰਥਿਕ ਭਾਈਚਾਰਾ ਵੀ ਵਧੇਗਾ, ਕਿਉਂਕਿ ਹਾਲੇ ਤੱਕ ਦੀਆਂ ਵੱਖ-ਵੱਖ ਦੁਵੱਲੀਆਂ ਮੀਟਿੰਗਾਂ ਤੇ ਚਰਚਾਵਾਂ ਦਾ ਕੋਈ ਖਾਸ ਨਤੀਜਾ ਸਾਹਮਣੇ ਨਹੀਂ ਆਇਆ।

ਸਿੱਖ ਧਰਮ ਨਾਲ ਸਬੰਧਤ ਅਹਿਮ ਸਥਾਨ ਪਾਕਿਸਤਾਨ ਵਿਚ ਹਨ ਜੋ ਮੁੱਖ ਤੌਰ 'ਤੇ ਲਾਹੌਰ, ਨਨਕਾਣਾ ਸਾਹਿਬ, ਹਸਨ ਅਬਦਾਲ ਅਤੇ ਕਰਤਾਰਪੁਰ ਸਾਹਿਬ ਵਿਚ ਹਨ ਅਤੇ ਪਹਿਲੇ ਗੁਰੂ ਨਾਨਕ ਦੇਵ ਤੇ ਪੰਜਵੇਂ ਗੁਰੂ ਅਰਜਨ ਦੇਵ ਨਾਲ ਸਬੰਧਤ ਹਨ। ਭਾਰਤ-ਪਾਕਿਸਤਾਨ ਦੀ ਵੰਡ ਤੋਂ ਬਾਅਦ ਪਾਕਿਸਤਾਨ ਵਿਚ ਸਿੱਖਾਂ ਦੀ ਆਬਾਦੀ ਕੁਝ ਹਜ਼ਾਰਾਂ ਵਿਚ ਹੀ ਰਹਿ ਗਈ, ਕਿਉਂਕਿ ਬਹੁਤੇ ਸਿੱਖ ਭਾਰਤ ਆ ਗਏ ਸਨ। ਇਸੇ ਤਰ੍ਹਾਂ ਧਾਰਮਿਕ ਸਥਾਨਾਂ ਦੇ ਮਾਮਲੇ 'ਤੇ ਪਾਕਿਸਤਾਨ ਦੀ ਹਾਲਤ ਵੀ ਦਿਲਚਸਪ ਹੈ ਜੋ ਇਸਲਾਮੀ ਮੁਲਕ ਹੈ ਤੇ ਇਸਲਾਮ ਨਾਲ ਸਬੰਧਤ ਬਹੁਤੇ ਪਵਿਤਰ ਸਥਾਨ ਸਾਊਦੀ ਅਰਬ, ਇਰਾਕ ਅਤੇ ਇਰਾਨ ਵਿਚ ਹਨ। ਇਸ ਕਾਰਨ ਪਾਕਿਸਤਾਨ ਸਰਕਾਰ ਜੇ ਆਪਣੇ ਮੁਲਕ ਵਿਚ ਧਾਰਮਿਕ ਸਥਾਨਾਂ ਦੇ ਸੈਰ-ਸਫਰ ਨੂੰ ਵਿਕਸਤ ਕਰਨਾ ਚਾਹੁੰਦੀ ਹੈ ਤਾਂ ਉਸ ਦੀ ਤਰਜੀਹ ਸਿੱਖ ਧਰਮ ਨਾਲ ਸਬੰਧਤ ਸਥਾਨਾਂ ਦੇ ਵਿਕਾਸ ਦੀ ਹੋਵੇਗੀ।

ਗੌਰਤਲਬ ਹੈ ਕਿ ਭਾਰਤ ਨੇ ਵੀ ਵਿਦੇਸ਼ੀ ਸੈਲਾਨੀਆਂ ਨੂੰ ਇਹੋ ਜਿਹੇ ਸੈਰ-ਸਫਰ ਲਈ ਖਿੱਚਣ ਵਾਸਤੇ ਉਤਰ ਪ੍ਰਦੇਸ਼ ਤੇ ਬਿਹਾਰ ਵਿਚ ਬੁੱਧ ਧਰਮ ਦੇ ਅਹਿਮ ਸਥਾਨਾਂ ਨੂੰ ਵਿਕਸਤ ਕਰ ਕੇ ਬੁੱਧ ਧਰਮ ਨਾਲ ਸਬੰਧਤ ਸਰਕਟ ਕਾਇਮ ਕੀਤਾ ਹੈ ਤੇ ਇਸੇ ਤਰਜ਼ 'ਤੇ ਪਾਕਿਸਤਾਨ ਕੋਲ ਵੀ ਸਿੱਖ ਧਰਮ ਨਾਲ ਸਬੰਧਤ ਸਥਾਨਾਂ ਨੂੰ ਆਪਸ ਵਿਚ ਜੋੜ ਕੇ ਸਿੱਖ ਸਰਕਟ ਵਿਕਸਤ ਕਰਨ ਦਾ ਵਧੀਆ ਮੌਕਾ ਹੈ।

ਭਾਰਤ ਨੇ ਬੁੱਧ ਧਰਮ ਨਾਲ ਸਬੰਧਤ ਸਰਕਟ ਨਾਲ ਨੇਪਾਲ ਨੂੰ ਵੀ ਜੋੜਿਆ ਹੈ। ਗੌਤਮ ਬੁੱਧ ਦਾ ਜਨਮ ਸਥਾਨ ਲੁੰਬਿਨੀ, ਨੇਪਾਲ ਵਿਚ ਹੈ ਪਰ ਬੁੱਧ ਧਰਮ ਦੇ ਦੂਜੇ ਕਰੀਬ ਸਾਰੇ ਅਹਿਮ ਕੇਂਦਰ, ਜਿਵੇਂ ਬੁੱਧ ਦੀ ਗਿਆਨ ਪ੍ਰਾਪਤੀ ਦਾ ਸਥਾਨ ਬੋਧ ਗਯਾ, ਪਹਿਲਾ ਧਰਮ ਉਪਦੇਸ਼ ਦੇਣ ਦਾ ਸਥਾਨ ਸਾਰਨਾਥ ਅਤੇ ਬੁੱਧ ਦੇ ਚਲਾਣੇ (ਨਿਰਵਾਣ ਪ੍ਰਾਪਤੀ) ਦਾ ਸਥਾਨ ਕੁਸ਼ੀਨਗਰ ਆਦਿ ਭਾਰਤ ਵਿਚ ਹਨ। ਬੋਧ ਗਯਾ, ਬਿਹਾਰ ਵਿਚ ਅਤੇ ਸਾਰਨਾਥ ਤੇ ਕੁਸ਼ੀਨਗਰ ਯੂ.ਪੀ. ਵਿਚ ਪੈਂਦੇ ਹਨ। ਭਾਰਤ ਤੇ ਨੇਪਾਲ ਮਿਲ ਕੇ ਬੁੱਧ ਧਰਮ ਨਾਲ ਸਬੰਧਤ ਸਰਕਟ ਵਿਕਸਤ ਕਰ ਰਹੇ ਹਨ ਤੇ ਤਕਰੀਬਨ ਇਹੋ ਸਥਿਤੀ ਗੁਰੂ ਨਾਨਕ ਦੇਵ ਅਤੇ ਹੋਰ ਸਿੱਖ ਗੁਰੂ ਸਾਹਿਬਾਨ ਸਬੰਧੀ ਹੈ।

ਗੁਰੂ ਨਾਨਕ ਦੇਵ ਜੀ ਦਾ ਜਨਮ ਸਥਾਨ ਨਨਕਾਣਾ ਸਾਹਿਬ ਪਾਕਿਸਤਾਨ ਵਿਚ ਹੈ ਅਤੇ ਜਿਥੇ ਉਨ੍ਹਾਂ ਆਪਣਾ ਆਖਰੀ ਸਮਾਂ ਬਿਤਾਇਆ, ਭਾਵ ਕਰਤਾਰਪੁਰ ਸਾਹਿਬ ਵੀ ਪਾਕਿਸਤਾਨ ਵਿਚ ਹੈ। ਉਨ੍ਹਾਂ ਨਾਲ ਸਬੰਧਤ ਕੁਝ ਸਥਾਨ ਭਾਰਤ ਵਿਚ ਵੀ ਹਨ। ਗੁਰੂ ਸਾਹਿਬਾਨ ਨਾਲ ਸਬੰਧਤ ਕਈ ਸਥਾਨ ਚੜ੍ਹਦੇ ਪੰਜਾਬ ਤੋਂ ਇਲਾਵਾ ਭਾਰਤ ਵਿਚ ਬਿਹਾਰ ਤੇ ਮਹਾਰਾਸ਼ਟਰ ਆਦਿ ਸੂਬਿਆਂ ਵਿਚ ਵੀ ਹਨ। ਭਾਰਤ ਤੇ ਨੇਪਾਲ ਦੇ ਬੁੱਧ ਧਰਮ ਨਾਲ ਸਬੰਧਤ ਸਰਕਟ ਦੀ ਤਰਜ਼ 'ਤੇ ਜੇ ਭਾਰਤ ਤੇ ਪਾਕਿਸਤਾਨ ਮਿਲ ਕੇ ਸਿੱਖ ਧਰਮ ਨਾਲ ਸਬੰਧਤ ਸਰਕਟ ਵਿਕਸਤ ਕਰਦੇ ਹਨ ਤਾਂ ਭਵਿੱਖ 'ਚ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਵੀ ਕਾਫੀ ਸੁਧਾਰ ਆਵੇਗਾ।

ਭਾਰਤ-ਪਾਕਿਸਤਾਨ ਦੇ ਮਾਲੀ ਰਿਸ਼ਤੇ ਬੀਤੇ ਦੋ ਸਾਲਾਂ ਤੋਂ ਕਾਫੀ ਖਰਾਬ ਹਨ, ਜਦੋਂਕਿ ਦੋਵਾਂ ਮੁਲਕਾਂ ਦੇ ਵਪਾਰੀ ਚੰਗੇ ਸਬੰਧਾਂ ਦੇ ਚਾਹਵਾਨ ਹਨ। ਅੰਮ੍ਰਿਤਸਰ ਤੇ ਲਾਹੌਰ ਦੇ ਵਪਾਰੀਆਂ ਨੂੰ ਇਸ ਲਾਂਘੇ ਤੋਂ ਕਾਫੀ ਉਮੀਦਾਂ ਹਨ, ਹਾਲਾਂਕਿ ਦਿੱਲੀ ਤੱਕ ਦੇ ਵਪਾਰੀ ਇਸ ਵੱਲ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਹਨ। ਪੰਜਾਬ ਰਾਹੀਂ ਪਾਕਿਸਤਾਨ ਨਾਲ ਵਪਾਰ ਵਧਣ ਦਾ ਪੂਰੇ ਉਤਰ ਭਾਰਤ ਨੂੰ ਸਿੱਧਾ ਫਾਇਦਾ ਹੋਵੇਗਾ। ਇਸੇ ਤਰ੍ਹਾਂ ਲਹਿੰਦੇ ਪੰਜਾਬ 'ਚ ਖਾਸਕਰ ਲਾਹੌਰ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਵਲੋਂ ਵੀ ਪੰਜਾਬ ਸਰਹੱਦ ਰਾਹੀਂ ਭਾਰਤ ਨਾਲ ਵਪਾਰ ਵਧਾਉਣ ਦੀ ਮੰਗ ਕੀਤੀ ਜਾ ਰਹੀ ਹੈ।

ਚੜ੍ਹਦੇ ਪੰਜਾਬ ਦੇ ਆਗੂ ਵੀ ਲਗਾਤਾਰ ਪੰਜਾਬ ਰਾਹੀਂ ਪਾਕਿਸਤਾਨ ਨਾਲ ਆਰਥਿਕ ਰਿਸ਼ਤੇ ਸੁਧਾਰਨ 'ਤੇ ਜ਼ੋਰ ਦੇ ਰਹੇ ਹਨ। ਹਾਲੇ ਸਿਰਫ ਅਟਾਰੀ ਸਰਹੱਦ ਰਾਹੀਂ ਦੋਵਾਂ ਮੁਲਕਾਂ ਦਰਮਿਆਨ ਵਪਾਰਕ ਲੈਣ-ਦੇਣ ਹੈ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 2014 ਵਿਚ ਕੇਂਦਰ ਨੂੰ ਚਿੱਠੀ ਲਿਖ ਕੇ ਜ਼ਿਲ੍ਹਾ ਫਿਰੋਜ਼ਪੁਰ ਸਥਿਤ ਹੁਸੈਨੀਵਾਲਾ ਅਤੇ ਜ਼ਿਲ੍ਹਾ ਫਾਜ਼ਿਲਕਾ ਸਥਿਤ ਸੁਲੇਮਾਨਕੀ ਸਰਹੱਦ ਰਾਹੀਂ ਵੀ ਵਪਾਰ ਸ਼ੁਰੂ ਕਰਨ ਦੀ ਮੰਗ ਕੀਤੀ ਸੀ। ਦੋਵਾਂ ਮੁਲਕਾਂ ਦਰਮਿਆਨ ਦੁਵੱਲੇ ਵਪਾਰ ਦੀ ਸਮਰੱਥਾ 30 ਅਰਬ ਡਾਲਰ ਦੇ ਕਰੀਬ ਹੈ, ਜਦੋਂਕਿ ਹਾਲੇ ਦੁਵੱਲਾ ਵਪਾਰ ਸਿਰਫ 2.50 ਅਰਬ ਡਾਲਰ ਹੈ।

ਜੇ ਕਰਤਾਰਪੁਰ ਸਾਹਿਬ ਲਾਂਘਾ ਦੋਵਾਂ ਮੁਲਕਾਂ ਦਰਮਿਆਨ ਰਿਸ਼ਤੇ ਸੁਧਾਰਨ ਦਾ ਜ਼ਰੀਆ ਬਣਦਾ ਹੈ, ਤਾਂ ਇਸ ਦਾ ਪਾਕਿਸਤਾਨ ਦੇ ਕਈ ਸਨਅਤੀ ਖੇਤਰਾਂ ਨੂੰ ਸਿੱਧਾ ਲਾਭ ਹੋਵੇਗਾ। ਪਾਕਿਸਤਾਨ ਦੀ ਆਟੋਮੋਬਾਈਲ ਸਨਅਤ ਭਾਰਤ ਦੇ ਗੁੜਗਾਉਂ ਤੇ ਮਾਨੇਸਰ ਤੋਂ ਲੋੜੀਂਦਾ ਸਾਮਾਨ ਦਰਾਮਦ ਕਰ ਸਕਦੀ ਹੈ। ਪਾਕਿਸਤਾਨ ਦੀ ਦਵਾ ਸਨਅਤ ਨੂੰ ਵੀ ਭਾਰੀ ਫਾਇਦਾ ਹੋਵੇਗਾ, ਕਿਉਂਕਿ ਪਾਕਿਸਤਾਨ ਵਿਚ ਹਾਲੇ ਵੀ ਕਈ ਜ਼ਰੂਰੀ ਦਵਾਈਆਂ ਕਾਫੀ ਮਹਿੰਗੀਆਂ ਹਨ। ਦੋਵਾਂ ਮੁਲਕਾਂ 'ਚ ਖੇਤੀ ਸਹਿਯੋਗ ਵੀ ਵਧੇਗਾ। ਚੜ੍ਹਦੇ ਪੰਜਾਬ ਵਿਚ ਆਲੂ ਤੇ ਨਰਮਾ ਕਾਸ਼ਤਕਾਰਾਂ ਨੂੰ ਫਾਇਦਾ ਹੋਵੇਗਾ।

ਲਹਿੰਦੇ ਪੰਜਾਬ ਦੀ ਕੱਪੜਾ ਸਨਅਤ ਚੜ੍ਹਦੇ ਪੰਜਾਬ ਦੀ ਕਪਾਹ ਦੀ ਵੱਡੀ ਖਰੀਦਦਾਰ ਹੈ ਅਤੇ ਭਾਰਤ ਤੋਂ ਪਾਕਿਸਤਾਨ ਨੂੰ ਹੋਣ ਵਾਲੀ ਬਰਾਮਦ ਵਿਚ ਕਪਾਹ ਦਾ ਵੱਡਾ ਹਿੱਸਾ ਹੈ। ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਸੁਧਾਰ ਦਾ ਫਾਇਦਾ ਮੱਧ ਏਸ਼ੀਆ ਤੇ ਅਫਗਾਨਿਸਤਾਨ ਨੂੰ ਵੀ ਹੋਵੇਗਾ ਅਤੇ ਇਸੇ ਤਰ੍ਹਾਂ ਪੂਰਬੀ ਏਸ਼ੀਆ ਤੇ ਬੰਗਲਾਦੇਸ਼ ਨੂੰ ਵੀ। ਪਾਕਿਸਤਾਨ ਦੀ ਪੂਰਬੀ ਏਸ਼ੀਆ ਦੇ ਬਾਜ਼ਾਰਾਂ ਤੱਕ ਪਹੁੰਚ ਸੌਖੀ ਹੋਵੇਗੀ ਤੇ ਭਾਰਤ ਲਈ ਮੱਧ ਏਸ਼ੀਆ ਦੇ ਬਾਜ਼ਾਰਾਂ ਤੱਕ ਪੁੱਜਣਾ ਆਸਾਨ ਹੋ ਜਾਵੇਗਾ।

## ਨਾਨਕ ਬਾਣੀ...

*(ਪਿਛਲੇ ਸਫੇ ਦੀ ਬਾਕੀ)*

ਨੀਚ ਦੀ ਭਾਵਨਾ ਬਹੁਤ ਵੱਡਾ ਸਮਾਜਕ ਵਿਕਾਰ ਜਾਂ ਵਿਗਾੜ ਮੰਨਿਆ ਗਿਆ। ਜਾਤ ਪ੍ਰਬੰਧ ਦੀ ਖੜ੍ਹੇ ਰੁਖ ਪਈ ਪੌੜੀ ਨੂੰ ਲੇਟਵੇਂ ਰੁਖ ਕਰਨ ਲਈ ਕਿਹਾ ਗਿਆ। ਜਾਤ-ਪਾਤ ਨਾਲ ਜੁੜੀ ਉਸ ਸਮਝ ਨੂੰ ਨਕਾਰਿਆ ਗਿਆ ਜੋ ਸਮਾਜ ਅੰਦਰ ਬਰਾਬਰੀ ਅਤੇ ਸਾਂਝੀਵਾਲਤਾ ਦੇ ਭਾਵ ਦੇ ਪ੍ਰਵਾਹ ਵਿਚ ਅੜਿੱਕਾ ਬਣਦੀ ਹੈ। ਕਦੀ ਵਿਦਿਆ ਅਤੇ ਗਿਆਨ ਪ੍ਰਾਪਤੀ ਦਾ ਅਧਿਕਾਰ ਸਿਰਫ ਬ੍ਰਾਹਮਣ ਨੂੰ ਸੀ। ਪਰ ਸਾਂਝੀਵਾਲਤਾ ਅਤੇ ਬਰਾਬਰੀ ਆਧਾਰਿਤ ਸਮਾਜ ਦੀ ਸਿਰਜਣਾ ਲਈ ਸਭ ਵਰਗਾਂ, ਜਾਤਾਂ, ਜਮਾਤਾਂ ਦੇ ਲੋਕਾਂ ਨੂੰ ਵਿੱਦਿਆ ਦਾ ਬਰਾਬਰ ਅਧਿਕਾਰ ਅਤੇ ਅਵਸਰ ਮਿਲਣਾ ਚਾਹੀਦਾ ਹੈ, ਹਰ ਬੰਦੇ ਦਾ ਗਿਆਨਵਾਨ ਹੋਣਾ ਜ਼ਰੂਰੀ ਹੈ। ਮਾਨਵੀ ਜੀਵਨ ਦੀ ਸੱਚੀ ਸਫਲਤਾ ਅਤੇ ਵਿਕਾਸ ਲਈ ਵਿਦਿਆ ਵਪਾਰ ਦੇ ਤਹਿਤ ਵੇਚਣ ਖਰੀਦਣ ਵਾਲਾ ਧੰਦਾ ਨਹੀਂ ਹੋਣੀ ਚਾਹੀਦੀ:

ਪਾਧਾ ਪੜਿਆ ਆਖੀਐ<br>
ਬਿਦਿਆ ਬਿਚਰੈ ਸਹਜਿ ਸੁਭਾਇ॥<br>
ਬਿਦਿਆ ਸੋਧੈ ਤਤੁ ਲਹੈ<br>
ਰਾਮ ਨਾਮ ਲਿਵ ਲਾਇ॥<br>
ਮਨਮੁਖੁ ਬਿਦਿਆ ਬਿਕ੍ਰਦਾ<br>
ਬਿਖੁ ਖਟੇ ਬਿਖੁ ਖਾਇ॥<br>
ਮੂਰਖੁ ਸਬਦੁ ਨ ਚੀਨਈ<br>
ਸੂਝ ਬੂਝ ਨਹ ਕਾਇ॥ (938)

ਗਿਆਨ ਵਿਹੂਣੀ ਖਲਕਤ ਅੰਨ੍ਹਿਆਂ ਦੇ ਹਜੂਮ ਵਾਂਗ ਹੁੰਦੀ ਹੈ। ਅਗਿਆਨਤਾ ਦਾ ਪਸਾਰਾ ਹੋਵੇ ਤਾਂ ਲੋਕਾਈ ਅੰਦਰ ਜੀਵਨ ਤਰੰਗ ਨਹੀਂ ਹੁੰਦੀ। ਲੋਕਾਂ ਲਈ ਗੀਤ, ਸੰਗੀਤ, ਸ਼ਿੰਗਾਰ ਅਤੇ ਹੋਰ ਕਲਾਵਾਂ ਨਿਰਾਰਥਕ ਹੋ ਜਾਂਦੀਆਂ ਹਨ। ਜੀਵਨ ਲਿਸ਼ਕਾਉਣ ਵਾਲੇ ਸੁੰਦਰਤਾ, ਬਹਾਦਰੀ ਅਤੇ ਚੜ੍ਹਦੀ ਕਲਾ ਵਰਗੇ ਮੂਲ ਤੱਤ ਅਲੋਪ ਹੋ ਜਾਂਦੇ ਹਨ। ਥੋੜ੍ਹੇ ਜਿਹੇ ਚਤੁਰ ਲੋਕ ਆਪਣੀਆਂ ਚਲਾਕੀਆਂ ਨਾਲ ਲੋਕਾਂ ਨੂੰ ਬੁੱਧੂ ਬਣਾ ਕੇ ਉਨ੍ਹਾਂ ਦਾ ਸ਼ੋਸ਼ਣ ਕਰਕੇ ਧਨ ਇਕੱਠਾ ਕਰਨ ਦੇ ਆਹਰ ਵਿਚ ਲੱਗ ਜਾਂਦੇ ਹਨ:

ਅੰਧੀ ਰਯਤਿ ਗਿਆਨ ਵਿਹੂਣੀ<br>
ਭਾਹਿ ਭਰੇ ਮੁਰਦਾਰੁ॥<br>
ਗਿਆਨੀ ਨਚਹਿ ਵਾਜੇ ਵਾਵਹਿ<br>
ਰੂਪ ਕਰਹਿ ਸੀਗਾਰੁ॥<br>
ਊਚੇ ਕੂਕਹਿ ਵਾਦਾ ਗਾਵਹਿ<br>
ਜੋਧਾ ਕਾ ਵੀਚਾਰੁ॥<br>
ਮੂਰਖ ਪੰਡਿਤ ਹਿਕਮਤਿ ਹੁਜਤਿ<br>
ਸੰਜੈ ਕਰਹਿ ਪਿਆਰੁ॥ (469)

ਵਿਦਿਆ ਅਤੇ ਗਿਆਨ ਦੇ ਪਸਾਰ ਦੀਆਂ ਦੋ ਵਿਧੀਆਂ ਹਨ: ਮੌਖਿਕ ਅਤੇ ਲਿਖਤ। ਵੱਖ ਵੱਖ ਸਵਰਾਂ ਦੇ ਮੇਲ ਨਾਲ ਸ਼ਬਦ ਬਣਦਾ ਹੈ ਅਤੇ ਵੱਖ ਵੱਖ ਸਵਰਾਂ ਦੀ ਗ੍ਰਾਫਿਕ ਪੇਸ਼ਕਾਰੀ ਨੂੰ ਅੱਖਰ ਕਹਿੰਦੇ ਹਾਂ। ਗੁਰੂ ਨਾਨਕ ਨੇ ਜਪੁ ਬਾਣੀ ਵਿਚ ਅੱਖਰਾਂ ਦੀ ਬਹੁਤ ਮਹਿਮਾ ਕੀਤੀ ਹੈ। ਗੁਰਬਾਣੀ ਵਿਚ ਇਕੋ ਉਚਾਰਨ ਵਾਲੇ ਸ਼ਬਦਾਂ ਦੇ ਵੱਖਰੇ ਵੱਖਰੇ ਅੱਖਰ ਜੋੜ ਮਿਲਦੇ ਹਨ, ਜਿਵੇਂ ਸਚ, ਸਚੁ, ਸਚਿ। ਇਨ੍ਹਾਂ ਦਾ ਉਚਾਰਨ ਇਕ ਹੈ, ਅਰਥ ਜਾਂ ਭਾਵ ਵੱਖਰਾ ਵੱਖਰਾ ਹੈ। ਇਨ੍ਹਾਂ ਤਿੰਨਾਂ ਨੂੰ ਪਾਠੀ ਜਾਂ ਗਵੱਈਏ ਮੂੰਹੋਂ ਸੁਣਨ ਨਾਲ ਇਕ ਉਚਾਰਨ 'ਸੱਚ' ਹੀ ਸੁਣੇਗਾ, ਸਹੀ ਭਾਵ ਦਾ ਸੰਚਾਰ ਆਪ ਪੜ੍ਹਨ ਨਾਲ ਹੀ ਹੋਵੇਗਾ। ਇਸ ਲਈ ਪਾਠੀ ਮੂੰਹੋਂ ਗੁਰਬਾਣੀ ਸੁਣਨ ਨਾਲ ਨਹੀਂ, ਆਪ ਪੜ੍ਹਨ ਅਤੇ ਵਿਚਾਰਨ ਨਾਲ ਗੱਲ ਬਣਨੀ ਹੈ। ਗੁਰਮਤਿ ਦਰਸ਼ਨ ਦੀ ਸਮਝ ਅਤੇ ਪਾਸਾਰ ਦੇ ਨਜ਼ਰੀਏ ਤੋਂ ਗੁਰੂ ਨਾਨਕ ਦੁਆਰਾ ਲਿਖੇ ਅੱਖਰ ਕਿਰਾਏ ਦੇ ਪਾਠੀ ਅਤੇ ਮੁੱਲ ਦੇ ਪਾਠ ਦੇ ਹਾਮੀ ਨਹੀਂ। ਪਰ ਸਾਡਾ ਲਗਪਗ ਹਰ ਛੋਟਾ ਵੱਡਾ ਪਾਠੀ ਸੰਗਤ ਦਾ ਹਿੱਸਾ ਹੋਣ ਦੀ ਬਜਾਏ ਖੁਦ ਨੂੰ ਛੋਟਾ ਵੱਡਾ ਸੱਤਾਵਾਨ ਸਮਝਦਾ ਦੇਖਿਆ ਜਾ ਸਕਦਾ ਹੈ। ਪਾਠੀ ਤਰੱਕੀ ਪਾ ਕੇ ਵੱਡੀਆਂ ਧਾਰਮਿਕ ਸੰਸਥਾਵਾਂ 'ਤੇ ਸੱਤਾਵਾਨਾਂ (ਪੁਜਾਰੀ ਵਰਗ) ਵਜੋਂ ਸਥਾਪਤ ਹੁੰਦੇ ਹਨ। ਗੁਰੂ ਨਾਨਕ ਤਾਂ ਆਪਣੀ ਰਚਨਾ ਅਤੇ ਉਸ ਦੇ ਪਾਠਕ (ਗੁਰੂ ਅਤੇ ਸਿੱਖ) ਦੇ ਸਿੱਧੇ ਸਬੰਧ ਦੀ ਬਜਾਏ ਪਾਠੀ ਦੀ ਹੋਂਦ ਲਈ ਹਾਮੀ ਨਹੀਂ ਭਰਦੇ, ਪਾਠੀਆਂ ਤੋਂ ਬਣਨ ਵਾਲੇ ਧਾਰਮਿਕ ਸੱਤਾਵਾਨਾਂ ਨੂੰ ਗੁਰੂ ਨਾਨਕ ਨੇ ਮਾਨਤਾ ਕਿੱਥੋਂ ਦੇਣੀ ਹੋਈ?

# ਲਾਂਘਾ ਫੀਸ ਬਾਰੇ ਵਿਵਾਦ ਬੇਲੋੜਾ

ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਸਾਹਿਬ ਵਿਚ ਸਥਿਤ ਇਤਿਹਾਸਕ ਗੁਰਦੁਆਰੇ ਦੇ ਦਰਸ਼ਨਾਂ ਲਈ ਜਾਣ ਵਾਲੇ ਭਾਰਤੀ ਸ਼ਰਧਾਲੂਆਂ ਤੋਂ ਪਾਕਿਸਤਾਨ ਵਲੋਂ ਵਸੂਲੀ ਜਾਣ ਵਾਲੀ ਫੀਸ ਦੇ ਮਾਮਲੇ 'ਤੇ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਨਾਸਮਝੀ ਵਾਲੇ ਬਿਆਨ ਆਏ ਹਨ। ਕੁਝ ਆਗੂ ਤਾਂ ਇਸ ਨੂੰ 'ਜਜ਼ੀਆ ਟੈਕਸ' ਤੱਕ ਕਰਾਰ ਦੇ ਰਹੇ ਹਨ।

ਇਸ ਮਾੜੀ ਬਿਆਨਬਾਜ਼ੀ ਦੇ ਚਾਰ ਸੰਭਵ

**ਪ੍ਰੋ. ਪ੍ਰੀਤਮ ਸਿੰਘ**

ਕਾਰਨ ਹਨ। ਪਹਿਲਾ: ਹੋ ਸਕਦਾ ਹੈ, ਬਿਆਨ ਦੇਣ ਵਾਲਿਆਂ ਨੂੰ ਕੌਮਾਂਤਰੀ ਮਾਮਲਿਆਂ ਦੀ ਜਾਣਕਾਰੀ ਤੇ ਸਮਝ ਘੱਟ ਹੋਵੇ। ਦੂਜਾ: ਦਾਖਲਾ ਫੀਸ ਬਾਰੇ ਪਾਕਿਸਤਾਨ ਦੀ ਨਿਖੇਧੀ ਕਰਨ ਨਾਲ ਉਨ੍ਹਾਂ ਨੂੰ ਸ਼ਰਧਾਲੂਆਂ ਤੋਂ ਸ਼ਾਬਾਸ਼ੀ ਮਿਲੇਗੀ। ਤੀਜਾ: ਇਹ ਵੱਖ-ਵੱਖ ਭਾਈਚਾਰਿਆਂ, ਖਾਸਕਰ ਮੁਸਲਮਾਨਾਂ ਅਤੇ ਗੁਰੂ ਸਾਹਿਬ ਦੇ ਸ਼ਰਧਾਲੂ ਸਿੱਖ, ਹਿੰਦੂ ਅਤੇ ਸਿੰਧੀ ਭਾਈਚਾਰਿਆਂ ਦਰਮਿਆਨ ਕੁੜੱਤਣ ਪੈਦਾ ਕਰਨ ਦੀ ਸ਼ਰਾਰਤ ਵੀ ਹੋ ਸਕਦੀ ਹੈ। ਚੌਥਾ: ਇਹ ਇਨ੍ਹਾਂ ਉਪਰਲੇ ਤਿੰਨੇ ਪੱਖਾਂ 'ਤੇ ਆਧਾਰਿਤ ਉਲਝੀ ਸੋਚ ਤੇ ਮਿਲੇ-ਜੁਲੇ ਮੰਤਵਾਂ ਦਾ ਸਿੱਟਾ ਹੋ ਸਕਦੇ ਹਨ।

ਦੁਨੀਆ ਭਰ ਦੀਆਂ ਸਾਰੀਆਂ ਹਕੂਮਤਾਂ ਦੂਜੇ ਮੁਲਕਾਂ ਦੇ ਨਾਗਰਿਕਾਂ ਤੋਂ ਆਪਣੀ ਸਰਜ਼ਮੀਨ ਵਿਚ ਦਾਖਲ ਹੋਣ 'ਤੇ ਫੀਸ ਵਸੂਲਦੀਆਂ ਹਨ। ਛੋਟ ਸਿਰਫ ਉਸ ਸੂਰਤ ਵਿਚ ਹੋ ਸਕਦੀ ਹੈ, ਜੇ ਮੁਲਕਾਂ ਦਰਮਿਆਨ ਇਸ ਸਬੰਧੀ ਇਕਰਾਰਨਾਮਾ ਹੋਇਆ ਹੋਵੇ। ਦੁਨੀਆ ਦੇ ਕਈ ਮੁਲਕਾਂ ਨੇ ਅਜਿਹੇ ਸਮਝੌਤੇ ਕੀਤੇ ਹੋਏ ਹਨ। ਭਾਰਤ ਅਤੇ ਪਾਕਿਸਤਾਨ ਦਰਮਿਆਨ ਅਜਿਹਾ ਕੋਈ ਇਕਰਾਰਨਾਮਾ ਨਹੀਂ ਹੈ। ਉਲਟਾ, ਦੋਵਾਂ ਮੁਲਕਾਂ ਦੇ ਬਾਸ਼ਿੰਦਿਆਂ ਦੇ ਇਕ-ਦੂਜੇ ਦੀ ਸਰਜ਼ਮੀਨ 'ਤੇ ਆਮਦ ਅਤੇ ਯਾਤਰਾ ਕਰਨ ਦੇ ਮਾਮਲੇ ਵਿਚ ਕਿਤੇ ਵੱਧ ਸਖਤ ਵੀਜ਼ਾ ਨਿਯਮ ਹਨ। ਦੋਵਾਂ ਮੁਲਕਾਂ ਦੇ ਬਾਸ਼ਿੰਦਿਆਂ ਦਰਮਿਆਨ ਇਕ ਦੂਜੇ ਲਈ ਅੰਤਾਂ ਦਾ ਮੋਹ ਤੇ ਨਿੱਘ ਹੋਣ ਦੇ ਬਾਵਜੂਦ ਭਾਰਤ ਪਾਕਿਸਤਾਨ ਦੇ ਆਪਸੀ ਰਿਸ਼ਤੇ ਮਾੜੇ ਹਨ। ਭਾਰਤ ਤੇ ਪਾਕਿਸਤਾਨ ਵਾਸੀਆਂ ਦਾ ਪਿਆਰ ਹਰ ਥਾਂ ਦਿਖਾਈ ਦਿੰਦਾ ਹੈ, ਜਿਥੇ ਵੀ ਤੇ ਜਦੋਂ ਵੀ ਉਹ ਇਕ-ਦੂਜੇ ਨੂੰ ਮਿਲਦੇ ਹਨ।

ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਦੂਜੇ ਮੁਲਕ ਵਿਚ ਧਾਰਮਿਕ ਸਥਾਨ ਦੀ ਯਾਤਰਾ ਲਈ ਆਮ ਦਾਖਲਾ ਨਿਯਮਾਂ ਤੋਂ ਛੋਟ ਹੋਣੀ ਚਾਹੀਦੀ ਹੈ। ਕੋਈ ਭਾਵੇਂ ਅਜਿਹਾ ਜਿੰਨਾ ਮਰਜ਼ੀ ਚਾਹੇ ਜਾਂ ਨਾ, ਪਰ ਇਸ ਵੇਲੇ ਅਜਿਹਾ ਕੋਈ ਕੌਮਾਂਤਰੀ ਦਸਤੂਰ ਨਹੀਂ। ਚੀਨ, ਜਪਾਨ ਤੇ ਹੋਰ ਏਸ਼ਿਆਈ ਮੁਲਕਾਂ ਨਾਲ ਸਬੰਧਿਤ ਮੇਰੇ ਬਹੁਤ ਸਾਰੇ ਵਿਦਿਆਰਥੀ ਚਿਰਾਂ ਤੋਂ ਭਾਰਤ ਵਿਚ ਸਥਿਤ ਬੁੱਧ ਧਰਮ ਨਾਲ ਸਬੰਧਤ ਅਹਿਮ ਸਥਾਨਾਂ ਦੀ ਯਾਤਰਾ ਦੇ ਚਾਹਵਾਨ ਹਨ। ਉਨ੍ਹਾਂ ਵਿਚੋਂ ਜਿਹੜੇ ਵੀ ਬੁੱਧ ਦੇ ਜਨਮ ਸਥਾਨ ਦੀ ਯਾਤਰਾ ਦੀ ਆਪਣੀ ਖਾਹਿਸ਼ ਪੂਰੀ ਕਰ ਪਾਉਂਦੇ ਹਨ, ਉਨ੍ਹਾਂ ਨੂੰ ਭਾਰਤ ਵਿਚ ਆਉਣ ਲਈ ਆਮ ਦਾਖਲਾ/ਵੀਜ਼ਾ ਫੀਸ ਅਦਾ ਕਰਨੀ ਪੈਂਦੀ ਹੈ। ਇਸੇ ਤਰ੍ਹਾਂ ਜਦੋਂ ਪਾਕਿਸਤਾਨੀ ਬਾਸ਼ਿੰਦੇ ਭਾਰਤ ਵਿਚ ਅਜਮੇਰ ਸ਼ਰੀਫ ਜਾਂ ਅਜਿਹੇ ਹੋਰ ਇਸਲਾਮੀ ਧਰਮ ਸਥਾਨਾਂ ਦੀ ਯਾਤਰਾ ਲਈ ਆਉਂਦੇ ਹਨ ਤਾਂ ਉਨ੍ਹਾਂ ਤੋਂ ਵੀ ਭਾਰਤ ਸਰਕਾਰ ਆਮ ਦਾਖਲਾ/ਵੀਜ਼ਾ ਫੀਸ ਵਸੂਲਦੀ ਹੈ।

ਇਸ ਲਈ ਜਿਹੜੇ ਆਗੂ ਜਾਂ ਲੋਕ ਮਹਿਜ਼ ਗੁਰੂ ਨਾਨਕ ਦੇਵ ਦੇ ਸ਼ਰਧਾਲੂਆਂ ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਦੇ ਹੋਰ ਚਾਹਵਾਨਾਂ ਦੀ ਸ਼ਾਬਾਸ਼ੀ ਖੱਟਣ ਲਈ ਦਾਖਲਾ ਫੀਸ ਲਾਉਣ ਬਦਲੇ ਪਾਕਿਸਤਾਨ ਦੀ ਜਨਤਕ ਤੌਰ 'ਤੇ ਨਿਖੇਧੀ ਕਰ ਰਹੇ ਹਨ, ਉਹ ਬਹੁਤ ਮਾੜਾ ਕੰਮ ਕਰ ਰਹੇ ਹਨ। ਇਹੀ ਨਹੀਂ, ਉਹ ਗੁਰੂ ਪ੍ਰਤੀ ਵੀ ਬੇਅਦਬੀ ਦਾ ਮੁਜ਼ਾਹਰਾ ਕਰ ਰਹੇ ਹਨ, ਕਿਉਂਕਿ ਗੁਰੂ ਅਜਿਹੀ ਫਿਰਕੂ ਸੋਚ ਦੇ ਖਿਲਾਫ ਸਨ।

ਜੇ ਦਾਖਲਾ ਫੀਸ ਦੇ ਇਸ ਵਿਰੋਧ ਪਿੱਛੇ ਵੱਖ-ਵੱਖ ਧਾਰਮਿਕ ਭਾਈਚਾਰਿਆਂ ਦਰਮਿਆਨ ਨਫਰਤ ਫੈਲਾਉਣ ਦਾ ਜ਼ਾਹਰਾ ਜਾਂ ਲੁਕਵਾਂ ਮੰਤਵ ਹੈ ਤਾਂ ਇਹ ਹੋਰ ਵੀ ਵੱਧ ਨਿੰਦਣਯੋਗ ਕਾਰਵਾਈ ਹੈ। ਇਸ ਫੀਸ ਲਈ 'ਜਜ਼ੀਆ ਟੈਕਸ' ਵਰਗਾ ਬਹੁਤ ਹੀ ਭੜਕਾਊ ਸ਼ਬਦ ਵਰਤਣਾ ਚਿੰਤਾ ਦੀ ਗੱਲ ਹੈ। ਅਜਿਹਾ ਕਰਨ ਵਾਲਿਆਂ ਨੂੰ ਕੋਝੀਆਂ ਹਰਕਤਾਂ ਤੋਂ ਬਾਜ਼ ਆਉਣਾ ਚਾਹੀਦਾ ਹੈ ਅਤੇ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ। ਜੇ ਉਨ੍ਹਾਂ ਨੂੰ ਆਪਣੀ ਇਸ ਮਾੜੀ ਸੋਚ ਦਾ ਅਹਿਸਾਸ ਹੁੰਦਾ ਹੈ ਤਾਂ ਉਨ੍ਹਾਂ ਨੂੰ ਆਪਣੇ ਇਸ ਮਾੜੇ ਕੰਮ ਲਈ ਗੁਰੂ ਤੋਂ ਭੁੱਲ ਬਖਸ਼ਾਉਣੀ ਚਾਹੀਦੀ ਹੈ।

ਜਿਥੋਂ ਤੱਕ ਮਿਲੇ-ਜੁਲੇ ਮੰਤਵਾਂ ਦਾ ਸਵਾਲ ਹੈ, ਸੰਭਵ ਹੈ ਕਿ ਦਾਖਲਾ ਫੀਸ ਦਾ ਵਿਰੋਧ ਕਰਨ ਵਾਲੇ ਆਪਣੇ ਸਟੈਂਡ ਬਾਰੇ ਪੂਰੀ ਤਰ੍ਹਾਂ ਸਪਸ਼ਟ ਨਹੀਂ। ਬਹੁਤੇ ਤਾਂ ਕੌਮਾਂਤਰੀ ਨਿਯਮਾਂ ਦੀ ਜਾਣਕਾਰੀ ਨਾ ਹੋਣ ਕਾਰਨ ਜਾਂ ਫਿਰ ਭਾਈਚਾਰਕ ਰਿਸ਼ਤਿਆਂ ਤੇ ਫਿਰਕੂ ਸਦਭਾਵਨਾ ਉਤੇ ਪੈਣ ਵਾਲੇ ਕੁਪ੍ਰਭਾਵ ਤੋਂ ਜਾਣੂ ਨਹੀਂ। ਮਨੁੱਖੀ ਵਿਹਾਰ ਦੇ ਮਿਲੇ-ਜੁਲੇ ਮੰਤਵਾਂ ਬਾਰੇ ਖੋਜ ਦਾ ਘੇਰਾ ਲਗਾਤਾਰ ਵਧ ਰਿਹਾ ਹੈ। ਇਹ ਖੋਜ ਦੱਸਦੀ ਹੈ ਕਿ ਇਹ ਗੱਲ ਮੰਨੀ ਜਾ ਸਕਦੀ ਹੈ ਕਿ ਜ਼ਿਆਦਾਤਰ ਮਾਮਲਿਆਂ ਵਿਚ ਮਨੁੱਖ ਅਜਿਹੇ ਫੈਸਲੇ ਕਰਦੇ ਜਾਂ ਅਜਿਹੀਆਂ ਸਰਗਰਮੀਆਂ ਵਿਚ ਸ਼ਿਰਕਤ ਕਰਦੇ ਹਨ ਜੋ ਮਿਲੇ-ਜੁਲੇ ਮੰਤਵਾਂ ਤੋਂ ਸੇਧਿਤ ਹੁੰਦੇ ਹਨ। ਜ਼ਰੂਰੀ ਨਹੀਂ ਕਿ ਇਹ ਮੰਤਵ ਤਰਕਸੰਗਤ ਹੀ ਹੋਣ। ਜੇ ਦਾਖਲਾ ਫੀਸ ਦੇ ਕੁਝ ਆਲੋਚਕ ਸੱਚਮੁੱਚ ਇਸ ਵਰਗ ਨਾਲ ਸਬੰਧਿਤ ਹਨ ਤਾਂ ਉਨ੍ਹਾਂ ਦਾ ਸ਼ਾਂਤੀ ਨਾਲ ਬਹਿ ਕੇ ਆਪਣੇ ਇਸ ਸਟੈਂਡ ਬਾਰੇ ਮੁੜ ਦਿਆਨਤਦਾਰੀ ਨਾਲ ਸੋਚ-ਵਿਚਾਰ ਕਰਨਾ ਨਾ ਸਿਰਫ ਉਨ੍ਹਾਂ ਲਈ ਨਿੱਜੀ ਤੌਰ 'ਤੇ ਸਗੋਂ ਅਗਾਂਹ ਸਮਾਜ ਲਈ ਵੀ ਫਾਇਦੇਮੰਦ ਹੋਵੇਗਾ।

ਸਤਿਗੁਰੂ ਨਾਨਕ ਪਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ॥ ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

# ਡਾ. ਮਨਬੀਰ ਸਿੰਘ ਅਤੇ ਪਰਿਵਾਰ ਵਲੋਂ

## ਸਮੂਹ ਸੰਗਤਾਂ ਨੂੰ ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ






ਬੇਕਰਜ਼ਫੀਲਡ ਇਲਾਕੇ ਵਿਚ ਪਿਛਲੇ 30 ਸਾਲਾਂ ਤੋਂ ਤੁਹਾਡੀ ਸੇਵਾ 'ਚ ਅਸੀਂ ਸਾਰੇ ਹੀ ਫਿਜ਼ੀਕਲ ਇਗਜ਼ਾਮ ਕਰਦੇ ਹਾਂ ਜਿਵੇਂ ਖੇਡਾਂ, ਟਰੱਕ ਡਰਾਈਵਰਾਂ ਦਾ ਫਿਜ਼ੀਕਲ, ਇਮੀਗ੍ਰੇਸ਼ਨ ਵੀਜ਼ਾ ਆਦਿ।

ਹਫਤੇ ਦੇ 6 ਦਿਨ ਤੁਹਾਡੀ ਸੇਵਾ ਵਿਚ

***Dedicated to all the Medical, Immigration, Citizenship, Truck Drivers Physical and related needs at both the locations.***

ਸਾਡੀ ਪੈਰਾਲੀਗਲ ਟੀਮ ਨੋਟਰੀ ਪਬਲਿਕ ਵੀਜ਼ਾ, ਪਾਸਪੋਰਟ, ਸਿਟੀਜ਼ਨਸ਼ਿਪ ਦੀਆਂ ਲੋੜਾਂ ਪੂਰੀਆਂ ਕਰਦੀ ਹੈ।

ਅਸੀਂ ਪੰਜਾਬੀ ਬੋਲਦੇ ਹਾਂ

# Dr. Manbir Singh
**MD. FACP**

SINGH MEDICAL CLINIC



**Mc Farland Location**
733, 3rd Street, Mc Farland CA 93250
Tel : 661.792.3097
Fax : 661.792.3095

**Bakersfield Location**
3905 Hughes Ln, Suite E1, Bakersfield CA 93304
Tel : 661.827.1033
Fax : 661.827.1138

# ਸਿੱਖ ਭਾਈਚਾਰੇ ਦੇ ਮਾਣ ’ਚ ਮਤਾ ਪੇਸ਼

**ਇੰਡੀਅਨਐਪੋਲਿਸ/ਵਾਸ਼ਿੰਗਟਨ (ਬਿਊਰੋ):** ਅਮਰੀਕੀ ਸੈਨੇਟਰਾਂ-ਟੌਡ ਯੰਗ (ਰਿਪਬਲਿਕਨ) ਤੇ ਬੈੱਨ ਕਾਰਡਿਨ (ਡੈਮੋਕਰੈਟ) ਨੇ ਅਮਰੀਕੀ ਸਿੱਖਾਂ ਦੇ ਮਾਣ ਵਿਚ ਪਹਿਲਾ ਸੈਨੇਟ ਮਤਾ ਪੇਸ਼ ਕੀਤਾ, ਜੋ ਆਉਣ ਵਾਲੇ ਸਮੇਂ ਵਿਚ ਵੰਨ-ਸਵੰਨਤਾ ਅਤੇ ਸਾਰੇ ਅਮਰੀਕੀਆਂ ਨੂੰ ਸਿੱਖਾਂ ਨੂੰ ਸਮਝਣ, ਉਨ੍ਹਾਂ ਨੂੰ ਮਾਨਤਾ ਤੇ ਮਾਣ-ਤਾਣ ਦੇਣ ਅਤੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ਦੇ ਮਾਮਲੇ ਵਿਚ ਅਹਿਮ ਰੋਲ ਨਿਭਾਏਗਾ।

ਸੈਨੇਟਰ ਯੰਗ ਨੇ ਕਿਹਾ, “ਅਮਰੀਕੀ ਸਿੱਖ ਮੁਲਕ ਦੇ ਅਮੀਰ ਸਭਿਆਚਾਰ ਅਤੇ ਵੰਨ-ਸਵੰਨਤਾ ਦਾ ਅਹਿਮ ਹਿੱਸਾ ਹਨ। ਇੰਡੀਆਨਾ ਵਿਚ ਸਿੱਖਾਂ ਦੇ 10 ਹਜ਼ਾਰ ਤੋਂ ਵੱਧ ਘਰ ਹਨ ਅਤੇ ਮੈਨੂੰ ਮਾਣ ਹੈ ਕਿ ਮੈਂ ਇਹ ਪਲੇਠਾ ਮਤਾ ਪੇਸ਼ ਕਰ ਰਿਹਾ ਹਾਂ। ਸਿੱਖੀ ਸੰਸਾਰ ਦਾ 5ਵਾਂ ਸਭ ਤੋਂ ਵੱਡਾ ਧਰਮ ਹੈ ਤੇ ਇਸ ਭਾਈਚਾਰੇ ਨੇ ਹਰ ਖੇਤਰ ਵਿਚ ਖੂਬ ਯੋਗਦਾਨ ਪਾਇਆ ਹੈ।”

ਸੈਨੇਟਰ ਕਾਰਡਿਨ ਨੇ ਕਿਹਾ, “ਅਮਰੀਕੀ ਸਿੱਖ ਅਮਰੀਕਾ ਦੇ ਇਤਿਹਾਸ ਦਾ ਮਾਣ ਹਨ ਤੇ ਸਿੱਖ ਭਾਈਚਾਰਾ ਮੁਲਕ ਦੀ ਅਮੀਰੀ ਤੇ ਵਿਰਾਸਤ ਨੂੰ ਧੜੱਲੇ ਨਾਲ ਅਗਾਂਹ ਵਧਾ ਰਿਹਾ ਹੈ ਅਤੇ ਇਸ ਨੇ ਸਮਾਜਕ, ਸਭਿਆਚਾਰਕ ਅਤੇ ਆਰਥਕ ਖੇਤਰਾਂ ਵਿਚ ਵੱਡਾ ਯੋਗਦਾਨ ਪਾਇਆ ਹੈ।”

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਲਿਆਂਦੇ ਇਸ ਮਤੇ ਵਿਚ ਸਿੱਖਾਂ ਦੀ ਇਤਿਹਾਸਕ, ਸਭਿਆਚਾਰਕ ਅਤੇ ਧਾਰਮਿਕ ਅਹਿਮੀਅਤ ਨੂੰ ਦਰਸਾਇਆ ਗਿਆ ਹੈ। ਇਸ ਵਿਚ ਸਿੱਖਾਂ ਵੱਲੋਂ ਅਮਰੀਕਾ ਅੰਦਰ ਪਾਏ ਯੋਗਦਾਨ ਦੀ ਤਾਰੀਫ ਕੀਤੀ ਗਈ ਹੈ। ਇਸ ਵਿਚ ਵੱਖ-ਵੱਖ ਸਮਿਆਂ ਦੌਰਾਨ ਅਮਰੀਕੀ ਸਿੱਖਾਂ ਨਾਲ ਹੋਏ ਵਿਤਕਰਿਆਂ ਦਾ ਜ਼ਿਕਰ ਵੀ ਹੈ।

ਜ਼ਿਕਰਯੋਗ ਹੈ ਕਿ ਇਸ ਵਕਤ ਸੰਸਾਰ ਭਰ ਵਿਚ ਕਰੀਬ ਢਾਈ ਕਰੋੜ ਸਿੱਖ ਵਸ ਰਹੇ ਹਨ, ਜਿਨ੍ਹਾਂ ਵਿਚੋਂ 10 ਲੱਖ ਇਕੱਲੇ ਅਮਰੀਕਾ ਵਿਚ ਹੀ ਹਨ। ਪੂਰੇ ਅਮਰੀਕਾ ਵਿਚ ਸਿੱਖਾਂ ਨਾਲ ਸਬੰਧਤ 500 ਤੋਂ ਵੱਧ ਗੁਰਦੁਆਰੇ ਸਥਾਪਿਤ ਹਨ। ਸਿੱਖਾਂ ਵਲੋਂ ਲਾਏ ਜਾਂਦੇ ਲੰਗਰ ਦੀ ਚਰਚਾ ਸੰਸਾਰ ਭਰ ਵਿਚ ਹੁੰਦੀ ਹੈ। ਲੰਗਰ ਦੀ ਸੇਵਾ ਬਿਨਾ ਕਿਸੇ ਭੇਦ-ਭਾਵ ਕੀਤੀ ਜਾਂਦੀ ਹੈ। ਸਿੱਖ ਅਮਰੀਕਾ ’ਚ 19ਵੀਂ ਸਦੀ ਦੇ ਅਖੀਰ ਵਿਚ ਆਉਣੇ ਸ਼ੁਰੂ ਹੋਏ ਸਨ। ਪਿਛੋਂ ਭਗਤ ਸਿੰਘ ਥਿੰਦ ਜਿਹੇ ਸਿੱਖਾਂ ਨੇ ਸੰਸਾਰ ਜੰਗ ਦੌਰਾਨ ਅਮਰੀਕੀ ਫੌਜ ਵਿਚ ਨੌਕਰੀ ਕੀਤੀ।

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
Ph: (408) 737-7100
Fax: (408)737-7102 www.homeopathicvibes.com
We sell and ship homeopathic remedies through out North America.

INSTALL YOUR SECURITY CAMERAS TODAY
Trusted Name In 4K Technology
VISTA HD Surveillance Systems



20 YEARS OF EXPERIENCE
HIGH QUALITY VIDEO IMAGES
COMMERCIAL GRADE PRODUCT
www.vistacctv.net
We Instal All Over California
Call Sukhpal
1-661-586-5080

Chevron Station For Sale
In Florida
Very High Volume Store
Totally Renovated
New Pumps, Coolers, Floor, Bathroom, Office, New Kitchen, New Roof. Remodeled store.
It’s neighborhood store and 30k car count on the street. A lot roof tops around
165 -170 K inside sales (High Margins)
60 K Gallons
*3000 lotto commission *Uhaul - ATM - 2k
*Rent:14k NNN *LONG LEASE
Asking Price: 575K
plus inventory
Please only serious inquires.
Email us: sunkap1@icloud.com
43/8

# ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਨੇ ਮਨਾਇਆ '12ਵਾਂ ਪੰਜਾਬੀ ਚੇਤਨਾ ਦਿਵਸ'

**ਫਰਿਜ਼ਨੋ (ਅਵਤਾਰ ਗੋਂਦਾਰਾ):** ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੱਕ ਰੋਜ਼ਾ '12ਵਾਂ ਪੰਜਾਬੀ ਚੇਤਨਾ ਦਿਵਸ' ਲੰਘੇ ਦਿਨੀਂ ਸੈਲਮਾ ਦੇ ਅਸੋਕਾ ਹੋਟਲ ਵਿਖੇ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਸੈਂਟਰਲ ਵੈਲੀ ਦੇ ਪੰਜਾਬੀ ਭਾਈਚਾਰੇ ਦੇ ਲੋਕ ਹਾਜ਼ਰ ਸਨ। ਪੰਜਾਬੀ ਬੋਲੀ ਵਿਚ ਮੁਹਾਰਤ ਦੇ ਮੁਕਾਬਲੇ ਵਿਚ ਹਿੱਸਾ ਲੈਣ ਲਈ ਆਏ ਵਿਦਿਆਰਥੀਆਂ ਦਾ ਉਤਸ਼ਾਹ ਇਸ ਸਮਾਗਮ ਦੀ ਵਿਲੱਖਣਤਾ ਹੋ ਨਿਬੜਿਆ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਕਰਾਏ ਗਏ ਇਸ ਸਮਾਗਮ ਦੌਰਾਨ ਵੈਲੀ ਵਿਚ ਸਰਗਰਮ ਪੰਜਾਬੀ ਸਭਿਆਚਾਰ ਦੇ ਪ੍ਰਚਾਰ-ਪਸਾਰ ਲਈ ਕੰਮ ਕਰਦੀਆਂ ਜਥੇਬੰਦੀਆਂ 'ਚੋਂ ਸਪੋਰਟਸ ਕਲੱਬ ਸੈਲਮਾ, ਸਿੱਖ ਕੌਂਸਲ ਆਫ ਕੈਲੀਫੋਰਨੀਆ, ਪੰਜਾਬੀ ਸਕੂਲ, ਪੰਜਾਬੀ ਰੇਡੀਓ, ਚੇਤਨਾ ਪ੍ਰਕਾਸ਼ਨ (ਇੰਡੀਆ) ਅਤੇ ਇੰਡੋ-ਯੂ. ਐਸ. ਹੈਰੀਟੇਜ ਫੋਰਮ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।

ਸਮਾਗਮ ਦਾ ਆਗਾਜ਼ ਐਸੋਸੀਏਸ਼ਨ ਦੇ ਸਕੱਤਰ ਡਾ. ਨਿੰਦੀ ਸੰਧੂ ਨੇ ਸਰੋਤਿਆਂ ਨੂੰ ਜੀ ਆਇਆਂ ਕਹਿੰਦਿਆਂ ਕੀਤਾ। ਉਪਰੰਤ ਹਾਲ ਹੀ ਵਿਚ ਸਦੀਵੀ ਵਿਛੋੜਾ ਦੇ ਗਈਆਂ ਦੋ ਸ਼ਖਸੀਅਤਾਂ-ਰੇਡੀਓ ਹੋਸਟ ਗੁੱਡੀ ਸਿੱਧੂ ਅਤੇ ਸਭਾ ਦੇ ਸਰਗਰਮ ਮੈਂਬਰ ਮਿਨਹਾਸ ਭਰਾਵਾਂ ਦੇ ਮਾਤਾ ਬੀਬੀ ਹਰਬੰਸ ਕੌਰ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਧਾਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਬਾਬੇ ਨਾਨਕ ਵੱਲੋਂ ਆਪਣੇ ਸਮੇਂ ਦੇ ਨਿੱਘਰੇ ਸਮਾਜ ਵਿਚ ਤਬਦੀਲੀ ਲਈ ਪਾਏ ਲਾਸਾਨੀ ਯੋਗਦਾਨ ਨੂੰ ਯਾਦ ਕਰਦਿਆਂ ਡਾ. ਨਿੰਦੀ ਨੇ ਅਜੋਕੇ ਪੈਰੋਕਾਰਾਂ ਦੀ ਕਾਰਜਕਾਰਨੀ 'ਤੇ ਖੇਦ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਅਸੀਂ ਗੁਰਦੁਆਰੇ ਜਾ ਕੇ ਸਿਰਫ ਮੱਥਾ ਟੇਕਣ ਜੋਗੇ ਰਹਿ ਗਏ ਹਾਂ। ਉਨ੍ਹਾਂ ਬਾਣੀ ਪੜ੍ਹਨ ਅਤੇ ਵਿਚਾਰਨ ਦਾ ਸੱਦਾ ਦਿੱਤਾ।

ਸੰਸਥਾ ਵੱਲੋਂ ਕੀਤੀਆਂ ਜਾਂਦੀਆਂ ਸਰਗਰਮੀਆਂ ਦੀ ਤਫਸੀਲ ਨਾਲ ਵਿਆਖਿਆ ਕਰਦਿਆਂ ਰੇਡੀਓ ਹੋਸਟ ਅਤੇ ਸੰਸਥਾ ਦੇ ਬੁਲਾਰੇ ਸੰਤੋਖ ਮਿਨਹਾਸ ਨੇ ਕਿਹਾ ਕਿ ਸੰਸਥਾ ਆਉਣ ਵਾਲੀਆਂ ਪੰਜਾਬੀ ਪੀੜ੍ਹੀਆਂ ਵਿਚ ਆਪਣੇ ਸਭਿਆਚਾਰ ਦੇ ਦੀਵੇ ਜਗਦੇ ਰੱਖਣ ਲਈ ਵਚਨਬੱਧ ਹੈ। ਇਸੇ ਲੜੀ ਵਿਚ ਹਰ ਸਾਲ ਵੈਲੀ ਵਿਚ ਕੰਮ ਕਰਦੇ ਪੰਜਾਬੀ ਸਕੂਲਾਂ ਦੇ ਬੱਚਿਆਂ ਨੂੰ 'ਪੰਜਾਬੀ ਚੇਤਨਾ ਦਿਵਸ' ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੇ ਸੁਨੇਹੇ ਦੀ ਵਿਆਪਕਤਾ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ 'ਨਾਨਕ ਮੱਤ' ਸਿਰਫ ਸਿੱਖ ਭਾਈਚਾਰੇ ਲਈ ਹੀ ਨਹੀਂ, ਸਗੋਂ ਸਾਰੇ ਜਗਤ ਲਈ ਸੀ ਤੇ ਹੈ, ਇਸੇ ਲਈ ਬਾਬਾ ਨਾਨਕ ਜਗਤ ਗੁਰੂ ਹਨ।

ਬੱਚਿਆਂ ਵਿਚ ਆਪਣੇ ਸਭਿਆਚਾਰ ਲਈ ਲਗਾਓ ਦੀ ਮਹਿੰਮਾ ਦੱਸਦਿਆਂ ਕਵੀ ਅਤੇ ਗੀਤਕਾਰ ਹਰਜਿੰਦਰ ਕੰਗ ਨੇ ਕਿਹਾ ਕਿ ਜੇ ਪਨੀਰੀ ਚੰਗੀ ਹੋਏ ਤਾਂ ਫਸਲ ਆਪਣੇ ਆਪ ਭਰਵੀਂ ਹੁੰਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਬਹਾਨੇ ਅਸੀਂ ਪੰਜਾਬੀ ਬੋਲੀ ਅਤੇ ਸਭਿਆਚਾਰ ਬਾਰੇ ਬੱਚਿਆਂ ਨਾਲ ਗੱਲ ਕਰਨ ਲਈ ਯਤਨਸ਼ੀਲ ਹਾਂ ਤਾਂ ਜੋ ਉਨ੍ਹਾਂ ਅੱਗੇ ਇੱਕ ਸੁਲਝੇ ਸਮਾਜ ਦੇ ਨਕਸ਼ ਉਜਾਗਰ ਹੋਣ।


ਇਸ ਮੌਕੇ ਬੱਚਿਆਂ ਦੀ ਪੰਜਾਬੀ ਬੋਲੀ ਵਿਚ ਮੁਹਾਰਤ ਦੇ ਮੁਕਾਬਲੇ ਵਿਚ ਹਿੱਸਾ ਲੈਣ ਲਈ ਸ੍ਰੀ ਕੰਗ ਨੇ ਬੱਚਿਆਂ ਨੂੰ ਸੱਦਾ ਦਿੱਤਾ, ਜਿਨ੍ਹਾਂ ਵਿਚ ਗੁਰਨਾਰ ਧਾਲੀਵਾਲ, ਮਨਵੀਰ ਖੱਟੜਾ, ਅੰਤਰਜੋਤ ਕੌਰ ਜੱਜ, ਅਮਰੀਤ ਕੌਰ, ਈਸ਼ਾਂਤ ਸਿੰਘ, ਗੇਵਨ ਕੌਰ ਅਤੇ ਗੁਰਸ਼ਿੰਦਰਪਾਲ ਰਾਠੌਰ ਨੇ ਹਿੱਸਾ ਲਿਆ। ਉਨ੍ਹਾਂ ਦੀ ਮੁਹਾਰਤ ਦਾ ਲੇਖਾ-ਜੋਖਾ ਡਾ. ਗੁਰੂਮੇਲ ਸਿੱਧੂ, ਸਿੱਧੂ ਦਮਦਮੀ ਅਤੇ ਤਿਰਲੋਕ ਮਿਨਹਾਸ ਦੇ ਪੈਨਲ ਨੇ ਕੀਤਾ। ਸੰਸਥਾ ਨੇ ਬੱਚਿਆਂ ਦਾ ਮੋਮੈਂਟੋ, ਸਰਟੀਫਿਕੇਟ ਅਤੇ ਨਕਦ ਇਨਾਮ ਦੇ ਕੇ ਸਨਮਾਨ ਕੀਤਾ।



ਵੈਲੀ ਵਿਚ ਚਲਦੇ ਪੰਜਾਬੀ ਸਕੂਲਾਂ ਨੂੰ ਦਰਪੇਸ਼ ਸਮੱਸਿਆਵਾਂ ਦੀ ਗੱਲ ਕਰਦਿਆਂ ਗੁੱਡੀ ਰਾਣੋ ਅਤੇ ਕੰਵਲ ਭੰਗੂ ਨੇ ਮਾਪਿਆਂ ਤੇ ਪੰਜਾਬੀ

(ਬਾਕੀ ਅਗਲੇ ਸਫੇ 'ਤੇ)




















# '12ਵਾਂ ਪੰਜਾਬੀ ਚੇਤਨਾ ਦਿਵਸ'

*(ਪਿਛਲੇ ਸਫੇ ਦੀ ਬਾਕੀ)*

ਭਾਈਚਾਰੇ ਨੂੰ ਕੰਨ ਧਰਨ ਲਈ ਕਿਹਾ। ਤਿੰਨ ਦਹਾਕਿਆਂ ਤੋਂ ਪੰਜਾਬੀ ਸਕੂਲ ਨਾਲ ਜੁੜੀ ਗੁੱਡੀ ਰਾਣੋ ਦਾ ਕਹਿਣਾ ਸੀ ਕਿ ਜਾਤ-ਪਾਤ ਦੇ ਨਾਲ ਨਾਲ ਗੁਰਦੁਆਰਿਆਂ ਵਿਚ ਵੀ ਵੰਡੀਆਂ ਪਈਆਂ ਹੋਈਆਂ ਹਨ, ਉਨ੍ਹਾਂ ਦਾ ਆਪਸੀ ਤਾਲ-ਮੇਲ ਨਹੀਂ ਹੈ। ਉਨ੍ਹਾਂ ਕਿਹਾ ਕਿ ਬਹੁਤੇ ਪੰਜਾਬੀ ਪਰਿਵਾਰਾਂ ਨੇ ਆਪਣੇ ਆਪ ਨੂੰ ਸਿਰਫ ਪੈਸੇ 'ਕੱਠੇ ਕਰਨ ਦੀ ਜਿਲ੍ਹਣ ਤੱਕ ਸੀਮਿਤ ਕਰ ਲਿਆ ਹੈ, ਜਿਸ 'ਚੋਂ ਨਿਕਲਣ ਦੀ ਲੋੜ ਹੈ।

ਪੰਜਾਬੀ ਬੁੱਧੀਜੀਵੀਆਂ ਅਤੇ ਲੇਖਕਾਂ ਨੂੰ ਸੱਦਾ ਦਿੰਦਿਆਂ ਪੰਜਾਬੀ ਸਕੂਲ ਦੀ ਅਧਿਆਪਕਾ ਕੰਵਲ ਭੰਗੂ ਨੇ ਕਿਹਾ ਕਿ ਪਰਵਾਸੀ ਬੱਚਿਆਂ ਲਈ ਲੋੜੀਂਦੇ ਕਾਇਦੇ ਤਿਆਰ ਕਰਨ ਦੀ ਲੋੜ ਹੈ, ਜਿਨ੍ਹਾਂ ਨਾਲ ਉਹ ਆਪਣੇ ਆਪ ਨੂੰ ਰੀਲੇਟ ਕਰਨ ਸਕਣ। ਉਨ੍ਹਾਂ ਕਿਹਾ ਕਿ ਇੱਥੋਂ ਦੇ ਜੰਮਪਲ ਬੱਚਿਆਂ ਨੂੰ ਤੋਤਾ-ਮੈਨਾ ਦੀਆਂ ਕਹਾਣੀਆਂ ਨਾਲ ਨਹੀਂ ਜੋੜਿਆ ਜਾ ਸਕਦਾ।

ਰੇਡੀਓ ਹੋਸਟ ਮਹਿੰਦਰ ਸਿੰਘ ਸੰਧਾਵਾਲੀਆ ਨੇ ਜਿਥੇ ਸਾਰੇ ਪੰਜਾਬੀ ਸਕੂਲਾਂ ਲਈ ਸਾਂਝੇ ਸਿਲੇਬਸ ਦੀ ਲੋੜ 'ਤੇ ਜੋਰ ਦਿੱਤਾ, ਉਥੇ ਸਮਾਜ ਸੇਵੀ ਅਜੀਤ ਗਿੱਲ ਨੇ ਇਸ ਖਾਤਰ ਹੋਣ ਵਾਲੀਆਂ ਕੋਸ਼ਿਸ਼ਾਂ ਲਈ ਮਦਦ ਕਰਨ ਦੀ ਪੇਸ਼ਕਸ਼ ਵੀ ਕੀਤੀ। ਇਸ ਦਿਸ਼ਾ ਵਿਚ ਹੋ ਰਹੀਆਂ ਕੋਸ਼ਿਸ਼ਾਂ ਬਾਰੇ ਦੱਸਦਿਆਂ ਮਾਸਟਰ ਲਛਮਣ ਸਿੰਘ ਰਾਠੌਰ ਨੇ ਕਿਹਾ ਕਿ ਉਹ ਆਏ ਸਾਲ ਵਿਦਿਆਰਥੀਆਂ ਦੇ ਸਾਂਝੇ ਸਮਾਗਮ ਕਰਾਉਣ ਲਈ ਯਤਨਸ਼ੀਲ ਹਨ।

'ਪੰਜਾਬੀ ਚੇਤਨਾ ਦਿਵਸ' ਦੀਆਂ ਯਾਦਾਂ ਨੂੰ ਸਾਂਭਣ ਲਈ ਸੰਸਥਾ ਵਲੋਂ ਸਚਿੱਤਰ ਸੋਵੀਨਾਰ ਜਾਰੀ ਕੀਤਾ ਗਿਆ, ਜਿਸ ਵਿਚ ਨਾਮੀ ਵਿਦਵਾਨਾਂ ਦੇ ਲੇਖ, ਬਾਬੇ ਨਾਨਕ ਦੀ ਬਾਣੀ ਦੇ ਹਵਾਲੇ ਅਤੇ ਕਵਿਤਾਵਾਂ ਸ਼ਾਮਿਲ ਹਨ।

ਗੋਸ਼ਟ ਦੀ ਰਵਾਇਤ ਨੂੰ ਜਾਰੀ ਰੱਖਦਿਆਂ ਵਿਗਿਆਨੀ ਅਤੇ ਕਵੀ ਡਾ. ਗੁਰੂਮੇਲ ਸਿੱਧੂ ਨੇ ੴ ਦੀ ਵਿਆਖਿਆ ਕਰਦਿਆਂ ਇਸ ਨੂੰ 'ਰੱਬ ਦੀ ਈਮੇਲ' ਦਾ ਨਾਂ ਦਿੱਤਾ। ਉਨ੍ਹਾਂ ਕਿਹਾ ਕਿ ਇਸ ਦਾ ਭਾਵ ਰੱਬ ਦੀ ਜੜ੍ਹ ਅਤੇ ਮੂਲ ਹੈ। ਭੌਤਿਕ ਵਿਗਿਆਨ ਵਿਚ ਹੁਣ ਤੱਕ ਹੋਈਆਂ ਖੋਜਾਂ ਦੇ ਆਧਾਰ 'ਤੇ ਉਨ੍ਹਾਂ ਕਿਹਾ ਕਿ ਜੇ ਬੰਦਾ ਇਸ ਜੜ੍ਹ ਦੇ ਦਹਾਨੇ ਤੱਕ ਪਹੁੰਚ ਜਾਵੇ ਤਾਂ ਰੱਬ ਦੀ ਆਪਾਰ ਸ਼ਕਤੀ ਦੀ ਥਾਹ ਪਾਉਣਾ ਸੰਭਵ ਹੈ।

ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਦੇ ਸਾਬਕਾ ਸੰਪਾਦਕ ਅਤੇ ਉਘੀ ਮੀਡੀਆ ਸ਼ਖਸੀਅਤ ਸਿੱਧੂ ਦਮਦਮੀ ਨੇ ਸਿੱਖ ਭਾਈਚਾਰੇ ਦੀਆਂ ਸਿਆਸੀ ਸੰਭਵਾਨਾਵਾਂ ਦੇ ਉਗਾਸੇ ਲਈ ਜਾਤ-ਪਾਤ 'ਚੋਂ ਨਿਕਲਣ ਦਾ ਸੱਦਾ ਦਿੱਤਾ। ਦੁਨੀਆਂ ਭਰ 'ਚ ਬਾਬੇ ਨਾਨਕ ਦੇ ਨਾਂ 'ਤੇ ਮਨਾਏ ਜਾ ਰਹੇ ਜਸ਼ਨਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚ ਕਿਤੇ ਵੀ ਇਸ ਵਬਾ ਦਾ ਜ਼ਿਕਰ ਨਹੀਂ ਹੋ ਰਿਹਾ ਹੈ, ਜਦੋਂ ਕਿ ਇਸ ਦੀ ਚਰਚਾ ਹੋਣੀ ਚਾਹੀਦੀ ਹੈ। ਉਨ੍ਹਾਂ ਜਾਤ-ਪਾਤ ਨੂੰ ਸੂਖਮ ਕਿਸਮ ਦੀ ਗੁਲਾਮੀ ਕਿਹਾ।

ਚਰਚਾ ਨੂੰ ਅੱਗੇ ਤੋਰਦਿਆਂ ਸੰਸਥਾ ਦੇ ਸਰਗਰਮ ਮੈਂਬਰ ਗੁਰਦੀਪ ਨਿੱਝਰ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਅਜਿਹੇ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਜੋ ਕਿਹਾ, ਖੁਦ ਕਰ ਕੇ ਦਿਖਾਇਆ। ਪੈਨਸਿਨਵੇਲੀਆ ਤੋਂ ਆਏ ਸ਼ਾਇਰ ਰਵਿੰਦਰ ਸਹਿਰਾਅ, ਸੁੱਖੀ ਧਾਲੀਵਾਲ, ਦਲਜੀਤ ਰਿਆੜ, ਰਮਨ ਵਿਰਕ ਅਤੇ ਪਵਿਤਰ ਕੌਰ ਮਾਟੀ ਨੇ ਵੀ ਆਪਣੀ ਹਾਜ਼ਰੀ ਲੁਆਈ।

ਸੰਸਥਾ ਦੇ ਚੇਅਰਮੈਨ ਪ੍ਰਿੰ. ਪ੍ਰੀਤਮ ਸਿੰਘ ਨਾਹਲ ਨੇ ਸਮਾਗਮ ਦੀ ਸਫਲਤਾ ਲਈ ਹਾਜ਼ਰ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਭਾਈਚਾਰੇ ਦੀ ਮਦਦ ਨਾਲ ਪੰਜਾਬੀ ਬੋਲੀ, ਸਭਿਆਚਾਰ ਦੇ ਪ੍ਰਚਾਰ-ਪਸਾਰ ਲਈ ਕੰਮ ਕਰਦੇ ਰਹਿਣਗੇ।

ਸਮਾਗਮ ਦੀ ਕਾਮਯਾਬੀ ਲਈ ਬਣਾਈਆਂ ਕਮੇਟੀਆਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਸੰਸਥਾ ਦੇ ਪ੍ਰਧਾਨ ਗੁਰਨੇਕ ਰਾਏ ਨੇ ਇਨ੍ਹਾਂ ਵਿਚ ਸ਼ਾਮਿਲ ਮੈਂਬਰਾਂ-ਅਮਰੀਕ ਸੰਧੂ, ਸੁਖਜੀਤ ਭੁੱਲਰ, ਹਾਰਬੀ ਨਿੱਝਰ, ਚਰਨਜੀਤ ਭੰਗੂ, ਅਜਮੇਰ ਨਾਹਲ ਅਤੇ ਤਿਰਲੋਕ ਮਿਨਹਾਸ ਦਾ ਧੰਨਵਾਦ ਕੀਤਾ। ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ 'ਪੰਜਾਬੀ ਚੇਤਨਾ ਪ੍ਰਕਾਸ਼ਨ' ਦੇ ਸ਼ਤੀਸ਼ ਗੁਲਾਟੀ ਅਤੇ ਅਨੂ ਗੁਲਾਟੀ ਨੇ ਪੁਸਤਕਾਂ ਦੀ ਪ੍ਰਦਰਸ਼ਨੀ ਨਾਲ ਸਾਹਿਤਕ ਪਾਠਕਾਂ ਦੀ ਦਿਲਚਸਪੀ ਜਗਾਈ ਰੱਖੀ, ਜਿਥੋਂ ਹਾਜ਼ਰੀਨ ਨੇ ਕਿਤਾਬਾਂ ਦੀ ਖਰੀਦੋ ਫਰੋਖਤ ਕੀਤੀ।

ਸਮਾਗਮ ਨੂੰ ਕਾਮਯਾਬ ਕਰਨ ਲਈ ਹੋਰਨਾਂ ਤੋਂ ਇਲਾਵਾ ਭੁਪਿੰਦਰ ਔਜਲਾ, ਭੁਪਿੰਦਰ ਪੰਧੇਰ, ਰਾਜ ਬਰਾੜ, ਸਰਬਜੀਤ ਸਿੰਘ, ਮਲਕੀਤ ਸਿੰਘ, ਕਿਹਰ ਸਿੰਘ, ਜਸਵੰਤ ਮਾਨ, ਕੀਰਤਨ ਜੱਜ, ਤ੍ਰਿਲੋਕ ਰੰਧਾਵਾ, ਰਾਜਵਿੰਦਰ ਧਾਲੀਵਾਲ, ਜੱਸ ਮਾਨ, ਕੇਵਲ ਸਿੰਘ, ਇਕਬਾਲ ਸਿੰਘ, ਸਤਵਿੰਦਰ ਸਿੰਘ, ਨਵਰੀਤ ਕੰਗ, ਡਾ. ਡੀ. ਕੇ. ਉਪਲ, ਕੁਲਵਿੰਦਰ ਕੌਰ ਬਾਠ, ਗੁਰਜੀਤ ਕੌਰ ਬਾਠ, ਨੀਰੂ ਸਹਿਰਾਅ, ਅੰਜੂ ਗੁਲਾਟੀ, ਰਾਜਵੰਤ ਕੌਰ, ਮਨਪ੍ਰੀਤ ਕੌਰ, ਪ੍ਰਭਜੀਤ ਕੌਰ, ਮਹਿੰਦਰ ਸਿੰਘ ਘੁੰਮਣ, ਕੇਵਲ ਭੰਗੂ, ਕਰਨਪਾਲ ਸਿੰਘ, ਗੁਰਵਿੰਦਰਪਾਲ ਸਿੰਘ, ਸੰਦੀਪ ਕੌਰ ਸਿੱਧੂ, ਬਲਬੀਰ ਸਿੰਘ, ਬਲਦੇਵ ਰੰਧਾਵਾ, ਗੁਰਦੀਪ ਸਿੰਘ ਟਿਵਾਣਾ, ਮਨਦੀਪ ਸਿੰਘ ਸੰਧੂ, ਅਜੀਤ ਸਿੰਘ, ਮੇਹਰ ਸਿੰਘ, ਕੁਲਦੀਪ ਸਿੰਘ, ਹਰਵਿੰਦਰ ਸਿੰਘ, ਗੁਰਜਾਪ ਸਿੰਘ, ਰੋਸ਼ਨ ਸਿੰਘ, ਅਮਰੀਕ ਸਿੰਘ ਵਿਰਕ, ਪਰਮਿੰਦਰ ਭੰਗੂ ਅਤੇ ਹਰਮਿੰਦਰ ਗਿੱਲ ਨੇ ਵਿਸ਼ੇਸ਼ ਸਹਿਯੋਗ ਦਿੱਤਾ।

# ਮੂਲ ਨਾਨਕਸ਼ਾਹੀ ਕੈਲੰਡਰ ਬਾਰੇ ਅਕਾਲ ਤਖਤ ਦੇ ਜਥੇਦਾਰ ਨਾਲ ਮੀਟਿੰਗ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਸਾਲ 2003 ਤੋਂ 2010 ਤੱਕ ਲਾਗੂ ਰਹੇ ਨਾਨਕਸ਼ਾਹੀ ਕੈਲੰਡਰ ਬਾਰੇ ਮੁੜ ਤੋਂ ਵਿਚਾਰ-ਚਰਚਾ ਲਈ ਕੈਲੰਡਰ ਦੇ ਨਿਰਮਾਤਾ ਭਾਈ ਪਾਲ ਸਿੰਘ ਪੁਰੇਵਾਲ ਇਨ੍ਹੀਂ ਦਿਨੀਂ ਕੈਨੇਡਾ ਤੋਂ ਪੰਜਾਬ ਪਹੁੰਚੇ ਹੋਏ ਹਨ। ਲੰਘੀ ਦੋ ਨਵੰਬਰ ਨੂੰ ਉਨ੍ਹਾਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਬਾਰੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਲੰਮਾ ਸਮਾਂ ਵਿਚਾਰ-ਵਟਾਂਦਰਾ ਕੀਤਾ।

ਭੁਗੋਲ ਤੇ ਖਗੋਲ ਵਿਸ਼ਿਆਂ ਦੇ ਮਾਹਰ ਭਾਈ ਸਰਬਜੀਤ ਸਿੰਘ ਸੈਕਰਾਮੈਂਟੋ ਦੇ ਦੱਸਣ ਅਨੁਸਾਰ ਮੀਟਿੰਗ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਭਾਈ ਪੁਰੇਵਾਲ ਤੋਂ ਕਈ ਤੱਥਾਂ ਬਾਰੇ ਸਵਾਲ ਪੁੱਛੇ ਅਤੇ ਕੈਲੰਡਰ ਦੀਆਂ ਵਿਸ਼ੇਸ਼ਤਾਈਆਂ ਬਾਰੇ ਜਾਣਕਾਰੀ ਹਾਸਲ ਕੀਤੀ। ਭਾਈ ਪੁਰੇਵਾਲ ਨੇ ਕੈਲੰਡਰ ਵਿਰੁਧ ਪ੍ਰਗਟਾਏ ਜਾਂਦੇ ਕਈ ਸ਼ੰਕਿਆਂ ਦੇ ਤਸੱਲੀਬਖਸ਼ ਜਵਾਬ ਦਿੱਤੇ, ਜਿਨ੍ਹਾਂ ਤੋਂ ਜਥੇਦਾਰ ਬਹੁਤ ਪ੍ਰਭਾਵਿਤ ਹੋਏ।

ਇਸ ਮੌਕੇ ਭਾਈ ਪਾਲ ਸਿੰਘ ਪੁਰੇਵਾਲ ਨਾਲ ਤਖਤ ਸ੍ਰੀ ਦਮਦਮਾ ਸਾਹਿਬ, ਸਾਬ੍ਹੋ ਕੀ ਤਲਵੰਡੀ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਅਕਾਲ ਤਖਤ ਸਾਹਿਬ ਵਿਖੇ ਸੇਵਾ ਨਿਭਾਉਣ ਵਾਲੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਰਹੇ ਭਾਈ ਖੰਡੇ ਵਾਲਾ ਵੀ ਮੌਜੂਦ ਸਨ।



ਭਾਈ ਕੇਵਲ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਵਲੋਂ ਪ੍ਰਗਟਾਏ ਵਿਚਾਰਾਂ 'ਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ ਆਉਂਦੇ ਦਿਨਾਂ ਵਿਚ ਮੂਲ ਨਾਨਕਸ਼ਾਹੀ ਕੈਲੰਡਰ ਸਬੰਧੀ ਸੈਮੀਨਾਰ ਅਤੇ ਹੋਰ ਸਮਾਗਮ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਹੁਣ ਜਦੋਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਗੁਰੂ ਸਾਹਿਬ ਦਾ 550ਵਾਂ ਪ੍ਰਕਾਸ਼ ਪੁਰਬ ਮਨਾ ਰਹੀਆਂ ਹਨ ਤਾਂ ਨਾਨਕਸ਼ਾਹੀ ਕੈਲੰਡਰ ਮੁੜ ਲਾਗੂ ਕਰਨ ਲਈ ਇਹ ਢੁਕਵਾਂ ਸਮਾਂ ਹੈ। ਇਸ ਸਬੰਧੀ ਸਿੱਖ ਜਥੇਬੰਦੀਆਂ ਨਾਲ ਭਰਪੂਰ ਵਿਚਾਰਾਂ ਕਰਨ ਲਈ ਜਲਦੀ ਯਤਨ ਕੀਤੇ ਜਾਣਗੇ।

**Punjab Times**
*Punjabtimes1@gmail.com*



# ਵਿੰਚੀ ਦੀ ਅੰਬਰੀ ਉਡਾਣ

*ਇਤਾਲਵੀ ਚਿੱਤਰਕਾਰ ਲਿਓਨਾਰਡੋ ਦਾ ਵਿੰਚੀ (1452-1519) ਨੂੰ ਅਸੀਂ ਬਹੁਤਾ ਚਿੱਤਰਕਾਰ ਵਜੋਂ ਹੀ ਜਾਣਦੇ ਹਾਂ ਪਰ ਉਸ ਦੇ ਚਿੱਤਰਾਂ ਨੂੰ ਵਾਚਦਿਆਂ ਪਤਾ ਲੱਗਦਾ ਹੈ ਕਿ ਉਸ ਅੰਦਰ ਕਿੰਨੀਆਂ ਪ੍ਰਤਿਭਾਵਾਂ ਸਮੋਈਆਂ ਹੋਈਆਂ ਹਨ। ਮਨੁੱਖੀ ਸਰੀਰਕ ਰਚਨਾ ਬਾਰੇ ਉਸ ਦੇ ਚਿੱਤਰ ਦੰਗ ਕਰਨ ਵਾਲੇ ਹਨ। ਉਸ ਵੇਲੇ ਜਦੋਂ ਕਿਸੇ ਨੇ ਅਲਟਰਾਸਾਊਂਡ ਵਰਗੀ ਤਕਨੀਕ ਬਾਰੇ ਸੋਚਿਆ ਤਕ ਨਹੀਂ ਸੀ, ਵਿੰਚੀ ਨੇ ਆਪਣੇ ਚਿੱਤਰਾਂ ਅੰਦਰ ਅਲਟਰਾਸਾਊਂਡ ਵਰਗੀ ਪੇਸ਼ਕਾਰੀ ਕੀਤੀ। ਉਸ ਦੀ ਕਲਾ ਬਾਰੇ ਰਣਦੀਪ ਮੱਦੋਕੇ ਨੇ ਇਹ ਅਹਿਮ ਜਾਣਕਾਰੀ ਮੁਹੱਈਆ ਕਰਵਾਈ ਹੈ। -ਸੰਪਾਦਕ*

## ਕਲਾ ਪਰਿਕਰਮਾ

ਇਤਾਲਵੀ ਚਿਤਰਕਾਰ ਲਿਓਨਾਰਡੋ ਦਾ ਵਿੰਚੀ (1452-1519) ਨੂੰ ਅਸੀਂ ਜ਼ਿਆਦਾਤਰ ਚਿੱਤਰਕਾਰ ਵਜੋਂ ਹੀ ਜਾਣਦੇ ਹਾਂ, ਉਹ ਵੀ ਉਸ ਦੀਆਂ ਬਣਾਈਆਂ ਸ਼ਾਹਕਾਰ ਅਤੇ ਰਹੱਸਮਈ ਕਿਰਤਾਂ 'ਮੋਨਾ ਲਿਜ਼ਾ' ਜਾਂ ਫਿਰ ਹਜ਼ਰਤ ਈਸਾ ਦੇ ਸੂਲੀ ਚੜ੍ਹਨ ਤੋਂ ਪਹਿਲੇ 'ਰਾਤਰੀ ਭੋਜ' (The Last Supper) ਕਰਕੇ; ਪਰ ਲਿਓਨਾਰਡੋ ਦਾ ਵਿੰਚੀ ਸਿਰਫ ਚਿੱਤਰਕਾਰ ਨਹੀਂ ਸਗੋਂ ਉਹ ਬਹੁਪੱਖੀ ਪ੍ਰਤਿਭਾ ਸੀ। ਜਿਥੇ ਉਸ ਦਾ ਨਾਂ ਚਿੱਤਰਕਲਾ ਦੇ ਮਹਾਨ ਉਸਤਾਦ ਵਜੋਂ ਲਿਆ ਜਾਂਦਾ ਹੈ, ਉਥੇ ਉਸ ਦੀ ਪਛਾਣ ਭਵਿਖੀ ਉਪਕਰਨਾਂ ਦੇ ਇਲਹਾਮ ਕਰਕੇ ਵੀ ਹੈ। ਉਹ ਇਤਾਲਵੀ ਮੁੜ-ਸੁਰਜੀਤੀ (Renaissance) ਦੇ ਸਮੇਂ ਪੈਦਾ ਹੋਏ, ਜਦੋਂ ਯੂਰਪ ਮੱਧਯੁਗ ਵਿਚੋਂ ਨਿਕਲ ਕੇ ਆਧੁਨਿਕਤਾ ਵੱਲ ਵਧਣ ਲਈ ਅੰਗੜਾਈ ਲੈ ਰਿਹਾ ਸੀ।



**ਰਣਦੀਪ ਮੱਦੋਕੇ**
ਫੋਨ: +91-98146-93368

ਮਧਯੁਗੀ ਜਾਗੀਰਦਾਰੀ ਤੋਂ ਆਧੁਨਿਕ ਸਨਅਤੀ ਯੁੱਗ ਵੱਲ ਮੁਢਲੀਆਂ ਪੁਲਾਂਘਾਂ ਪੁੱਟ ਰਿਹਾ ਸੀ। ਯੂਰਪ ਦੇ ਸਮਾਜਿਕ, ਸਿਆਸੀ, ਵਿਤੀ ਅਤੇ ਸਭਿਆਚਾਰਕ, ਸਭ ਖੇਤਰਾਂ ਵਿਚ ਮੁੜ-ਸੁਰਜੀਤੀ ਲਹਿਰ ਨੇ ਕਲਾਸਕੀ ਮਾਨਦੰਡਾਂ ਨੂੰ ਦੁਹਰਾਇਆ ਅਤੇ ਪੁਰਾਣੀਆਂ ਸਥਾਪਿਤ ਮੱਧਯੁਗੀ ਰਵਾਇਤਾਂ ਨੂੰ ਵੀ ਵੰਗਾਰ ਦਿੱਤੀ।

ਲਿਓਨਾਰਡੋ ਵਿੰਚੀ ਨੇ ਚਿਤਰਕਾਰੀ ਦੇ ਆਹਲਾ ਤਕਨੀਕੀ ਅਤੇ ਸੁਹਜ ਵਾਲੇ ਪੱਖਾਂ ਦੇ ਸਿਖਰ ਨੂੰ ਹੀ ਨਹੀਂ ਛੋਹਿਆ ਸਗੋਂ ਇਹ ਮੁਕਾਮ ਹਾਸਿਲ ਕਰਨ ਵਿਚ ਰੋੜਾ ਅਟਕਾਉਂਦੀਆਂ ਸਥਾਪਤ ਤੇ ਪੁਰਾਣੀਆਂ ਰਵਾਇਤਾਂ ਨੂੰ ਵੀ ਚੁਣੌਤੀ ਦਿੱਤੀ ਅਤੇ ਗੈਰ-ਰਵਾਇਤੀ ਖੋਜ ਵਿਧੀਆਂ ਉਪਰ ਤਜਰਬੇ ਵੀ ਕੀਤੇ। ਮਿਸਾਲ ਵਜੋਂ ਉਨ੍ਹਾਂ ਸਮਿਆਂ ਵਿਚ ਮਨੁੱਖੀ ਸਰੀਰਕ ਸੰਰਚਨਾ (Anatomy) ਬਾਰੇ ਖੋਜ ਕਰਨ ਦੀ ਸਖਤ ਮਨਾਹੀ ਸੀ। ਕੋਈ ਵਿਗਿਆਨੀ, ਡਾਕਟਰ ਜਾਂ ਕਲਾਕਾਰ ਜੇ ਇਹ ਕਰਦਾ ਤਾਂ ਸੱਤਾ ਅਤੇ ਧਰਮ ਦਾ ਗਠਜੋੜ ਇਸ ਲਈ ਸਖਤ ਸਜਾਵਾਂ ਦਿੰਦਾ ਸੀ ਪਰ ਮਨੁੱਖੀ ਸਰੀਰ ਨੂੰ ਸਮਝੇ ਬਗੈਰ ਕੋਈ ਡਾਕਟਰ ਜਾਂ ਵਿਗਿਆਨੀ ਮਨੁੱਖੀ ਰੋਗਾਂ ਜਾਂ ਉਸ ਦੀਆਂ ਤਕਲੀਫਾਂ ਦਾ ਇਲਾਜ ਕਿਵੇਂ ਲਭ ਸਕਦਾ ਹੈ?




*ਲਿਓਨਾਰਡੋ ਦਾ ਵਿੰਚੀ ਵਲੋਂ ਖੁਦ ਦਾ ਬਣਾਇਆ ਰੇਖਾ ਚਿਤਰ।*

ਬਿਹਤਰ ਇਲਾਜ ਪ੍ਰਣਾਲੀ ਬਾਰੇ ਖੋਜ ਕਿਵੇਂ ਸੰਭਵ ਹੈ, ਉਸੇ ਤਰ੍ਹਾਂ ਇਕ ਕਲਾਕਾਰ ਦਾ ਵੀ ਮਨੁੱਖੀ ਸਰੀਰਕ ਸੰਰਚਨਾ ਨੂੰ ਜਾਣਨਾ ਅਤੇ ਸਮਝਣਾ ਓਨਾ ਹੀ ਜ਼ਰੂਰੀ ਹੈ। ਇਸ ਲਈ ਲਿਓਨਾਰਡੋ ਵਿੰਚੀ ਅਤੇ ਹੋਰ ਸਮਕਾਲੀ ਕਲਾਕਾਰ ਰਾਤਾਂ ਨੂੰ ਕਬਰਾਂ ਵਿਚੋਂ ਮੁਰਦਾ ਮਨੁੱਖੀ ਦੇਹਾਂ ਕੱਢ ਕੇ ਪ੍ਰਯੋਗ ਕਰਦੇ ਜਿਸ ਬਦਲੇ ਉਨ੍ਹਾਂ ਨੂੰ ਗਿਰਜੇ ਵਲੋਂ ਸਜ਼ਾਵਾਂ ਦਾ ਸਾਹਮਣਾ ਕਰਨਾ ਪਿਆ। ਵਿੰਚੀ ਸਿਰਫ ਇਕ ਮੁਸੱਵਰ (ਚਿੱਤਰਕਾਰ) ਹੀ ਨਹੀਂ ਸੀ ਸਗੋਂ ਸੁਘੜ ਵਿਗਿਆਨੀ ਵੀ ਸੀ।

ਉਹ ਚਿੱਤਰਕਾਰ ਦੇ ਨਾਲ ਨਾਲ ਮੂਰਤੀਕਾਰ, ਇਮਾਰਤਸਾਜ਼, ਫੌਜੀ ਇੰਜਨੀਅਰ, ਨਕਸ਼ਾ-ਨਵੀਸ਼, ਹਿਸਾਬਦਾਨ ਅਤੇ ਖੋਜੀ ਵੀ ਸੀ। ਉਸ ਦੀ ਤੇਰਾਂ ਹਜ਼ਾਰ ਦੇ ਕਰੀਬ ਪੰਨਿਆਂ ਦੀ ਡਾਇਰੀ ਵਿਚ ਉਸ ਦੀਆਂ ਖੋਜਾਂ, ਸਿਰਜਣਾਵਾਂ, ਇਮਾਰਤਸਾਜ਼ੀ ਹੁਨਰ, ਸਰੀਰਕ ਵਿਗਿਆਨ, ਉਡਣ ਜੰਤਰ ਦੇ ਨਮੂਨੇ, ਜੀਵ ਵਿਗਿਆਨ ਬਾਰੇ ਨਮੂਨੇ, ਜੰਗੀ ਸਾਜ਼ੋ-ਸਮਾਨ ਅਤੇ ਕੈਮਰੇ ਦੇ ਮੁਢਲੇ ਨਮੂਨੇ ਦੇ ਰੇਖਾ ਚਿਤਰ ਦਰਜ ਹਨ, ਜੋ ਉਸ ਦੇ ਬਹੁਤ ਹੀ ਗਹਿਰ ਗੰਭੀਰ ਕਲਾਕਾਰ ਅਤੇ ਖੋਜੀ ਹੋਣ ਦੀ ਸ਼ਾਹਦੀ ਭਰਦੇ ਹਨ। ਇਸੇ ਲਈ ਉਸ ਨੂੰ ਮੁੜ-ਸੁਰਜੀਤੀ ਦੇ ਮਹਾਂਪੁਰਸ਼ (Renaissance man) ਵਜੋਂ ਜਾਣਿਆ ਜਾਂਦਾ ਹੈ।

ਵਿੰਚੀ ਕਲਾ ਅਤੇ ਵਿਗਿਆਨ ਨੂੰ ਅਲੱਗ-ਅਲੱਗ ਨਹੀਂ ਸਮਝਦਾ ਸੀ ਸਗੋਂ ਉਹ ਇਨ੍ਹਾਂ ਨੂੰ ਦੋ ਗੁੰਝਲਦਾਰ ਅਨੁਸ਼ਾਸਨਾਂ ਦਾ ਸੁਮੇਲ ਮੰਨਦਾ ਸੀ। ਉਹਨੇ ਆਪਣਾ ਅਲੋਕਾਰੀ ਚਿੱਤਰ 'ਮੋਨਾ ਲਿਜ਼ਾ' 1505-1507 ਦਰਮਿਆਨ ਸਿਰਜਿਆ ਜਿਸ ਦੇ ਗੁੱਝੇ ਰਹੱਸਾਂ ਬਾਰੇ ਅੱਜ ਤੱਕ ਅੰਦਾਜ਼ੇ ਹੀ ਲਗਾਏ ਜਾਂਦੇ ਹਨ ਪਰ ਇਸ ਦੀ ਥਾਹ ਕੋਈ ਵਿਗਿਆਨੀ ਅਤੇ ਕਲਾ ਪਾਰਖੂ ਨਹੀਂ ਪਾ ਸਕਿਆ। ਮੋਨਾ ਲਿਜ਼ਾ ਅੱਜ ਦੁਨੀਆ ਦੇ ਮਸ਼ਹੂਰ ਕਲਾ ਅਜਾਇਬਘਰ ਲੋਵਰ (ਪੈਰਿਸ, ਫਰਾਂਸ) ਵਿਚ ਮੋਟੇ ਬੁਲਟ ਪਰੂਫ ਸ਼ੀਸ਼ੇ ਅੰਦਰ ਸੰਭਾਲੀ ਹੋਈ ਹੈ ਜਿਸ ਨੂੰ ਸਿਰਫ ਕੌਮੀ ਦੌਲਤ ਹੀ ਨਹੀਂ ਸਗੋਂ ਮਨੁੱਖੀ ਇਤਿਹਾਸ ਵਿਚ ਕਿਸੇ ਕਲਾਕਾਰ ਵਲੋਂ ਸਿਰਜੇ ਉਤਮ ਖਜ਼ਾਨੇ ਵਜੋਂ ਜਾਣਿਆ ਜਾਂਦਾ ਹੈ। ਵਿੰਚੀ ਵਰਗੇ ਸਰਬਗੁਣੀ ਉਸਤਾਦ ਅਤੇ ਉਸ ਦੇ ਕਾਰਜ ਕਿਸੇ ਖਾਸ ਖਿੱਤੇ ਦੀਆਂ ਵਲਗਣਾਂ ਤੋਂ ਪਾਰ ਪੂਰੀ ਮਨੁੱਖੀ ਸਭਿਅਤਾ ਦੀ ਸਾਂਝੀ ਵਿਰਾਸਤ ਹੁੰਦੇ ਹਨ ਜੋ ਪੀੜ੍ਹੀ-ਦਰ-ਪੀੜ੍ਹੀ ਮਨੁੱਖੀ ਸੁਹਜ ਸੁਆਦਾਂ ਅਤੇ ਭਾਵਨਾਵਾਂ ਦੀ ਤਰਜਮਾਨੀ ਕਰਦੇ ਹਨ।




*ਵਿੰਚੀ ਦੀਆਂ ਸ਼ਾਹਕਾਰ ਕਿਰਤਾਂ ਵਿਚੋਂ ਇਕ 'ਮੋਨਾ ਲਿਜ਼ਾ'।*

### ਵਿੰਚੀ ਦੇ ਅਹਿਮ ਚਿੱਤਰ



*ਦਿ ਵਿਤਰੂਵੀਅਨ ਮੈਨ: ਲਿਓਨਾਰਡੋ ਵਿੰਚੀ ਦਾ ਉਕਰਿਆ ਮਨੁੱਖੀ ਸਰੀਰਕ ਅਨੁਪਾਤ।*



*ਕੈਮਰਾ ਔਬਸਕੂਰਾ ਦੀ ਖੋਜ ਬਾਰੇ ਬਣਾਇਆ ਗਿਆ ਅਹਿਮ ਮੁਢਲਾ ਰੇਖਾ ਚਿੱਤਰ।*



*ਅਲਟਰਾਸਾਊਂਡ ਜਾਂ ਕਿਸੇ ਵੀ ਆਧੁਨਿਕ ਯੰਤਰ ਤੋਂ ਬਿਨਾ ਬਣਾਇਆ ਗਰਭ ਅਵਸਥਾ ਦਾ ਰੇਖਾ ਚਿੱਤਰ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਨਵੰਬਰ 2019 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-403



**ਦੋਹੀਂ ਹੱਥੀਂ ਲੱਡੂਆਂ ਵਾਂਗਰ ਵੱਟਣ ਬੇਬੇ ਤੇ ਤਾਈ।
ਇਨ੍ਹਾਂ ਮੂਹਰੇ ਸਭ ਫਿੱਕੀ ਪੈ ਜਾਏ, ਕੋਈ ਹੋਵੇ ਮਠਿਆਈ।
ਯੁੱਗ ਬਦਲ ਗਿਆ ਕਰਨ ਵਿਚਾਰਾਂ, ਬਚਨੋ ਤੇ ਪ੍ਰਸਿੰਨੀ।
ਕਾਹਦਾ ਉਹ ਪੰਜਾਬੀ, ਜੀਹਨੇ ਖਾਧੀ ਨਹੀਂ ਏ ਪਿੰਨੀ।**

*-ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

### ਕੈਪਸ਼ਨ ਮੁਕਾਬਲਾ-401



ਭਰਿਆ ਧੁੱਦਲ ਨਾਲ ਟਰੈਕਟਰ
ਵਾਹ ਕੇ ਕਿੱਲਾ ਖੇਤ।
ਲਾਗੇ ਪੰਪ ਦੇ ਲਾ ਦਿੱਤਾ
ਚਲੋ ਧੋਈਏ ਛੱਤਰੀ ਸਮੇਤ।
ਚੁੱਕ ਪਾਈਪ ਬੱਚਾ ਖੇਡੇ
ਪਿਚਕਾਰੀ ਦੀ ਮਾਰ ਕੇ ਧਾਰ।
ਇੱਕ ਪੰਥ ਦੋ ਕਾਜ ਕਰ
ਮਨ ਪਰਚਾਵਾ, ਲਾਹਵੇ ਭਾਰ।
*-ਸੇਵਾ ਸਿੰਘ ਨੂਰਪੁਰੀ*

---

ਮੰਮੀ ਡੈਡੀ ਸਖ਼ਤ ਮਿਹਨਤੀ
ਦਿਨੇ ਰਾਤ ਕੰਮ ਕਰਦੇ।
ਡੈਡੀ ਨਿੱਤ ਖੇਤਾਂ ਨੂੰ ਵਾਹੁੰਦਾ
ਮੰਮੀ ਕਰੇ ਕੰਮ ਘਰਦੇ।
ਖੇਤੀ ਹੁੰਦੀ ਖਸਮਾਂ ਸੇਤੀ
ਮਿਹਨਤ ਦਾ ਮੁੱਲ ਪਾਉਂਦੀ।
ਮੰਮੀ ਡੰਗਰ ਪਸ਼ੂ ਸਾਂਭਦੀ
ਘਰ ਦੇ ਕੰਮ ਮੁਕਾਉਂਦੀ।
ਛੋਟਾ ਬੱਚਾ ਬੜਾ ਸਿਆਣਾ
ਜਦ ਪੜ੍ਹ ਕੇ ਘਰ ਆਇਆ।
ਨਾਲ ਪ੍ਰੈਸ਼ਰ ਪਾਣੀ ਮਾਰ ਕੇ
ਟਰੈਕਟਰ ਨੂੰ ਚਮਕਾਇਆ।

---

ਇਜ਼ਰਾਇਲੀ ਸਿਖਿਆ ਚਾਹੀਦੀ ਮਿਲਣੀ
ਜੋ ਪਾਣੀ ਦੀ ਵਰਤੋਂ 'ਚ ਸੰਜਮ ਸਿਖਾਵੇ।
ਜੱਟ ਦਾ ਬਚਪਨਾ ਪਾਣੀ ਨਾਲ ਕਰੇ ਕਲੋਲਾਂ
ਟਰੈਕਟਰ 'ਤੇ ਪਾਣੀ ਦੀਆਂ ਬੁਛਾਰਾਂ ਪਾਵੇ।
ਸਮਾਂ ਬੇਕਦਰਿਆਂ ਨੂੰ ਮਾਫ ਨਹੀਂ ਕਰਦਾ
ਫਿਰ ਨਾਨਕੇ ਯਾਦ ਕਰਾਵੇ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਮੋਟਰ, ਟਰੈਕਟਰ, ਪਾਈਪ ਦੇਖ ਕੇ ਕੋਲ
ਮਨ 'ਚ ਕਰ ਲਿਆ ਫੈਸਲਾ ਬੱਚੇ ਨੇ ਝੱਟ।
ਕਰਾਂ ਆਹਰ ਕੋਈ,
ਧੋਵਾਂ ਤੇ ਲਿਸ਼ਕਾਵਾਂ ਇਸ ਨੂੰ
ਮੈਂ ਵੀ ਪਿਓ-ਦਾਦੇ ਤੋਂ ਨਹੀਂ ਹਾਂ ਘੱਟ।
*-ਦਵਿੰਦਰ ਕੌਰ*

---

ਖੇਤੀ ਇਕ ਸਰਵਹਾਰੀ ਕਾਰਾ
ਸਾਰਾ ਪਰਿਵਾਰ ਉਸੇ 'ਚ ਰੁੱਝਿਆ
ਕੋਈ ਭੱਤਾ ਪਕਾ ਕੇ ਖੇਤ ਨੂੰ ਲਿਜਾਵੇ
ਕਰ ਗੋਹਾ ਕੂੜਾ, ਪਾ ਮਧਾਣੀਆਂ ਰਿੜਕੇ।
ਬੱਚੇ ਜਾਂਦੇ ਸਕੂਲ,
ਪੂਰਾ ਕੰਮ ਖੂਹ ਦਾ ਕਰਦੇ।
ਫੜ ਪਾਣੀ ਵਾਲੀ ਪਾਈਪ
ਟਰੈਕਟਰ ਤੋਂ ਗਾਰਾ ਮਿੱਟੀ ਸਾਫ ਕਰ ਦਿਤਾ
ਭੱਜੂ ਹੁਣ ਵਾਹਣਾਂ 'ਚ ਜਿਵੇਂ ਨਵਾਂ
ਬਾਪ, ਬਾਬਾ ਸਭ ਖੁਸ਼ ਹੋਏ
ਚੁੱਕ ਘੁੱਟ ਘੁੱਟ ਛਾਤੀਆਂ ਨਾਲ ਲਾਵਣ
ਯਕੀਨ ਹੋ ਗਿਆ ਬੱਚੜਿਆ ਅੱਜ
ਦਾਬਾ ਰਹਿਣਗੀਆਂ ਹਰੀਆਂ
ਕੁਲ ਜਹਾਨ ਤੀਕਰ।
*-ਦਰਸ਼ਨਪਾਲ ਦੋਸਾਂਝ*

# ਮਾਂ ਬੋਲੀ ਦੀ ਥਾਂ ਅੰਗਰੇਜ਼ੀ ਨੂੰ ਪਹਿਲ ਦੇਣ ਵਿਚ ਜੁਟੀਆਂ ਸਰਕਾਰਾਂ

**ਚੰਡੀਗੜ੍ਹ:** ਪੰਜਾਬ ਦੇ 54ਵੇਂ ਸਥਾਪਨਾ ਦਿਵਸ ਮੌਕੇ ਵੀ ਮਾਂ ਬੋਲੀ ਪੰਜਾਬੀ 'ਆਪਣੇ ਘਰ' ਤੇ ਰਾਜਧਾਨੀ ਚੰਡੀਗੜ੍ਹ ਵਿਚ ਬੇਗਾਨੀ ਬਣੀ ਹੋਈ ਹੈ। ਪੰਜਾਬ ਦੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਸੂਬੇ ਵਿਚ ਪੰਜਾਬੀ ਭਾਸ਼ਾ ਨੂੰ 53 ਸਾਲਾਂ ਵਿਚ ਵੀ ਮੁਕੰਮਲ ਤੌਰ ਉਤੇ ਲਾਗੂ ਨਹੀਂ ਕਰ ਸਕੀਆਂ।

ਦਰਅਸਲ, ਪੰਜਾਬੀ ਭਾਸ਼ਾ ਨੂੰ ਪੰਜਾਬ ਤੇ ਸੂਬੇ ਦੀ ਰਾਜਧਾਨੀ ਵਿਚ ਮੁਕੰਮਲ ਰੂਪ ਵਿਚ ਲਾਗੂ ਕਰਨ ਨੂੰ ਕਿਸੇ ਵੀ ਸਰਕਾਰ ਨੇ ਕਦੇ ਮੁੱਖ ਮੁੱਦਾ ਨਹੀਂ ਬਣਾਇਆ। ਪੰਜਾਬ ਦੀਆਂ ਸਰਕਾਰਾਂ ਵੱਲੋਂ ਹੀ ਪੰਜਾਬੀਆਂ ਵਿਚ ਉਲਟਾ ਅਜਿਹਾ ਗੁਮਰਾਹਕੁਨ ਪ੍ਰਭਾਵ ਪੈਦਾ ਕੀਤਾ ਜਾ ਰਿਹਾ ਹੈ ਕਿ ਅੰਗਰੇਜ਼ੀ ਭਾਸ਼ਾ ਤੋਂ ਬਿਨਾਂ ਪੰਜਾਬੀਆਂ ਦਾ ਗੁਜ਼ਾਰਾ ਨਹੀਂ ਹੈ। ਇਸੇ ਸੋਚ ਤਹਿਤ ਹੀ ਕਦੇ ਪਹਿਲੀ ਤੋਂ ਅੰਗਰੇਜ਼ੀ ਨੂੰ ਇਕ ਵਿਸ਼ੇ ਵਜੋਂ ਥੋਪਣ ਅਤੇ ਕਦੇ ਅੰਗਰੇਜ਼ੀ ਮਾਧਿਅਮ ਵਾਲੇ ਵਿਸ਼ੇਸ਼ ਸਕੂਲ ਸਥਾਪਤ ਕਰਨ ਦੇ ਫੈਸਲੇ ਲਏ ਜਾਂਦੇ ਰਹੇ ਹਨ। ਇਸ ਸਥਿਤੀ ਵਿਚ ਪੰਜਾਬ ਦੇ ਸਰਕਾਰੀਤੰਤਰ ਵਿਚ ਪੰਜਾਬੀ ਭਾਸ਼ਾ ਨੂੰ ਮੁਕੰਮਲ ਰੂਪ ਵਿਚ ਲਾਗੂ ਕਰਨਾ ਅੱਜ ਵੀ ਨਾਮੁਮਕਿਨ ਬਣਿਆ ਪਿਆ ਹੈ। ਦਰਅਸਲ, ਪੰਜਾਬ ਸਰਕਾਰ ਵਿਚ ਵਿਆਪਕ ਪੱਧਰ ਉਤੇ ਅਜਿਹੀ ਅਫਸਰਸ਼ਾਹੀ ਭਾਰੂ ਹੈ, ਜੋ ਪੰਜਾਬੀ ਭਾਸ਼ਾ ਤੋਂ ਨਿਰੰਤਰ ਦੂਰੀਆਂ ਬਣਾਈ ਬੈਠੀ ਹੈ। ਇਸ ਤੋਂ ਬਿਨਾ ਗਣਤੀ ਵਿਚ ਅਜਿਹੇ ਅਫਸਰ ਹਨ, ਜਿਨ੍ਹਾਂ ਨੂੰ ਪੰਜਾਬੀ ਆਉਂਦੀ ਹੀ ਨਹੀਂ। ਦੱਸਣਯੋਗ ਹੈ ਕਿ ਆਈ.ਏ.ਐਸ. ਅਧਿਕਾਰੀਆਂ ਲਈ ਨਿਯਮਾਂ ਅਨੁਸਾਰ ਲਾਜ਼ਮੀ ਹੈ ਕਿ ਉਹ ਜਿਸ ਵੀ ਸੂਬੇ ਵਿਚ ਤਾਇਨਾਤ ਹੁੰਦੇ ਹਨ, ਉਨ੍ਹਾਂ ਨੂੰ ਉੱਥੋਂ ਦੇ ਲੋਕਾਂ ਦੀ ਮਾਂ ਬੋਲੀ ਲਿਖਣੀ, ਬੋਲਣੀ ਤੇ ਸਮਝ ਆਉਣੀ ਚਾਹੁੰਦੀ ਹੈ। ਸਰਕਾਰ ਵੱਲੋਂ ਅਜਿਹੇ ਅਫਸਰਾਂ ਨੂੰ ਸਬੰਧਤ ਸੂਬਿਆਂ ਦੀ ਬੋਲੀ ਸਮਝਣ ਲਈ ਸਮਾਂ ਦਿੱਤਾ ਜਾਂਦਾ ਹੈ ਪਰ ਪੰਜਾਬ ਵਿਚ ਕਈ ਅਜਿਹੇ ਅਫਸਰ ਹਨ ਜੋ ਸਾਲਾਂ ਤੋਂ ਪੰਜਾਬੀ ਭਾਸ਼ਾ ਤੋ ਕੋਰੇ ਹਨ ਅਤੇ ਆਪਣੀ ਕਮਜ਼ੋਰੀ ਛੁਪਾਉਣ ਲਈ ਹੇਠਲੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਦਫਤਰੀ ਕੰਮ ਅੰਗਰੇਜ਼ੀ ਵਿਚ ਹੀ ਕਰਨ ਲਈ ਦਬਾਅ ਪਾਉਂਦੇ ਆ ਰਹੇ ਹਨ।

ਭਾਵੇਂ ਪਿਛਲੀ ਬਾਦਲ ਸਰਕਾਰ ਨੇ 'ਰਾਜ ਭਾਸ਼ਾ ਸੋਧਿਆ ਕਾਨੂੰਨ-2008' ਬਣਾ ਕੇ ਸਰਕਾਰੀਤੰਤਰ ਵਿਚ ਪੰਜਾਬੀ ਭਾਸ਼ਾ ਨੂੰ ਮੁਕੰਮਲ ਰੂਪ ਵਿਚ ਲਾਗੂ ਕਰਨ ਦਾ ਯਤਨ ਕੀਤਾ ਸੀ ਪਰ ਇਸ ਵਿਚ ਵੀ ਅਫਸਰਸ਼ਾਹੀ ਨੇ ਆਪਣੀ ਪੰਜਾਬੀ ਭਾਸ਼ਾ ਨਾ ਆਉਣ ਦੀ ਨਾਲਾਇਕੀ ਛੁਪਾਉਣ ਲਈ ਚੋਰ ਮੋਰੀ ਰੱਖ ਲਈ ਹੈ।

ਇਸ ਐਕਟ ਵਿਚ ਸਰਕਾਰੀ ਕੰਮ ਪੰਜਾਬੀ ਭਾਸ਼ਾ ਵਿਚ ਨਾ ਕਰਨ ਵਾਲੇ ਅਧਿਕਾਰੀ ਜਾਂ ਮੁਲਾਜ਼ਮ ਨੂੰ ਕੋਈ ਸਜ਼ਾ ਦੇਣ ਦੀ ਮੱਦ ਹੀ ਨਹੀਂ ਜੋੜੀ ਗਈ। ਪੰਜਾਬੀ ਹਿਤੈਸ਼ੀ ਇਸ ਐਕਟ ਵਿਚ ਸਜ਼ਾ ਦੀ ਧਾਰਾ ਜੋੜਨ ਲਈ ਪਿਛਲੇ 11 ਸਾਲਾਂ ਤੋਂ ਜੱਦੋ-ਜਹਿਦ ਕਰਦੇ ਆ ਰਹੇ ਹਨ ਪਰ ਕਿਸੇ ਸਰਕਾਰ ਨੇ ਬਾਂਹ ਨਹੀਂ ਫੜਾਈ।

## ਪੰਜਾਬੀ ਮੁਹਾਂਦਰੇ 'ਚ ਰੰਗੇ ਪਰਵਾਸੀ ਮਜ਼ਦੂਰਾਂ ਦੇ ਬੱਚੇ

**ਬਠਿੰਡਾ:** ਪਰਵਾਸੀ ਮਜ਼ਦੂਰਾਂ ਦੇ ਬੱਚੇ ਹੁਣ ਪੰਜਾਬੀ ਭਾਸ਼ਾ ਤੇ ਕਲਚਰ ਦੇ 'ਜ਼ੈਲਦਾਰ' ਬਣਨ ਲੱਗੇ ਹਨ। ਪਰਵਾਸੀ ਬੱਚੇ ਸਰਕਾਰੀ ਸਕੂਲਾਂ ਵਿਚ ਪੰਜਾਬੀ ਵਿਚ ਪੜ੍ਹ ਲਿਖ ਰਹੇ ਹਨ। ਬਹੁਤੇ ਪੰਜਾਬੀ ਮੁਹਾਂਦਰੇ ਵਿਚ ਹੀ ਰੰਗੇ ਗਏ ਹਨ। ਪੰਜਾਬ ਵਿਚ ਏਦਾਂ ਦੇ ਸਰਕਾਰੀ ਸਕੂਲ ਵੀ ਹਨ ਜਿਨ੍ਹਾਂ ਵਿਚ ਨਿਰੋਲ ਪਰਵਾਸੀ ਬੱਚੇ ਹੀ ਪੜ੍ਹ ਰਹੇ ਹਨ। ਖਾਸ ਕਰਕੇ ਲੁਧਿਆਣਾ ਸ਼ਹਿਰ ਵਿਚ। ਪੰਜਾਬੀ ਮਾਪਿਆਂ ਦਾ ਰੁਝਾਨ ਹੁਣ ਅੰਗਰੇਜ਼ੀ ਸਕੂਲਾਂ ਵੱਲ ਹੈ ਤੇ ਇਧਰ ਸਰਕਾਰੀ ਸਕੂਲਾਂ ਵਿਚ ਪਰਵਾਸੀ ਬੱਚਿਆਂ ਦਾ ਅੰਕੜਾ ਵਧਣ ਲੱਗਾ ਹੈ।

ਸਰਕਾਰੀ ਸਕੂਲਾਂ ਦੇ ਜੋ ਮੁਕਾਬਲੇ ਹੁੰਦੇ ਹਨ, ਉਨ੍ਹਾਂ ਵਿਚ ਵੀ ਪਰਵਾਸੀ ਬੱਚੇ ਮੋਹਰੀ ਬਣਨ ਲੱਗੇ ਹਨ। ਪਰਵਾਸੀ ਮਜ਼ਦੂਰ ਤਾਂ ਹੁਣ ਪਿੰਡਾਂ ਸ਼ਹਿਰਾਂ ਵਿਚ ਗੁਰੂ ਘਰਾਂ ਵਿਚ ਗ੍ਰੰਥੀ ਦੀ ਸੇਵਾ ਵੀ ਨਿਭਾਉਣ ਲੱਗੇ ਹਨ। ਦਮਦਮਾ ਸਾਹਿਬ ਦੇ ਧਾਰਮਿਕ ਮਹਾਂ ਵਿਦਿਆਲਿਆ (ਸੰਤ ਅਤਰ ਸਿੰਘ ਮਸਤੂਆਣਾ) ਵਿਚ ਇਸ ਵੇਲੇ ਯੂ.ਪੀ ਅਤੇ ਬਿਹਾਰ ਦੇ ਕਰੀਬ 40 ਬੱਚੇ ਧਾਰਮਿਕ ਵਿਦਿਆ ਹਾਸਲ ਕਰ ਰਹੇ ਹਨ। ਬਾਬਾ ਕਾਕਾ ਸਿੰਘ ਨੇ ਦੱਸਿਆ ਕਿ ਲੰਘੇ ਵਰ੍ਹਿਆਂ ਵਿਚ ਕਰੀਬ 500 ਪਰਵਾਸੀ ਬੱਚਿਆਂ ਨੇ ਪੰਜਾਬੀ ਭਾਸ਼ਾ ਵਿਚ ਧਾਰਮਿਕ ਵਿਦਿਆ ਗ੍ਰਹਿਣ ਕੀਤੀ ਹੈ।

## 84: ਪੀੜਤਾਂ ਦੀ ਯਾਦ 'ਚ ਅਰਦਾਸ

**ਅੰਮ੍ਰਿਤਸਰ:** ਨਵੰਬਰ 1984 ਵਿਚ ਦਿੱਲੀ ਸਮੇਤ ਦੇਸ਼ ਦੇ ਕਈ ਸ਼ਹਿਰਾਂ ਵਿਚ ਹੋਏ ਕਤਲੇਆਮ ਵਿਚ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਝੰਡਾ ਬੁੰਗਾ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਭਾਈ ਸੁਲਤਾਨ ਸਿੰਘ ਨੇ ਅਰਦਾਸ ਕੀਤੀ। ਹਜ਼ੂਰੀ ਰਾਗੀ ਭਾਈ ਸਾਹਿਬ ਸਿੰਘ ਦੇ ਜਥੇ ਨੇ ਵੈਰਾਗਮਈ ਕੀਰਤਨ ਕੀਤਾ ਅਤੇ ਹੁਕਮਨਾਮਾ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਲਿਆ। ਸਮਾਗਮ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਨੇ ਸ਼ਮੂਲੀਅਤ ਕੀਤੀ।

ਡਾ. ਰੂਪ ਸਿੰਘ ਨੇ ਕਿਹਾ ਕਿ 1984 ਦਾ ਸਿੱਖ ਕਤਲੇਆਮ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਕੀਤੇ ਗਏ ਅਣਮਨੁੱਖੀ ਤਸ਼ੱਦਦ ਦੀ ਸਿਖਰ ਸੀ। ਜੂਨ ਅਤੇ ਨਵੰਬਰ ਦੌਰਾਨ ਹਰ ਸਾਲ ਸਿੱਖਾਂ ਦੇ ਜ਼ਖ਼ਮ ਰਿਸਣ ਲੱਗਦੇ ਹਨ। ਉਨ੍ਹਾਂ ਦੁੱਖ ਜ਼ਾਹਰ ਕੀਤਾ ਕਿ ਕਤਲੇਆਮ ਦੇ ਦੋਸ਼ੀ ਸਾਹਮਣੇ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਸਜ਼ਾ ਨਹੀਂ ਦਿੱਤੀ ਗਈ।

## ਮਾਲੀ 'ਚ ਫੌਜ 'ਤੇ ਅਤਿਵਾਦੀ ਹਮਲਾ; 54 ਹਲਾਕ

**ਬਮਾਕੋ:** ਮਾਲੀ ਦੇ ਫੌਜੀ ਟਿਕਾਣੇ ਉਤੇ ਹੋਏ ਅਤਿਵਾਦੀ ਹਮਲੇ ਵਿਚ 53 ਫੌਜੀ ਜਵਾਨਾਂ ਸਣੇ 54 ਵਿਅਕਤੀ ਮਾਰੇ ਗਏ। ਮੇਨਾਕਾ ਖੇਤਰ ਵਿਚਲੇ ਕੈਂਪ ਉਤੇ ਅਤਿਵਾਦੀਆਂ ਵੱਲੋਂ ਹਮਲਾ ਕੀਤਾ ਗਿਆ। ਮੁਲਕ ਦੇ ਸੰਚਾਰ ਮੰਤਰੀ ਯਾਇਆ ਸੰਗਾਰੇ ਨੇ ਟਵਿੱਟਰ ਉਤੇ ਕਿਹਾ ਕਿ ਇਲਾਕੇ ਵਿਚ ਵਾਧੂ ਬਲ ਭੇਜ ਦਿੱਤੇ ਗਏ ਹਨ ਤੇ ਉਥੋਂ 54 ਲਾਸ਼ਾਂ ਮਿਲੀਆਂ। ਹਮਲੇ 'ਚ ਭਾਰੀ ਨੁਕਸਾਨ ਹੋਇਆ ਹੈ। ਮੰਤਰਾਲੇ ਦਾ ਕਹਿਣਾ ਹੈ ਕਿ ਸਥਿਤੀ ਕਾਬੂ ਹੇਠ ਹੈ ਅਤੇ ਲਾਸ਼ਾਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ।

# ਫਰਿਜ਼ਨੋ 'ਚ 'ਜਸ਼ਨ-ਏ-ਦੀਵਾਲੀ ਪ੍ਰੋਗਰਾਮ' ਦੌਰਾਨ ਲੱਗੀਆਂ ਰੌਣਕਾਂ

**ਫਰਿਜ਼ਨੋ (ਬਿਊਰੋ):** 'ਫਰਿਜ਼ਨੋ ਡਰੀਮਜ਼' ਗਰੁਪ ਦੇ ਕਲਾਕਾਰਾਂ ਵਲੋਂ ਇਥੇ ਦੂਜਾ ਸਾਲਾਨਾ 'ਜਸ਼ਨ-ਏ-ਦੀਵਾਲੀ ਪ੍ਰੋਗਰਾਮ' ਇਥੇ 'ਵੈਟਰਨ ਮੈਮੋਰੀਅਲ ਆਡੀਟੋਰੀਅਮ' ਵਿਚ ਕਰਵਾਇਆ ਗਿਆ। ਜਿਸ ਦਾ ਕਰੀਬ ਸਾਢੇ ਚਾਰ ਘੰਟੇ ਸ੍ਰੋਤਿਆਂ ਨੇ ਭਰਪੂਰ ਅਨੰਦ ਮਾਣਿਆ। ਜ਼ਿਕਰਯੋਗ ਹੈ ਕਿ ਇਹ ਗਰੁਪ ਤਰਨ ਸਿੰਘ ਵਲੋਂ ਜਸਵੰਤ ਮਹਿਮੀ, ਮਲਕੀਅਤ ਮੀਤ ਅਤੇ ਕੁਲਵੰਤ ਉਭੀ ਧਾਲੀਆਂ ਦੇ ਸਹਿਯੋਗ ਨਾਲ ਬਣਾਇਆ ਗਿਆ ਹੈ।

ਪ੍ਰੋਗਰਾਮ ਦੀ ਸ਼ੁਰੂਆਤ ਕੁਲਵੰਤ ਉਭੀ ਧਾਲੀਆਂ ਅਤੇ ਮਲਕੀਅਤ ਮੀਤ ਨੇ ਸਭ ਨੂੰ ਜੀ ਆਇਆ ਆਖ ਕੇ ਕੀਤੀ। ਉਪਰੰਤ ਗਾਇਕ ਰਾਜ ਬਰਾੜ ਨੇ ਧਾਰਮਿਕ ਗੀਤ ਪੇਸ਼ ਕੀਤੇ। ਗਾਇਕ ਬਹਾਦਰ ਸਿੱਧੂ, ਗੋਗੀ ਸੰਧੂ, ਅਵਤਾਰ ਗਰੇਵਾਲ, ਬਾਈ ਸੁਰਜੀਤ ਮਾਛੀਵਾੜਾ, ਗਾਇਕਾ ਜੋਤ ਰਣਜੀਤ ਕੌਰ, ਜਗਦੇਵ ਸਿੰਘ ਧੰਜਲ, ਜੇ. ਰਸੀਆ ਅਤੇ ਧਰਮਵੀਰ ਥਾਂਦੀ ਨੇ ਆਪੋ ਆਪਣੀ ਗਾਇਕੀ ਰਾਹੀਂ ਸ੍ਰੋਤਿਆਂ ਨੂੰ ਕੀਲੀ ਰੱਖਿਆ। ਅੱਠ ਸਾਲ ਦੇ ਛੋਟੇ ਬੱਚੇ ਅਮਨਜੋਤ ਨੇ ਗਾਇਕੀ ਰਾਹੀਂ ਸਭ ਦਾ ਮਨ ਮੋਹ ਲਿਆ।



'ਫਰਿਜ਼ਨੋ ਡਰੀਮਜ਼' ਵੱਲੋਂ ਬੱਚਿਆਂ ਨੂੰ ਗੀਤ-ਸੰਗੀਤ, ਗਿੱਧਾ-ਭੰਗੜਾ, ਐਕਟਿੰਗ ਆਦਿ ਸਿਖਾਏ ਜਾਣ ਲਈ ਚਲਾਏ ਜਾਂਦੇ ਸੈਂਟਰ ਦੇ ਬੱਚਿਆਂ ਨੇ ਦਵਿੰਦਰ ਕੌਰ ਸੰਘਾ ਦੀ ਨਿਰਦੇਸ਼ਨਾ ਹੇਠ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਸੰਸਥਾ ਦੇ ਮੁੱਖ ਪ੍ਰਬੰਧਕ ਤਰਨ ਸਿੰਘ ਨੇ ਆਪਣੇ ਸਾਥੀਆਂ ਸਮੇਤ ਸਟੇਜ ਤੋਂ ਹਾਜ਼ਰੀਨ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਸ ਮੌਕੇ 'ਤੁਰਕਿਸ਼ ਏਅਰ ਲਾਈਨ' ਦੀਆਂ ਟਿਕਟਾਂ ਦਾ ਰੈਫਲ ਡਰਾਅ ਵੀ ਕੱਢਿਆ ਗਿਆ। ਸਟੇਜ ਸੰਚਾਲਨ ਆਸ਼ਾ ਸ਼ਰਮਾ ਨੇ ਬਾਖ਼ੂਬੀ ਕੀਤਾ।


ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
1480 N. State Road 1, Cambridge City, IN 47327
ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ
ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ
ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

ਵਾਜਬ ਕੀਮਤ 'ਤੇ ਘਰ ਖਰੀਦਣਾ ਚਾਹੁੰਦੇ ਹੋ! ਐਰੀਜ਼ੋਨਾ ਵਿਚ ਖਰੀਦੋ
ਬਹੁਤ ਵਧੀਆ ਇਲਾਕੇ ਵਿਚ
4-5 ਬੈਡਰੂਮ ਦੇ ਘਰ ਸਿਰਫ $300,000

ਐਰੀਜ਼ੋਨਾ ਸਟੇਟ ਦਾ ਵਿਕਾਸ ਬਹੁਤ ਤੇਜੀ ਨਾਲ ਹੋ ਰਿਹਾ ਹੈ
ਫੇਰ ਸ਼ਾਇਦ ਇਸ ਭਾਅ ਘਰ ਨਾ ਮਿਲੇ
Buy very affordable homes in Arizona which is fast growing state.
Buy 4-5 bedroom homes under $300,000 in a Very Nice Area
Rupinder S Kaler
Contact an experienced Realtor
(C): 623-229-1906 (O): 623-344-1000
rupinder.kaler@azmoves.com www.buysellmyazhome.com
Coldwell Banker Residential Brokerage
1616 N. Litchfield Rd., Ste 170, Goodyear, AZ 85395
REALTOR COLDWELL BANKER RESIDENTIAL BROKERAGE EQUAL HOUSING OPPORTUNITY

# ਈਸਬਗੋਲ ਕੁਝ ਨਾ ਬੋਲ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਬੜੀ ਵਿਕੋਲਿਤਰੀ ਜਿਹੀ ਧੁਨੀ ਵਾਲਾ ਹੈ ਇਹ ਸ਼ਬਦ, ਪਰ ਜਿਸ ਸ਼ੈਅ ਦਾ ਇਹ ਸੰਕੇਤਕ ਹੈ, ਉਸ ਨੂੰ ਭਾਰਤ ਵਿਚ ਘੱਟੋ ਘੱਟ 'ਸਰਬ ਰੋਗ ਕਾ ਅਉਖਧ' ਹੀ ਮੰਨਿਆ ਜਾਂਦਾ ਹੈ। ਐਵੈਂ ਨਹੀਂ ਇਸ ਦੀ ਸਿਫਤ ਵਿਚ ਕਿਹਾ ਗਿਆ, 'ਈਸਬਗੋਲ ਕੁਝ ਨਾ ਬੋਲ।' ਇਥੇ ਬੋਲ ਦੀ ਥਾਂ ਫੋਲ ਸ਼ਬਦ ਵੀ ਵਰਤਿਆ ਮਿਲਦਾ ਹੈ। ਇਹ ਕਹਾਵਤ ਉਦੋਂ ਵਰਤੀ ਜਾਂਦੀ ਹੈ, ਜਦੋਂ ਕਿਸੇ ਕਰੂਰ ਸਥਿਤੀ ਦੇ ਵਰਣਨ ਤੋਂ ਪਰਹੇਜ ਕਰਨ ਜਾਂ ਢਕੇ ਹੀ ਰਹਿਣਾ ਯੋਗ ਸਮਝਿਆ ਜਾਂਦਾ ਹੋਵੇ। ਕਬਜ਼ ਦੀ ਸ਼ਿਕਾਇਤ ਵਾਲੇ ਕਈ ਸ਼ਖਸ ਈਸਬਗੋਲ ਦਾ ਪੂਜਾ ਪਾਠ ਦੀ ਤਰ੍ਹਾਂ ਨਿਯਮਿਤ ਰੂਪ ਵਿਚ ਸੇਵਨ ਕਰਦੇ ਹਨ ਤੇ ਪਹੁ ਫੁੱਟਣ ਦੇ ਨਾਲ ਹੀ ਇਸ ਦਾ ਸੰਤੁਸ਼ਟੀਜਨਕ ਫਲ ਭੋਗ ਕੇ ਸਾਰਾ ਦਿਨ ਹੌਲਾ ਫੁੱਲ ਰਹਿੰਦੇ ਹਨ। ਦੇਸੀ ਨਿਦਾਨ-ਸ਼ਾਸਤਰਾਂ ਅਨੁਸਾਰ ਕਬਜ਼ ਹਰ ਬੀਮਾਰੀ ਦੀ ਜੜ੍ਹ ਹੈ, ਸੋ ਜੋ ਚੀਜ਼ ਇਸ ਜੜ੍ਹ ਨੂੰ ਤੇਲ ਦਿੰਦੀ ਹੋਵੇ, ਉਹ 'ਸਰਬ ਰੋਗ ਕਾ ਅਉਖਧ' ਹੀ ਹੋਈ!

ਈਸਬਗੋਲ/ਇਸਬਗੋਲ ਇੱਕ ਝਾੜੀਨੁਮਾ ਬੂਟੇ ਤੋਂ ਪ੍ਰਾਪਤ ਹੋਣ ਵਾਲੇ ਬੀਜ ਨੂੰ ਆਖਦੇ ਹਨ, ਜੋ ਇਸ ਬੂਟੇ ਦਾ ਨਾਂ ਵੀ ਹੈ। ਨਿੱਕੇ ਜਿਹੇ ਇਸ ਦੇ ਬੀਜ ਦੀ ਸ਼ਕਲ ਕਿਸ਼ਤੀਨੁਮਾ ਹੁੰਦੀ ਹੈ। ਇਸ ਦੇ ਬੀਜ ਅਤੇ ਫੱਕ ਰਵਾਇਤੀ ਤੌਰ 'ਤੇ ਅਨੇਕਾਂ ਰੋਗਾਂ ਦੇ ਨਿਵਾਰਣ ਲਈ ਵਰਤੇ ਜਾਂਦੇ ਹਨ। ਆਮ ਤੌਰ 'ਤੇ ਇਸ ਦੀ ਫੱਕ ਪਾਣੀ ਵਿਚ ਘੋਲ ਕੇ ਲਈ ਜਾਂਦੀ ਹੈ। ਪਾਣੀ ਵਿਚ ਰਲ ਕੇ ਇਹ ਫੁੱਲ ਜਾਂਦੀ ਹੈ ਤੇ ਲੇਸਦਾਰ ਬਣ ਜਾਂਦੀ ਹੈ। ਆਪਣੇ ਤੌਰ 'ਤੇ ਇਹ ਸਮਝੋ ਸੁਆਦਹੀਣ ਹੀ ਹੁੰਦੀ ਹੈ। ਪੇਟ ਵਿਚ ਜਾ ਕੇ ਇਹ ਫੁੱਲੀ ਤੇ ਲੇਸਦਾਰ ਬਣੀ ਸ਼ੈਅ ਖਾਧੇ ਪੀਤੇ ਨੂੰ ਅੰਤੜੀਆਂ ਵਿਚੋਂ ਅੱਗੇ ਧੱਕਦੀ ਹੋਈ ਆਪਣਾ ਵਿਰੇਚਨਕਾਰੀ ਕਰਤਵ ਨਿਭਾ ਦਿੰਦੀ ਹੈ। ਵੈਦਾਂ, ਹਕੀਮਾਂ ਅਨੁਸਾਰ ਇਹ ਬਵਾਸੀਰ, ਅਤਿਸਾਰ, ਪੇਚਿਸ਼, ਗੁਰਦਾ ਰੋਗ, ਮੁਟਾਪਾ, ਸੁਜ਼ਾਕ ਅਤੇ ਦਮੇ ਲਈ ਵੀ ਰਾਮਬਾਣ ਹੈ।

ਅਮਰੀਕਾ ਸਮੇਤ ਪੱਛਮੀ ਦੇਸ਼ਾਂ ਨੇ ਅਧਿਕਾਰਕ ਤੌਰ 'ਤੇ ਇਸ ਦੇ ਕਈ ਫਾਇਦਿਆਂ ਨੂੰ ਮੰਨਦਿਆਂ ਇਸ ਨੂੰ ਦਵਾਈ ਵਜੋਂ ਵਰਤਣ ਦੀ ਇਜਾਜ਼ਤ ਦਿੱਤੀ ਹੈ। ਇਹ ਕੌਲੈਸਟਰੋਲ ਨੂੰ ਕਾਬੂ ਵਿਚ ਰੱਖਦੀ ਹੈ ਤੇ ਪਿਸ਼ਾਬ ਨੂੰ ਬੇਕਾਬੂ ਕਰਦੀ ਹੈ। ਮਸ਼ਹੂਰ ਹੈ ਕਿ ਈਸਬਗੋਲ ਠੰਡਾ ਵੀ, ਗਰਮ ਵੀ ਪਰ ਕਹਾਵਤ ਰੂਪ ਵਿਚ ਇਹ ਉਕਤੀ ਤਦ ਉਚਾਰੀ ਜਾਂਦੀ ਹੈ, ਜਦ ਕੋਈ ਜੱਕੋ ਤੱਕੇ ਵਿਚ ਪਿਆ ਆਪਾ-ਵਿਰੋਧੀ ਗੱਲਾਂ ਕਰਦਾ ਹੋਵੇ। ਈਸਬਗੋਲ ਰੰਗ ਰੋਗਨ ਅਤੇ ਆਈਸਕਰੀਮ ਬਣਾਉਣ ਵਿਚ ਵੀ ਵਰਤੀ ਜਾਂਦੀ ਹੈ। ਭਲਾ ਵਾਰਸ ਸ਼ਾਹ ਦੀਆਂ ਨਜ਼ਰਾਂ ਤੋਂ ਅਜਿਹਾ ਉਤਪਾਦ ਕਿਵੇਂ ਛੁਪਿਆ ਰਹਿ ਸਕਦਾ ਸੀ,





ਰੰਨ ਮਰਦ ਨੂੰ ਕਾਮ ਜੇ ਕਰੇ ਗਲਬਾ<br>
ਧਨੀਆਂ ਭਿਉਂ ਕੇ ਚਾ ਪਵਾਵਨੇ ਹਾਂ।<br>
ਨਾਮਰਦ ਨੂੰ ਚੀਚ ਵਹੁਟੀਆਂ ਦਾ<br>
ਤੇਲ ਕੱਢ ਕੇ ਨਿੱਤ ਮਲਾਵਨੇ ਹਾਂ।<br>
ਜੇ ਕਿਸੇ ਨੂੰ ਬਾਦ ਫਰੰਗ ਹੋਵੇ<br>
ਤੇ ਰਸਕਪੂਰ ਤੇ ਲੌਂਗ ਦਿਵਾਵਨੇ ਹਾਂ।<br>
ਪਰਮੇਉ ਸੁਜ਼ਾਕ ਤੇ ਛਾਹ ਮੂਤੀ<br>
ਉਹਨੂੰ ਇੰਦਰੀ ਝਾੜ ਦਵਾਵਨੇ ਹਾਂ।<br>
ਅਤੀਸਾਰ ਬਨਾਹੀਆਂ, ਫੁਲਬਹਿਰੀ<br>
ਈਸਬਗੋਲ ਹੀ ਘੋਲ ਪਿਵਾਵਨੇ ਹਾਂ।<br>
ਵਾਰਸ ਸ਼ਾਹ ਜਿਹੜੀ ਉਠ ਬਹੇ ਨਾਹੀਂ<br>
ਉਹਨੂੰ ਹੱਥ ਈ ਮੂਲ ਨਾ ਲਾਵਨੇ ਹਾਂ।

ਇਥੇ ਵਰਤੇ ਕੁਝ ਸ਼ਬਦਾਂ ਦੇ ਅਰਥ ਸਮਝ ਲਈਏ: ਬਾਦਫਰੰਗ=ਆਤਸ਼ਕ; ਪਰਮੇਉ=ਪਿਸ਼ਾਬ ਜਲ ਕੇ ਆਉਣਾ; ਇੰਦਰੀਝਾੜ=ਪਿਸ਼ਾਬ-ਲਿਆਊ ਦਵਾਈ; ਅਤੀਸਾਰ=ਟੱਟੀਆਂ; ਨਬਾਹੀਆਂ=ਦਰਦ ਨਾਲ ਟੱਟੀ ਆਉਣਾ।

ਈਸਬਗੋਲ Plantago ਜਾਤੀ ਦਾ ਬੂਟਾ ਹੈ, ਜਿਸ ਦੀਆਂ ਅੱਗੋਂ ਕੋਈ 200 ਕਿਸਮਾਂ ਹਨ। ਈਸਬਗੋਲ ਦਾ ਵਿਗਿਆਨਕ ਨਾਂ ਹੈ, Plantago Ovata. ਇਸ ਦਾ ਪੌਦਾ ਫੁੱਟ-ਡੇਢ ਫੁੱਟ ਉਚਾ ਹੁੰਦਾ ਹੈ ਤੇ ਇਸ ਨੂੰ ਚਿੱਟੇ ਰੰਗ ਦੇ ਅਨੇਕਾਂ ਫੁੱਲ ਲੱਗਦੇ ਹਨ; ਪਰ ਉਪਚਾਰ ਵਜੋਂ ਕੰਮ ਆਉਣ ਵਾਲੀ ਚੀਜ਼ ਇਸ ਦੇ ਬੀਜ ਹੀ ਹਨ। ਭਾਰਤੀ ਈਸਬਗੋਲ ਨੂੰ ਉਤਮ ਅਤੇ ਰੋਗ-ਨਿਵਾਰਕ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਭਾਵੇਂ ਯੂਰਪੀ ਦੇਸ਼ਾਂ ਵਿਚ ਵੀ ਈਸਬਗੋਲ ਦੀ ਪੈਦਾਵਾਰ ਹੁੰਦੀ ਹੈ, ਪਰ ਉਤਰ ਪੱਛਮੀ ਭਾਰਤ ਤੇ ਨਾਲ ਲਗਦੇ ਪਾਕਿਸਤਾਨ ਤੇ ਇਰਾਨ ਆਦਿ ਖਿੱਤੇ ਵਿਚ ਇਹ ਸਭ ਤੋਂ ਵਧ ਉਗਾਈ ਜਾਂਦੀ ਹੈ ਤੇ ਇਥੋਂ ਹੋਰ ਦੂਰ ਦੇਸ਼ਾਂ ਨੂੰ ਇਸ ਦਾ ਨਿਰਯਾਤ ਹੁੰਦਾ ਹੈ। ਦਵਾਈ ਵਜੋਂ ਇਹ ਕਈ ਨਾਂਵਾਂ ਨਾਲ ਵਿਕਦੀ ਹੈ, ਪਰ ਇਨ੍ਹਾਂ ਨੂੰ ਮਾਰੋ ਗੋਲੀ, ਸਾਡਾ ਸਰੋਕਾਰ ਈਸਬਗੋਲ ਸ਼ਬਦ ਨਾਲ ਹੈ। ਮੁਢਲੇ ਤੌਰ 'ਤੇ ਇਹ ਸੰਯੁਕਤ ਸ਼ਬਦ ਹੈ, ਜੋ ਦੋ ਫਾਰਸੀ ਲਫਜ਼ਾਂ ਦੇ ਜੁੜਨ ਨਾਲ ਬਣਿਆ ਹੈ। ਪਹਿਲਾ ਹੈ, ਅਸਪ ਤੇ ਦੂਜਾ ਹੈ, ਗੋਲ। ਫਾਰਸੀ ਉਰਦੂ ਵਿਚ ਇਸ ਦੇ ਅਸਪਗੋਲ, ਇਸਪਗੋਲ ਜਿਹੇ ਰੂਪ ਮਿਲਦੇ ਹਨ। ਫਾਰਸੀ ਵਿਚ ਅਸਪ ਘੋੜੇ ਨੂੰ ਆਖਦੇ ਹਨ, ਜੋ ਹਿੰਦ-ਇਰਾਨੀ ਸ਼ਬਦ ਹੈ। ਪਹਿਲਾਂ ਕਿਸੇ ਲੇਖ ਵਿਚ ਇਸ ਸ਼ਬਦ ਦਾ ਜ਼ਿਕਰ ਹੋ ਚੁਕਾ ਹੈ। ਇਥੇ ਸੰਕੇਤ ਮਾਤਰ ਏਨਾ ਕਾਫੀ ਹੈ ਕਿ ਫਾਰਸੀ ਵਲੋਂ ਅਸਵਾਰ/ਸਵਾਰ (ਮੂਲ ਰੂਪ ਵਿਚ ਘੋੜੇ ਚੜ੍ਹਿਆ) ਅਤੇ ਸੰਸਕ੍ਰਿਤ ਵਲੋਂ ਅਸ਼ਵਮੇਧ, ਅੱਸੂ, ਅਸੁ (ਅਸੁ ਹਸਤੀ ਰਥ ਅਸਵਾਰੀ॥ -ਗੁਰੂ ਅਰਜਨ ਦੇਵ) ਸ਼ਬਦ ਇਸ ਦੇ ਸਜਾਤੀ ਹਨ। ਲਾਤੀਨੀ ਵਲੋਂ ਅੰਗਰੇਜ਼ੀ ਵਿਚ ਗਿਆ ਸ਼ਬਦ Equestrian (ਘੋੜਿਆਂ ਸਬੰਧੀ) ਇਸ ਦਾ ਸਜਾਤੀ ਹੈ, ਸੋ ਅਸਪ ਭਾਰੋਪੀ ਵੀ ਹੈ।

ਈਸਬਗੋਲ ਦੇ ਦੂਜੇ ਅੰਸ਼ ਗੋਲ ਦਾ ਅਰਥ 'ਕੰਨ' ਦੱਸਿਆ ਜਾਂਦਾ ਹੈ। ਫਾਰਸੀ ਵਿਚ ਕੰਨ ਲਈ ਗੋਸ਼ ਸ਼ਬਦ ਹੈ, ਜੋ 'ਗੇ' ਅੱਖਰ ਨਾਲ ਬਣਦਾ ਹੈ। ਕੀ ਗ਼ੈਨ ਨਾਲ ਬਣਦਾ ਗੋਲ ਗੋਸ਼ ਦਾ ਵਿਕ੍ਰਿਤ ਰੂਪ ਹੈ, ਮੈਂ ਥਾਹ ਨਹੀਂ ਪਾ ਸਕਿਆ। ਫੈਲਨ ਦਾ ਹਿੰਦੋਸਤਾਨੀ ਕੋਸ਼ ਇਸ ਨੂੰ ਅਰਬੀ ਮੂਲ ਦਾ ਸ਼ਬਦ ਦੱਸਦਾ ਹੈ ਤੇ ਅਰਥ ਵੀ 'ਕੰਨ' ਹੀ, ਪਰ ਅਰਬੀ ਵਿਚ ਵੀ ਕੰਨ ਲਈ ਇਜ਼ਨ ਸ਼ਬਦ ਹੈ, ਗੋਲ ਨਹੀਂ। ਉਂਜ ਅਰਬੀ ਵਿਚ ਈਸਬਗੋਲ ਲਈ ਬਜ਼ਰੇਕਤੂਨਾ ਸ਼ਬਦ ਹੈ। ਕਈ ਸ੍ਰੋਤਾਂ ਵਿਚ ਈਸਬਗੋਲ ਵਿਚਲਾ ਗੋਲ ਸ਼ਬਦ ਫਾਰਸੀ ਗੁਲ (ਫੁੱਲ) ਦੇ ਅਰਥਾਂ ਵਿਚ ਵੀ ਲਿਆ ਗਿਆ ਹੈ, ਜੋ ਅੱਗੋਂ ਟੇਢੇ ਜਿਹੇ ਢੰਗ ਨਾਲ ਇਸ ਦੇ ਬੀਜ ਦਾ ਸੰਕੇਤਕ ਮੰਨਿਆ ਗਿਆ ਹੈ। ਭਾਵ ਅਜਿਹਾ ਬੂਟਾ, ਜਿਸ ਦੇ ਬੀਜ ਘੋੜੇ ਦੀ ਸ਼ਕਲ ਦੇ ਹਨ, ਕਹਿ ਲਵੋ ਘੋੜੇ ਦੇ ਬੂਥੇ ਵਰਗੇ; ਪਰ ਅਸਲ 'ਚ ਅਜਿਹਾ ਨਹੀਂ ਹੈ। ਅਸੀਂ ਇਸ ਵਿਆਖਿਆ ਨੂੰ ਸਵੀਕਾਰ ਨਹੀਂ ਕਰਦੇ। ਲਾ-ਪਾ ਕੇ ਗੋਲ ਸ਼ਬਦ ਦਾ ਅਰਥ ਕੰਨ ਹੀ ਮੰਨਣਾ ਪੈਂਦਾ ਹੈ, ਭਾਵੇਂ ਇਸ ਬਾਰੇ ਹੋਰ ਸਪੱਸ਼ਟਤਾ ਦੀ ਲੋੜ ਹੈ।

'ਮਹਾਨ ਕੋਸ਼' ਵਿਚ ਵੀ ਇਸ ਦਾ ਅਰਥਾਪਣ ਘੋੜੇ ਦਾ ਕੰਨ ਕੀਤਾ ਗਿਆ ਹੈ, ਪਰ ਇਸ ਨੂੰ 'ਅਸ ਪਗੂਲ' ਕਰਕੇ ਨਿਖੇੜਿਆ ਗਿਆ ਹੈ, ਜਿਸ ਦਾ ਮਤਲਬ ਹੋਇਆ ਕਿ ਕੋਈ ਪਗੂਲ ਸ਼ਬਦ ਹੈ, ਜਿਸ ਦਾ ਅਰਥ ਕੰਨ ਹੈ, ਪਰ ਅਜਿਹਾ ਵੀ ਨਹੀਂ ਹੈ। ਈਸਬਗੋਲ 'ਘੋੜੇ ਦਾ ਕੰਨ' ਇਸ ਲਈ ਮੰਨਿਆ ਜਾਂਦਾ ਹੈ ਕਿ ਇਸ ਦੇ ਬੂਟੇ ਦੇ ਪੱਤੇ ਘੋੜੇ ਦੇ ਕੰਨ ਵਰਗੇ ਅਰਥਾਤ ਅੰਡਾਕਾਰ ਹੁੰਦੇ ਹਨ। ਪ੍ਰਸੰਗਕ ਹੈ ਕਿ ਸਾਰੀਆਂ ਭਾਸ਼ਾਵਾਂ ਵਿਚ ਕਿਸੇ ਪੱਖੋਂ ਜਾਨਵਰਾਂ ਦੇ ਸਮਾਨ ਗੁਣਾਂ ਕਾਰਨ ਬੂਟਿਆਂ ਲਈ ਬਣੇ ਅਨੇਕਾਂ ਸ਼ਬਦ ਮਿਲਦੇ ਹਨ, ਜੋ ਸਬੰਧਤ ਜਾਨਵਰ ਦਾ ਨਾਂ ਵੀ ਹੋਵੇ।

ਈਸਬਗੋਲ ਦਾ ਵਿਗਿਆਨਕ ਨਾਂ Plantago Ovata ਵਿਚਲੇ ਅੰਸ਼ Ovata ਦਾ ਅਰਥ ਵੀ ਅੰਡਾਕਾਰ ਹੁੰਦਾ ਹੈ। ਕੁਝ ਸਰੋਤਾਂ ਵਿਚ ਈਸਬਗੋਲ ਲਈ ਸੰਸਕ੍ਰਿਤ ਸ਼ਬਦ ਅਸ਼ਵਕਰਣ ਦੱਸਿਆ ਗਿਆ ਹੈ, ਜਿਸ ਦਾ ਸ਼ਾਬਦਿਕ ਅਰਥ ਵੀ ਘੋੜੇ (ਅਸ਼ਵ) ਦਾ ਕੰਨ (ਕਰਣ) ਬਣਦਾ ਹੈ। ਉਂਜ ਮੈਨੂੰ ਲਗਦਾ ਹੈ ਕਿ ਇਹ ਈਸਬਗੋਲ ਦਾ ਸਿੱਧਾ ਸ਼ਾਬਦਿਕ ਅਨੁਵਾਦ ਹੀ ਹੈ, ਸੰਸਕ੍ਰਿਤ ਦਾ ਕੋਈ ਮੌਲਿਕ ਪ੍ਰਚਲਿਤ ਸ਼ਬਦ ਨਹੀਂ। ਮੋਨੀਅਰ-ਵਿਲੀਅਮਜ਼ ਦੇ ਸੰਸਕ੍ਰਿਤ ਕੋਸ਼ ਵਿਚ ਅਸ਼ਵਕਰਣ ਦਾ ਅਰਥ ਸਾਲ ਜਿਹਾ ਦਰਖਤ ਦੱਸਿਆ ਗਿਆ ਹੈ, ਈਸਬਗੋਲ ਨਹੀਂ।

ਈਸਵਗੋਲ ਲਈ ਵਰਤੇ ਜਾਂਦੇ ਕੁਝ ਹੋਰ ਸ਼ਬਦ ਵੀ ਗਿਣ ਲਈਏ, ਜਿਨ੍ਹਾਂ ਵਿਚੋਂ ਕਈ ਇਸੇ ਸ਼ਬਦ ਦਾ ਵਿਗਾੜ ਹਨ। ਸੰਸਕ੍ਰਿਤ ਵਿਚ ਹੀ ਇਸ ਦੇ ਹੋਰ ਨਾਂ ਹਨ: ਅਸ਼ਵਗੋਲ, ਇਸ਼ਦਗੋਲ, ਅਸ਼ਵਕਰਣਬੀਜ, ਸ਼ੀਤਬੀਜ, ਸਨਿਗਧਜੀਰਕਾ; ਬੰਗਾਲੀ: ਐਸਫੋਪਗੋਲ, ਇਸਬਗੁਲ, ਇਸਬਗੋਲ; ਹਿੰਦੀ: ਸ਼ਫਗੋਲ, ਸਫਗੋਲ, ਈਸਰਗੋਲ; ਗੁਜਰਾਤੀ: ਇਸਫਗੋਲ, ਘੋੜਾਜੀਰੂ, ਉਥਮੂਜੀਰੂਨ; ਕੰਨੜ: ਇਸੋਫਗੋਲੂ, ਇੱਸਾਬਗੋਲੂ; ਤਮਿਲ: ਇਸਕੋਲਵਿਰਾਇ, ਇਸਕੋਲ; ਮਲਿਆਲਮ: ਕਰਕਤਸਰਿੰਗੀ, ਇਸਪਗਲ; ਕਸ਼ਮੀਰੀ: ਇਸਮੋਗੁਲ ਅਰਬੀ ਬਜ਼ਰੇ ਕਤੂਨਾ ਆਦਿ। ਪੰਜਾਬੀ ਵਿਚ ਹੀ ਇਸ ਲਈ ਹੋਰ ਸ਼ਬਦ ਹਨ: ਲਿਸਪਗੋਲ, ਬਰਤੰਗ, ਅਬਗੋਲ।

# ਦਾਲ ਦੇ ਕੋਕੜੂ

ਦਾਦੀ ਮਾਂ ਬੇਬੇ ਨੂੰ ਆਖਦੀ ਹੁੰਦੀ, "ਧੀਏ ਦਾਲ ਸੰਵਾਰ ਕੇ ਬਣਾਈਂ, ਇੱਕ ਵੀ ਕੋਕੜੂ ਨਾ ਰਹਿ ਜਾਵੇ; ਨਹੀਂ ਤਾਂ ਸਾਰੀ ਦਾਲ ਬੇਸੁਆਦੀ ਹੋ ਜਾਂਦੀ ਹੈ।"

ਬੇਬੇ ਆਖਦੀ, "ਮੈਂ ਤਾਂ ਬੜੀ ਸੰਵਾਰ ਕੇ ਚੁਣਦੀ ਹਾਂ, ਸਾਰੇ ਕੋਕੜੂ ਪਛਾਣ ਕੇ ਬਾਹਰ ਸੁੱਟਦੀ ਹਾਂ, ਪਰ ਕਰਾਂ ਕੀ! ਕਈ ਤਾਂ ਜਵਾਂ ਹੀ ਦਾਲ ਵਰਗੇ ਹੁੰਦੇ ਹਨ, ਉਨ੍ਹਾਂ ਦਾ ਪਤਾ ਹੀ ਨਹੀਂ ਲਗਦਾ।"



ਸੰਤੋਖ ਮਿਨਹਾਸ

ਫੋਨ: 559-283-6376

ਬੇਬੇ ਬੜੀ ਭੋਲੀ ਹੈ, ਉਸ ਦੇ ਸਹਿਜ ਸੁਭਾਅ ਬੋਲੇ ਸ਼ਬਦਾਂ ਵਿਚ ਲੋਹੜੇ ਦੇ ਅਰਥ ਉਜਾਗਰ ਹੁੰਦੇ ਹਨ। ਹੁਣ ਜਦੋਂ ਮੈਂ ਜ਼ਿੰਦਗੀ ਵਾਚਣ, ਜਾਚਣ, ਜਿਉਣ ਦਾ ਚੱਜ ਸਿੱਖਣ ਲੱਗਾ ਹਾਂ, ਦਾਦੀ ਮਾਂ ਦੇ ਕਹੇ ਸ਼ਬਦ ਤੇ ਬੇਬੇ ਦੇ ਦਾਲ 'ਚੋਂ ਕੋਕੜੂ ਚੁਗਣ ਦੀ ਗੱਲ, ਮੈਨੂੰ ਹੁਣ ਥੋੜ੍ਹੀ ਥੋੜ੍ਹੀ ਸਮਝ ਪੈਣ ਲੱਗੀ ਹੈ।

ਜ਼ਿੰਦਗੀ ਬੜੀ ਸੋਹਣੀ ਹੈ, ਸਾਡੇ ਆਸੇ-ਪਾਸੇ ਸੋਹਣਾ ਸੰਸਾਰ ਵਸਿਆ ਹੋਇਐ। ਇਸ ਦੇ ਹਰ ਰੰਗ ਵਿਚ ਸੁਹੱਪਣ ਹੈ, ਰੂਹ ਦਾ ਵਿਸਮਾਦੀ ਅਨੰਦ ਹੈ। ਅਸੀਂ ਹਰ ਰੰਗ ਨੂੰ ਰੱਜ ਕੇ ਮਾਣਨਾ ਚਾਹੁੰਦੇ ਹਾਂ। ਚਾਹੁੰਦੇ ਹਾਂ ਕਿ ਸਾਡੇ ਪਰਿਵਾਰਾਂ ਵਿਚ ਖੁਸ਼ੀਆਂ ਖੇੜੇ ਬਣੇ ਰਹਿਣ। ਘਰ ਦੇ ਹਰ ਜੀਅ ਦੇ ਚਿਹਰੇ 'ਤੇ ਮੁਸਕਰਾਹਟ ਖੇਡਦੀ ਰਹੇ। ਕਦੇ ਵੀ ਉਨ੍ਹਾਂ ਦਾ ਵਾਲ ਵਿੰਗਾ ਨਾ ਹੋਵੇ। ਚਾਵਾਂ ਦੀ ਉਮੀਦ ਦਾ ਹਾਣੀ ਬਣਨਾ ਉਨ੍ਹਾਂ ਦੇ ਹਿੱਸੇ ਆਵੇ। ਸਾਡੇ ਸੱਜਣਾਂ-ਪਿਆਰਿਆਂ ਦੇ ਰਿਸ਼ਤਿਆਂ ਦੇ ਮੋਹ ਦਾ ਨਿੱਘ, ਸਦਾ ਸਾਡੇ ਨਾਲ ਰਹੇ। ਜ਼ਿੰਦਗੀ ਦਾ ਪਲ ਪਲ ਚਾਵਾਂ ਮੱਤਾ ਬੀਤੇ। ਇਹ ਅਰਦਾਸ ਹਰ ਮਨੁੱਖ ਦੇ ਅੰਦਰ ਹਰ ਵੇਲੇ ਝਰਦੀ ਰਹਿੰਦੀ ਹੈ। ਇਹੀ ਸਾਡੇ ਜਿਉਣ ਦਾ ਸਬੱਬ ਹੈ। ਇਸ ਪਿਆਰ ਦੇ ਨਿਰੰਤਰ ਵਹਿੰਦੇ ਦਰਿਆ ਵਿਚ ਕਦੇ ਵੀ ਕੋਈ ਜ਼ਹਿਰ ਤੁਪਕਾ ਨਾ ਰਲੇ, ਪਰ ਕਈ ਲੋਕਾਂ ਦਾ ਕਹਿਣਾ ਹੈ ਕਿ ਜ਼ਿੰਦਗੀ ਦਾ ਨਿਰੰਤਰ ਚਲਦਾ ਦਰਿਆ, ਇੱਕ ਸੇਧੇ ਨਹੀਂ ਚੱਲਦਾ। ਇਸ ਵਿਚ ਰੋੜੇ ਰੁਕਾਵਟਾਂ ਦਾ ਆਉਣਾ ਸੁਭਾਵਿਕ ਹੈ।

ਸੰਸਾਰ ਦੇ ਸਰਬਵਿਆਪੀ ਵਰਤਾਰੇ ਵਿਚ ਕਦੇ ਵੀ ਇੱਕੋ ਜਿਹਾ ਕੁਝ ਨਹੀਂ ਵਾਪਰਦਾ। ਠੰਡੀਆਂ ਸੁਗੰਧ ਭਰੀਆਂ ਹਵਾਵਾਂ ਦੇ ਨਾਲ ਝੱਖੜ ਹਨੇਰੀਆਂ ਤੱਤੇ ਬੁੱਲਿਆਂ ਦਾ ਸੇਕ ਕਦੇ ਨਾ ਕਦੇ ਸਾਡੇ ਕੋਮਲ ਜਜ਼ਬਿਆਂ, ਉਮੀਦਾਂ, ਚਾਵਾਂ ਨੂੰ ਝੁਲਸ ਜਾਂਦਾ ਹੈ; ਪਰ ਫਿਰ ਵੀ ਕੁਦਰਤ ਦੀ ਨਿਆਮਤ ਨਾਲ ਭਰੀਆਂ ਝੋਲੀਆਂ ਅਸੀਂ ਸਾਂਭ ਕੇ ਰੱਖਦੇ ਹਾਂ। ਕੋਈ ਨਹੀਂ ਚਾਹੁੰਦਾ, ਇਨ੍ਹਾਂ ਭਰੀਆਂ ਝੋਲੀਆਂ ਵਿਚ ਕੋਈ ਕੰਜ ਦਾ ਬੀ ਪੈ ਜਾਵੇ। ਬ੍ਰਹਿਮੰਡ ਦੇ ਪਸਾਰੇ ਅਤੇ ਕੁਦਰਤ ਦੇ ਨਜ਼ਾਰਿਆਂ ਦੇ ਵਰਤਾਰਿਆਂ ਵਿਚ ਅਸੀਂ ਕੁਝ ਨਾ ਕੁਝ ਆਪਣੇ ਲਈ ਰਾਖਵਾਂ ਭਾਲਦੇ ਹਾਂ, ਜੋ ਸਾਡੀਆਂ ਅਧੂਰੀਆਂ ਉਮੀਦਾਂ, ਚਾਵਾਂ ਤੇ ਖੁਸ਼ੀਆਂ ਦੀ ਪੂਰਤੀ ਦਾ ਸਾਧਨ ਬਣੇ, ਪਰ ਕਈ ਵਾਰੀ ਕੁਦਰਤ ਵਲੋਂ ਇਹ ਵਰੋਸਾਈ ਦਾਤ ਵੀ ਸਾਡੇ ਨਸੀਬ ਦੇ ਅੰਗ-ਸੰਗ ਨਹੀਂ ਰਹਿੰਦੀ। ਇਸ ਦਾ ਕਾਰਨ ਇਹ ਨਹੀਂ ਕਿ ਤੁਸੀਂ ਇਹ ਦਾਤ ਸਾਂਭਣ ਦੇ ਸਮਰੱਥ ਨਹੀਂ ਸੀ, ਸਗੋਂ ਇਸ ਦਾ ਕਾਰਨ ਕੋਈ ਹੋਰ ਸੀ।

ਜਦੋਂ ਸੰਸਾਰ ਵਿਚ ਵਿਚਰਦੇ ਹਾਂ, ਸਾਡਾ ਵੱਖ ਵੱਖ ਸੁਭਾਅ ਵਾਲੇ ਬੜੇ ਲੋਕਾਂ ਨਾਲ ਵਾਹ ਪੈਂਦਾ ਹੈ। ਉਨ੍ਹਾਂ ਵਿਚੋਂ ਕਈਆਂ ਦਾ ਸਾਥ ਸਾਨੂੰ ਚੰਗਾ ਲੱਗਦਾ ਹੈ। ਉਨ੍ਹਾਂ ਨਾਲ ਦੁੱਖ ਸੁੱਖ ਸਾਂਝਾ ਕਰਨਾ ਧਰਵਾਸੀ ਸਕੂਨ ਮਿਲਦਾ ਹੈ, ਇਸ ਲਈ ਕਈ ਸਾਡੀ ਨੇੜਤਾ ਦੀ ਕੜੀ ਦਾ ਅੰਗ ਬਣ ਜਾਂਦੇ ਹਨ। ਉਨ੍ਹਾਂ ਨਾਲ ਵਿਚਰਨਾ ਸਾਡੀ ਲੋੜ ਬਣ ਜਾਂਦਾ ਹੈ, ਸਾਡੀ ਇਹ ਕਮਜ਼ੋਰੀ ਉਨ੍ਹਾਂ ਦੇ ਹਿੱਤ ਲਈ ਵਰਦਾਨ ਬਣਦੀ ਹੈ ਅਤੇ ਕਈ ਵਾਰੀ ਦੂਜਿਆਂ ਵਲੋਂ ਵਿਛਾਏ ਮੋਹ ਜਾਲ ਦੀਆਂ ਤੰਦਾਂ ਸਾਨੂੰ ਆਪਣੇ ਕਲਾਵੇ ਵਿਚ ਲੈ ਲੈਂਦੀਆਂ ਹਨ। ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਇਹ ਸ਼ਿਕਾਰੀ ਦਾ ਪਾਇਆ ਚੋਗਾ ਹੈ ਜਾਂ ਪਿਆਰ ਦੀ ਸੁੱਚੀ ਅਮਾਨਤ। ਕੀ ਇਹ ਪਿਆਰ, ਨੇੜਤਾ, ਹਮਦਰਦੀ ਅਪਣੱਤ ਦੀ ਕੁੜਿਕੀ ਕਸੀ ਬੈਠਾ ਕੋਈ ਕੋਕੜੂ ਤਾਂ ਨਹੀਂ, ਜਿਸ ਨੇ ਤੁਹਾਡੀ ਚੁੰਜ ਦੇ ਹਿੱਸੇ ਆਏ ਦਾਣੇ ਨੂੰ ਹੀ ਸੰਨ ਲਾ ਦੇਣੀ ਹੈ। ਸੱਚਮੁੱਚ ਇਹ ਦੋਸਤਾਂ ਵਰਗੇ ਹੁੰਦੇ ਹਨ, ਇਨ੍ਹਾਂ ਦੀ ਪਛਾਣ ਕਰਨੀ ਹਰ ਇੱਕ ਦੇ ਹਿੱਸੇ ਨਹੀਂ ਆਉਂਦਾ।

ਜਿਵੇਂ ਮੂੰਗੀ ਦੀ ਦਾਲ ਦੇ ਕੋਕੜੂ ਜੋ ਮੂੰਗੀ ਦੇ ਰੰਗ ਵਰਗੇ ਹਰੇ ਹੀ ਹੁੰਦੇ ਹਨ, ਉਨ੍ਹਾਂ ਨੂੰ ਪਛਾਣਨਾ ਬੜਾ ਔਖਾ ਹੁੰਦਾ ਹੈ, ਪਰ ਸਿਆਣੀਆਂ ਤ੍ਰੀਮਤਾਂ ਝੱਟ ਪਛਾਣ ਲੈਂਦੀਆਂ ਹਨ, ਉਹ ਚੁੱਗ ਕੇ ਝੱਟ ਬਾਹਰ ਸੁੱਟ ਮਾਰਦੀਆਂ ਹਨ। ਇਸੇ ਤਰ੍ਹਾਂ ਹੀ ਜਿਵੇਂ ਦਾਲ ਨੂੰ ਸੋਹਣਾ ਸੁਆਦੀ ਬਣਾਉਣ ਲਈ ਇਨ੍ਹਾਂ ਕੋਕੜੂਆਂ ਨੂੰ ਬਾਹਰ ਕੱਢਣਾ ਜਰੂਰੀ ਹੈ, ਉਸੇ ਤਰ੍ਹਾਂ ਆਪਣੀ ਜ਼ਿੰਦਗੀ ਦੀ ਤੋਰ ਨੂੰ ਨਿਰੰਤਰ ਚੱਲਦਾ ਤੇ ਸੋਹਣਾ ਬਣਾਉਣ ਲਈ ਮਨੁੱਖੀ ਜ਼ਿੰਦਗੀ 'ਚ ਆਏ ਇਨ੍ਹਾਂ ਕੋਕੜੂਆਂ ਨੂੰ ਪਛਾਣਨ ਦੀ ਲੋੜ ਹੈ ਤੇ ਸਿਆਣੀ ਤ੍ਰੀਮਤ ਵਾਂਗ ਜ਼ਿੰਦਗੀ ਦੇ ਰਾਹ 'ਚੋਂ ਬਾਹਰ ਵਗਾਹ ਮਾਰਨਾ ਜਰੂਰੀ ਹੁੰਦਾ ਹੈ, ਕਿਉਂਕਿ ਇਹ ਕੋਕੜੂ ਫਿਦਰਤ ਦੇ ਬੰਦੇ ਕਿਸੇ ਦਾ ਚੰਗਾ ਵੇਖ ਜਰ ਨਹੀਂ ਸਕਦੇ। ਦੂਜਿਆਂ ਦੀ ਖੁਸ਼ੀ ਇਨ੍ਹਾਂ ਨੂੰ ਜ਼ਹਿਰ ਵਾਂਗ ਲਗਦੀ ਹੈ, ਇਹ ਉਸ ਦਿਨ ਦੀ ਉਡੀਕ ਵਿਚ ਰਹਿੰਦੇ ਹਨ, ਕਦੋਂ ਤੁਹਾਡਾ ਕੋਈ ਨੁਕਸਾਨ ਹੋਵੇ। ਦੂਜੇ ਦਾ ਦੁੱਖ ਇਨ੍ਹਾਂ ਦੀ ਖੁਸ਼ੀ ਹੁੰਦਾ ਹੈ।

ਇਹ ਕੋਕੜੂ ਕਿਸਮ ਦੇ ਬੀਬੇ ਲੱਗਦੇ ਲੋਕ ਤੁਹਾਡੇ ਦੁੱਖ-ਸੁੱਖ ਦੇ ਸਾਥੀ ਬਣਨ ਦਾ ਢੋਂਗ ਰਚ ਕੇ ਤੁਹਾਡੀ ਜ਼ਿੰਦਗੀ ਵਿਚ ਸ਼ਾਮਿਲ ਹੋ ਜਾਂਦੇ ਹਨ। ਕਈ ਵਾਰੀ ਤੁਹਾਡੇ ਸਨੇਹੀ ਮਿੱਤਰਾਂ ਨਾਲੋਂ ਵੀ ਇਹ ਤੁਹਾਨੂੰ ਪਿਆਰੇ ਲੱਗਣ ਲੱਗਦੇ ਹਨ। ਇਹ ਅਕਸਰ ਹੀ ਆਪਣੇ ਘਰ ਨਿੱਕੇ ਨਿੱਕੇ ਨਿਉਂਦੇ ਵੀ ਦਿੰਦੇ ਰਹਿੰਦੇ ਹਨ। ਸੌਗਾਤਾਂ ਦਾ ਲੈਣ-ਦੇਣ ਵੀ ਕਰਦੇ ਹਨ। ਉਨ੍ਹਾਂ ਕੋਲ ਬੜੀ ਤਿੱਖੀ ਅੱਖ ਹੁੰਦੀ ਹੈ। ਉਹ ਤੁਹਾਨੂੰ ਸਾਰੇ ਦਾ ਸਾਰਾ ਪੜ੍ਹ ਜਾਂਦੇ ਹਨ। ਤੁਹਾਨੂੰ ਕਿਹੜੀਆਂ ਕਿਹੜੀਆਂ ਗੱਲਾਂ ਪ੍ਰਭਾਵਿਤ ਕਰਦੀਆਂ ਹਨ। ਜਦੋਂ ਉਨ੍ਹਾਂ ਨੂੰ ਤੁਹਾਡੀ ਤੋਰ ਦਾ ਥਹੁ ਪੈ ਜਾਂਦਾ ਹੈ, ਫਿਰ ਉਹ ਹੌਲੀ ਹੌਲੀ ਦਾਲ ਦੇ ਕੋਕੜੂਆਂ ਵਾਲੀ ਪ੍ਰਵਿਰਤੀ ਦਾ ਰੰਗ ਧੂੜਨਾ ਸ਼ੁਰੂ ਕਰ ਦਿੰਦੇ ਹਨ। ਤੁਹਾਨੂੰ ਪਤਾ ਹੀ ਨਹੀਂ ਲੱਗਦਾ, ਕਦੋਂ ਤੁਸੀਂ ਉਨ੍ਹਾਂ ਦੇ ਸੁੱਟੇ ਰੰਗ ਵਿਚ ਰੰਗੇ ਗਏ। ਬਸ, ਪਤਾ ਉਦੋਂ ਲਗਦਾ ਹੈ, ਜਦੋਂ ਤੁਸੀਂ ਆਪਣਿਆਂ ਵਿਚ ਹੀ ਬਦਰੰਗ ਮਹਿਸੂਸ ਕਰਦੇ ਹੋ।

ਇਸ ਤਰ੍ਹਾਂ ਤੁਹਾਡੀ ਸੋਹਣੀ, ਆਪਣੀ ਰਫਤਾਰ ਵਿਚ ਚਲਦੀ ਜ਼ਿੰਦਗੀ ਨੂੰ ਏਡਾ ਵੱਡਾ ਝਟਕਾ ਦੇ ਜਾਂਦੇ ਹਨ ਕਿ ਸੰਭਲਣ ਵਾਸਤੇ ਉਮਰ ਬੀਤ ਜਾਂਦੀ ਹੈ। ਇਹ ਇਕੱਲੀ ਵਿਅਕਤੀਗਤ ਜ਼ਿੰਦਗੀ ਦੇ ਵੈਰੀ ਨਹੀਂ ਹੁੰਦੇ, ਸਗੋਂ ਜ਼ਿੰਦਗੀ ਦੇ ਹੋਰ ਵੱਖ ਵੱਖ ਖੇਤਰਾਂ ਵਿਚ ਵੀ ਇਨ੍ਹਾਂ ਦੀ ਘੁਸਪੈਠ ਵੇਖੀ ਜਾ ਸਕਦੀ ਹੈ। ਇਹ ਆਮ ਹੀ ਵੇਖਣ ਨੂੰ ਮਿਲਦਾ ਹੈ ਕਿ ਚੰਗੀਆਂ ਚੱਲ ਰਹੀਆਂ ਸੰਸਥਾਵਾਂ, ਜਥੇਬੰਦੀਆਂ ਨੂੰ ਆਪਣੀ ਨਿੱਜੀ ਹਿੱਤ ਦੀ ਲਾਲਸਾ ਕਰਕੇ ਦੋਫਾੜ ਕਰ ਦਿੰਦੇ ਹਨ। ਇਸ ਤਰ੍ਹਾਂ ਦੇ ਲੋਕਾਂ ਦਾ ਕੋਈ ਮਿੱਤਰ ਨਹੀਂ ਹੁੰਦਾ ਤੇ ਨਾ ਹੀ ਉਹ ਕਿਸੇ ਦੇ ਮਿੱਤਰ ਬਣਦੇ ਹਨ। ਪਿੱਤਲ 'ਤੇ ਚੜ੍ਹਿਆ ਮੁਲੰਮਾ ਤੁਹਾਨੂੰ ਕੁਝ ਚਿਰ ਲਈ ਸੋਨੇ ਦਾ ਭੁਲੇਖਾ ਤਾਂ ਦੇ ਸਕਦਾ ਹੈ, ਪਰ ਸਮਾਂ ਪੈਣ 'ਤੇ ਉਹੀ ਸੋਨਾ ਦਿਸਣ ਵਾਲੀ ਚੀਜ ਕਾਲੀ ਪੈ ਜਾਂਦੀ ਹੈ। ਅਸਲੀਅਤ ਬਾਹਰ ਆ ਜਾਂਦੀ ਹੈ।

ਇਹੀ ਹਾਲ ਇਨ੍ਹਾਂ ਕੋਕੜੂਆਂ ਦਾ ਹੁੰਦਾ ਹੈ, ਜੋ ਪਹਿਲਾਂ ਪਹਿਲ ਖਰਾ ਸੋਨਾ ਲਗਦੇ ਹਨ, ਪਰ ਸਮਾਂ ਬੀਤਣ 'ਤੇ ਲੋਹੇ ਤੋਂ ਵੀ ਭੈੜੇ ਪੈ ਜਾਂਦੇ ਹਨ। ਇਹ ਮਲੀਨ ਵਿਚਾਰਾਂ ਤੇ ਮੂੜ ਪ੍ਰਵਿਰਤੀ ਦੇ ਬੰਦੇ ਹਰ ਥਾਂ ਹਾਜ਼ਰ ਹੁੰਦੇ ਹਨ, ਪਰ ਇਨ੍ਹਾਂ ਨੂੰ ਪਛਾਣਨ ਵਾਲੀ ਅੱਖ ਸਾਡੇ ਕੋਲ ਹੋਣੀ ਚਾਹੀਦੀ ਹੈ, ਜਿਵੇਂ ਦਾਦੀ ਮਾਂ ਘਰ ਆਏ ਹਰ ਬੰਦੇ ਦੀ ਚਾਲ-ਢਾਲ, ਵੇਖਣੀ-ਪਾਖਣੀ ਤੱਕ ਕੇ ਆਖ ਦਿੰਦੀ ਸੀ, "ਭਾਈ ਫਲਾਣਾ ਬੰਦਾ ਚੰਗਾ ਨਹੀਂ ਦੀਹਦਾ, ਉਨ੍ਹੂੰ ਘਰੇ ਨਾ ਵਾੜਿਆ ਕਰੋ।"

ਉਦੋਂ ਦਾਦੀ ਮਾਂ ਦੀ ਇਹ ਗੱਲ ਸਾਨੂੰ ਚੁੱਭਦੀ ਸੀ, ਕਿਉਂਕਿ ਉਸ ਵੇਲੇ ਰਿਸ਼ਤਿਆਂ ਨੂੰ ਜਾਚਣ-ਵਾਚਣ ਦਾ ਵੱਲ ਨਹੀਂ ਸੀ।

ਜ਼ਿੰਦਗੀ ਵਿਚ ਨੇੜਤਾ ਦੀ ਭੀੜ ਇਕੱਠੀ ਕਰਨ ਨਾਲੋਂ ਆਪਣੇ ਆਪ ਨਾਲ ਮੋਹ ਦੀ ਤੰਦ ਕੱਤਣਾ, ਕਿਤੇ ਬਿਹਤਰ ਹੁੰਦਾ ਹੈ। ਆਪਣੇ ਅੰਦਰ ਝਾਕਣ ਦਾ ਮੌਕਾ, ਭੀੜ ਨਾਲੋਂ ਇਕੱਲੇ ਤੁਰਨ ਵਿਚ ਨਸੀਬ ਹੁੰਦਾ ਹੈ। ਆਪਣੀ ਹੋਂਦ ਦਾ ਅਹਿਸਾਸ ਆਪੇ ਨੂੰ ਜਾਣਨ ਵਿਚ ਹੈ, ਨਾ ਕਿ ਦੂਜਿਆਂ ਦੇ ਬੋਲੇ ਸਿਫਤ ਸਲਾਹੀ ਸ਼ਬਦਾਂ ਵਿਚ। ਜਦੋਂ ਵਡਿਆਈ ਦੇ ਸ਼ਬਦਾਂ ਦੇ ਨਾਲ ਤੁਸੀਂ ਭਰੇ ਭਰੇ ਮਹਿਸੂਸ ਕਰੋ, ਸਮਝ ਲਵੋ ਉਦੋਂ ਤੁਸੀਂ ਅੰਦਰੋਂ ਖਾਲੀ ਹੋ। ਜਦੋਂ ਤੁਸੀਂ ਹਰ ਪਾਸੇ ਤੋਂ ਚੰਗੇ ਬੋਲਾਂ ਦੀ ਆਮਦ ਦੀ ਉਮੀਦ ਦਾ ਭਰਮ ਪਾਲਦੇ ਹੋ ਤਾਂ ਸਮਝ ਲਓ, ਤੁਹਾਡੇ ਆਸੇ-ਪਾਸੇ ਕੋਕੜੂਆਂ ਦੀ ਭਰਮਾਰ ਹੈ। ਚੰਗੇ ਦੋਸਤ, ਤੁਹਾਡੀ ਜ਼ਿੰਦਗੀ ਦੀ ਵਿਰਲ ਵਿਚ ਵੀ ਆਪਣਾ ਹਿੱਸਾ ਪਾ ਦਿੰਦੇ ਹਨ।

ਮਾੜੀ ਪ੍ਰਵਿਰਤੀ ਦੇ ਬੰਦਿਆਂ ਦਾ ਇਸ ਤਰ੍ਹਾਂ ਜ਼ਿਕਰ ਕਰਨ ਤੋਂ ਭਾਵ ਇਹ ਨਹੀਂ ਕਿ ਚੰਗੇ ਮਨੁੱਖਾਂ ਦੀ ਘਾਟ ਹੈ। ਇਹ ਸਾਰਾ ਸੰਸਾਰ ਚੰਗੇ ਬੰਦਿਆਂ ਕਰਕੇ ਹੀ ਸੋਹਣਾ ਹੈ। ਸਾਡੇ ਚਿਹਰਿਆਂ ਦੀ ਅਦੁੱਤੀ ਰੌਣਕ ਦਾ ਰਾਜ਼ ਰਿਸ਼ਤਿਆਂ ਦੀ ਸੁੱਚਮ ਹੈ। ਨਿੱਘੇ ਨਾਤਿਆਂ ਦਾ ਸਾਥ ਉਂਗਲੀ ਫੜ੍ਹ ਕੇ ਤੁਰਨ ਵਾਂਗ ਹੁੰਦਾ ਹੈ। ਉਹ ਮੰਜ਼ਿਲ ਦਾ ਸਿਰਨਾਵਾਂ ਵੀ ਬਣਦੇ ਹਨ ਅਤੇ ਰਾਹ ਦਸੇਰਾ ਵੀ। ਦਾਲ ਵਿਚ ਵੀ ਚੰਗੇ ਦਾਣਿਆਂ ਦੀ ਭਰਮਾਰ ਹੁੰਦੀ ਹੈ, ਕੋਈ ਕੋਈ ਕੋਕੜੂ ਹੁੰਦਾ ਹੈ, ਉਵੇਂ ਹੀ ਜ਼ਿੰਦਗੀ ਵਿਚ ਵੀ ਚੰਗੇ ਬੰਦਿਆਂ ਦੀ ਰੌਣਕ ਵੱਧ ਹੁੰਦੀ ਹੈ, ਮਾੜਾ ਕੋਈ ਕੋਈ ਹੁੰਦਾ ਹੈ।

# ਮਹਾਨਤਾ ਤੇ ਮਸ਼ਹੂਰੀ ਵਿਚਲਾ ਅੰਤਰ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਵਕਤ ਅਤੇ ਵਖਤ ਦੀ ਗੱਲ ਕੀਤੀ ਸੀ, "ਵਕਤ ਕਦੇ ਵੀ ਸਮੁੱਚੇ ਰੂਪ ਵਿਚ ਕਿਸੇ ਦੇ ਹੱਕ ਵਿਚ ਨਹੀਂ ਹੁੰਦਾ। ਇਸ ਨੂੰ ਆਪਣੇ ਹੱਕ ਵਿਚ ਕਰਨਾ ਹੁੰਦਾ।...ਵਕਤ ਦੀ ਵਹਿੰਗੀ ਢੋਂਦਿਆਂ ਮਨੁੱਖ ਸਰਵਣ ਪੁੱਤਰ ਵੀ ਬਣਦਾ, ਹਰਨਾਖਸ਼ ਬਾਪ ਵਰਗਾ ਨਿਰਦਈ ਵੀ ਹੁੰਦਾ। ਨਾਨਕ ਦਰਵੇਸ਼ ਵੀ ਅਤੇ ਉਚ ਦਾ ਪੀਰ।" ਹਥਲੇ ਲੇਖ ਵਿਚ ਡਾ. ਭੰਡਾਲ ਮਸ਼ਹੂਰ ਹੋਣ ਤੇ ਮਹਾਨ ਹੋਣ ਵਿਚ ਫਰਕ ਦੱਸਦਿਆਂ ਕਹਿੰਦੇ ਹਨ, "ਮਸ਼ਹੂਰ ਹੋਣਾ ਬਹੁਤ ਅਸਾਨ, ਜਦੋਂ ਕਿ ਮਹਾਨ ਹੋਣਾ ਬਹੁਤ ਔਖਾ। ਬੜਾ ਲੰਮਾ ਪੈਂਡਾ।...ਵਿਅਕਤੀ ਚੰਗੇ ਕਾਰਜਾਂ ਕਰਕੇ ਵੀ ਮਸ਼ਹੂਰ ਹੋ ਸਕਦਾ ਜਾਂ ਮਾੜੇ ਕੰਮਾਂ ਕਰਕੇ ਵੀ।" ਉਹ ਦੱਸਦੇ ਹਨ, "ਸ਼ੋਸ਼ਲ ਮੀਡੀਆ ਦੇ ਜ਼ਮਾਨੇ ਵਿਚ ਮਸ਼ਹੂਰੀ ਲਈ ਲੋਕ ਕੁਝ ਵੀ ਕਰਨ ਲਈ ਤਿਆਰ। ਭਾਵੇਂ ਉਹ ਆਮ ਲੋਕਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਉਣਾ ਹੋਵੇ, ਲਾਈਵ ਖੁਦਕੁਸ਼ੀ ਕਰਨੀ ਹੋਵੇ; ਸਿਆਸੀ, ਸਮਾਜਕ ਜਾਂ ਧਾਰਮਿਕ ਖਲਬਲੀ ਪੈਦਾ ਕਰਨੀ ਹੋਵੇ, ਜਾਂ ਕੁਝ ਵੀ ਅਜਿਹਾ, ਜੋ ਬਿਖੇੜਾ ਖੜਾ ਕਰਕੇ ਮਸ਼ਹੂਰੀ ਦਾ ਸਬੱਬ ਬਣੇ।...ਮਹਾਨ ਲੋਕ ਸਦਾ ਸੱਚੇ, ਸਪੱਸ਼ਟ, ਸਮਝਦਾਰ, ਸਮਰਪਿਤ ਅਤੇ ਸਿਦਕ ਵਾਲੇ। ਉਨ੍ਹਾਂ ਦੇ ਮਨਾਂ ਵਿਚ ਕੂੜ-ਕਪਟ, ਕੋਝਾਪਣ, ਕਮੀਨਗੀ ਅਤੇ ਕਾਲਖ ਨਹੀਂ ਹੁੰਦੀ। ਉਹ ਪਾਰਦਰਸ਼ੀ ਅਤੇ ਪਾਕ ਹੁੰਦੇ।" ਡਾ. ਭੰਡਾਲ ਚੇਤੇ ਕਰਵਾਉਂਦੇ ਹਨ, "ਯਾਦ ਰੱਖਣਾ! ਮਸ਼ਹੂਰੀ ਕਰਵਾਉਣ ਵਾਲਾ ਵਿਅਕਤੀ ਕਦੇ ਵੀ ਮਹਾਨ ਨਹੀਂ ਹੁੰਦਾ, ਜਦ ਕਿ ਮਹਾਨ ਵਿਅਕਤੀ ਕਦੇ ਵੀ ਮਸ਼ਹੂਰੀ ਨਹੀਂ ਚਾਹੁੰਦਾ।" -ਸੰਪਾਦਕ***

ਮਹਾਨ ਹੋਣਾ ਅਤੇ ਮਸ਼ਹੂਰ ਹੋਣਾ, ਦੋ ਵੱਖ-ਵੱਖ ਪਹਿਲੂ। ਵੱਖ-ਵੱਖ ਅਰਥ ਅਤੇ ਵੱਖੋ ਵੱਖਰੇ ਸਰੋਕਾਰ। ਇਨ੍ਹਾਂ ਵਿਚ ਕੋਈ ਨਹੀਂ ਸਮਾਨਤਾ। ਇਨ੍ਹਾਂ ਵਿਚਲਾ ਵੱਖਰਾਪਣ ਹੀ ਨਿਰਧਾਰਤ ਕਰਦਾ ਕਿ ਕੋਈ ਮਹਾਨ ਹੈ ਜਾਂ ਮਸ਼ਹੂਰ। ਹਰ ਮਹਾਨ ਬੰਦਾ ਮਸ਼ਹੂਰ ਤਾਂ ਹੋ ਸਕਦਾ, ਪਰ ਹਰ ਮਸ਼ਹੂਰ ਵਿਅਕਤੀ ਕਦੇ ਵੀ ਮਹਾਨ ਨਹੀਂ ਹੁੰਦਾ, ਕਿਉਂਕਿ ਮਹਾਨਤਾ ਤੇ ਮਸ਼ਹੂਰੀ ਅਲੱਗ ਅਲੱਗ ਨੇ।

ਮਸ਼ਹੂਰ ਹੋਣਾ ਬਹੁਤ ਅਸਾਨ, ਜਦੋਂ ਕਿ ਮਹਾਨ ਹੋਣਾ ਬਹੁਤ ਔਖਾ। ਬੜਾ ਲੰਮਾ ਪੈਂਡਾ। ਬਹੁਤ ਸਾਰੀਆਂ ਘਾਲਨਾਵਾਂ, ਔਕੜਾਂ ਤੇ ਮੁਸ਼ਕਿਲਾਂ 'ਚੋਂ ਗੁਜਰਨਾ ਪੈਂਦਾ। ਸਮਾਜ ਦਾ ਵਿਰੋਧ ਜਾਂ ਕੁਝ ਰਾਜਸੀ, ਅਫਸਰਸ਼ਾਹੀ ਤੇ ਸੱਤਾਧਾਰੀਆਂ ਦੇ ਵਿਰੋਧ ਦਾ ਸਾਹਮਣਾ ਕਰਨ ਵਿਚੋਂ ਹੀ ਮਹਾਨਤਾ ਪੁੰਗਰਦੀ। ਮਸ਼ਹੂਰ ਹੋਣ ਲਈ ਜਰੂਰੀ ਨਹੀਂ ਕਿ ਕੁਝ ਚੰਗਾ ਹੀ ਕੀਤਾ ਜਾਵੇ; ਕੁਝ ਵੀ ਮਾੜਾ ਕੀਤਾ, ਕਿਹਾ ਜਾਂ ਕਰਵਾਇਆ ਜਾ ਸਕਦਾ।

ਵਿਅਕਤੀ ਚੰਗੇ ਕਾਰਜਾਂ ਕਰਕੇ ਵੀ ਮਸ਼ਹੂਰ ਹੋ ਸਕਦਾ ਜਾਂ ਮਾੜੇ ਕੰਮਾਂ ਕਰਕੇ ਵੀ। ਸ਼ੋਸ਼ਲ ਮੀਡੀਆ ਦੇ ਜ਼ਮਾਨੇ ਵਿਚ ਮਸ਼ਹੂਰੀ ਲਈ ਲੋਕ ਕੁਝ ਵੀ ਕਰਨ ਲਈ ਤਿਆਰ। ਭਾਵੇਂ ਉਹ ਆਮ ਲੋਕਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਉਣਾ ਹੋਵੇ, ਲਾਈਵ ਖੁਦਕੁਸ਼ੀ ਕਰਨੀ ਹੋਵੇ; ਸਿਆਸੀ, ਸਮਾਜਕ ਜਾਂ ਧਾਰਮਿਕ ਖਲਬਲੀ ਪੈਦਾ ਕਰਨੀ ਹੋਵੇ, ਜਾਂ ਕੁਝ ਵੀ ਅਜਿਹਾ, ਜੋ ਬਿਖੇੜਾ ਖੜਾ ਕਰਕੇ ਮਸ਼ਹੂਰੀ ਦਾ ਸਬੱਬ ਬਣੇ।

ਕਈ ਲੋਕ ਜਾਣ ਬੁਝ ਕੇ ਫੋਕੀ ਸ਼ੁਹਰਤ ਲਈ ਲੱਚਰ ਗੱਲ ਕਰਨਗੇ, ਗੀਤ ਗਾਉਣਗੇ, ਵਿਵਾਦਮਈ ਚਰਚਾ ਛੇੜਨਗੇ, ਕਿਸੇ ਪ੍ਰੋਗਰਾਮ ਵਿਚ ਖਲਲ ਪਾਉਣਗੇ ਤੇ ਪ੍ਰੋਗਰਾਮ ਦਾ ਸਵਾਦ ਕਿਰਕਰਾ ਕਰ ਦੇਣਗੇ। ਅਕਸਰ ਹੀ ਕਈ ਵਾਰ ਕੁਝ ਗਾਣਿਆਂ ਜਾਂ ਫਿਲਮਾਂ ਨੂੰ ਵਿਵਾਦਮਈ ਦੱਸ ਕੇ ਉਨ੍ਹਾਂ ਦੀ ਚਰਚਾ ਕੁਝ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ ਬਹੁਤ ਸਾਰੇ ਲੋਕ ਵਿਵਾਦਮਈ ਹਿੱਸੇ ਨੂੰ ਦੇਖਣ ਦੀ ਉਤਸੁਕਤਾ ਵੱਸ ਹੀ ਪ੍ਰੋਮੋਸ਼ਨ ਦੇ ਜਾਂਦੇ ਨੇ, ਜਦੋਂ ਕਿ ਅਸਲੀਅਤ ਕੁਝ ਹੋਰ ਹੁੰਦੀ। ਮਸ਼ਹੂਰੀ ਹੀ ਕੁਝ ਇਸ ਤਰ੍ਹਾਂ ਕਰ ਦਿਤੀ ਜਾਂਦੀ।


ਕੁਝ ਲੋਕਾਂ ਨੂੰ ਛੇਤੀ ਛੇਤੀ ਮਸ਼ਹੂਰ ਹੋਣ ਦਾ ਵੱਧ ਚਾਅ ਹੁੰਦਾ। ਉਹ ਕੁਝ ਘਟੀਆ ਕਿਸਮ ਦੀ ਹਰਕਤ ਨਾਲ ਮਸ਼ਹੂਰ ਹੋਣਾ ਲੋਚਦੇ। ਅਜਿਹੇ ਲੋਕ ਮਾਨਸਿਕ ਤੌਰ 'ਤੇ ਬਿਮਾਰ। ਉਨ੍ਹਾਂ ਦੀ ਕੋਝੀ ਮਾਨਸਿਕਤਾ ਹੀ ਉਨ੍ਹਾਂ ਦੇ ਘਟੀਆਪਣ ਦਾ ਪੈਮਾਨਾ।

ਮਸ਼ਹੂਰੀ ਕਰਵਾਉਣਾ, ਦਰਅਸਲ ਮਨ ਵਿਚ ਇਕ ਭਰਮ ਪੈਦਾ ਕਰਨਾ ਹੁੰਦਾ। ਇਸ ਵਿਚ ਹੀ ਛੁਪਿਆ ਹੁੰਦਾ ਮਨੁੱਖ ਦਾ ਵਿਨਾਸ਼। ਅੱਜ ਕਲ ਲੋਕ ਅਜਿਹੀ ਮਾਨਸਿਕਤਾ ਦਾ ਸ਼ਿਕਾਰ। ਮਸ਼ਹੂਰੀ ਲਈ ਮੰਤਰੀ ਜਾਂ ਵੱਡੇ ਵਿਅਕਤੀ ਨਾਲ ਖਿਚਵਾਈ ਫੋਟੋ, ਨਿੱਕੇ ਜਿਹੇ ਦਾਨ ਨੂੰ ਖਬਰਾਂ ਤੇ ਸ਼ੋਸ਼ਲ ਮੀਡੀਆ 'ਤੇ ਪ੍ਰਚਾਰਨ ਦਾ ਢੋਂਗ ਅਤੇ ਕੁਝ ਨਾ ਕਰਕੇ ਵੀ ਬਹੁਤ ਕੁਝ ਕਰਨ ਦਾ ਪਰਪੰਚ, ਮਨ ਦਾ ਕੋਝਾ ਵਹਿਮ। ਬਹੁਤੇ ਲੋਕ ਅਜਿਹੇ ਪਰਪੰਚ 'ਚ ਬਹੁਤ ਨਿਪੁੰਨ। ਅਜਿਹੀ ਮਸ਼ਹੂਰੀ ਸਿਰਫ ਛਿਣ-ਭੰਗਰੀ। ਕੋਈ ਨਹੀਂ ਇਸ ਨੂੰ ਚੇਤੇ ਰੱਖਦਾ।

ਕਈ ਵਾਰ ਮਸ਼ਹੂਰ ਵਿਅਕਤੀ ਕੋਝੇ, ਲਾਲਚੀ, ਨਿਜ-ਪ੍ਰਸਤ ਅਤੇ ਸਵੈ ਤੀਕ ਸੀਮਤ। ਉਹ ਸਵੈ ਲਈ ਕਿਸੇ ਵੀ ਕਮੀਨਗੀ 'ਤੇ ਉਤਾਰੂ। ਉਹ ਤਾਂ ਆਪਣੇ ਪਿਆਰਿਆਂ, ਪਰਿਵਾਰ, ਸਮਾਜ, ਕੌਮ ਜਾਂ ਦੇਸ਼ ਨੂੰ ਧੋਖਾ ਦੇਣ, ਫਰੇਬ ਕਰਨ ਜਾਂ ਹਥਿਆਉਣ ਲਈ ਕੁਝ ਵੀ ਕਰ ਸਕਦੇ। ਅਜਿਹੇ ਲੋਕਾਂ ਤੋਂ ਬਚਣ ਵਿਚ ਹੀ ਭਲਾਈ।

ਮਹਾਨ ਵਿਅਕਤੀ ਸਿਰਫ ਆਪਣੇ ਵਿਚਾਰ, ਕਿਰਦਾਰ, ਅਚਾਰ, ਵਿਹਾਰ ਅਤੇ ਜੀਵਨ-ਸੰਘਰਸ਼ ਵਿਚੋਂ ਹੀ ਪੈਦਾ ਹੁੰਦੇ। ਉਨ੍ਹਾਂ ਦਾ ਇਕ ਸੁਪਨਾ ਹੁੰਦਾ ਅਤੇ ਉਹ ਇਸ ਦੀ ਪ੍ਰਾਪਤੀ ਲਈ ਸਿਰੜ, ਸਾਧਨਾ ਅਤੇ ਸਮਰਪਣ ਨੂੰ ਪ੍ਰਤੀਬੱਧ। ਇਹ ਸੁਪਨਾ ਨਿੱਜੀ ਨਹੀਂ, ਸਗੋਂ ਸਮੁੱਚ ਦਾ ਹੁੰਦਾ। ਸਰਬ-ਲੋਕਾਈ ਦੀ ਭਲਾਈ ਛੁਪੀ ਹੁੰਦੀ। ਇਹ ਅਨਾਥ ਬੱਚਿਆਂ ਦਾ ਸਹਾਰਾ, ਹਨੇਰੇ ਮਸਤਕ ਵਿਚ ਚਾਨਣ-ਚਿਰਾਗ ਧਰਨ ਦਾ ਉਪਰਾਲਾ, ਜਖਮਾਂ ਲਈ ਮਰਹਮ ਜਾਂ ਲੋੜਵੰਦ ਦੀ ਸਮੇਂ ਸਿਰ ਸਾਰਥਕ ਮਦਦ ਵੀ ਹੋ ਸਕਦਾ।

ਮਹਾਨ ਲੋਕਾਂ ਲਈ ਨਿੱਜੀ ਲਾਲਚ, ਧਨ ਜਾਂ ਰੁਤਬੇ ਦਾ ਕੋਈ ਅਰਥ ਨਹੀਂ। ਗੁੰਮ ਹੋਏ ਬੱਚਿਆਂ ਨੂੰ ਲੱਭਣ ਵਾਲਾ ਅਤੇ ਸ਼ਾਂਤੀ ਨੋਬਲ ਪੁਰਸਕਾਰ ਜਿੱਤਣ ਵਾਲਾ ਕੈਲਾਸ਼ ਸਤਿਆਰਥੀ ਇਕ ਅਜਿਹਾ ਕਰਮਯੋਗੀ ਹੈ, ਜਿਸ ਨੂੰ ਤਾਕਤਵਾਰ ਗਰੋਹਾਂ ਨੇ ਜਾਨ ਤੋਂ ਮਾਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਉਹ ਆਪਣੇ ਇਰਾਦੇ 'ਤੇ ਅਡੋਲ ਰਿਹਾ। ਬੱਚਿਆਂ ਨੂੰ ਬਚਾਉਣਾ ਹੀ ਉਸ ਦਾ ਪਰਮ ਧਰਮ ਹੈ। ਸੁਪਰ-30 ਵਾਲਾ ਅਨੰਦ ਕੁਮਾਰ ਬਹੁਤ ਹੀ ਗਰੀਬ, ਪਰ ਹੁਸ਼ਿਆਰ ਬੱਚਿਆਂ ਨੂੰ ਮੁਫਤ ਵਿਚ ਕੋਚਿੰਗ, ਰਿਹਾਇਸ਼ ਅਤੇ ਖਾਣਾ ਦਿੰਦਾ, ਆਈ. ਆਈ. ਟੀ. ਦੇ ਦਾਖਲਾ ਇਮਤਿਹਾਨ ਲਈ ਤਿਆਰੀ ਕਰਵਾਉਂਦਾ ਹੈ। ਉਹ ਹੁਣ ਤੀਕ ਬਹੁਤ ਸਾਰੇ ਅਜਿਹੇ ਬੱਚਿਆਂ ਦੇ ਸੁਪਨਿਆਂ ਦੀ ਪੂਰਤੀ ਦਾ ਸਬੱਬ ਬਣਿਆ ਹੈ, ਜੋ ਕਿਸੇ ਆਈ. ਆਈ. ਟੀ. ਜਿਹੀ ਸੰਸਥਾ ਵਿਚ ਦਾਖਲੇ ਦਾ ਸੁਪਨਾ ਵੀ ਨਹੀਂ ਸੀ ਲੈ ਸਕਦੇ।



*ਭਗਤ ਪੂਰਨ ਸਿੰਘ*

***ਮਦਰ ਟਰੇਸਾ ਸਾਰੀ ਉਮਰ ਲੋਕ ਭਲਾਈ ਅਤੇ ਨਿਮਾਣਿਆਂ ਦੀ ਸੇਵਾ ਨੂੰ ਸਮਰਪਿਤ ਰਹੀ। ਭਗਤ ਪੂਰਨ ਸਿੰਘ ਨੇ ਅਨਾਥ ਬੱਚੇ ਪਿਆਰਾ ਸਿੰਘ ਦੀ ਸੇਵਾ ਤੋਂ ਸ਼ੁਰੂ ਕਰਕੇ ਲੂਲ੍ਹੇ, ਲੰਗੜੇ, ਅਨਾਥ ਅਤੇ ਬੇਸਹਾਰਾ ਬੱਚਿਆਂ ਤੇ ਲੋਕਾਂ ਦੀ ਸੇਵਾ ਲਈ ਪਿੰਗਲਵਾੜਾ ਸ਼ੁਰੂ ਕਰਕੇ ਮਨੁੱਖਤਾ ਦੀ ਭਲਾਈ ਵਿਚ ਅਜਿਹਾ ਕੀਰਤੀਮਾਨ ਸਥਾਪਤ ਕੀਤਾ, ਜਿਸ ਦਾ ਕੋਈ ਸਾਨੀ ਨਹੀਂ। ਭਾਵੇਂ ਸਮੇਂ ਦੀਆਂ ਸਰਕਾਰਾਂ ਨੇ ਕੋਈ ਮੁੱਲ ਨਹੀਂ ਪਾਇਆ, ਪਰ ਉਹ ਲੋਕ-ਚੇਤਿਆਂ ਵਿਚ ਵੱਸਦਾ ਲੋਕ ਯਾਦ ਦਾ ਹਿੱਸਾ ਬਣਿਆ ਹੋਇਆ ਏ ਅਤੇ ਪਿੰਗਲਵਾੜਾ ਨਵੀਆਂ ਪੈੜਾਂ ਦਾ ਸਿਰਜਣਹਾਰਾ ਸਾਬਤ ਹੋ ਹਿਰਾ ਏ।***

ਮਦਰ ਟਰੇਸਾ ਸਾਰੀ ਉਮਰ ਲੋਕ ਭਲਾਈ ਅਤੇ ਨਿਮਾਣਿਆਂ ਦੀ ਸੇਵਾ ਨੂੰ ਸਮਰਪਿਤ ਰਹੀ। ਭਗਤ ਪੂਰਨ ਸਿੰਘ ਨੇ ਅਨਾਥ ਬੱਚੇ ਪਿਆਰਾ ਸਿੰਘ ਦੀ ਸੇਵਾ ਤੋਂ ਸ਼ੁਰੂ ਕਰਕੇ ਲੂਲ੍ਹੇ, ਲੰਗੜੇ, ਅਨਾਥ ਅਤੇ ਬੇਸਹਾਰਾ ਬੱਚਿਆਂ ਤੇ ਲੋਕਾਂ ਦੀ ਸੇਵਾ ਲਈ ਪਿੰਗਲਵਾੜਾ ਸ਼ੁਰੂ ਕਰਕੇ ਮਨੁੱਖਤਾ ਦੀ ਭਲਾਈ ਵਿਚ ਅਜਿਹਾ ਕੀਰਤੀਮਾਨ ਸਥਾਪਤ ਕੀਤਾ, ਜਿਸ ਦਾ ਕੋਈ ਸਾਨੀ ਨਹੀਂ। ਭਾਵੇਂ ਸਮੇਂ ਦੀਆਂ ਸਰਕਾਰਾਂ ਨੇ ਕੋਈ ਮੁੱਲ ਨਹੀਂ ਪਾਇਆ, ਪਰ ਉਹ ਲੋਕ-ਚੇਤਿਆਂ ਵਿਚ ਵੱਸਦਾ ਲੋਕ ਯਾਦ ਦਾ ਹਿੱਸਾ ਏ ਅਤੇ ਪਿੰਗਲਵਾੜਾ ਨਵੀਆਂ ਪੈੜਾਂ ਦਾ ਸਿਰਜਣਹਾਰਾ ਸਾਬਤ ਹੋ ਰਿਹਾ ਏ।

ਖਾਲਸਾ ਏਡ ਵਰਗੀ ਗੈਰ-ਸਰਕਾਰੀ ਸੰਸਥਾ ਨੇ ਸਰਬੱਤ ਦੇ ਭਲੇ ਦੇ ਪੈਗਾਮ ਨੂੰ ਸਾਰੀ ਦੁਨੀਆਂ ਵਿਚ ਫੈਲਾਇਆ ਏ। ਉਹ ਹਰ ਲੋੜਵੰਦ ਦੀ ਮਦਦ ਲਈ ਪਹੁੰਚਦੀ ਹੈ। ਭਾਵੇਂ ਇਹ ਭਰਾ ਮਾਰੂ ਜੰਗ ਦੀ ਮਾਰ ਹੇਠ ਆਇਆ ਸੀਰੀਆ ਹੋਵੇ, ਭੁਚਾਲ-ਗ੍ਰਸਤ ਹੈਤੀ ਹੋਵੇ, ਮੀਆਂਮਾਰ ਦੇ ਰੋਹਿੰਗੇ ਮੁਸਲਮਾਨ ਹੋਣ ਜਾਂ ਪੰਜਾਬ ਵਿਚ ਹੜ੍ਹਾਂ ਦੌਰਾਨ ਉਜੜੇ ਪੰਜਾਬੀਆਂ ਦੀ ਬਾਂਹ ਫੜਨ ਦਾ ਵੇਲਾ ਹੋਵੇ। ਅਜਿਹੇ ਕਾਰਜ ਮਹਾਨਤਾ ਵੰਨੀਂ ਜਾਂਦੇ ਮਾਰਗ ਦੀ ਨਿਸ਼ਾਨਦੇਹੀ ਹਨ। ਇਨ੍ਹਾਂ ਲਈ ਮਸ਼ਹੂਰੀ ਦੇ ਕੋਈ ਅਰਥ ਨਹੀਂ।

ਮਸ਼ਹੂਰ ਤਾਂ ਫਿਲਮੀ ਕਲਾਕਾਰ ਜਾਂ ਗਾਇਕ ਵੀ, ਪਰ ਸਾਰੇ ਮਹਾਨ ਨਹੀਂ ਹੁੰਦੇ। ਕਿਉਂਕਿ ਮਹਾਨਤਾ ਕਮਾਉਣੀ ਪੈਂਦੀ, ਸਮਾਜ ਨਾਲ ਜੁੜ ਕੇ, ਸਮਾਜਕ ਸੂਝ ਰਾਹੀਂ ਇਸ ਦੇ ਸਰੋਕਾਰਾਂ ਨੂੰ ਆਪਣੀ ਸੋਚ ਦਾ ਹਿੱਸਾ ਬਣਾ ਕੇ। ਸਮਾਜ ਨੂੰ ਕੁਝ ਅਜਿਹਾ ਦੇਣਾ ਕਿ ਜਿਸ ਨਾਲ ਸਮਾਜ ਦਾ ਮੁਹਾਂਦਰਾ ਨਿਖਰੇ, ਕੁਦਰਤ ਦਾ ਅਸਾਵਾਂਪਣ ਦੂਰ ਹੋਵੇ, ਪਲੀਤ ਪਾਣੀ ਪਵਿਤਰ ਹੋਵੇ, ਜ਼ਹਿਰੀਲੀ ਪੌਣ ਵਿਚੋਂ ਜ਼ਹਿਰ ਚੂਸੀ ਜਾਵੇ ਅਤੇ ਧਰਤੀ ਦੀ ਕੁੱਖ ਵਿਚ ਫਸਲਾਂ ਅਤੇ ਬਿਰਖ ਮੌਲਣ, ਨਾ ਕਿ ਇਸ ਦੀ ਕੁੱਖ ਵਿਚ ਖੁਦਕੁਸ਼ੀਆਂ ਪੈਦਾ ਹੋਣ। ਅਜਿਹੇ ਕਰਮਯੋਗੀ ਹੀ ਧਰਤ ਮਾਂ ਦੇ ਛਿੰਦੇ ਪੁੱਤ, ਅਤੇ ਲੋਕਾਈ ਉਨ੍ਹਾਂ ਦੇ ਸਦਕੇ ਜਾਂਦੀ। ਪਾਣੀ ਨੂੰ ਸੰਭਾਲਣ ਵਾਲੇ ਅਤੇ ਹਵਾ ਦੇ ਲੰਗਰ ਲਾਉਣ ਵਾਲੇ ਲੋਕ, ਕੁਦਰਤੀ ਸੰਤੁਲਨ ਦੇ ਹਾਮੀ। ਅਜਿਹੇ ਵਿਅਕਤੀ ਮਹਾਨ ਹੁੰਦੇ, ਪਰ ਉਹ ਸ਼ਖਸ ਸਿਰਫ 'ਛੁਪੇ ਰਹਿਣ ਦੀ ਚਾਹ, ਛੁਪੇ ਤੁਰ ਜਾਣ ਦੀ' ਮਨ ਵਿਚ ਪਾਲ ਕੇ ਮਨੁੱਖਤਾ ਦੀ ਝੋਲੀ ਵਿਚ ਕੁਝ ਅਜਿਹਾ ਧਰ ਜਾਂਦੇ ਕਿ ਕੁਦਰਤ ਸਦਾ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦੀ।

ਮਹਾਨ ਵਿਅਕਤੀ ਉਹ ਹੁੰਦੇ, ਜੋ ਜੀਵਨ ਨੂੰ ਹੋਰ ਜਿਉਣ ਜੋਗਾ ਬਣਾਉਂਦੇ, ਸੁੰਦਰ ਧਰਤੀ ਨੂੰ ਅਤਿ-ਸੁੰਦਰ ਬਣਾ ਕੇ ਇਸ ਦੀ ਉਪਭੋਗਤਾ ਅਤੇ ਉਤਪਾਦਕਤਾ ਨੂੰ ਕਈ ਗੁਣਾ ਵਧਾਉਂਦੇ, ਰੁੱਸੀ ਹੋਈ ਜ਼ਿੰਦਗੀ ਨੂੰ ਮੋੜ ਕੇ ਲਿਆਉਂਦੇ ਅਤੇ ਉਸ ਦੀ ਝੋਲੀ ਵਿਚ ਨਿਆਮਤਾਂ ਦਾ ਸ਼ਗਨ ਪਾਉਂਦੇ। ਵੱਡੇ ਵਿਅਕਤੀ ਉਹ ਹੁੰਦੇ, ਜਿਨ੍ਹਾਂ ਦੇ ਬੋਲਾਂ ਵਿਚ ਸਿਆਣਪ, ਸੋਝੀ ਅਤੇ ਸੱਚ ਦਾ ਵਾਸਾ, ਜਿਨ੍ਹਾਂ ਦੇ ਹਰਫਾਂ ਵਿਚ ਜਬਰ ਵਿਰੁਧ ਡਟਣ, ਕੁਰਹਿਤਾਂ ਨੂੰ ਲਲਕਾਰਨ ਅਤੇ ਨਿਹੱਥਿਆਂ ਤੇ ਨਿਧਰਿਆਂ ਦੀ ਧਿਰ ਬਣਨ ਦਾ ਵਲਵਲਾ। ਇਸ ਵਿਚੋਂ ਹੀ ਉਨ੍ਹਾਂ ਦੀ ਮਹਾਨਤਾ ਦਾ ਮਾਰਗ ਸ਼ੁਰੂ ਹੁੰਦਾ।

ਮਹਾਨ ਬਾਬਾ ਨਾਨਕ ਸੀ, ਜਿਸ ਦੇ ਵਿਵੇਕ ਨੇ ਧਾਰਮਿਕ ਤੇ ਸਮਾਜਕ ਅਰਾਜਕਤਾ ਨੂੰ ਠੱਲ ਪਾਈ, ਲੁਟੀ ਜਾ ਰਹੀ ਲੋਕਾਈ ਨੂੰ ਜਗਾਇਆ, ਬਾਬਰਵਾਣੀ ਰਾਹੀਂ ਸਮੇਂ ਦੇ ਹਾਕਮ ਨੂੰ ਖਰੀਆਂ ਖਰੀਆਂ ਸੁਣਾਈਆਂ, ਧਰਮ ਦੇ ਅਲੰਬਰਦਾਰਾਂ ਨੂੰ ਉਨ੍ਹਾਂ ਦੀ ਅਸਲੀਅਤ ਤੋਂ ਜਾਣੂ ਕਰਵਾ ਕੇ ਫੋਕੇ ਭਰਮਾਂ, ਪਖੰਡਾਂ ਅਤੇ ਮਰਿਆਦਾਵਾਂ ਦਾ ਭਾਂਡਾ ਭੰਨਿਆ। ਬਾਬੇ ਦੀ ਮਹਾਨਤਾ ਨੂੰ ਨਤਮਸਤਕ ਹੋ ਅਤੇ ਉਸ ਦੀ ਸ਼ਬਦ-ਸੂਝ ਨੂੰ ਮਨ ਵਿਚ ਵਸਾ ਕੇ ਮਾਨਵਤਾ ਦਾ ਸਿਖਰ ਸਿਰਜਿਆ ਜਾ ਸਕਦਾ।

ਕਈ ਲੋਕ ਇਕ ਮੁਖੌਟਾ ਪਾ ਕੇ ਖੁਦ ਨੂੰ ਮਹਾਨ ਅਤੇ ਮਸ਼ਹੂਰ ਹੋਣ ਦਾ ਢੋਂਗ ਰਚਦੇ। ਇਹ ਪਰਦਾਦਾਰੀ ਇਕ ਹੀ ਗੱਲ, ਕਾਰਜ ਜਾਂ ਗਲਤ ਕਦਮ ਨਾਲ ਅਜਿਹੀ ਲੀਰੋ ਲੀਰ ਹੁੰਦੀ ਕਿ ਕਈ ਸਾਲਾਂ ਦਾ ਪਾਇਆ ਮੁਖੌਟਾ ਵੀ ਸਾਥ ਦੇਣ ਤੋਂ ਨਾਬਰ ਹੋ ਜਾਂਦਾ। ਮਹਾਨ ਲੋਕ ਸਦਾ ਸੱਚੇ, ਸਪੱਸ਼ਟ, ਸਮਝਦਾਰ, ਸਮਰਪਿਤ ਅਤੇ ਸਿਦਕ ਵਾਲੇ। ਉਨ੍ਹਾਂ ਦੇ ਮਨਾਂ ਵਿਚ ਕੂੜ-ਕਪਟ, ਕੋਝਾਪਣ, ਕਮੀਨਗੀ ਅਤੇ ਕਾਲਖ ਨਹੀਂ ਹੁੰਦੀ। ਉਹ ਪਾਰਦਰਸ਼ੀ ਅਤੇ ਪਾਕ ਹੁੰਦੇ।

ਮਹਾਨ ਵਿਅਕਤੀ ਨਿਮਾਣੇ, ਨਿਮਰ ਅਤੇ ਧਰਤੀ ਨਾਲ ਜੁੜੇ ਹੁੰਦੇ। ਉਨ੍ਹਾਂ ਦੇ ਮਨਾਂ ਵਿਚ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ' ਦੀ ਸੋਚ ਪ੍ਰਬਲ। ਉਹ ਕਹਿਣ ਨਾਲੋਂ ਕਰਨ ਦੇ ਵੱਧ ਵਿਸ਼ਵਾਸੀ। ਉਹ ਭਲਾਈ ਕਰ ਕੇ ਲਾਹਾ ਨਹੀਂ ਲੈਂਦੇ। ਉਹ ਗੁਪਤ ਦਾਨੀ ਹੁੰਦੇ, ਕਿਉਂਕਿ ਉਹ ਚਾਹੁੰਦੇ ਕਿ ਕੋਈ ਉਨ੍ਹਾਂ ਦੇ ਨਾਂ ਦਾ ਪੱਥਰ ਨਾ ਲਾਵੇ। ਉਹ ਇਤਿਹਾਸ ਪੜ੍ਹਦੇ ਨਹੀਂ, ਇਤਿਹਾਸ ਸਿਰਜਦੇ। ਉਹ ਪੈਰ 'ਚ ਪੈਰ ਨਹੀਂ ਧਰਦੇ, ਪੈੜਾਂ ਖੁਦ ਸਿਰਜਦੇ। ਉਹ ਇਬਾਰਤ ਵਿਚੋਂ ਇਬਾਦਤ ਨਹੀਂ ਦੇਖਦੇ, ਸਗੋਂ ਉਨ੍ਹਾਂ ਦੀ ਕੀਰਤੀ ਹੀ ਉਨ੍ਹਾਂ ਲਈ ਇਬਾਦਤ ਹੁੰਦੀ। ਉਨ੍ਹਾਂ ਲਈ ਕਿਰਤ ਕਰਨੀ ਅਤੇ ਵੰਡ ਛਕਣਾ, ਜੀਵਨ ਦਾ ਮੂਲ-ਮੰਤਰ, ਜੋ ਉਨ੍ਹਾਂ ਨੂੰ ਕਰਮਯੋਗੀ ਬਣਾਉਂਦੀ।

ਮਹਾਨਤਾ ਸਦੀਵੀ, ਸਮਾਂ ਸੀਮਾ ਤੋਂ ਪਾਰ, ਪਰ ਮਸ਼ਹੂਰੀ ਕੁਝ ਪਲ, ਘੰਟੇ, ਦਿਨ, ਮਹੀਨੇ ਜਾਂ ਸਾਲਾਂ ਦੀ ਹੋ ਸਕਦੀ ਅਤੇ ਇਸ ਪਿਛੋਂ ਕੋਈ ਨਹੀਂ ਜਾਣਦਾ।

ਮਹਾਨ ਵਿਅਕਤੀ ਨੂੰ ਆਪਣੀ ਮਹਾਨਤਾ ਦਾ ਕਦੇ ਵੀ ਅੰਦਾਜ਼ਾ ਨਹੀਂ ਹੁੰਦਾ। ਉਹ ਆਪਣੀ ਕਰਮ-ਕਿਰਤ 'ਚ ਇੰਨਾ ਲੀਨ ਹੁੰਦੇ ਕਿ ਮਹਾਨਤਾ ਵੀ ਰਸਾਤਲ ਜਾਪਦੀ। ਉਨ੍ਹਾਂ ਲਈ ਮਹਾਨਤਾ ਦੇ ਅਰਥ ਸਮਾਜਕ ਤੇ ਅੰਤਰੀਵੀ ਹੁੰਦੇ, ਜਿਸ ਨਾਲ ਮਨੁੱਖ ਖੁਦ ਵਿਚੋਂ ਹੀ ਆਪਣੀ ਪੁਨਰ ਸਿਰਜਣਾ ਕਰਦਾ। ਮਨੁੱਖ ਤੋਂ ਇਨਸਾਨ ਤੇ ਇਨਸਾਨੀਅਤ ਦਾ ਅਭਿਲਾਸ਼ੀ। ਸਭ ਤੋਂ ਵੱਡਾ ਧਰਮ ਇਨਸਾਨੀਅਤ ਹੈ ਅਤੇ ਮਨੁੱਖ ਇਸ ਤੋਂ ਹੀ ਪਾਸਾ ਵੱਟਣ ਲਈ ਕਾਹਲਾ। ਮਰ ਗਈ ਇਨਸਾਨੀਅਤ ਦਾ ਮਰਸੀਆ ਪੜ੍ਹਨ ਦੀ ਥਾਂ ਜੇ ਅਸੀਂ ਇਸ ਦੀ ਆਰਤੀ ਉਤਾਰਾਂਗੇ, ਇਸ ਦੇ ਸਮੁੱਚ ਨੂੰ ਜੀਵਨ-ਸ਼ੈਲੀ ਬਣਾਵਾਂਗੇ ਜਾਂ ਮਨ-ਕੋਠੇ 'ਤੇ ਉਚੀ ਆਵਾਜ਼ 'ਚ ਹੋਕਾ ਦੇਵਾਂਗੇ ਤਾਂ ਬੋਲੇ ਕੰਨ ਵੀ ਇਸ ਨੂੰ ਸੁਣ ਸਕਣਗੇ; ਪਰ ਸਭ ਤੋਂ ਪਹਿਲਾਂ ਖੁਦ ਨੂੰ ਇਸ ਦਾ ਹਾਣੀ ਬਣਾਉਣਾ ਪਵੇਗਾ।

ਮਹਾਨ ਵਿਅਕਤੀ ਹਿੰਮਤੀ, ਮਦਦਗਾਰ, ਮਿਕਨਾਤੀਸ, ਮੇਲ-ਜੋਲ ਵਾਲੇ ਅਤੇ ਮੁਸਕਰਾਹਟ ਦੇ ਵਣਜਾਰੇ। ਇਸ ਮੁਸਕਰਾਹਟ ਵਿਚੋਂ ਹੀ ਉਨ੍ਹਾਂ ਦੀ ਬੰਦਿਆਈ ਤੇ ਭਲਾਈ ਮੁਸਕਰਾਉਂਦੀ। ਇਸ ਵਿਚ ਹੀ ਸਮੋਈ ਹੁੰਦੀ ਮਨੁੱਖ-ਭਾਵੀ ਮਹਾਨਤਾ।

ਮਹਾਨ ਵਿਅਕਤੀਆਂ ਦੀ ਮਹਾਨਤਾ ਇਸ ਕਰਕੇ ਵੀ ਹੁੰਦੀ ਕਿ ਉਹ ਕੁਰੱਖਤ ਸਮੇਂ ਵਿਚ ਮਜਬੂਤ ਰਹਿੰਦੇ ਅਤੇ ਹਰੇਕ ਕਿਸਮ ਦੇ ਵਿਰੋਧ ਦੇ ਬਾਵਜੂਦ ਉਹ ਕੁਝ ਪ੍ਰਾਪਤ ਕਰ ਲੈਂਦੇ, ਜਿਸ ਦਾ ਅੰਦਾਜ਼ਾ ਉਨ੍ਹਾਂ ਦੇ ਵਿਰੋਧੀਆਂ ਨੂੰ ਵੀ ਨਹੀਂ ਹੁੰਦਾ।

ਹਰ ਵਿਅਕਤੀ ਵਿਚ ਮਹਾਨ ਬਣਨ ਦੇ ਗੁਣ ਹੁੰਦੇ ਬਸ਼ਰਤੇ ਉਹ ਆਪਣੇ ਸੁਪਨਿਆਂ ਅਤੇ ਸਾਧਨਾਂ ਨੂੰ ਖਾਸ ਸੇਧ ਦੇ, ਇਸ ਨੂੰ ਪੂਰਨਤਾ ਵੰਨੀਂ ਲੈ ਜਾਣ ਦਾ ਪ੍ਰਣ ਨਿਭਾਉਣਾ ਜਾਣਦਾ ਹੋਵੇ। ਮਹਾਨਤਾ ਦਰਅਸਲ ਮਨੁੱਖ ਦੇ ਅੰਦਰ ਵੱਸਦੀ, ਜੋ ਸਮੁੱਚੀ ਪਛਾਣ ਵਿਚੋਂ ਪ੍ਰਗਟਦੀ।

ਮਹਾਨ ਹੋਣ ਲਈ ਵਿਅਕਤੀ ਦਾ ਜ਼ਿੰਮੇਵਾਰ ਹੋਣਾ ਅਤੇ ਖੁਦ ਲਈ ਜਵਾਬਦੇਹ ਹੋਣਾ ਬਹੁਤ ਜਰੂਰੀ। ਉਸ ਨੂੰ ਸੱਚ/ਝੂਠ, ਗਲਤ/ਸਹੀ ਜਾਂ ਅਰਥਮਈ/ਬੇਅਰਥੇ ਦਾ ਅਹਿਸਾਸ ਅਤੇ ਅਭਾਸ ਹੁੰਦਾ। ਮਹਾਨਤਾ ਕਮਾਈ ਜਾਂਦੀ। ਕਦੇ ਵੀ ਕਿਸਮਤ ਨਹੀਂ ਹੁੰਦੀ। ਨਾ ਹੀ ਵਿਰਸੇ ਵਿਚ ਮਿਲਦੀ ਜਾਂ ਖਰੀਦੀ ਜਾ ਸਕਦੀ। ਇਹ ਤਾਂ ਖੁਦ ਤੋਂ ਖੁਦਾਈ ਤੀਕ ਦਾ ਸਫਰ।

ਨਿਮਾਣਾ ਅਤੇ ਹਲੀਮ ਬਣ ਕੇ ਮਨੁੱਖ ਮਹਾਨ ਹੋ ਸਕਦਾ। ਹੰਕਾਰੀ, ਹੈਂਕੜਬਾਜ ਕਦੇ ਵੀ ਮਹਾਨ ਨਹੀਂ ਹੋ ਸਕਦਾ। ਮਹਾਨ ਬਣਨ ਲਈ ਵਕਤ, ਵਖਤ, ਵਿਰੋਧ, ਵੱਖਰਤਾਵਾਂ ਦਾ ਸਾਹਮਣਾ ਕਰਨਾ ਪੈਂਦਾ।

ਯਾਦ ਰੱਖਣਾ! ਮਸ਼ਹੂਰੀ ਕਰਵਾਉਣ ਵਾਲਾ ਵਿਅਕਤੀ ਕਦੇ ਵੀ ਮਹਾਨ ਨਹੀਂ ਹੁੰਦਾ, ਜਦ ਕਿ ਮਹਾਨ ਵਿਅਕਤੀ ਕਦੇ ਵੀ ਮਸ਼ਹੂਰੀ ਨਹੀਂ ਚਾਹੁੰਦਾ।

ਮਹਾਨ ਵਿਅਕਤੀ ਉਹ ਹੀ ਹੋ ਸਕਦਾ, ਜਿਸ ਦੇ ਮਨ ਵਿਚ ਸੁਪਨਾ, ਸੰਭਾਵਨਾ ਅਤੇ ਸੰਭਵ ਦੇ ਸੰਦਰਭ ਨੂੰ ਸਮਝੇ। ਇਸ ਨੂੰ ਸਮਾਜਕ ਸਰੋਕਾਰਾਂ ਦੇ ਚੰਗੇ ਵਿਕਾਸ ਤੇ ਵਿਸਥਾਰ ਲਈ ਨਿਵੇਕਲੇ ਅਤੇ ਨਰੋਏ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰੇ।

ਮਹਾਨਤਾ ਦੁਨਿਆਵੀ ਵਸਤਾਂ, ਸੁੱਖ-ਸਹੂਲਤਾਂ ਤੋਂ ਉਤੇ। ਸਮਾਜ ਤੇ ਦੇਸ਼ ਲਈ ਨਵੇਂ ਸਿਰਨਾਵਿਆਂ ਦੀ ਸਿਰਜਣਾ। ਕੁਝ ਅਜਿਹਾ ਕਰੋ ਕਿ ਲੋਕ ਤੁਹਾਡੇ ਰਾਹਾਂ 'ਤੇ ਤੁਰਨ ਦੀ ਚਾਹਨਾ ਮਨ 'ਚ ਪਾਲਣ। ਭਵਿੱਖ ਤੁਹਾਡੇ 'ਤੇ ਮਾਣ ਕਰੇ ਅਤੇ ਲੋਕ-ਚੇਤਿਆਂ ਵਿਚ ਸਦੀਵੀ ਥਾਂ ਹੋਵੇ।

ਮਹਾਨਤਾ ਨੂੰ ਨਤਮਸਤਕ ਹੋਣ ਲਈ ਕੁਦਰਤ ਵੰਨੀਂ ਦੇਖਣਾ, ਇਸ ਦੇ ਨਿਆਮਤ-ਭੰਡਾਰਾਂ ਦਾ ਸ਼ੁਕਰੀਆ ਕਰਨਾ ਅਤੇ ਇਸ ਦੀਆਂ ਬਖਸ਼ਿਸ਼ਾਂ ਦੀ ਬੰਦਗੀ ਕਰਨਾ, ਜੋ ਮਨੁੱਖ ਨੂੰ ਸੁੰਦਰਤਾ, ਸਦੀਵਤਾ ਤੇ ਸਾਹ ਬਖਸ਼ਦੀ ਏ। ਇਸ ਤੋਂ ਮਹਾਨ ਤਾਂ ਕੋਈ ਹੋ ਹੀ ਨਹੀਂ ਸਕਦਾ।

ਮਹਾਨ ਲੋਕਾਂ ਦੇ ਸੁਪਨੇ ਵੀ ਵੱਡੇ ਹੁੰਦੇ। ਉਨ੍ਹਾਂ ਦੇ ਸੁਪਨਿਆਂ ਦਾ ਸੱਚ ਵੀ ਚਿਰੰਜੀਵੀ, ਸਥਿਰ ਅਤੇ ਦੂਰ-ਪ੍ਰਭਾਵੀ। ਵੱਡੇ ਸੁਪਨੇ ਹੀ ਵੱਡੇ ਅਰਥਾਂ ਦੀ ਅਰਦਾਸ ਹੁੰਦੇ।

ਹੌਸਲੇ, ਵਿਸ਼ਵਾਸ, ਸਖਤ ਮਿਹਨਤ ਤੇ ਨਿਸ਼ਠਾ ਵਿਚੋਂ ਹੀ ਮਹਾਨਤਾ ਪੁੰਗਰਦੀ। ਮਹਾਨਤਾ ਪਹਾੜ ਦੀ ਚੋਟੀ ਨੂੰ ਜਾਂਦਾ ਪਥਰੀਲਾ ਰਸਤਾ, ਪਰ ਸਿਖਰ 'ਤੇ ਪਹੁੰਚ ਕੇ ਇਕ ਸਕੂਨ ਤੇ ਸਹਿਜ ਸੰਗ ਅੰਬਰ ਨਾਲ ਗੱਲਾਂ ਕਰਨਾ ਅਤੇ ਸਮੁੱਚੇ ਬ੍ਰਹਿਮੰਡ ਨੂੰ ਨਿਹਾਰਨਾ ਮਨ-ਤ੍ਰਿਪਤੀ ਦੀ ਸੰਪੂਰਨਤਾ।

ਲੋੜ ਹੈ, ਮਸ਼ਹੂਰ ਹੋਣ ਦੀ ਥਾਂ ਮਹਾਨਤਾ ਨੂੰ ਜ਼ਿੰਦਗੀ ਦਾ ਟੀਚਾ ਬਣਾਉਣ ਦੀ, ਅਰਥ ਭਰਪੂਰ ਸਬੰਧਾਂ ਸੰਗ ਪ੍ਰਣਾਉਣ ਦੀ। ਦੁੱਖ ਦੀ ਪੀੜ ਵਿਚ ਪੀੜ-ਪੀੜ ਹੋਣ ਦਾ ਹੁਨਰ ਹੋਵੇ, ਦਰਦ ਵਿਚ ਖੁਰ ਰਿਹਾ ਅੰਤਰੀਵ ਹੋਵੇ, ਰੂਹ ਵਿਚ ਸ਼ੁਭ-ਚਿੰਤਨ ਅਤੇ ਸ਼ੁਭ-ਕਰਮਨ ਦਾ ਪਾਠ ਨਿਰੰਤਰ ਚੱਲਦਾ ਰਹੇ। ਉਜਾੜ ਨੂੰ ਵਸਾਉਣ, ਕੁੱਲੀ ਦੀ ਛੱਤ ਬਣਨ ਜਾਂ ਨੰਗੇ ਬਦਨ ਲਈ ਲਿਬਾਸ ਬਣਨ ਦੀ ਤਮੰਨਾ ਮਨ ਵਿਚ ਪਾਲੋ। ਗਿਆਨ-ਹੀਣ ਲਈ ਹਰਫ-ਚਿਰਾਗ ਬਣੋ। ਝੋਲੇ ਦੀਆਂ ਪੁਸਤਕਾਂ ਵਿਚ ਹੁੰਗਾਰੇ ਭਰਦੀ ਗਿਆਨ-ਗੋਸ਼ਟਿ ਦਾ ਸਬੱਬ ਸਿਰਜੋ। ਰੋਂਦੇ ਦੇ ਹੰਝੂ ਪੂੰਝਣ ਲਈ ਦੁਆ ਬਣੋ। ਮੁਰਝਾਏ ਚਿਹਰਿਆਂ 'ਤੇ ਫੈਲੀ ਮੁਸਕਰਾਹਟ ਤੁਹਾਨੂੰ ਜ਼ਿੰਦਗੀ ਅਤੇ ਸਮਾਜ ਨੂੰ ਜਿਉਣ ਜੋਗਾ ਕਰੇਗੀ, ਜਿਸ ਨਾਲ ਧਰਤੀ 'ਤੇ ਪਸਰੀ ਸੁੰਦਰਤਾ ਹੋਰ ਸੁੰਦਰ ਤੇ ਸਦੀਵ ਹੋਵੇਗੀ।

# ਵੇਈਂ ਨਦੀ ਪ੍ਰਵੇਸ਼ ਅਤੇ ਕਰਤਾਰਪੁਰ ਦੇ ਖੇਤਾਂ ਨੂੰ ਪਾਣੀ

ਰਾਇ ਭੋਇੰ ਦੀ ਤਲਵੰਡੀ ਵਿਚ ਜਨਮ ਲੈਣ ਅਤੇ ਬਚਪਨ ਗੁਜ਼ਾਰਦਿਆਂ ਗੁਰੂ ਨਾਨਕ ਦੇ ਰੱਬੀ ਜੋਤਿ ਹੋਣ ਦਾ ਅਹਿਸਾਸ ਜਿੱਥੇ ਸਭ ਤੋਂ ਪਹਿਲਾਂ ਬੀਬੀ ਨਾਨਕੀ ਨੂੰ ਹੋਇਆ, ਉਥੇ ਹੀ ਇਸ ਤੱਥ ਦਾ ਅਹਿਸਾਸ ਭੱਟੀ ਗੋਤ ਦੇ ਰਾਜਪੂਤ ਮੁਸਲਮਾਨ ਤਲਵੰਡੀ ਦੇ ਮੁਖੀ ਰਾਇ ਬੁਲਾਰ ਨੂੰ ਵੀ ਹੋਇਆ। ਬਚਪਨ ਤੋਂ ਹੀ ਬਾਲ ਨਾਨਕ (ਗੁਰੂ) ਦਾ ਉਮਰ ਭਰ ਲਈ ਸਾਥੀ ਭਾਈ ਮਰਦਾਨਾ ਬਣ ਗਿਆ, ਜੋ ਧਰਮ ਪੱਖੋਂ ਭਾਵੇਂ ਮੁਸਲਮਾਨ ਸੀ, ਪਰ ਆਪਣਾ ਸਾਰਾ ਜੀਵਨ ਦਿਲ ਦੇ ਪੂਰੇ ਸਮਰਪਣ ਨਾਲ ਗੁਰੂ ਨਾਨਕ ਦੇ ਲੇਖੇ ਲਾ ਦਿੱਤਾ। ਗੁਰੂ ਸਾਹਿਬ ਦੀ ਵੱਡੀ ਅਤੇ ਬਹੁਤ ਹੀ ਸਤਿਕਾਰਤ ਭੈਣ ਬੀਬੀ ਨਾਨਕੀ ਗੁਰੂ ਜੀ ਦੀ ਪਹਿਲੀ ਸਿੱਖ ਬਣੀ ਅਤੇ ਬਚਪਨ ਤੋਂ ਹੀ ਇੱਕ ਕੰਧ ਬਣ ਕੇ ਨਾਲ ਖੜ੍ਹੀ ਰਹੀ।



ਡਾ. ਗੁਰਨਾਮ ਕੌਰ, ਕੈਨੇਡਾ

ਰਾਇ ਬੁਲਾਰ ਅਤੇ ਭਾਈ ਮਰਦਾਨਾ ਗੁਰੂ ਨਾਨਕ ਦੇ ਬਹੁਤ ਸ਼ਰਧਾਲੂ ਸਿੱਖ ਹਨ। ਜਿੱਥੇ ਰਾਇ ਬੁਲਾਰ ਨੇ ਆਪਣੀ ਜ਼ਮੀਨ ਜਿਸ ਤੋਂ ਵੱਖ ਹੋਣਾ ਆਮ ਮਨੁੱਖ ਲਈ ਔਖਾ ਹੁੰਦਾ ਹੈ ਅਤੇ ਅਮੀਰਾਂ ਨੂੰ ਤਾਂ ਹੋਰ ਇਕੱਠੀ ਕਰਨ ਦੀ ਬੇਚੈਨੀ ਸੌਣ ਵੀ ਨਹੀਂ ਦਿੰਦੀ, ਗੁਰੂ ਦੇ ਅਰਪਣ ਕਰ ਦਿੱਤੀ, ਉਥੇ ਭਾਈ ਮਰਦਾਨੇ ਨੇ ਤਾਂ ਬਾਣੀ ਦੇ ਉਤਰਨ 'ਤੇ ਨਾ ਸਿਰਫ ਰਬਾਬ 'ਤੇ ਸਾਥ ਦਿੱਤਾ, ਸਗੋਂ ਉਦਾਸੀਆਂ ਵਿਚ ਉਮਰ ਭਰ ਨਾਲ ਤੁਰਦਿਆਂ ਆਖਰੀ ਸਾਹ ਵੀ ਆਪਣੇ ਗੁਰੂ ਦੀ ਗੋਦ ਵਿਚ ਤਿਆਗੇ।

ਬੀਬੀ ਨਾਨਕੀ ਦੀ ਆਪਣੇ ਛੋਟੇ ਵੀਰ ਲਈ ਅਥਾਹ ਸ਼ਰਧਾ ਹੀ ਗੁਰੂ ਨਾਨਕ ਨੂੰ ਪਰਿਵਾਰ ਸਣੇ ਸੁਲਤਾਨਪੁਰ ਲੋਧੀ ਲੈ ਆਈ ਅਤੇ ਭਾਈ ਮਰਦਾਨਾ ਵੀ ਨਾਲ ਹੀ ਆਇਆ। ਬੀਬੀ ਨਾਨਕੀ ਦੇ ਪਹਿਲੀ ਸਿੱਖ ਹੋਣ ਨੇ ਇਹ ਸਾਬਤ ਕਰ ਦਿੱਤਾ ਕਿ ਔਰਤ ਵੀ ਰੱਬ ਦੀ ਉਹੋ ਜਿਹੀ ਪੈਦਾਇਸ਼ ਹੈ, ਜਿਹੋ ਜਿਹਾ ਪੁਰਸ਼, ਉਸ ਦੇ ਵੀ ਸਮਾਜਕ ਅਤੇ ਅਧਿਆਤਮਕ ਹੱਕ ਪੁਰਸ਼ ਦੇ ਬਰਾਬਰ ਹਨ। ਔਰਤ ਤੋਂ ਬਿਨਾ ਸਮਾਜ ਦੀ ਹੋਂਦ ਹੀ ਨਹੀਂ ਹੋ ਸਕਦੀ, ਜਿਸ ਤੋਂ ਬਿਨਾ ਸਮਾਜ ਅੱਗੇ ਚੱਲ ਹੀ ਨਹੀਂ ਸਕਦਾ, ਉਸ ਨੂੰ ਭਲਾ 'ਮੰਦੀ' ਕਿਵੇਂ ਕਿਹਾ ਜਾ ਸਕਦਾ ਹੈ? ਮੰਨੂਵਾਦੀ ਸੋਚ ਵਰਤਦਿਆਂ ਔਰਤ ਨੂੰ 'ਬਾਘਣੀ, ਅਧਿਆਤਮਕਤਾ ਦੇ ਰਸਤੇ ਦਾ ਰੋੜਾ' ਕਿਵੇਂ ਮੰਨਿਆ ਜਾ ਸਕਦਾ ਹੈ? ਨਵਾਬ ਦੌਲਤ ਖਾਨ ਲੋਧੀ ਦੇ ਮੋਦੀ ਖਾਨੇ ਵਿਚ 'ਤੇਰਾ ਤੇਰਾ' ਤੋਲਦਿਆਂ ਬਾਬੇ ਨਾਨਕ ਨੇ ਸਾਰੀ ਮਨੁੱਖਤਾ ਨੂੰ ਇੱਕੋ ਕਰਕੇ ਜਾਣਿਆ। ਹਿੰਦੂ, ਮੁਸਲਮਾਨ, ਜਾਤਿ-ਪਾਤ, ਊਚ-ਨੀਚ ਕੋਈ ਵਿਤਕਰਾ ਨਹੀਂ ਰਹਿਣ ਦਿੱਤਾ। ਛੋਟੀ ਸੋਚ ਅਤੇ ਛੋਟੇ ਦਿਲਾਂ ਦੇ ਮਾਲਕ ਲੋਕਾਂ ਨੇ ਮੋਦੀਖਾਨੇ ਦੇ ਮਾਲਕ ਦੌਲਤ ਖਾਨ ਕੋਲ ਆਪਣੇ ਵੱਲੋਂ ਸ਼ਿਕਾਇਤ ਤਾਂ ਮੋਦੀ ਖਾਨਾ ਲੁਟਾਏ ਜਾਣ ਦੀ ਕੀਤੀ, ਪਰ ਉਲਟਾ ਦੌਲਤ ਖਾਨ ਨੂੰ ਗੁਰੂ ਦਾ ਮੁਰੀਦ ਬਣਾ ਦਿੱਤਾ।

ਬੇਸ਼ੱਕ ਗੁਰੂ ਸਾਹਿਬ ਆਪਣੇ ਮਿਸ਼ਨ 'ਤੇ ਆਪਣੇ ਬਚਪਨ ਤੋਂ ਹੀ ਕੇਂਦ੍ਰਿਤ ਸਨ, ਪਰ ਸਿੱਖ ਧਰਮ ਦੀ ਨੀਂਹ ਅਤੇ ਪ੍ਰਕਾਸ਼ਨ 1499 ਵਿਚ 'ਵੇਈਂ ਨਦੀ' ਪ੍ਰਵੇਸ਼ ਤੋਂ ਧਰੀ ਮੰਨੀ ਜਾਂਦੀ ਹੈ। ਤਿੰਨ ਦਿਨ ਦੀ ਸਮਾਧੀ ਪਿਛੋਂ ਜਦੋਂ ਗੁਰੂ ਨਾਨਕ ਵੇਈਂ ਤੋਂ ਬਾਹਰ ਆਏ ਤਾਂ ਉਨ੍ਹਾਂ ਨੇ ਪਹਿਲਾ ਐਲਾਨਨਾਮਾ ਕੀਤਾ, "ਨਾ ਕੋ ਹਿੰਦੂ ਨਾ ਮੁਸਲਮਾਨ॥" ਉਨ੍ਹਾਂ ਦੇ ਇਸ ਐਲਾਨਨਾਮੇ ਵਿਚਲੀ ਵਿਚਾਰਧਾਰਾ ਨੇ ਮਨੁੱਖ ਨੂੰ ਧਰਮ ਦੇ ਨਾਂ 'ਤੇ ਵੰਡੇ ਜਾਣ ਦਾ ਰੇੜਕਾ ਹੀ ਖਤਮ ਕਰ ਦਿੱਤਾ। ਦੱਸ ਦਿੱਤਾ ਕਿ ਧਰਮ ਦੇ ਨਾਂ 'ਤੇ ਮਨੁੱਖਤਾ ਨੂੰ ਵੰਡਿਆ ਨਹੀਂ ਜਾ ਸਕਦਾ। ਦੁਨੀਆਂ ਦੇ ਸਾਹਮਣੇ ਪਹਿਲੀ ਵਾਰ ਇਹ ਸਪੱਸ਼ਟ ਕਰ ਦਿੱਤਾ ਕਿ ਧਰਮ ਦਾ ਆਧਾਰ ਨੈਤਿਕਤਾ ਹੈ।

ਮਨੁੱਖ ਦੇ ਧਰਮੀ ਜਾਂ ਅਧਰਮੀ ਹੋਣ ਦਾ ਨਿਬੇੜਾ ਉਸ ਦੇ ਅਮਲਾਂ 'ਤੇ, ਉਸ ਦੇ ਕੀਤੇ ਨੇਕ ਕਾਰਜਾਂ ਨਾਲ ਹੋਣਾ ਹੈ, ਉਸ ਦੇ ਨੈਤਿਕ ਗੁਣਾਂ ਤੋਂ ਹੋਣਾ ਹੈ। ਇਸ ਤੱਥ ਤੋਂ ਨਹੀਂ ਕਿ ਉਹ ਕਿਸ ਧਰਮ ਨਾਲ ਸਬੰਧਿਤ ਹੈ ਜਾਂ ਕਿੰਨੀਆਂ ਧਾਰਮਿਕ ਰਸਮਾਂ ਨਿਭਾਉਂਦਾ ਤੇ ਪੂਜਾ ਪਾਠ ਕਰਦਾ ਹੈ। ਇਸੇ ਦੀ ਪ੍ਰੋੜਤਾ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਹੁੰਦੀ ਹੈ। ਭਾਈ ਗੁਰਦਾਸ ਅਨੁਸਾਰ ਮੁਸਲਮਾਨਾਂ ਦੇ ਪਵਿੱਤਰ ਸਥਾਨ ਮੱਕੇ ਵਿਚ ਰੱਬ ਦੀ ਹਰ ਥਾਂ ਮੌਜੂਦਗੀ ਦਾ ਤਰਕ ਸਿਰਜੇ ਜਾਣ ਪਿਛੋਂ ਮੁੱਲਾਂ ਅਤੇ ਕਾਜ਼ੀ ਗੁਰੂ ਨਾਨਕ ਦੁਆਲੇ ਇਕੱਠੇ ਹੋ ਗਏ ਅਤੇ ਪੁੱਛਣ ਲੱਗੇ ਕਿ ਕੌਣ ਵੱਡਾ ਹੈ, ਹਿੰਦੂ ਜਾਂ ਮੁਸਲਮਾਨ? ਬਾਬੇ ਦਾ ਉੱਤਰ ਸੀ ਕਿ ਨੇਕ ਅਮਲਾਂ ਤੋਂ ਬਿਨਾ ਕਿਸੇ ਨੂੰ ਰੱਬ ਦੀ ਦਰਗਾਹ ਵਿਚ ਢੋਈ ਨਹੀਂ ਮਿਲਣੀ।

ਗੁਰੂ ਨਾਨਕ ਨੇ ਹਿੰਦੂ ਨੂੰ ਸਮਝਾਇਆ ਕਿ ਜੇ ਮਨ ਵਿਚ ਖੋਟ ਹੋਵੇ ਤਾਂ ਪਾਣੀ ਦੀ ਚੂਲੀ ਕਰਨ ਨਾਲ ਮੂੰਹ ਸੁੱਚਾ ਨਹੀਂ ਹੋ ਜਾਂਦਾ, ਇੱਕ ਪਾਸੇ ਪਾਪ ਦੀ ਕਮਾਈ ਖਾਣੀ ਤੇ ਦੂਜੇ ਪਾਸੇ ਚੌਂਕਾ ਲਿੱਪ ਕੇ ਉਸ ਦੀ ਸੁੱਚਮ ਨੂੰ ਕਾਇਮ ਰੱਖਣ ਲਈ ਲਕੀਰ ਕੱਢ ਦੇਣ ਨਾਲ ਸੱਚ ਦੀ ਪ੍ਰਾਪਤੀ ਨਹੀਂ ਹੋ ਜਾਂਦੀ। ਸੱਚ ਦੀ ਪ੍ਰਾਪਤੀ ਤਾਂ ਹੁੰਦੀ ਹੈ, ਜੇ ਮਨ ਪਵਿੱਤਰ ਹੋਵੇ। ਜੇ ਮਨ ਵਿਚ ਦੂਜਿਆਂ ਪ੍ਰਤੀ ਨਫਰਤ ਦੀ ਮੈਲ ਭਰੀ ਹੋਵੇ, ਦੂਜਿਆਂ ਨੂੰ ਆਪਣੇ ਤੋਂ ਨੀਵੇਂ ਸਮਝ ਕੇ ਸੁੱਚਮ ਰੱਖਣ ਲਈ ਪਖੰਡ ਕੀਤੇ ਜਾਣ ਤਾਂ ਸੱਚ ਦੀ ਪ੍ਰਾਪਤੀ ਕਿਵੇਂ ਹੋਵੇਗੀ? ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਲਈ ਮਿਹਰ ਨੂੰ ਆਪਣੀ ਮਸੀਤ, ਸਿਦਕ ਨੂੰ ਮੁਸੱਲਾ ਅਤੇ ਹੱਕ-ਹਲਾਲ ਦੀ ਕਮਾਈ ਨੂੰ ਕੁਰਾਨ ਬਣਾਉਣ, ਵਿਕਾਰਾਂ ਤੋਂ ਦੂਰ ਰਹਿਣ ਨੂੰ ਸੁੰਨਤ ਬਣਾਉਣ, ਚੰਗੇ ਸੁਭਾਉ ਦਾ ਰੋਜ਼ਾ ਬਣਾਉਣ ਦਾ ਸੰਦੇਸ਼ ਦਿੱਤਾ। ਉੱਚੇ ਆਚਰਣ ਨੂੰ ਕਾਬਾ, ਸੱਚ ਨੂੰ ਪੀਰ ਬਣਾਉਣ ਅਤੇ ਨੇਕ ਅਮਲਾਂ ਦੀ ਨਮਾਜ਼ ਤੇ ਕਲਮਾ ਬਣਾਉਣ ਲਈ ਕਿਹਾ। ਉਸ ਰੱਬ ਦੀ ਰਜ਼ਾ ਵਿਚ ਰਹਿਣਾ ਤਸਬੀ ਹੋਵੇ। ਅਜਿਹੇ ਮੁਸਲਮਾਨ ਦੀ ਰੱਬ ਆਪ ਹੀ ਲਾਜ ਰੱਖਦਾ ਹੈ। ਗੁਰੂ ਨਾਨਕ ਨੇ ਦੂਸਰਿਆਂ ਦੇ ਹੱਕਾਂ ਨੂੰ ਖੋਹਣ ਦੀ ਮਨਾਹੀ ਕੀਤੀ, ਦੂਜਿਆਂ ਦਾ ਹੱਕ ਖੋਹਣ ਨੂੰ ਧਾਰਮਿਕ ਅਵੱਗਿਆ ਕਰਾਰ ਦਿੱਤਾ। ਹਰਾਮ ਦੀ ਕਮਾਈ ਵਿਚੋਂ ਦਾਨ-ਪੁੰਨ ਕਰਨ ਨਾਲ ਉਹ ਹਲਾਲ ਨਹੀਂ ਹੋ ਜਾਂਦੀ। ਜੇ ਕੱਪੜੇ ਨੂੰ ਲਹੂ ਲੱਗ ਜਾਵੇ ਤਾਂ ਉਸ ਨੂੰ ਅਪਵਿੱਤਰ ਸਮਝਿਆ ਜਾਂਦਾ ਹੈ, ਪਰ ਜੋ ਮਨੁੱਖਾਂ ਦਾ ਲਹੂ ਪੀਂਦੇ ਨੇ, ਦੂਜਿਆਂ 'ਤੇ ਜ਼ੁਲਮ ਕਰਦੇ ਹਨ, ਉਨ੍ਹਾਂ ਦੇ ਮਨ ਫਿਰ ਕਿਸ ਤਰ੍ਹਾਂ ਪਵਿੱਤਰ ਹੋ ਸਕਦੇ ਹਨ? ਮੱਥੇ 'ਤੇ ਤਿਲਕ ਲਾਉਣਾ ਅਤੇ ਤੇੜ ਧੋਤੀ ਪਾਉਣੀ ਪਰ ਹੱਥ ਵਿਚ ਛੁਰੀ ਲੈ ਕੇ ਲੋਕਾਂ 'ਤੇ ਜ਼ੁਲਮ ਕਰਨਾ, ਇਹ ਧਾਰਮਿਕਤਾ ਨਹੀਂ ਹੋ ਸਕਦੀ।

ਗੁਰੂ ਨਾਨਕ ਗਰੀਬਾਂ, ਲਤਾੜਿਆਂ, ਨਿਮਾਣਿਆਂ ਦੇ ਨਾਲ ਖੜ੍ਹੇ ਹੋਏ। ਹਰ ਤਰ੍ਹਾਂ ਦੇ ਵਿਤਕਰੇ ਦੂਰ ਕਰਕੇ ਮਨੁੱਖੀ ਸਾਂਝ ਦਾ ਇੱਕ ਨਵਾਂ ਯੁੱਗ ਅਰੰਭ ਕੀਤਾ। ਮਲਿਕ ਭਾਗੋਆਂ ਨੂੰ ਨਕਾਰਿਆ ਅਤੇ ਭਾਈ ਲਾਲੋਆਂ ਨੂੰ ਗਲੇ ਲਾਇਆ; ਨੀਵਿਆਂ ਨੂੰ ਉਚੇ ਕਰਕੇ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਾਇਆ। ਬਾਬੇ ਨਾਨਕ ਨੇ ਆਪਣੇ ਫਲਸਫੇ ਨੂੰ ਸਮਝਾਉਣ ਲਈ ਭਾਈ ਮਰਦਾਨੇ ਨੂੰ ਨਾਲ ਲਿਆ ਅਤੇ ਚਾਰੇ ਦਿਸ਼ਾਵਾਂ 'ਚ ਚਾਰ ਲੰਮੀਆਂ ਉਦਾਸੀਆਂ ਕੀਤੀਆਂ।

ਹਿੰਦੂਆਂ, ਯੋਗੀਆਂ, ਬੋਧੀਆਂ, ਜੈਨੀਆਂ, ਮੁਸਲਮਾਨਾਂ-ਸਭ ਦੇ ਤੀਰਥ ਸਥਾਨਾਂ 'ਤੇ ਗਏ, ਉਨ੍ਹਾਂ ਨਾਲ ਵਾਰਤਾਲਾਪ ਰਚਾਏ, ਗੋਸ਼ਟੀਆਂ ਕੀਤੀਆਂ, ਆਪਣਾ ਨੁਕਤਾ ਨਿਗਾਹ ਤਰਕ ਰਾਹੀਂ ਸਮਝਾਇਆ। ਕੋਈ ਹਿਚਕਚਾਹਟ ਨਹੀਂ। ਸੱਚ ਦੱਸਣ ਵਿਚ ਕੋਈ ਰੌਲਾ ਹੀ ਨਹੀਂ। ਗੁਰੂ ਨਾਨਕ ਪਾਤਿਸ਼ਾਹ ਨੇ ਰੱਬ ਦੇ ਇੱਕ ਹੋਣ ਦਾ ਅਤੇ ਉਸ ਰੱਬ ਸੱਚੇ ਦੀ ਅੰਸ਼ ਹੋਣ ਕਰਕੇ ਮਨੁੱਖ ਦੇ ਇੱਕ ਹੋਣ ਦਾ ਸਿਧਾਂਤ ਸਥਾਪਤ ਕੀਤਾ। ਇਸੇ ਸਿਧਾਂਤ ਨੂੰ ਸਥਾਪਤ ਕਰਦਿਆਂ ਰੱਬ ਦੀ ਰਚੀ ਇਸ ਦੁਨੀਆਂ ਦੀ ਬਹੁਲਤਾ ਨੂੰ, ਇਸ ਦੀ ਵੰਨ-ਸੁਵੰਨਤਾ ਨੂੰ ਸਵੀਕਾਰ ਕਰਨਾ ਅਤੇ ਇਸ ਦਾ ਸਤਿਕਾਰ ਕਰਨਾ ਸਿਖਾਇਆ। ਕੁਰੂਕਸ਼ੇਤਰ ਸੂਰਜ ਗ੍ਰਹਿਣ ਸਮੇਂ ਜਦੋਂ ਸਾਰੀ ਦੁਨੀਆਂ ਸੂਰਜ ਵੱਲ ਪਾਣੀ ਉਛਾਲ ਰਹੀ ਸੀ ਤਾਂ ਬਾਬੇ ਨੇ ਕਰਤਾਰਪੁਰ ਵੱਲ ਪਾਣੀ ਉਛਾਲ ਕੇ ਸਿਰਫ ਕਰਮਕਾਂਡ ਦੇ ਖੋਖਲੇਪਣ ਨੂੰ ਹੀ ਉਜਾਗਰ ਨਹੀਂ ਕੀਤਾ, ਸਗੋਂ ਧਰਮ ਨੂੰ ਖੋਖਲੀਆਂ ਰਸਮਾਂ ਨਾਲੋਂ ਤੋੜ ਕੇ ਹੱਥੀਂ ਕਿਰਤ ਕਰਨ ਦੇ ਸਿਧਾਂਤ ਨਾਲ ਜੋੜਿਆ। ਰਾਇ ਭੋਇੰ ਦੀ ਤਲਵੰਡੀ (ਨਨਕਾਣਾ ਸਾਹਿਬ) ਤੋਂ ਬਾਅਦ ਸੁਲਤਾਨਪੁਰ ਲੋਧੀ ਵਿਚ ਲੰਬਾ ਸਮਾਂ ਗੁਜ਼ਾਰਿਆ। ਗੁਰੂ ਦੀ ਚਰਨ ਛੋਹ ਪਾ ਕੇ, ਗੁਰੂ ਦੇ ਰੱਬੀ-ਗਿਆਨ ਦੀ ਪ੍ਰਾਪਤੀ ਦਾ ਸਥਾਨ ਬਣ ਕੇ ਵੇਈਂ ਪਾਕਿ- ਪਵਿੱਤਰ ਹੋ ਗਈ।

ਗੁਰੂ ਨਾਨਕ ਨੇ ਨਵੇਂ ਧਰਮ ਲਈ ਨਵੀਂ ਪਿਰਤ ਪਾਈ ਅਤੇ ਕਰਤਾਰਪੁਰ ਨਾਂ ਦਾ ਨਗਰ ਵਸਾਇਆ। ਉਦਾਸੀਆਂ ਪਿਛੋਂ ਪਰਿਵਾਰ ਸਮੇਤ ਇੱਥੇ ਵੱਸ ਗਏ। ਖੇਤੀਬਾੜੀ ਦੀ ਕਿਰਤ ਕਮਾਈ ਸ਼ੁਰੂ ਕਰ ਦਿੱਤੀ। ਜਿੱਥੇ ਸਵੇਰੇ ਸ਼ਾਮ ਸੰਗਤਾਂ ਨਾਮ-ਬਾਣੀ ਦੇ ਕੀਰਤਨ ਦਾ ਅਨੰਦ ਮਾਣਦੀਆਂ ਅਤੇ ਨਾਮ ਜਪਣ ਦੇ ਨਾਲ ਨਾਲ ਹੱਥੀਂ ਸੱਚੀ-ਸੁੱਚੀ ਕਿਰਤ ਕਮਾਈ ਕਰਕੇ ਵੰਡ ਛਕਣ ਦਾ ਵੱਲ ਵੀ ਸਿੱਖਦੀਆਂ। ਜ਼ਿੰਦਗੀ ਦੇ ਆਖਰੀ ਕਰੀਬ ਅਠਾਰਾਂ ਵਰ੍ਹੇ ਗੁਰੂ ਸਾਹਿਬ ਨੇ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਦੇ ਫਲਸਫੇ ਨੂੰ ਅਮਲੀ ਰੂਪ ਦਿੰਦਿਆਂ ਕਰਤਾਰਪੁਰ ਸਾਹਿਬ ਆਪਣੇ ਪਰਿਵਾਰ ਤੇ ਸੰਗਤ ਵਿਚ ਗੁਜ਼ਾਰੇ। ਗੁਰੂ ਨਾਨਕ ਰੱਬ ਨੂੰ ਅਤੇ ਰੱਬ ਦੀ ਕੁਦਰਤਿ ਨੂੰ ਬਹੁਤ ਪਿਆਰ ਕਰਦੇ ਸਨ। ਆਪਣੇ ਜੀਵਨ ਦਰਸ਼ਨ ਨੂੰ ਸਮਝਾਉਣ ਲਈ ਉਨ੍ਹਾਂ ਨੇ ਰੱਬ ਦੀ ਰਚੀ ਕੁਦਰਤਿ ਦੀ ਹਰ ਵੰਨਗੀ ਦਾ ਜ਼ਿਕਰ ਕੀਤਾ ਹੈ; ਰੁੱਤਾਂ, ਬ੍ਰਿਛ ਬੂਟਿਆਂ, ਜੰਗਲਾਂ-ਬੇਲਿਆਂ, ਦਰਿਆਵਾਂ, ਸਾਗਰਾਂ, ਪਸ਼ੂ-ਪੰਛੀਆਂ ਅਤੇ ਹੋਰ ਅਨੇਕਾਂ ਜੀਵ-ਜੰਤੂਆਂ ਦੇ ਹਵਾਲੇ ਬਾਣੀ ਵਿਚ ਮਿਲ ਜਾਂਦੇ ਹਨ।

ਦਰਿਆਵਾਂ ਨਾਲ ਦੋਸਤੀਆਂ ਦੀ ਗੱਲ ਕੀਤੀ ਹੈ, ਜਿਸ ਦਾ ਇਥੇ ਸਿਰਫ ਇਸ਼ਾਰਾ ਹੀ ਕੀਤਾ ਜਾ ਸਕਦਾ ਹੈ। ਇਹ 2019 ਦਾ ਵਰ੍ਹਾ ਅਸੀਂ ਗੁਰੂ ਨਾਨਕ ਸਾਹਿਬ ਦੇ ਇਸ ਧਰਤੀ 'ਤੇ ਪਰਗਟ ਹੋਣ ਦਾ 550ਵਾਂ ਵਰ੍ਹਾ ਕਰਕੇ ਮਨਾ ਰਹੇ ਹਾਂ। ਬਾਬੇ ਦੀ ਚਰਨ ਛੋਹ ਪ੍ਰਾਪਤ ਕਰਕੇ ਪਵਿੱਤਰ ਹੋਈ ਵੇਈਂ ਨਦੀ ਦਾ ਪਾਵਨ ਜਲ ਬਹੁਤ ਤਰ੍ਹਾਂ ਦੇ ਗੰਦੇ ਪਾਣੀਆਂ ਦੀ ਮਿਲਾਵਟ ਨਾਲ ਗੰਧਲਾ ਹੋ ਗਿਆ, ਜਿਸ ਨੂੰ ਸਾਫ ਕਰਨ ਲਈ ਬਾਬਾ ਬਲਵੀਰ ਸਿੰਘ ਸੀਚੇਵਾਲ ਨੇ ਬਹੁਤ ਉਪਰਾਲੇ ਕੀਤੇ ਅਤੇ ਬਹੁਤ ਹੱਦ ਤੱਕ ਸਫਲ ਵੀ ਹੋਏ, ਪਰ ਇਸ ਪਵਿੱਤਰ ਜਲ ਨੂੰ ਸਾਡੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਗੁਰਦੁਆਰਾ ਬੇਰ ਸਾਹਿਬ ਦੇ ਲੰਗਰਾਂ ਤੋਂ ਆਉਂਦਾ ਗੰਦਾ ਪਾਣੀ ਹਾਲੇ ਵੀ ਗੰਧਲਾ ਕਰ ਰਿਹਾ ਹੈ। ਇਸ ਜਲ ਵਿਚ ਸੰਗਤਾਂ ਇਸ਼ਨਾਨ ਵੀ ਕਰਨਗੀਆਂ ਅਤੇ ਜਲ ਦੇ ਚੂਲੇ ਵੀ ਲੈਣਗੀਆਂ। ਬਾਬੇ ਨਾਨਕ ਦੇ ਪ੍ਰਕਾਸ਼ ਪੁਰਬ ਸਮਾਰੋਹ ਮਨਾਉਣ ਲਈ ਇੱਕ ਪਾਸੇ ਪ੍ਰਣ ਕੀਤੇ ਜਾ ਰਹੇ ਨੇ ਕਿ ਦੁਨੀਆਂ ਭਰ ਵਿਚ ਕਿੰਨੀ ਕਿਸਮ ਦੇ ਕਿੰਨੇ ਨਵੇਂ ਬ੍ਰਿਛ-ਬੂਟੇ ਲਾਏ ਜਾਣਗੇ।

ਬੂਟਿਆਂ ਦਾ ਪ੍ਰਸ਼ਾਦ ਵੰਡਿਆ ਜਾ ਰਿਹਾ ਹੈ। ਵਾਤਾਵਰਣ ਨੂੰ ਸਾਫ-ਸੁਥਰਾ ਰੱਖਣ, ਧਰਤੀ ਦੀ ਸੰਭਾਲ, ਪਸ਼ੂ-ਪੰਛੀਆਂ ਦੇ ਰੈਣ-ਬਸੇਰੇ ਅਤੇ ਪਾਣੀਆਂ ਦੇ ਸਰੋਤਾਂ ਦੀ ਪ੍ਰਫੁੱਲਤਾ ਲਈ ਬ੍ਰਿਛ-ਬੂਟੇ ਬਹੁਤ ਵੱਡਾ ਹਿੱਸਾ ਪਾਉਂਦੇ ਹਨ। ਪੰਜਾਬ ਵਿਚ ਸੜਕਾਂ ਦੇ ਵਿਕਾਸ ਦੇ ਨਾਂ 'ਤੇ ਦਰਖਤਾਂ ਦਾ ਖੁਰਾ-ਖੋਜ ਹੀ ਮਿਟਾ ਦਿੱਤਾ ਗਿਆ ਹੈ। ਸਿਤਮਜ਼ਰੀਫੀ ਇਹ ਹੈ ਕਿ ਸੁਲਤਾਨਪੁਰ ਲੋਧੀ ਨੂੰ ਜਾਣ ਵਾਲੀਆਂ ਸਭ ਸੜਕਾਂ ਤੋਂ ਸੁਰੱਖਿਆ ਦੇ ਨਾਂ 'ਤੇ ਜੰਗਲਾਤ ਮਹਿਕਮੇ ਵੱਲੋਂ ਛੰਗਾਈ ਕਰਦਿਆਂ ਦਰਖਤਾਂ ਦਾ ਬੁਰੀ ਤਰ੍ਹਾਂ ਵਢਾਂਗਾ ਕਰ ਦਿੱਤਾ ਗਿਆ ਹੈ। ਜਿਨ੍ਹਾਂ ਦਰਖਤਾਂ ਨੇ ਕਈ ਸਾਲਾਂ ਨੂੰ ਭਰ ਜੋਬਨ 'ਤੇ ਆਉਣਾ ਸੀ, ਉਨ੍ਹਾਂ ਦੇ ਟਾਹਣ ਬੁਰੀ ਤਰ੍ਹਾਂ ਰਗੜ ਦਿੱਤੇ ਗਏ ਹਨ। ਪਵਿੱਤਰ ਵੇਈਂ ਦੇ ਕੰਢਿਆਂ 'ਤੇ ਖੜ੍ਹੇ ਦਰਖਤਾਂ ਦਾ ਵੀ ਕੋਈ ਲਿਹਾਜ ਨਹੀਂ ਕੀਤਾ ਗਿਆ, ਜਿੱਥੇ ਕੋਈ ਸੜਕ ਵੀ ਨਹੀਂ ਜਾਂਦੀ। ਬਾਬਾ ਨਾਨਕ ਨੇ ਹਿੰਦੂਆਂ-ਮੁਸਲਮਾਨਾਂ ਨੂੰ ਇੱਕ ਦੂਜੇ ਨਾਲ ਜੋੜਿਆ, ਊਚ-ਨੀਚ ਦਾ ਭੇਦ-ਭਾਵ ਮਿਟਾ ਕੇ ਚਾਰ ਵਰਣਾਂ ਨੂੰ ਇੱਕ ਵਰਣ ਕਰ ਦਿੱਤਾ, ਗਰੀਬ-ਅਮੀਰ ਦਾ ਪਾੜਾ ਖਤਮ ਕਰਕੇ ਧਰਮ ਨੂੰ ਪੈਰਾਂ ਸਿਰ ਕੀਤਾ, ਜਿਸ ਦਾ ਜ਼ਿਕਰ ਭਾਈ ਗੁਰਦਾਸ ਨੇ ਕੀਤਾ ਹੈ।

ਬਾਬੇ ਨਾਨਕ ਦੇ ਸਿੱਖ ਅੱਜ ਕਿੱਧਰ ਨੂੰ ਜਾ ਰਹੇ ਹਨ? ਅੱਜ ਤੋਂ 30-40 ਸਾਲ ਪਹਿਲਾਂ ਤੱਕ ਪਿੰਡਾਂ-ਥਾਂਵਾਂ ਵਿਚ ਇੱਕ ਹੀ ਗੁਰਦੁਆਰਾ ਹੁੰਦਾ ਸੀ, ਪਰ ਹੁਣ ਕਿਸੇ ਪਿੰਡ-ਮੁਹੱਲੇ, ਸ਼ਹਿਰ, ਦੇਸ-ਵਿਦੇਸ਼ ਵਿਚ ਦੇਖ ਲਵੋ, ਵੱਖ ਵੱਖ ਭਾਈਚਾਰਿਆਂ ਦੇ ਨਾਂ 'ਤੇ ਵੱਖ ਵੱਖ ਗੁਰਦੁਆਰੇ ਬਣੇ ਹੋਏ ਹਨ। 550ਵੇਂ ਗੁਰਪੁਰਬ ਜਸ਼ਨਾਂ ਨੂੰ ਮਨਾਉਣ ਲਈ ਸਟੇਜਾਂ ਵੱਖਰੀਆਂ ਵੱਖਰੀਆਂ ਲਾਈਆਂ ਜਾ ਰਹੀਆਂ ਹਨ, ਜਿਨ੍ਹਾਂ 'ਤੇ ਪੈਸਾ ਤਾਂ ਪਬਲਿਕ ਦਾ ਹੀ ਖਰਚ ਹੋਣਾ ਹੈ, ਪਰ ਆਪਣੀ ਆਪਣੀ ਰਾਜਨੀਤੀ ਚਮਕਾਉਣ ਲਈ ਹੋੜ ਲੱਗੀ ਹੋਈ ਹੈ। ਜੋ ਪੈਸਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖਰਚ ਕਰਨਾ ਹੈ, ਉਹ ਪੈਸਾ ਵੀ ਸੰਗਤ ਦਾ ਹੈ ਅਤੇ ਜੋ ਪੈਸਾ ਪੰਜਾਬ ਸਰਕਾਰ ਨੇ ਖਰਚ ਕਰਨਾ ਹੈ, ਉਹ ਵੀ ਲੋਕਾਂ ਦਾ ਹੈ। ਫਿਰ ਇਹ ਜਸ਼ਨ ਲੋਕ ਭਲਾਈ ਨੂੰ ਮੁੱਖ ਰੱਖ ਕੇ ਸਾਂਝੇ ਤੌਰ 'ਤੇ ਕਿਉਂ ਨਹੀਂ ਮਨਾਏ ਜਾ ਸਕਦੇ? ਇਸ 'ਤੇ ਸਹਿਮਤੀ ਕਾਇਮ ਕੀਤੀ ਜਾ ਸਕਦੀ ਸੀ, ਪਰ ਹੁੰਦੀ ਕਿਵੇਂ? ਕਿਉਂਕਿ ਸਰਕਾਰ ਕਾਂਗਰਸ ਪਾਰਟੀ ਦੀ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਅਕਾਲੀ ਦਲ (ਬਾਦਲ) ਦਾ ਹੈ। ਕਈਆਂ ਦੀ ਦਲੀਲ ਹੈ ਕਿ ਧਾਰਮਿਕ ਸਮਾਰੋਹ ਧਾਰਮਿਕ ਸੰਸਥਾ ਅਰਥਾਤ ਸ਼੍ਰੋਮਣੀ ਪ੍ਰਬੰਧਕ ਕਮੇਟੀ ਵੱਲੋਂ ਹੀ ਹੋਣੇ ਚਾਹੀਦੇ ਹਨ। ਬਿਲਕੁਲ ਦਰੁਸਤ ਹੋ ਸਕਦੀ ਹੈ ਇਹ ਦਲੀਲ, ਪਰ ਕਿਉਂਕਿ ਸਰਕਾਰੀ ਮਹਿਮਾਨ ਵੀ ਆਉਣੇ ਹਨ, ਇਸ ਲਈ ਪ੍ਰਬੰਧਾਂ ਵਿਚ ਸਰਕਾਰ ਨੂੰ ਸ਼ਾਮਲ ਕੀਤਾ ਜਾ ਸਕਦਾ ਸੀ। ਬਾਬਾ ਨਾਨਕ ਤਾਂ ਸਭ ਦਾ ਸਾਂਝਾ ਹੈ।

ਇੱਥੇ ਮੈਨੂੰ 1999 ਦੇ ਖਾਲਸਾ ਸਿਰਜਣਾ ਦਿਹਾੜੇ ਦੀ ਤਿੰਨ ਸੌ ਸਾਲਾ ਜਸ਼ਨਾਂ ਦੀ ਯਾਦ ਆ ਗਈ। ਉਦੋਂ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਸੀ, ਜਿਸ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸਨ। ਉਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਵਰਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਅਕਾਲ ਤਖਤ ਦੇ ਜਥੇਦਾਰ, ਜਿੱਥੋਂ ਤੱਕ ਮੈਨੂੰ ਯਾਦ ਹੈ, ਭਾਈ ਰਣਜੀਤ ਸਿੰਘ ਸਨ। ਜਥੇਦਾਰ ਟੌਹੜਾ ਨੇ ਇਹੀ ਪ੍ਰਸਤਾਵ ਰੱਖਿਆ ਸੀ ਕਿ ਖਾਲਸੇ ਦੀ ਤਿੰਨ ਸੌ ਸਾਲਾ ਸ਼ਤਾਬਦੀ ਇੱਕ ਧਾਰਮਿਕ ਸਮਾਰੋਹ ਹੈ ਅਤੇ ਇਹ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਮਨਾਇਆ ਜਾਣਾ ਚਾਹੀਦਾ ਹੈ। ਜਥੇਦਾਰ ਟੌਹੜਾ ਨੂੰ ਇਹ ਪੱਖ ਲੈਣ ਦਾ ਖਮਿਆਜਾ ਇਹ ਭੁਗਤਣਾ ਪਿਆ ਸੀ ਕਿ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਬਰਖਾਸਤ ਕਰ ਦਿੱਤਾ ਗਿਆ ਅਤੇ ਸ਼ਾਇਦ ਭਾਈ ਰਣਜੀਤ ਸਿੰਘ ਨੂੰ ਵੀ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਤੋਂ ਲਾਂਭੇ ਕਰ ਦਿੱਤਾ ਗਿਆ ਸੀ।

ਸ. ਨਵਜੋਤ ਸਿੰਘ ਸਿੱਧੂ ਦਾ ਜਨਾਬ ਇਮਰਾਨ ਖਾਨ ਦੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣਨ ਦੇ ਜਸ਼ਨਾਂ ਵਿਚ ਸ਼ਾਮਲ ਹੋਣਾ ਦੇਸ਼-ਵਿਦੇਸ਼ ਵਸਦੀਆਂ ਨਾਨਕ ਨਾਮ ਲੇਵਾ ਸੰਗਤਾਂ ਲਈ ਭਾਗਾਂ ਭਰਿਆ ਸੰਦੇਸ਼ ਲੈ ਕੇ ਆਇਆ। ਜਨਾਬ ਇਮਰਾਨ ਖਾਨ ਨੇ ਬਹੁਤ ਫਰਾਖਦਿਲੀ ਦਿਖਾਉਂਦਿਆਂ ਕਰਤਾਰਪੁਰ ਸਾਹਿਬ ਦੇ ਦਰਸ਼ਨ-ਦੀਦਾਰਿਆਂ ਲਈ ਪਾਕਿਸਤਾਨ ਦੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਰਾਹੀਂ ਕਰਤਾਰਪੁਰ ਲਾਂਘਾ ਖੋਲਣ ਦਾ ਸੁਨੇਹਾ ਦਿੱਤਾ ਅਤੇ ਜਨਾਬ ਬਾਜਵਾ ਨੇ ਪੰਜਾਬੀ ਰਿਵਾਜ਼ ਅਨੁਸਾਰ ਜੱਫੀ ਪਾ ਕੇ ਸ. ਸਿੱਧੂ ਨੂੰ ਇਹ ਸੁਨੇਹਾ ਨਸ਼ਰ ਕੀਤਾ ਤਾਂ ਇਸ 'ਤੇ ਬਹੁਤ ਵਾ-ਵੇਲਾ ਖੜ੍ਹਾ ਹੋਇਆ।

ਸਮੇਤ ਬੀਬੀ ਹਰਸਿਮਰਤ ਕੌਰ ਬਾਦਲ ਦੇ ਕਈ ਸੰਤਰੀਆਂ ਮੰਤਰੀਆਂ ਵੱਲੋਂ ਕੀ ਕੁਝ ਨਹੀਂ ਕਿਹਾ ਗਿਆ? ਪਰ ਜਨਾਬ ਇਮਰਾਨ ਖਾਨ ਦੀ ਇਸ ਪੇਸ਼ਕਸ਼ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨੇ ਮਨਜ਼ੂਰ ਕਰ ਲਿਆ ਅਤੇ ਦੋਹਾਂ ਮੁਲਕਾਂ ਦੀ ਸਹਿਮਤੀ ਨਾਲ ਹੁਣ ਸੰਗਤਾਂ ਲਈ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਉਦਘਾਟਨ 9 ਨਵੰਬਰ ਨੂੰ ਹੋ ਰਿਹਾ ਹੈ। ਕੋਈ ਸ. ਨਵਜੋਤ ਸਿੰਘ ਸਿੱਧੂ ਦਾ ਨਾਂ ਪਹਿਲੇ ਜਾਣ ਵਾਲੇ ਜਥੇ ਵਿਚ ਪਾਵੇ ਭਾਵੇਂ ਨਾ ਪਾਵੇ, ਕੋਈ ਸਿਹਰਾ ਦੇਵੇ, ਨਾ ਦੇਵੇ ਪਰ ਗੁਰੂ ਤਾਂ ਜਾਣੀ ਜਾਣ ਹਨ। ਕਰਤਾਰਪੁਰ ਲਾਂਘਾ ਖੁੱਲ੍ਹਣ ਦਾ ਸਿਹਰਾ ਜਿੱਥੇ ਦੋ ਖਿਲਾੜੀਆਂ ਦੀ ਸਪੋਰਟਸਮੈਨਸ਼ਿਪ ਨੂੰ ਜਾਂਦਾ ਹੈ, ਉਥੇ ਸਵਰਗੀ ਜਥੇਦਾਰ ਵਡਾਲਾ ਵੱਲੋਂ ਲਗਾਤਾਰ ਕੀਤੀ ਜਾਂਦੀ ਅਰਦਾਸ ਵੀ ਸਫਲ ਹੋਈ ਹੈ। ਸਿੱਖ ਮਨਾਂ ਵਿਚ ਇਨ੍ਹਾਂ ਦੋ ਵਿਅਕਤੀਆਂ ਦਾ ਬਹੁਤ ਸਤਿਕਾਰ ਅਤੇ ਪਿਆਰ ਬਣਿਆ ਹੈ, ਜਿਸ ਨੂੰ ਕੋਈ ਵੀ ਮਿਟਾ ਨਹੀਂ ਸਕਦਾ।

20 ਡਾਲਰ ਦੀ ਐਂਟਰੀ ਫੀਸ, ਜੋ ਜਨਾਬ ਇਮਰਾਨ ਖਾਨ ਨੇ ਦੋ ਖਾਸ ਦਿਹਾੜਿਆਂ-ਉਦਘਾਟਨ ਅਤੇ ਬਾਬਾ ਜੀ ਦੇ ਜਨਮ ਦਿਨ ਲਈ ਮੁਆਫ ਕਰ ਦਿੱਤੀ ਹੈ, 'ਤੇ ਬਹੁਤ ਵਾ-ਵੇਲਾ ਮਚਾਇਆ ਗਿਆ। ਪੰਜਾਬ ਤੋਂ ਇੱਕੋ ਇੱਕ ਕੇਂਦਰੀ ਮੰਤਰੀ ਬੀਬੀ ਬਾਦਲ ਨੇ ਇਸ 'ਤੇ ਬਹੁਤ ਰੌਲਾ ਪਾਇਆ, ਪੰਜਾਬ ਦੇ ਮੁੱਖ ਮੰਤਰੀ ਤੇ ਇੱਕ ਹੋਰ ਕਾਂਗਰਸੀ ਨੇਤਾ ਨੇ ਇਸ ਨੂੰ 'ਜਜੀਆ' ਤੱਕ ਕਿਹਾ ਜਦ ਕਿ 'ਜਜੀਏ' ਦਾ ਅਰਥ ਬਿਲਕੁਲ ਵੱਖ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਨੇ ਇਸ ਨੂੰ ਪਾਕਿਸਤਾਨ ਵੱਲੋਂ 'ਵਪਾਰੀਕਰਨ' ਤੱਕ ਕਿਹਾ। ਭਾਰਤ ਤੋਂ ਜੇ ਕੋਈ ਮਾਨਸਰੋਵਰ ਦੀ ਯਾਤਰਾ ਲਈ ਜਾਵੇ ਤਾਂ ਉਸ ਨੂੰ ਚੀਨ ਨੂੰ ਕਰੀਬ 800 ਅਮਰੀਕੀ ਡਾਲਰ ਐਂਟਰੀ ਫੀਸ ਦੇਣੀ ਪੈਂਦੀ ਹੈ। ਸੁਣਨ ਵਿਚ ਇਹ ਵੀ ਆਇਆ ਹੈ ਕਿ ਦਰਬਾਰ ਸਾਹਿਬ, ਅੰਮ੍ਰਿਤਸਰ ਕਮਰਾ ਬੁੱਕ ਕਰਾਉਣਾ ਹੋਵੇ ਤਾਂ ਉਸ ਦਾ ਕਿਰਾਇਆ ਸ਼੍ਰੋਮਣੀ ਕਮੇਟੀ ਨੇ ਗਿਆਰਾਂ ਸੌ ਰੁਪਏ ਰੱਖਿਆ ਹੋਇਆ ਹੈ। ਜੇ ਅੰਮ੍ਰਿਤਸਰ ਤੋਂ ਦਿੱਲੀ ਤੱਕ ਜਾਈਏ ਤਾਂ ਕਰੀਬ ਪੰਦਰਾਂ ਸੌ ਰੁਪਏ ਟੌਲ ਟੈਕਸ ਦੇਣਾ ਪੈਂਦਾ ਹੈ। ਇਹ ਸੜਕਾਂ ਦੀ ਸੰਭਾਲ ਲਈ ਲਿਆ ਜਾਂਦਾ ਹੈ, ਜਦ ਕਿ ਸੜਕਾਂ ਦਾ ਏਨਾ ਬੁਰਾ ਹਾਲ ਹੈ ਕਿ ਰੋਜ਼ ਟੋਇਆਂ ਕਾਰਨ ਹਾਦਸੇ ਵਾਪਰਦੇ ਹਨ, ਲੋਕਾਂ ਦੀਆਂ ਜਾਨਾਂ ਜਾਂਦੀਆਂ ਹਨ। ਇਹ ਟੌਲ ਟੈਕਸ ਬਾਦਲ ਸਰਕਾਰ ਵੇਲੇ ਤੋਂ ਹੀ ਲੱਗੇ ਹੋਏ ਹਨ। ਕਰਤਾਰਪੁਰ ਸਾਹਿਬ ਵਿਖੇ ਕਰੋੜਾਂ ਰੁਪਏ ਦਾ ਖਰਚਾ ਪਾਕਿਸਤਾਨ ਸਰਕਾਰ ਨੇ ਕੀਤਾ ਹੈ ਅਤੇ ਅੱਗੋਂ ਸੰਭਾਲ ਵੀ ਕਰਨੀ ਹੈ। ਬੀਬੀ ਹਰਸਿਮਰਤ ਕੌਰ ਦਾ ਇੱਕ ਬਿਆਨ ਆਇਆ ਸੀ ਕਿ ਇਹ ਐਂਟਰੀ ਫੀਸ ਪੰਜਾਬ ਸਰਕਾਰ ਦੇਵੇ ਜਿਵੇਂ ਬਾਦਲ ਸਾਹਿਬ ਦੇ ਸਮੇਂ ਸੰਗਤਾਂ ਨੂੰ ਮੁਫਤ ਤੀਰਥ ਯਾਤਰਾ ਕਰਾਈ ਗਈ ਸੀ। ਬੀਬੀ ਬਾਦਲ ਨੂੰ ਕੋਈ ਸਮਝਾਵੇ ਕਿ ਮੁਫਤ ਤੀਰਥ ਯਾਤਰਾ ਕਰਾਉਣੀ ਸਰਕਾਰਾਂ ਦਾ ਕੰਮ ਨਹੀਂ ਹੁੰਦਾ। ਸਰਕਾਰਾਂ ਦਾ ਕੰਮ ਹੈ, ਲੋਕਾਂ ਨੂੰ ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਵੇ, ਨੌਜੁਆਨਾਂ ਲਈ ਰੁਜ਼ਗਾਰ ਪੈਦਾ ਕਰੇ, ਨਸ਼ਾ ਤਸਕਰਾਂ ਨੂੰ ਨੱਥ ਪਾਵੇ, ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਵੇ। ਜੇ ਮੁਫਤ ਤੀਰਥ ਯਾਤਰਾ ਦੀ ਥਾਂ ਇਹ ਸਾਰਾ ਕੁਝ ਬਾਦਲਾਂ ਦੇ 10 ਸਾਲਾਂ ਦੇ ਰਾਜ ਵਿਚ ਹੋਇਆ ਹੁੰਦਾ ਤਾਂ ਲੋਕਾਂ ਦੇ ਮੂੰਹੋਂ ਨਾ ਲੱਥੇ ਹੁੰਦੇ। ਵਾਹਿਗੁਰੂ ਕਰੇ ਜਨਾਬ ਇਮਰਾਨ ਖਾਨ ਅਤੇ ਸ. ਨਵਜੋਤ ਸਿੰਘ ਸਿੱਧੂ ਦੀ ਦੋਸਤੀ ਜਰੀਏ ਖੁੱਲ੍ਹਿਆ ਕਰਤਾਰਪੁਰ ਦਾ ਲਾਂਘਾ ਦੋਹਾਂ ਮੁਲਕਾਂ ਵਿਚ ਅਮਨ-ਚੈਨ ਸਥਾਪਤ ਕਰਨ ਦਾ ਸਬੱਬ ਬਣੇ, ਦੋਹਾਂ ਮੁਲਕਾਂ ਦੇ ਆਵਾਮ ਨੂੰ ਚੈਨ ਦਾ ਸਾਹ ਆਵੇ, ਖਾਸ ਕਰਕੇ ਦੋਹਾਂ ਪੰਜਾਬਾਂ ਨੂੰ, ਜੋ ਜੰਗ ਦੇ ਸਾਏ ਹੇਠ ਵਾਰ ਵਾਰ ਉਜੜਦੇ ਤੇ ਵਸਦੇ ਹਨ। ਇਹ ਦੋਹਾਂ ਪੰਜਾਬਾਂ ਦੀ ਬਦਕਿਸਮਤੀ ਹੈ ਕਿ ਜੰਗ ਵੇਲੇ ਉਜਾੜਾ ਇਨ੍ਹਾਂ ਨੂੰ ਹੀ ਝੱਲਣਾ ਪੈਂਦਾ ਹੈ।

## ਗੁਰਪੁਰਬ

550 ਸਾਲਾ ਅਸੀਂ ਪੁਰਬ ਮਨਾਉਣ ਲੱਗੇ
ਦੋਨੋਂ ਪਾਸਿਓਂ ਤਿਆਰੀਆਂ ਭਾਰੀਆਂ ਨੇ।
ਗੱਲ ਗੁਰੂ ਦੀ ਕਰਨ ਲਈ ਹੋਣਾ 'ਕੱਠੇ




ਚੜ੍ਹ ਜਾਣੀਆਂ ਨਾਮ ਖੁਮਾਰੀਆਂ ਨੇ।

ਪਾਕਿਸਤਾਨ ਨੇ ਕੀਤੀ ਹੈ ਬਹੁਤ ਹਿੰਮਤ
ਲਾਂਘਾ ਕਰਤਾਰਪੁਰ ਵਾਲਾ ਜੋ ਖੋਲ੍ਹਿਆ ਏ।
ਸਾਡੇ ਲੀਡਰਾਂ ਕੀਤੀ ਏ ਘਟੀਆ ਸਿਆਸਤ
ਸਿੱਧੂ ਖਿਲਾਫ ਜੋ ਹਰ ਕੋਈ ਬੋਲਿਆ ਏ।

ਕਰੋੜਾਂ ਖਰਚ, ਪੰਡਾਲ ਸਜਾਉਣ ਦਾ ਕੀ ਫਾਇਦਾ
ਗੱਲ ਗੁਰੂ ਦੀ ਅਸਾਂ ਜੇ ਮੰਨਣੀ ਨਹੀਂ।
ਅਤਿਸ਼ਬਾਜ਼ੀ 'ਤੇ ਨਾਨਕ ਨੇ ਖੁਸ਼ ਨਹੀਂਓਂ ਹੋਣਾ
ਜੇ ਭਾਈ ਲਾਲੋ ਦੀ ਮਿੱਸੀ ਉਥੇ ਚੱਲਣੀ ਨਹੀਂ।

ਕੁਝ ਲੀਡਰਾਂ ਦੇਣੀਆਂ ਤਕਰੀਰਾਂ ਹੁੱਬ ਹੁੱਬ ਕੇ
ਸੰਗਤਾਂ ਲੰਗਰ ਛਕ-ਛਕਾ ਕੇ ਮੁੜ ਆਉਣਾ।
ਬਾਬੇ ਆਖਿਆ ਸੀ, ਕਰਨਾ ਕੀ ਜ਼ਿੰਦਗੀ ਵਿਚ
ਉਸ ਹੁਕਮ ਨੂੰ ਅਸਾਂ ਨਦੀ ਵਿਚ ਰੋਹੜ ਆਉਣਾ।

ਨਗਰ ਕੀਰਤਨਾਂ 'ਤੇ ਲਾਇਆ ਅਸਾਂ ਜ਼ੋਰ ਬਹੁਤਾ
ਘਟੀ ਸ਼ਰਧਾ ਤੇ ਵਿਖਾਵਾ ਵੱਧ ਗਿਆ ਏ।
ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੁੰਦੀ ਥਾਂ ਥਾਂ
ਮੰਨੇ ਸਰਕਾਰ ਜੇ ਦੋਸ਼ੀ ਕੋਈ ਫੜ ਲਿਆ ਏ।

ਏਸੇ ਤਰ੍ਹਾਂ ਮਨਾਵਾਂਗੇ ਹੁੱਭ ਕੇ 600 ਸਾਲਾ
ਪਰ ਗੱਲ ਗੁਰਾਂ ਦੀ ਅਸਾਂ ਨੇ ਮੰਨਣੀ ਨਹੀਂ।
ਮਾਰ ਲੈ ਟਾਹਰਾਂ ਤੂੰ ਜਿੰਨੀਆਂ ਮਾਰ ਸਕਦੈਂ
ਰੀਤ ਪੁੱਠੀ 'ਲਖਵਿੰਦਰਾ' ਕਿਸੇ ਭੰਨਣੀ ਨਹੀਂ।

*-ਲਖਵਿੰਦਰ ਸਿੰਘ ਬੱਗਾ, ਡੇਅਟਨ*

# ਕਿੱਥੇ ਹੈ ਨਵਾਬ ਦੌਲਤ ਖਾਨ ਲੋਧੀ ਦੀ ਖਵਾਬਗਾਹ?

**ਇਤਿਹਾਸ**

ਸੁਲਤਾਨਪੁਰ ਲੋਧੀ ਦੇ ਪੁਨਰ ਜਨਮ ਅਤੇ ਪੁਨਰ ਸਿਰਜਣਾ ਵਿਚ ਨਵਾਬ ਦੌਲਤ ਖਾਨ ਲੋਧੀ ਦਾ ਬਹੁਤ ਵੱਡਾ ਯੋਗਦਾਨ ਹੈ। ਤਮਸਵਨ ਦੇ ਨਾਂ ਥੱਲੇ ਵੱਸਿਆ ਬੋਧੀ ਧਰਮ ਦਾ ਅਹਿਮ ਕੇਂਦਰ ਹੋਣ ਦੀ ਸਜ਼ਾ ਪਾਉਣ ਪਿਛੋਂ ਇਹ ਅਹਿਮ ਸ਼ਹਿਰ ਇੱਕ ਵਾਰੀ ਤਾਂ ਪੂਰੀ ਤਰ੍ਹਾਂ ਉਜੜ-ਪੁੱਜੜ ਗਿਆ ਸੀ, ਪਰ ਪੁਰਾਤਨ ਖੰਡਰਾਂ 'ਤੇ ਭਾਵੇਂ ਮਹਿਮੂਦ ਗਜ਼ਨਵੀ ਦੇ ਇੱਕ ਫੌਜਦਾਰ ਸੁਲਤਾਨ ਖਾਨ ਨੇ ਇਸ ਨੂੰ ਮੁੜ ਵਸਾਇਆ ਹੋਵੇ ਜਾਂ ਕਿਸੇ ਸੁਲਤਾਨ ਲੋਧੀ ਨੇ, ਇਸ ਨੂੰ ਕਮਾਲ ਦੀ ਪ੍ਰਸਿੱਧੀ ਤੱਕ ਪਹੁੰਚਾਉਣ ਵਾਲਾ ਤਾਂ ਨਵਾਬ ਦੌਲਤ ਖਾਨ ਲੋਧੀ ਹੀ ਸੀ। ਇਹ ਸਮਾਂ 1470-75 ਈਸਵੀ ਦੇ ਕਰੀਬ ਦਾ ਹੋ ਸਕਦਾ ਹੈ, ਜਦੋਂ ਦੌਲਤ ਖਾਨ ਲੋਧੀ ਨੇ ਸੁਲਤਾਨਪੁਰ ਲੋਧੀ ਨੂੰ ਆਪਣਾ ਦੌਲਤਖਾਨਾ

**ਡਾ. ਆਸਾ ਸਿੰਘ ਘੁੰਮਣ**
**ਨਡਾਲਾ (ਕਪੂਰਥਲਾ)**
**ਫੋਨ: 91-97798-53245**

ਬਣਾ ਲਿਆ। ਕਈ ਇਤਿਹਾਸਕਾਰ ਮੰਨਦੇ ਹਨ ਕਿ ਲੋਧੀ ਸਲਤਨਤ ਦੇ ਸਮੇਂ ਪੰਜਾਬ ਛੇ ਇਕਾਈਆਂ-ਮੁਲਤਾਨ, ਦਿਪਾਲਪੁਰ, ਲਾਹੌਰ, ਜਲੰਧਰ, ਸਰਹਿੰਦ ਅਤੇ ਸਮਾਣਾ ਵਿਚ ਵੰਡਿਆ ਹੋਇਆ ਸੀ। ਇਨ੍ਹਾਂ ਦਾ ਆਪਣਾ ਆਪਣਾ ਹਾਕਮ/ਗਵਰਨਰ ਸੀ। ਨਵਾਬ ਦੌਲਤ ਖਾਨ ਲੋਧੀ ਜਲੰਧਰ-ਦੁਆਬ ਦਾ ਗਵਰਨਰ ਸੀ ਤੇ ਉਸ ਨੇ ਸੁਲਤਾਨਪੁਰ ਲੋਧੀ ਨੂੰ ਸਦਰੇ-ਮੁਕਾਮ ਬਣਾਇਆ ਹੋਇਆ ਸੀ ਅਤੇ ਉਸ ਦਾ ਦੌਲਤਖਾਨਾ ਵੀ ਇਥੇ ਹੀ ਸੀ। ਪਿੱਛੋਂ ਦੌਲਤ ਖਾਨ ਲੋਧੀ ਪੇਸ਼ਾਵਰ ਦੇ ਪਰਬਤੀ ਇਲਾਕੇ ਦੇ ਇੱਕ ਸ਼ਕਤੀਸ਼ਾਲੀ ਕਬੀਲੇ 'ਰੋਹ' ਨਾਲ ਸਬੰਧਿਤ ਸੀ।

ਕੁਝ ਇਤਿਹਾਸਕਾਰਾਂ ਅਨੁਸਾਰ ਨਵਾਬ ਦੌਲਤ ਖਾਨ ਲੋਧੀ ਦਾ ਪਿਤਾ ਤਾਤਾਰ ਖਾਨ ਯੂਸਫ ਖਲੀਲ ਲਾਹੌਰ ਦਾ ਹਾਕਮ ਸੀ ਅਤੇ ਉਸ ਨੇ ਆਪਣੇ ਪੁੱਤਰ ਦੌਲਤ ਖਾਨ ਨੂੰ ਸੁਲਤਾਨਪੁਰ ਇੱਕ ਜਗੀਰ ਵਜੋਂ ਦਿੱਤੀ ਹੋਈ ਸੀ। ਕੁਝ ਵੀ ਹੋਵੇ, ਪਰ ਇਹ ਦੌਲਤ ਖਾਨ ਲੋਧੀ ਸੀ ਬੜਾ ਚੇਤੰਨ ਵਿਅਕਤੀ ਅਤੇ ਚੰਗੇ ਸੁਹਜ ਸੁਆਦ ਦਾ ਮਾਲਕ। ਉਸ ਨੇ ਆਪਣੇ ਆਲੇ-ਦੁਆਲੇ ਦੀਆਂ ਪ੍ਰਸ਼ਾਸਨਕ ਇਕਾਈਆਂ ਨਾਲ ਆਪਣੀ ਵਪਾਰਕ ਸਾਂਝ ਕਾਇਮ ਕੀਤੀ।

ਸ਼ਾਹ ਮਾਰਗ 'ਤੇ ਹੋਣ ਕਰਕੇ ਸੁਲਤਾਨਪੁਰ ਲੋਧੀ ਛੇਤੀ ਹੀ ਮੁੜ ਤਰੱਕੀ ਦੇ ਰਾਹ ਪੈ ਗਿਆ। ਦੂਰੋਂ ਦੂਰੋਂ ਇੱਥੇ ਦਸਤਕਾਰੀ ਦੇ ਕਾਰੀਗਰ ਲੋਕ ਧਨ-ਦੌਲਤ ਕਮਾਉਣ ਆਉਂਦੇ ਤੇ ਬਹੁਤੀ ਵਾਰੀ ਇੱਥੇ ਹੀ ਟਿਕ ਜਾਂਦੇ। ਦੌਲਤ ਖਾਨ ਨੇ ਸ਼ਹਿਰ ਦੀ ਕਿਲਾ ਬੰਦੀ ਕਰਕੇ ਇਸ ਦਾ ਸੁਰੱਖਿਆ ਢਾਂਚਾ ਮਜ਼ਬੂਤ ਕਰ ਲਿਆ ਅਤੇ ਇਸ ਦੇ ਬਾਹਰਲੇ ਪਾਸੇ ਬਾਗ-ਬਗੀਚੇ ਵਿਕਸਿਤ ਕੀਤੇ। ਜਰਖੇਜ਼ ਇਲਾਕਾ ਸੀ ਅਤੇ ਵੇਈਂ ਦਾ ਕੰਢਾ ਤੇ ਦਰਿਆ ਦੇ ਨੇੜੇ ਹੋਣ ਕਰਕੇ ਇਹ 'ਬਲਿਹਾਰੀ ਕੁਦਰਤ ਵਸਿਆ' ਦਾ ਨਮੂਨਾ ਬਣਨ ਲੱਗਾ।

ਦੌਲਤ ਖਾਨ ਨੇ ਇਥੇ ਇਸਲਾਮਿਕ ਅਤੇ ਵਿਹਾਰਕ ਤਾਲੀਮ ਦੇ ਵਿਦਿਆਲੇ ਤੇ ਮਦਰੱਸੇ ਖੋਲ੍ਹਣ ਅਤੇ ਪ੍ਰਫੁਲਿਤ ਕਰਨ ਹਿੱਤ ਵੀ ਹੱਲਾਸ਼ੇਰੀ ਦਿੱਤੀ। ਨਵਾਬ ਦੌਲਤ ਖਾਨ ਜਿੱਥੇ ਇੱਕ ਕਾਬਲ ਪ੍ਰਸ਼ਾਸਕ ਸੀ, ਉਥੇ ਉਹ ਸ਼ਕਤੀਸ਼ਾਲੀ ਅਤੇ ਸਖਤ ਪ੍ਰਬੰਧਕ ਵੀ ਸੀ। ਉਹ ਸੀ ਭਾਵੇਂ ਦਿੱਲੀ ਸਲਤਨਤ ਦੇ ਅਧੀਨ, ਪਰ ਉਹ ਪੂਰਨ ਆਤਮ-ਨਿਰਭਰ ਹੋ ਕੇ ਚੱਲਦਾ ਸੀ। ਉਹ ਆਪਣੇ ਅਧੀਨ ਆਉਂਦੇ ਪਿੰਡਾਂ-ਕਸਬਿਆਂ ਵਿਚੋਂ ਮਾਲੀਆ ਇਕੱਠਾ ਕਰਨ ਵਿਚ ਰਤਾ ਲਾਪਰਵਾਹੀ ਨਹੀਂ ਸੀ ਹੋਣ ਦਿੰਦਾ। ਇਹੀ ਵਜ੍ਹਾ ਹੈ ਕਿ ਉਸ ਦਾ ਮੋਦੀਖਾਨਾ ਐਡਾ ਵੱਡਾ ਸੀ ਕਿ ਉਸ ਦਾ ਇੰਤਜ਼ਾਮ ਆਮ ਆਦਮੀ ਨਹੀਂ ਸੀ ਕਰ ਸਕਦਾ।

ਗੁਰੂ ਨਾਨਕ ਦੇਵ ਜੀ ਦਾ ਪਿੰਡ ਰਾਇ ਭੋਇੰ ਤਲਵੰਡੀ ਵੀ ਮਾਲੀਆ ਉਗਰਾਹੁਣ ਪੱਖੋਂ ਸੁਲਤਾਨਪੁਰ ਲੋਧੀ ਦੇ ਅਧੀਨ ਹੀ ਸੀ। ਜੈ ਰਾਮ ਉਪਲ ਨਵਾਬ ਦੌਲਤ ਖਾਨ ਦਾ ਖਾਸ ਅਹੁਦੇਦਾਰ ਸੀ, ਜੋ ਅਕਸਰ ਰਾਏ ਬੁਲਾਰ ਅਤੇ ਕਲਿਆਣ ਰਾਏ ਕੋਲ ਬਣਦਾ ਮਾਲੀਆ ਆਦਿ ਵਸੂਲਣ ਲਈ ਤਲਵੰਡੀ ਜਾਂਦਾ-ਆਉਂਦਾ ਰਹਿੰਦਾ ਸੀ। ਰਾਏ ਬੁਲਾਰ ਨੂੰ ਜੈ ਰਾਮ ਚੰਗੀ ਸੂਰਤ-ਸੀਰਤ ਵਾਲਾ ਸ਼ਖਸ ਲੱਗਾ ਤੇ ਉਸ ਨੇ ਮਹਿਤਾ ਕਾਲੂ ਨੂੰ ਇਸ ਰਿਸ਼ਤੇ ਦੀ ਸਲਾਹ ਦਿੱਤੀ।

ਸਮਾਂ ਪਾ ਕੇ ਹੋ ਸਕਦੈ ਉਸ ਨੇ ਹੀ ਗੁਰੂ ਨਾਨਕ ਦੇਵ ਜੀ ਵਰਗੀ ਰੱਬੀ ਰਮਜ਼ਾਂ ਵਿਚ ਖੁੱਭੀ ਰਹਿੰਦੀ ਸ਼ਖਸੀਅਤ ਨੂੰ ਲੋੜ ਤੋਂ ਵੱਧ ਦੁਨਿਆਵੀ ਪਿਤਾ ਦੇ ਸਾਏ ਤੋਂ ਦੂਰ ਕਰਨ ਲਈ ਜੈ ਰਾਮ ਉਪਲ ਨੂੰ ਗੁਰੂ ਜੀ ਨੂੰ ਸੁਲਤਾਨਪੁਰ ਲੋਧੀ ਲੈ ਜਾਣ ਦੀ ਸਲਾਹ ਦਿੱਤੀ ਹੋਵੇ।

ਜਦੋਂ ਜੈ ਰਾਮ ਨੇ ਉਨ੍ਹਾਂ ਨੂੰ ਨਵਾਬ ਨਾਲ ਮਿਲਾਇਆ ਤਾਂ ਨਵਾਬ ਨੂੰ ਗੁਰੂ ਜੀ ਦੀ ਸ਼ਖਸੀਅਤ ਨੇ ਵਾਹਵਾ ਪ੍ਰਭਾਵਤ ਕੀਤਾ ਅਤੇ ਉਸ ਨੇ ਗੁਰੂ ਨਾਨਕ ਨੂੰ ਉਨ੍ਹਾਂ ਦੀ ਵਿਦਵਤਾ ਅਤੇ ਸ਼ਖਸੀਅਤ ਮੁਤਾਬਕ ਮੋਦੀਖਾਨੇ ਦੀ ਜਿੰਮੇਵਾਰੀ ਦੇ ਦਿੱਤੀ। ਗੁਰੂ ਜੀ ਸੁਲਤਾਨਪੁਰ ਲੋਧੀ ਕਿਸ ਉਮਰ ਵਿਚ ਆਏ ਅਤੇ ਇਥੇ ਕਿੰਨੇ ਸਾਲ ਰਹੇ, ਪੱਕੇ ਤੌਰ 'ਤੇ ਕੁਝ ਵੀ ਨਹੀਂ ਕਿਹਾ ਜਾ ਸਕਦਾ। ਹਾਂ, ਇਹੀ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਉਹ ਆਪਣੇ ਪਰਿਵਾਰ ਸਮੇਤ ਇਥੇ ਲੰਬਾ ਸਮਾਂ ਰਹੇ। ਭਾਈ ਮਰਦਾਨਾ ਵੀ ਆਉਂਦਾ-ਜਾਂਦਾ ਰਹਿੰਦਾ ਤੇ ਆਪਣੀ ਬੇਟੀ ਦੀ ਸ਼ਾਦੀ ਤੋਂ ਬਾਅਦ ਗੁਰੂ ਜੀ ਨੇ ਉਸ ਨੂੰ ਵੀ ਨਵਾਬ ਕੋਲ ਨੌਕਰੀ ਦੁਆ ਦਿੱਤੀ।

ਹੁਣ ਸਾਰੇ ਖੁਸ਼ ਸਨ-ਰਾਏ ਬੁਲਾਰ ਵੀ, ਮਹਿਤਾ ਕਾਲੂ ਵੀ, ਸੁਲੱਖਣੀ ਤੇ ਬੱਚੇ ਵੀ ਅਤੇ



*ਨਵਾਬ ਦੌਲਤ ਖਾਨ ਲੋਧੀ*

***ਉਂਜ ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਨਵਾਬ ਦੌਲਤ ਖਾਨ ਲੋਧੀ ਕਈ ਪੱਖਾਂ ਤੋਂ ਭਲਾ ਬੰਦਾ ਸੀ। ਬਾਬਰਨਾਮੇ ਅਨੁਸਾਰ ਬਾਬਰ ਵੀ ਉਸ ਨੂੰ 'ਅੱਬਾ' ਕਹਿ ਕੇ ਬੁਲਾਉਂਦਾ ਸੀ। ਪਹਿਲੇ ਹਮਲੇ ਪਿਛੋਂ ਬਾਬਰ ਦੇ ਖਿਲਾਫ ਅਪਨਾਈ ਗਈ ਨੀਤੀ ਸਦਕਾ ਉਸ ਨੂੰ ਰਾਜਨੀਤਕ ਇਤਿਹਾਸ ਵਿਚ ਜ਼ਿੱਲਤ ਜ਼ਰੂਰ ਸਹਿਣੀ ਪਈ, ਪਰ ਅਖੀਰ ਵਿਚ ਜਦੋਂ ਉਹ ਕਿਲਾ ਮਲੋਟ ਤੋਂ ਫੜਿਆ ਗਿਆ, ਉਸ ਨੇ ਯੋਧਿਆਂ ਵਾਂਗ ਦੋ ਤਲਵਾਰਾਂ ਪਹਿਨ ਰੱਖੀਆਂ ਸਨ। ਬਾਬਰ ਆਖਰੀ ਸਮੇਂ ਉਸ ਦਾ ਸਿਰ ਕਲਮ ਕਰਨ ਦਾ ਹੁਕਮ ਵੀ ਦੇ ਸਕਦਾ ਸੀ, ਪਰ ਉਸ ਨੇ ਉਸ ਨੂੰ ਫਿਰ ਮੁਆਫ ਕਰ ਦਿੱਤਾ।***

ਭਾਈਆ ਜੈ ਰਾਮ ਤੇ ਭੈਣ ਨਾਨਕੀ ਵੀ; ਪਰ ਗੁਰੂ ਨਾਨਕ ਦੇਵ ਧੁਰ-ਅੰਦਰੋਂ ਕਿਸੇ ਹੋਰ ਪ੍ਰਯੋਜਨ ਬਾਰੇ ਗਹਿਰੀ ਸੋਚ ਵਿਚ ਪਏ ਰਹਿੰਦੇ। ਰੋਜ਼ ਸਵੇਰੇ ਸਾਜਰੇ ਉਠਦੇ, ਪਰਮਾਤਮਾ ਦਾ ਚਿੰਤਨ ਕਰਦੇ, ਵੇਈਂ 'ਤੇ ਇਸ਼ਨਾਨ ਕਰਦੇ ਅਤੇ ਆਪਣੇ ਕੰਮ ਵਿਚ ਰੁੱਝ ਜਾਂਦੇ। ਰਾਤ ਨੂੰ ਦੇਰ ਗਈ ਤੱਕ ਕੀਰਤਨ ਅਤੇ ਅਧਿਆਤਮਕ ਵਿਚਾਰਾਂ ਹੁੰਦੀਆਂ ਰਹਿੰਦੀਆਂ। ਸੁਲਤਾਨਪੁਰ ਵਿਚ ਉਸ ਸਮੇਂ ਗੁੱਝੀਆਂ ਰਮਜ਼ਾਂ ਪਾਉਣ ਵਾਲੇ ਅਤੇ ਸਮਝਣ ਵਾਲੇ ਸਾਧ ਵੀ ਵੇਈਂ ਦੇ ਕੰਢੇ ਡੇਰੇ ਲਾਈ ਬੈਠੇ ਸਨ। ਇਸਲਾਮਿਕ ਸਿੱਖਿਆ ਦਾ ਕੇਂਦਰ ਹੋਣ ਕਰਕੇ ਇੱਥੇ ਪਰਮਾਰਥ ਦੀਆਂ ਬਾਤਾਂ ਪਾਉਣ ਵਾਲੇ ਉਲੇਮਾ ਅਤੇ ਪ੍ਰਬੁੱਧ ਵੀ ਆਉਂਦੇ ਰਹਿੰਦੇ।

ਗੁਰੂ ਜੀ ਨੂੰ ਆਪਣੇ ਭਵਿੱਖ ਦੇ ਰਸਤੇ ਬਾਰੇ ਕੁਝ ਕੁਝ ਚਾਨਣਾ ਹੋਣ ਲੱਗਾ ਸੀ। ਫਿਰ ਅਚਾਨਕ ਇੱਕ ਦਿਨ ਵੇਈਂ ਵਿਚ ਪ੍ਰਵੇਸ਼ ਕਰਨ ਉਪਰੰਤ ਉਨ੍ਹਾਂ ਨੂੰ ਐਸਾ ਅਨੁਭਵ ਹੋਇਆ ਕਿ ਤਿੰਨ ਦਿਨ ਅਗਿਆਤਵਾਸ ਹੋ ਕੇ ਆਤਮ ਚਿੰਤਨ ਕਰਦੇ ਰਹੇ। ਇਸ ਪ੍ਰਕ੍ਰਿਆ ਵਿਚੋਂ ਨਿਕਲਣ ਪਿਛੋਂ ਉਨ੍ਹਾਂ ਉਚਾਰਿਆ 'ਏਕੋ ਸਿਮਰੋ ਨਾਨਕਾ, ਦੂਜਾ ਨਾਹੀਂ ਕੋਇ' ਅਤੇ 'ਨ ਕੋ ਹਿੰਦੂ, ਨ ਮੁਸਲਮਾਨ।'

ਅੱਜ ਆਜ਼ਾਦ ਭਾਰਤ 'ਚ ਸ਼ਾਇਦ ਇਹ ਪ੍ਰਵਚਨ ਏਨੇ ਇਨਕਲਾਬੀ ਨਾ ਲੱਗਣ, ਪਰ ਅਫਗਾਨੀ-ਮੁਸਲਮਾਨੀ-ਮੁਗਲ ਰਾਜ ਵਿਚ ਇਹ ਬਹੁਤ ਵੱਡੀ ਗੱਲ ਸੀ, ਜਦੋਂਕਿ ਸਮਕਾਲ ਵਿਚ ਹੀ ਲਖਨਊ ਨੇੜੇ ਪੈਂਦੇ ਪਿੰਡ ਕਨੇਰ ਦੇ ਇੱਕ ਬ੍ਰਾਹਮਣ ਨੂੰ ਇਬਰਾਹੀਮ ਲੋਧੀ ਨੇ ਕਾਜ਼ੀ ਦੇ ਫਤਵਾ ਦੇਣ 'ਤੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਉਸ ਨੇ ਸਿਰਫ ਇਹੀ ਕਿਹਾ ਸੀ, "ਠੀਕ ਹੈ ਇਸਲਾਮ ਧਰਮ ਬਹੁਤ ਚੰਗਾ ਹੈ, ਪਰ ਹਿੰਦੂ ਧਰਮ ਵੀ ਮਾੜਾ ਨਹੀਂ।"

ਕਾਜ਼ੀ ਦੇ ਕਹੇ 'ਤੇ ਨਵਾਬ ਦੌਲਤ ਖਾਨ ਨੇ ਗੁਰੂ ਨਾਨਕ ਦੇਵ ਨੂੰ ਪੇਸ਼ ਹੋਣ ਦਾ ਹੁਕਮ ਦਿੱਤਾ। ਉਨ੍ਹਾਂ ਦੇ ਨਾਂਹ ਕਰਨ 'ਤੇ ਗੁੱਸਾ ਕਰਨ ਦੀ ਥਾਂ ਇੱਕ ਵਾਰੀ ਫੇਰ ਸਖਤ ਹੁਕਮ ਭੇਜਿਆ। ਕਾਜ਼ੀ ਨਾਲ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਦਿੱਤਾ। ਗੁਰੂ ਨਾਨਕ ਦੇਵ ਨੂੰ ਨਮਾਜ਼ ਵਿਚ ਸ਼ਾਮਲ ਹੋਣ ਲਈ ਕਿਹਾ ਤਾਂ ਕਿ ਉਨ੍ਹਾਂ ਦੀ ਧਰਮ-ਨਿਰਪੱਖਤਾ ਪਰਖੀ ਜਾ ਸਕੇ। ਗੁਰੂ ਜੀ ਵੱਲੋਂ ਨਮਾਜ਼ ਰੂਹੋਂ ਅਤੇ ਧੁਰ ਅੰਦਰੋਂ ਕਰਨ ਦੀ ਗੱਲ ਨੇ ਉਥੇ ਹਾਜ਼ਰ ਸਯੀਅਦਾਂ, ਸ਼ੇਖਾਂ, ਮੁਫਤੀਆਂ, ਖਾਨਾਂ, ਮੇਹਰਾਂ, ਮੁਕੱਦਮਾਂ, ਕਾਜ਼ੀਆਂ ਅਤੇ ਨਵਾਬ ਸਮੇਤ ਸਭ ਨੂੰ ਇਸ ਤਰ੍ਹਾਂ ਕੀਲ ਲਿਆ, ਜਿਵੇਂ ਕੋਈ ਦੈਵੀ ਚਾਨਣ ਹੋ ਗਿਆ ਹੋਵੇ। ਸਾਖੀਕਾਰਾਂ ਮੁਤਾਬਕ ਨਵਾਬ ਦੌਲਤ ਖਾਨ ਕਹਿ ਉਠਿਆ, "ਉਸ ਵਿਚੋਂ ਤਾਂ ਅੱਲਾ ਬੋਲਦੈ।" ਮੈਕਾਲਫ ਅਨੁਸਾਰ ਇਹ ਦੌਲਤ ਖਾਨ ਦੀ ਉਦਾਰਤਾ ਸੀ ਕਿ ਉਸ ਨੇ ਸ਼ਾਹੀ ਕਾਜ਼ੀ ਨਾਲ ਗੁਰੂ ਜੀ ਨੂੰ ਖੁਲ੍ਹ ਕੇ ਵਿਚਾਰਾਂ ਕਰਨ ਦਾ ਮੌਕਾ ਦਿੱਤਾ ਅਤੇ ਇਸ ਨਾਜ਼ੁਕ ਮਸਲੇ ਨੂੰ ਦਿੱਲੀ ਤੱਕ ਨਾ ਪਹੁੰਚਣ ਦਿੱਤਾ।

ਛੇਤੀ ਹੀ ਗੁਰੂ ਜੀ ਉਦਾਸੀਆਂ 'ਤੇ ਚੱਲ ਪਏ ਅਤੇ ਦੌਲਤ ਖਾਨ ਨੂੰ ਵੀ 1504 ਦੇ ਕਰੀਬ ਲਾਹੌਰ ਦਾ ਗਵਰਨਰ ਬਣਾ ਦਿੱਤਾ ਗਿਆ। ਦੌਲਤ ਖਾਨ ਕਰੀਬ 20 ਸਾਲ ਗਵਰਨਰ ਰਿਹਾ। ਇਸ ਸਮੇਂ ਵਿਚ ਉਸ ਦੀ ਲੋਧੀ ਸੁਲਤਾਨ ਨਾਲ ਵਿਗੜ ਗਈ ਤੇ ਉਸ ਨੇ ਬਾਬਰ ਨੂੰ ਹਮਾਇਤ ਦੇਣ ਦਾ ਯਕੀਨ ਦਿੰਦਿਆਂ ਹਿੰਦੁਸਤਾਨ ਦੇ ਇਸ ਹਿੱਸੇ 'ਤੇ ਹਮਲਾ ਕਰਨ ਲਈ ਉਕਸਾਇਆ। ਬਾਬਰ ਪੰਜਾਬ 'ਤੇ ਕਾਬਜ਼ ਹੋਣ ਪਿਛੋਂ ਦੌਲਤ ਖਾਨ ਲੋਧੀ ਨਾਲ ਉਹ ਕੌਲ ਨਾ ਨਿਭਾ ਸਕਿਆ, ਜਿਸ ਦੀ ਦੌਲਤ ਖਾਨ ਨੂੰ ਉਮੀਦ ਸੀ। ਉਹ ਤਾਂ ਸਾਰੇ ਪੰਜਾਬ ਦਾ ਹਾਕਮ ਬਣਨਾ ਚਾਹੁੰਦਾ ਸੀ, ਪਰ ਮਿਲਿਆ ਉਸ ਨੂੰ ਫਿਰ ਜਲੰਧਰ ਦੁਆਬ ਅਤੇ ਲਾਹੌਰ ਹੀ। ਉਸ ਦੇ ਦੋ ਲੜਕੇ ਵੀ ਉਸ ਨਾਲ ਦਗਾ ਕਮਾ ਗਏ। ਇਸ ਲਈ ਉਸ ਨੇ ਬਾਬਰ ਦੇ ਵਾਪਿਸ ਜਾਣ 'ਤੇ ਉਸ ਖਿਲਾਫ ਕਾਰਵਾਈਆਂ ਅਰੰਭ ਦਿੱਤੀਆਂ। ਬਾਬਰ ਦੇ ਪੰਜਵੇਂ ਹੱਲੇ 'ਤੇ ਦੌਲਤ ਖਾਨ ਆਪਣੇ ਮੁੰਡੇ ਗਾਜ਼ੀ ਖਾਨ ਸਮੇਤ ਹੁਸ਼ਿਆਰਪੁਰ ਨਜ਼ਦੀਕ ਕਿਲਾ ਮਲੌਟ ਵਿਚ ਜਾ ਲੁਕਿਆ, ਪਰ ਛੇਤੀ ਹੀ ਬਾਬਰ ਨੇ ਉਸ ਨੂੰ ਉਥੇ ਜਾ ਦਬੋਚਿਆ। ਉਸ ਦਾ ਲੜਕਾ ਗਾਜ਼ੀ ਖਾਨ ਤਾਂ ਬਚ ਨਿਕਲਿਆ, ਪਰ ਦੌਲਤ ਖਾਨ ਫੜਿਆ ਗਿਆ।

ਭਾਈ ਗੁਰਦਾਸ ਨਵਾਬ ਦੌਲਤ ਖਾਨ ਲੋਧੀ ਬਾਰੇ ਕਹਿੰਦੇ ਹਨ,

ਨਵਾਬ ਦੌਲਤ ਖਾਨ ਲੋਦੀ ਭਲਾ, ਜਿੰਦ ਪੀਰ ਅਬਿਨਾਸ਼ੀ।

ਭਾਈ ਕਿਰਪਾਲ ਸਿੰਘ (ਜਨਮ ਸਾਖੀ ਪਰੰਪਰਾ) ਅਨੁਸਾਰ ਹੋ ਸਕਦਾ ਹੈ ਕਿ 'ਜਿੰਦ ਪੀਰ ਅਬਿਨਾਸ਼ੀ' ਕੋਈ ਹੋਰ ਵਿਅਕਤੀ ਹੋਵੇ। ਭਾਈ ਰਣਧੀਰ ਸਿੰਘ ਦਾ ਵਿਚਾਰ ਹੈ ਕਿ ਸ਼ੇਖ ਸਦਰ-ਉਦ-ਦੀਨ ਜਿੰਦ ਪੀਰ ਉਸ ਵੇਲੇ ਸੁਲਤਾਨਪੁਰ ਦਾ ਕਾਜ਼ੀ ਸੀ, ਜਦੋਂ ਗੁਰੂ ਨਾਨਕ ਸਾਹਿਬ ਨਮਾਜ਼ ਪੜ੍ਹਨ ਲਈ ਮਸੀਤ ਵਿਚ ਬੁਲਾਏ ਗਏ।

ਉਂਜ ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਨਵਾਬ ਦੌਲਤ ਖਾਨ ਲੋਧੀ ਕਈ ਪੱਖਾਂ ਤੋਂ ਭਲਾ ਬੰਦਾ ਸੀ। ਬਾਬਰਨਾਮੇ ਅਨੁਸਾਰ ਬਾਬਰ ਵੀ ਉਸ ਨੂੰ 'ਅੱਬਾ' ਕਹਿ ਕੇ ਬੁਲਾਉਂਦਾ ਸੀ। ਪਹਿਲੇ ਹਮਲੇ ਪਿਛੋਂ ਬਾਬਰ ਦੇ ਖਿਲਾਫ ਅਪਨਾਈ ਗਈ ਨੀਤੀ ਸਦਕਾ ਉਸ ਨੂੰ ਰਾਜਨੀਤਕ ਇਤਿਹਾਸ ਵਿਚ ਜ਼ਿੱਲਤ ਜ਼ਰੂਰ ਸਹਿਣੀ ਪਈ, ਪਰ ਅਖੀਰ ਵਿਚ ਜਦੋਂ ਉਹ ਕਿਲਾ ਮਲੋਟ ਤੋਂ ਫੜਿਆ ਗਿਆ, ਉਸ ਨੇ ਯੋਧਿਆਂ ਵਾਂਗ ਦੋ ਤਲਵਾਰਾਂ ਪਹਿਨ ਰੱਖੀਆਂ ਸਨ। ਬਾਬਰ ਆਖਰੀ ਸਮੇਂ ਉਸ ਦਾ ਸਿਰ ਕਲਮ ਕਰਨ ਦਾ ਹੁਕਮ ਵੀ ਦੇ ਸਕਦਾ ਸੀ, ਪਰ ਉਸ ਨੇ ਉਸ ਨੂੰ ਫਿਰ ਮੁਆਫ ਕਰ ਦਿੱਤਾ।

ਪ੍ਰੋ. ਹਰਬੰਸ ਸਿੰਘ ਅਨੁਸਾਰ ਉਹ ਪਿਛੋਂ ਗੁੰਮਨਾਮ ਮੌਤ ਮਰਿਆ। ਬਾਬਰਨਾਮੇ ਅਨੁਸਾਰ ਉਸ ਦਾ ਦਿਹਾਂਤ 1526 ਵਿਚ ਸੁਲਤਾਨਪੁਰ ਲੋਧੀ ਵਿਖੇ ਹੀ ਹੋਇਆ। ਬੀਵਰੇਜ ਦੇ ਕਹਿਣ ਅਨੁਸਾਰ ਉਸੇ ਹੀ ਸ਼ਹਿਰ ਵਿਚ, ਜੋ ਉਸ ਨੇ ਬੁਲੰਦਗੀ 'ਤੇ ਲਿਆਂਦਾ ਸੀ। ਸੁਲਤਾਨਪੁਰ ਲੋਧੀ ਵਿਚ ਕਿੱਥੇ ਹੋਵੇਗੀ ਉਸ ਦੀ ਖਵਾਬਗਾਹ, ਕੋਈ ਨਹੀਂ ਜਾਣਦਾ।

## ਦੱਸੋ ਕੌਣ ਤਿਆਰ ਹੈ?

ਹਰ ਕੋਈ ਤਿਆਰ ਜਾਪੇ 550 ਸਾਲਾ ਮਨਾਉਣ ਲਈ,
ਬਾਬੇ ਨਾਨਕ ਨੂੰ ਮਨਾਉਣ ਲਈ ਦੱਸੋ ਕੌਣ ਤਿਆਰ ਹੈ?
ਕਰੋੜਾਂ ਰੁਪਏ ਰੱਜਿਆਂ ਨੂੰ ਲੰਗਰ ਛਕਾਉਣ ਲਈ ਲੱਗਣਗੇ,
ਭੁੱਖਿਆਂ ਨੂੰ ਰਜਾਉਣ ਲਈ ਦੱਸੋ ਕੌਣ ਤਿਆਰ ਹੈ?
ਥਾਂ-ਥਾਂ ਉਤੇ ਬੜੇ ਨਗਰ ਕੀਰਤਨ ਸਜਾਏ ਜਾਣਗੇ,
ਨਾਨਕ ਦਾ ਉਪਦੇਸ਼ ਮੰਨਣ ਲਈ ਦੱਸੋ ਕੌਣ ਤਿਆਰ ਹੈ?

ਕਰੋੜਾਂ ਰੁਪਏ ਧਾਰਮਿਕ ਸਟੇਜਾਂ ਨੂੰ ਸ਼ਿੰਗਾਰਨ ਲਈ ਲੱਗਣਗੇ,
ਨਾਨਕ ਸੰਦੇਸ਼ ਕਿਤਾਬਾਂ ਦੀ ਸਟੇਜ ਲਾਉਣ ਲਈ ਦੱਸੋ ਕੌਣ ਤਿਆਰ ਹੈ?
ਬਾਬੇ ਨਾਨਕ ਦੇ ਨਾਂ ਉਤੇ ਇਮਾਰਤਾਂ ਬਣਾਉਣ ਲਈ ਬੜੀ ਦੌੜ ਹੈ,
ਬੇ-ਘਰੇ ਨਾਨਕ ਨਾਮ ਲੇਵਿਆਂ ਦੇ ਸਿਰ ਢਕਣ ਲਈ ਦੱਸੋ ਕੌਣ ਤਿਆਰ ਹੈ?
ਬਾਬੇ ਨਾਨਕ ਦੇ ਪ੍ਰਕਾਸ਼ ਦੀਆਂ ਅਰਦਾਸਾਂ ਬਹੁਤ ਹੋਣਗੀਆਂ,
ਭਗਉਤੀ ਤੋਂ ਨਾਨਕ ਨੂੰ ਵੱਡਾ ਕਰਨ ਲਈ ਦੱਸੋ ਕੌਣ ਤਿਆਰ ਹੈ?

ਸਿੱਖ ਤਾਂ ਅਰਦਾਸਾਂ ਰਾਹੀਂ ਨਾਨਕ ਨੂੰ ਰੁਸਾ ਚੁਕੇ ਹਨ,
ਭਗਉਤੀ ਦੀ ਗੁਲਾਮੀ ਤੋਂ ਨਾਨਕ ਨੂੰ ਛੁਡਾਉਣ ਲਈ ਦੱਸੋ ਕੌਣ ਤਿਆਰ ਹੈ?
ਨਾਨਕ ਦੇ ਫਲਸਫੇ ਦੀਆਂ ਗੱਲਾਂ ਬਹੁਤ ਹੋਣਗੀਆਂ,
ਫਲਸਫੇ ਨੂੰ ਘਰ-ਘਰ ਪਹੁੰਚਾਉਣ ਲਈ ਦੱਸੋ ਕੌਣ ਤਿਆਰ ਹੈ?
ਪਿੰਡਾਂ ਦੇ ਪਿੰਡ ਸਮਾਗਮਾਂ ਵਿਚ ਸ਼ਾਮਲ ਕੀਤੇ ਜਾਣਗੇ,
ਪਿੰਡੀਂ ਜਾ ਨਾਨਕ ਉਪਦੇਸ਼ ਦੇਣ ਲਈ ਦੱਸੋ ਕੌਣ ਤਿਆਰ ਹੈ?

ਕਰੋੜਾਂ ਰੁਪਏ ਦੁੱਧ ਵਾਲੀਆਂ ਖੀਰਾਂ ਬਣਾਉਣ ਉਤੇ ਲੱਗਣਗੇ,
ਗਰੀਬਾਂ ਨੂੰ ਚਾਹ ਲਈ ਦੁੱਧ ਦੇਣ ਨੂੰ ਦੱਸੋ ਕੌਣ ਤਿਆਰ ਹੈ?
ਬਾਬੇ ਨਾਨਕ ਨੇ ਤਾਂ ਨੀਚਾਂ ਨੂੰ ਗਲ ਨਾਲ ਲਾਇਆ ਸੀ,
ਵੱਡਿਆਂ ਦੀਆਂ ਰੀਸਾਂ ਛੱਡਣ ਨੂੰ ਦੱਸੋ ਕੌਣ ਤਿਆਰ ਹੈ?
ਬਾਬੇ ਨਾਨਕ ਦੇ ਬੇਬਾਕ ਹੋ ਬੋਲੇ ਸੱਚ ਦੀਆਂ ਗੱਲਾਂ ਹੋਣਗੀਆਂ,
ਝੂਠ ਸੁਆਰਥ ਨੂੰ ਤਿਆਗਣ ਲਈ ਦੱਸੋ ਕੌਣ ਤਿਆਰ ਹੈ?

ਨਾਨਕ ਨੇ ਰਾਜੇ ਸ਼ੀਂਹ ਮੁਕਦਮ ਕੁੱਤੇ ਕਹਿ ਵੰਗਾਰਿਆ ਸੀ,
ਇਨ੍ਹਾਂ ਦੀ ਚਾਪਲੂਸੀ ਛੱਡਣ ਲਈ ਦੱਸੋ ਕੌਣ ਤਿਆਰ ਹੈ?
ਬਾਬੇ ਨਾਨਕ ਨੇ ਹਉਮੈ ਨੂੰ ਦੀਰਘ ਰੋਗ ਆਖਿਆ ਸੀ,
ਮਿਠਤ ਨੀਵੀਂ ਨਾਨਕਾ 'ਤੇ ਚੱਲਣ ਲਈ ਦੱਸੋ ਕੌਣ ਤਿਆਰ ਹੈ?
ਸਿੰਮਲ ਦੀ ਗੱਲ ਰਾਹੀਂ ਨਾਨਕ ਨੇ ਫੂੰ-ਫਾਂ ਤੋਂ ਵਰਜਿਆ ਸੀ,
ਵਿਖਾਵੇ ਦਾ ਜੀਵਨ ਛੱਡਣ ਲਈ ਦੱਸੋ ਕੌਣ ਤਿਆਰ ਹੈ?

'ਛੋਡੀਲੇ ਪਾਖੰਡਾ' ਕਹਿ ਕੇ ਪੁਜਾਰੀਆਂ ਨੂੰ ਸਮਝਾਇਆ ਸੀ,
ਬ੍ਰਾਹਮਣਵਾਦ ਛੱਡਣ ਲਈ ਦੱਸੋ ਕੌਣ ਤਿਆਰ ਹੈ?
ਬਾਬੇ ਨਾਨਕ ਨੇ ਵਰਣ ਵੰਡ ਨੂੰ ਸਿਰੇ ਤੋਂ ਨਕਾਰਿਆ ਸੀ,
ਗੁਰਦੁਆਰਿਆਂ ਤੋਂ ਜਾਤਾਂ ਦੇ ਨਾਂ ਹਟਾਉਣ ਲਈ ਦੱਸੋ ਕੌਣ ਤਿਆਰ ਹੈ?
ਅਰਦਾਸਾਂ ਵਿਚ ਜਾਤਾਂ-ਗੋਤਾਂ ਦੇ ਨਾਂ ਲਏ ਜਾਂਦੇ ਹਨ,
ਨਾਨਕ ਦੀ ਗੱਲ ਮੰਨਣ ਲਈ ਦੱਸੋ ਕੌਣ ਤਿਆਰ ਹੈ?

ਨਾਨਕ ਨੇ ਤਾਂ ਹਰਿ ਹਰਿ ਨਾਮ ਨੂੰ ਹੀ ਮਾਲਾ ਆਖਿਆ ਸੀ,
ਮਣਕਿਆਂ ਦੀ ਮਾਲਾ ਵਗਾਹ ਮਾਰਨ ਲਈ ਦੱਸੋ ਕੌਣ ਤਿਆਰ ਹੈ?
ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਚੰਦ ਗ੍ਰਹਿਣ, ਸੂਰਜ ਗ੍ਰਹਿਣ,
ਦੋ ਇਕਾਦਸ਼ੀਆਂ, ਦੋ ਚੌਦੇ, ਚਾਨਣਾ ਐਤਵਾਰ ਨਾਨਕ ਨੇ ਨਹੀਂ ਸਨ ਮੰਨੇ,
ਦਸਾਂ ਵਿਚੋਂ ਸੰਗਰਾਂਦ ਹੀ ਛੱਡਣ ਲਈ ਦੱਸੋ ਕੌਣ ਤਿਆਰ ਹੈ?
'ਕਲਿ ਕਾਤੀ ਰਾਜੇ ਕਾਸਾਈ' ਨਾਨਕ ਨੇ ਕਹਿ ਦਿੱਤਾ ਸੀ,
ਇਹ ਸੁਨੇਹਾ ਦੇਵਣ ਦੇ ਲਈ ਦੱਸੋ ਕੌਣ ਤਿਆਰ ਹੈ?

ਹੁਕਮ ਤੋਂ ਬਾਗੀ ਹੋਣ 'ਤੇ ਬਾਬੇ ਨੇ ਪੁੱਤਰਾਂ ਨੂੰ ਛੇਕਿਆ ਨਹੀਂ ਸੀ,
ਸਿੱਖਾਂ ਨੂੰ ਛੇਕਣ ਦੇ ਹੁਕਮ ਵਾਪਸ ਲੈਣ ਲਈ ਦੱਸੋ ਕੌਣ ਤਿਆਰ ਹੈ?
ਸਿੱਧਾਂ ਨੇ ਨਿਮਰਤਾ ਨਾਲ ਬਾਬੇ ਨਾਲ ਗੋਸ਼ਟੀ ਰਚਾਈ ਸੀ,
ਡਾਂਗਾਂ ਹੱਥੋਂ ਛੱਡਣ ਲਈ ਦੱਸੋ ਕੌਣ ਤਿਆਰ ਹੈ?

ਸੂਰਜ ਵਲ ਪਾਣੀ ਸੁੱਟਣ ਵਾਲੇ ਬਾਬੇ ਅੱਗੇ ਸ਼ਾਂਤ ਹੋ ਗਏ ਸਨ,
ਆਪਸੀ ਝਗੜਾ ਛੱਡਣ ਲਈ ਦੱਸੋ ਕੌਣ ਤਿਆਰ ਹੈ?

'ਸ਼ੁੱਭ ਅਮਲਾਂ ਬਾਝੋਂ ਦੋਨੋ ਰੋਈ' ਬਾਬੇ ਨੇ ਆਖਿਆ ਸੀ,
ਹੇਰਾ-ਫੇਰੀਆਂ ਛੱਡਣ ਲਈ ਦੱਸੋ ਕੌਣ ਤਿਆਰ ਹੈ?
ਬਾਬੇ ਨਾਨਕ ਨੇ ਗਿਆਨ ਨੂੰ ਹੀ ਗੁਰੂ ਆਖਿਆ ਸੀ,
ਅਗਿਆਨਤਾ ਛੱਡਣ ਲਈ ਦੱਸੋ ਕੌਣ ਤਿਆਰ ਹੈ?
'ਗੁਰਮੁਖਿ ਵੈਰੁ ਵਿਰੋਧੁ ਮਿਟਾਵੈ' ਬਾਬੇ ਨਾਨਕ ਨੇ ਆਖਿਆ ਸੀ,
ਸਭ ਨੂੰ ਸੱਜਣ ਸਮਝਣ ਲਈ ਦੱਸੋ ਕੌਣ ਤਿਆਰ ਹੈ?

'ਬਿਨੁ ਸਤਿਗੁਰ ਬਾਟ ਨ ਪਾਵੈ' ਬਾਬੇ ਨਾਨਕ ਨੇ ਆਖਿਆ ਸੀ,
ਆਪੋ ਆਪਣੇ ਰਾਹ ਛੱਡਣ ਲਈ ਦੱਸੋ ਕੌਣ ਤਿਆਰ ਹੈ?
'ਆਪੇ ਬੀਜਿ ਆਪੇ ਹੀ ਖਾਹੁ' ਨਾਨਕ ਦਾ ਉਪਦੇਸ਼ ਸੀ,
ਨਾਮੁ ਬੀਜੁ ਬੀਜਣ ਲਈ ਦੱਸੋ ਕੌਣ ਤਿਆਰ ਹੈ?
ਬਾਬੇ ਨਾਨਕ ਨੇ ਘਰ-ਘਰ ਅੰਦਰ ਧਰਮਸ਼ਾਲ ਬਣਾ ਦਿੱਤੀ ਸੀ,
ਕੀਰਤਨ ਵਿੱਦਿਆ ਲੈਣ ਲਈ ਦੱਸੋ ਕੌਣ ਤਿਆਰ ਹੈ?

ਬਾਬੇ ਨਾਨਕ ਨੇ ਕਰਤੇ ਜਜਮਾਨ ਤੋਂ ਨਾਮ ਦੱਖਣਾ ਮੰਗਣੀ ਸਿਖਾਈ ਸੀ,
ਸੰਸਾਰੀ ਮੰਗਾਂ ਛੱਡਣ ਲਈ ਦੱਸੋ ਕੌਣ ਤਿਆਰ ਹੈ?
ਹਰ ਕੋਈ ਆਪੋ ਆਪਣੀ ਚੌਧਰ ਹੀ ਚਮਕਾ ਰਿਹਾ,
ਇਕੱਠੇ ਮਿਲ ਬੈਠਣ ਲਈ ਦੱਸੋ ਕੌਣ ਤਿਆਰ ਹੈ?
ਸਾਰੇ ਪਾਸੇ ਸਿਆਸੀ ਲਾਹੇ ਲੈਣ ਲਈ ਦੌੜ ਹੈ,
ਨਾਨਕ ਉਪਦੇਸ਼ ਤੋਂ ਲਾਹਾ ਲੈਣ ਲਈ ਦੱਸੋ ਕੌਣ ਤਿਆਰ ਹੈ?

ਕਈ ਸ਼ਤਾਬਦੀਆਂ ਮਨਾਈਆਂ ਇਹ ਵੀ ਮੰਨ ਜਾਣੀ ਹੈ,
ਗੁਰੂਆਂ ਨੂੰ ਮਨਾਉਣ ਦੀ ਰਮਜ਼ ਦੱਸੋ ਕਿਸ ਪਛਾਣੀ ਹੈ?
ਗੁਰੂਆਂ ਦੇ ਸਿੱਖ ਦਿਨੋ ਦਿਨ ਘੂਕ ਨੀਂਦ ਸੌਂ ਰਹੇ ਹਨ,
ਮਹਿਮਾ ਬਾਬੇ ਨਾਨਕ ਵਾਲੀ ਅਨਦਿਨ ਕਿਸ ਨੇ ਗਾਉਣੀ ਹੈ?

***-ਪ੍ਰੋ. ਕਸ਼ਮੀਰਾ ਸਿੰਘ, ਫੋਨ: 801-414-0171***

# ਮੱਧਕਾਲੀ ਪੰਜਾਬ ਦੀ ਜਾਗ੍ਰਿਤੀ ਲਹਿਰ ’ਚ ਤਰਕ, ਵਿਗਿਆਨ ਤੇ ਵਿਗਿਆਨਕ ਸੋਚ

## ਯੂਰਪੀਅਨ ਰੈਨੇਸਾਂਸ ਦੇ ਸੰਦਰਭ ਵਿਚ

## ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ‘ਤੇ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

**ਮੱਧਕਾਲੀ ਯੁੱਗ ਦੌਰਾਨ ਯੂਰਪ ਤੇ ਪੰਜਾਬ ਵਿਚ ਇੱਕੋ ਸਮੇਂ ਦੋ ਲਹਿਰਾਂ ਚੱਲੀਆਂ। ਯੂਰਪ ਵਿਚ ਚੱਲੀ ‘ਰੈਨੇਸਾਂਸ’ (14ਵੀਂ ਸਦੀ ਤੋਂ 17ਵੀਂ ਸਦੀ ਤੱਕ) ਨਾਂ ਦੀ ਜਾਗ੍ਰਿਤੀ ਲਹਿਰ ਅਤੇ ਪੰਜਾਬ ਵਿਚ ਜਾਗ੍ਰਿਤੀ ਲਹਿਰ, ਜਿਹਦੇ ਤਿੰਨ ਹਿੱਸੇ ਸਨ: ਗੁਰੂ ਨਾਨਕ ਦੇਵ (1469-1539) ਵਲੋਂ ਪੰਜਾਬ ਵਿਚ ਸ਼ੁਰੂ ਕੀਤੀ ਗਈ ਸਿੱਖ ਗੁਰੂ ਸਾਹਿਬਾਨ ਦੀ ਲਹਿਰ, ਭਗਤੀ ਲਹਿਰ ਤੇ ਸੂਫੀ ਲਹਿਰ। ਇਨ੍ਹਾਂ ਤਿੰਨ ਲਹਿਰਾਂ ਵਿਚ ਬੜਾ ਕੁਝ ਸਾਂਝਾ ਸੀ। ਇਸ ਲੇਖ ਵਿਚ ਅਸੀਂ ਯੂਰਪੀਅਨ ਰੈਨੇਸਾਂਸ ਦੇ ਸੰਦਰਭ ਵਿਚ ਪੰਜਾਬ ਜਾਗ੍ਰਿਤੀ ਲਹਿਰ ਵਿਚ ਤਰਕ, ਵਿਗਿਆਨ ਤੇ ਵਿਗਿਆਨਕ ਸੋਚ ਨੂੰ ਵਿਚਾਰਾਂਗੇ।**

**ਰੈਨੇਸਾਂਸ ਤੇ ਪੰਜਾਬ ਜਾਗ੍ਰਿਤੀ ਵਿਚ ਤਰਕ:** ਯੂਰਪੀਅਨ ਰੈਨੇਸਾਂਸ ਲਹਿਰ ਦਾ ਤਾਂ ਜਨਮ ਹੀ ਤਰਕ ਜਾਂ ਦਲੀਲ ਵਿਚੋਂ ਹੋਇਆ, ਕਿਉਂਕਿ ਇਹ ਸਭਿਆਚਾਰਕ ਪੁਨਰ-ਜਨਮ ਜਾਂ ਜਾਗ੍ਰਿਤੀ ਲਹਿਰ ਸੀ, ਜਿਸ ਦੌਰਾਨ ਯੂਰਪ ਦਾ



**ਡਾ. ਸੁਖਪਾਲ ਸੰਘੇੜਾ***
dr.sukhpal.sanghera@gmail.com

ਅਤੀਤ ਤੇ ਉਦੋਂ ਦਾ ‘ਅੱਜ’ ਤਰਕਸ਼ੀਲ ਦ੍ਰਿਸ਼ਟੀਕੋਣ ਤੋਂ ਵੇਖਿਆ ਤੇ ਪਰਖਿਆ ਜਾਣ ਲੱਗਾ। ਇਸ ਮਾਨਵਵਾਦੀ ਲਹਿਰ ਨੇ ਐਸੇ ਨਾਗਰਿਕ ਤਿਆਰ ਕਰਨ ਦੀ ਯੋਜਨਾ ਉਲੀਕੀ, ਜੋ ਬੜੀ ਅੱਛੀ ਤਰ੍ਹਾਂ ਪੜ੍ਹ-ਲਿਖ ਸਕਣ ਤੇ ਬੜੀ ਸਪਸ਼ਟਤਾ ਨਾਲ ਆਪਣੇ ਵਿਚਾਰ ਪੇਸ਼ ਕਰ ਸਕਣ; ਐਸੇ ਨਾਗਰਿਕ, ਜੋ ਆਪੋ ਆਪਣੇ ਭਾਈਚਾਰਿਆਂ ਵਿਚ ਸਰਗਰਮ ਹੋ ਕੇ ਲੋਕਾਂ ਨੂੰ ਭਲੇ, ਤਰਕਸ਼ੀਲ ਤੇ ਅਕਲਮੰਦ ਕੰਮ ਕਰਨ ਲਈ ਪ੍ਰੇਰਣ। ਇਸ ਯੋਜਨਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਇਕ ਵਿੱਦਿਅਕ ਖੇਤਰ ਸ਼ੁਰੂ ਕੀਤਾ ਗਿਆ, ਜਿਹਨੂੰ ਅੱਜ ਕਲ ਹਿਊਮੈਨਿਟੀਜ਼ ਕਿਹਾ ਜਾਂਦਾ ਹੈ। ਭਾਵੇਂ ਬਾਹਲੇ ਮਾਨਵਵਾਦੀ ਬੁੱਧੀਜੀਵੀ ਧਾਰਮਿਕ ਸਨ, ਪਰ ਚਰਚ ਦੀਆਂ ਕੁਰੀਤੀਆਂ, ਦੁਰਵਰਤੋਂ ਤੇ ਦੁਰਵਿਹਾਰ ਵਿਰੁੱਧ ਤਰਕ ਦਾ ਹੱਲਾ ਬੋਲ ਰਹੇ ਸਨ।

ਪੰਜਾਬ ਜਾਗ੍ਰਿਤੀ ਲਹਿਰ ਦੇ ਸੰਚਾਲਕ ਵੀ, ਕਹਿਣੀ-ਕਰਨੀ ਦੇ ਪੂਰੇ ਹੋਣ ਸਦਕਾ, ਸਿਰਫ ਲੇਖਣੀ ਤੇ ਬੋਲਣੀ ਰਾਹੀਂ ਹੀ ਤਰਕਸ਼ੀਲ ਨਹੀਂ ਸਨ, ਸਗੋਂ ਜ਼ਿੰਦਗੀ ਵਿਚ ਵੀ ਤਰਕ ਲਾਗੂ ਕਰਦੇ ਸਨ। ਭਗਤ ਜਨਾਂ ਤੇ ਸੂਫੀਆਂ/ਸੰਤਾਂ ਦੀ ਬਾਣੀ ਸਣੇ ਗੁਰਬਾਣੀ ਵਿਚ ਤਰਕ ਸਿੱਧੇ ਜਾਂ ਅਸਿੱਧੇ ਰੂਪ ਵਿਚ ਥਾਂ ਥਾਂ ਇਹਦੀਆਂ ਜੜ੍ਹਾਂ ਵਿਚ ਪਿਆ ਹੈ। ਪੰਜਾਬ ਜਾਗ੍ਰਿਤੀ ਲਹਿਰ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਤੇ ਉਨ੍ਹਾਂ ਨੂੰ ਲਾਗੂ ਕਰਨ ਲਈ ਤਰਕ ਇੱਕ ਹਥਿਆਰ ਵਜੋਂ ਵਰਤਿਆ।

ਕਰੀਬ ਹਰੇਕ ਤਰਕ ਵਿਚ ਕੋਈ ਮੰਨਿਆ ਸੱਚ ਹੁੰਦਾ ਹੈ, ਜਿਸ ‘ਤੇ ਤਰਕ ਖੜ੍ਹਾ ਹੋਵੇ; ਅਜਿਹੇ ਧਾਰੇ ਹੋਏ ‘ਸੱਚ’ ਨੂੰ ਤਰਕ ਦਾ ਅਹਾਤਾ (ਫਰਏ-ਮਸਿਇਸ) ਕਿਹਾ ਜਾਂਦਾ ਹੈ। ਮਿਸਾਲ ਵਜੋਂ ਕੋਈ ਧਾਰਮਿਕ ਤਰਕ ਇਹ ਮੰਨ ਕੇ ਤੁਰ ਸਕਦਾ ਹੈ ਕਿ ਸਭ ਕੁਝ ਰੱਬ ਦੀ ਮਰਜ਼ੀ ਨਾਲ ਹੁੰਦਾ ਹੈ। ਜੇ ਅਹਾਤੇ ਨੂੰ ਗਲਤ ਸਿੱਧ ਕਰ ਦਿਓ ਤਾਂ ਤਰਕ ਦਾ ਸਾਰਾ ਜੁਗਾੜ ਢਹਿ ਢੇਰੀ ਹੋ ਜਾਂਦਾ ਹੈ। ਇਸ ਹਿਸਾਬ ਨਾਲ ਅਧਿਆਮਤਵਾਦ ਤੇ ਵਿਗਿਆਨ ਦੇ ਪ੍ਰਸੰਗ ਵਿਚ ਤਰਕ ਨੂੰ ਤਿੰਨ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ: (1) ਤਰਕ, ਜਿਹਦਾ ਅਹਾਤਾ ਅਧਿਆਮਤਵਾਦੀ ਜਾਂ ਅਰਧ-ਅਧਿਆਮਤਵਾਦੀ ਹੋਵੇ, ਤੇ ਤਰਕ ਅਧਿਆਮਤਵਾਦ ਦੇ ਘੇਰੇ ਵਿਚ ਹੀ ਰਹੇ; (2) ਤਰਕ, ਜਿਹਦਾ ਅਹਾਤਾ ਅਧਿਆਮਤਵਾਦੀ ਜਾਂ ਅਰਧ-ਅਧਿਆਮਤਵਾਦੀ ਹੋਵੇ, ਪਰ ਤਰਕ ਖੁਦ ਵਿਗਿਆਨਕ ਪਹੁੰਚ ਨੂੰ ਹੱਥ ਲਾ ਆਵੇ; (3) ਤਰਕ, ਜੋ ਸਣੇ ਅਹਾਤਾ ਅਧਿਆਤਮਵਾਦ ਦੇ ਘੇਰੇ ਤੋਂ ਬਾਹਰ ਤੇ ਸਿਰਫ ਵਿਗਿਆਨਕ ਪਹੁੰਚ ‘ਤੇ ਆਧਾਰਿਤ ਹੋਵੇ। ਰੈਨੇਸਾਂਸ ਮਾਨਵਵਾਦੀਆਂ ਤੇ ਪੰਜਾਬ ਲਹਿਰ ਦੇ ਸੰਚਾਲਕਾਂ ਵਿਚ ਤਿੰਨਾਂ ਤਰ੍ਹਾਂ ਦਾ ਤਰਕ ਮਿਲਦਾ ਹੈ।

ਮਿਸਾਲ ਵਜੋਂ ਹਿੰਦੂ ਧਰਮ ਦਾ ਇੱਕ ਪ੍ਰਚਲਿਤ ਵਿਸ਼ਵਾਸ ਹੈ ਕਿ ਤੀਰਥ ਅਸਥਾਨਾਂ ਭਾਵ ਵੱਡੇ ਧਾਰਮਿਕ ਮੰਦਿਰਾਂ ਦੇ ਨਾਲ ਬਣੇ ਸਰੋਵਰਾਂ ਵਿਚ ਨਹਾਉਣ ਨਾਲ ਰੱਬ ਮਿਲ ਜਾਂਦਾ ਹੈ ਜਾਂ ਖੁਸ਼ ਹੋ ਜਾਂਦਾ ਹੈ, ਬੰਦੇ ਦੇ ਪਾਪ ਕੱਟੇ ਜਾਂਦੇ ਹਨ ਤੇ ਮਨੌਤਾਂ ਪੂਰੀਆਂ ਹੁੰਦੀਆਂ ਹਨ; ਖਾਸ ਕਰ ਉਚੇਚੇ ਮੌਕਿਆਂ ‘ਤੇ ਨਹਾਉਣ ਨਾਲ, ਜਿਵੇਂ ਮੱਸਿਆ, ਪੁੰਨਿਆ, ਸੰਗਰਾਂਦ, ਕੁੰਭ ਦੇ ਮੇਲੇ, ਚੰਦ ਤੇ ਸੂਰਜ ਗ੍ਰਹਿਣਾਂ ਆਦਿ ਦੇ ਸਮੇਂ। ਗੁਰੂ ਸਾਹਿਬਾਨ, ਭਗਤ ਜਨਾਂ ਤੇ ਸੂਫੀਆਂ/ਸੰਤਾਂ ਨੇ ਅਜਿਹੇ ਅੰਧਵਿਸ਼ਵਾਸ ਤੇ ਪਖੰਡ ਦਾ ਤਰਕਸ਼ੀਲ ਖੰਡਨ ਕੀਤਾ। ਮਿਸਾਲ ਵਜੋਂ ਸਰੋਵਰਾਂ ‘ਚ ਨਹਾਉਣ ਨਾਲ ਰੱਬ ਮਿਲਣ ਦੇ ਅੰਧਵਿਸ਼ਵਾਸ ਨੂੰ ਗੁਰਬਾਣੀ ਸਹਿਜ ਤਰਕ ਨਾਲ ਨਕਾਰਦੀ ਹੈ,

ਜਲ ਕੈ ਮਜਨਿ ਜੇ ਗਤਿ ਹੋਵੈ
ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ
ਫਿਰਿ ਫਿਰਿ ਜੋਨੀ ਆਵਹਿ॥
(ਭਗਤ ਕਬੀਰ, ਪੰਨਾ 484)

ਭਾਵ ਜੇ ਸਰੋਵਰਾਂ ਵਿਚ ਨਹਾਉਣ ਨਾਲ ਰੱਬ ਮਿਲਦਾ ਤਾਂ ਉਹ ਪਹਿਲਾਂ ਡੱਡੂਆਂ/ਮੱਛੀਆਂ ਨੂੰ ਮਿਲਦਾ, ਜੋ ਹਮੇਸ਼ਾ ਪਾਣੀ ਵਿਚ ਹੀ ਰਹਿੰਦੇ ਹਨ।

ਸੂਫੀ ਕਵੀ ਸੁਲਤਾਨ ਬਾਹੂ ਵਿਅੰਗਮਈ ਤਰਕ ਨਾਲ ਇਸ ਤਰ੍ਹਾਂ ਦੇ ਅੰਧਵਿਸ਼ਵਾਸਾਂ ਦੇ ਪਾੜਛੇ ਲਾਹੁੰਦਾ ਹੈ,

ਜੇ ਰੱਬ ਨ੍ਹਾਤਿਆਂ ਧੋਤਿਆਂ ਮਿਲਦਾ
ਮਿਲਦਾ ਡੱਡੂਆਂ ਮੱਛੀਆਂ ਹੂ।
ਜੇ ਰੱਬ ਮਿਲਦਾ ਮੋਨ ਮੁਨਾਇਆਂ
ਮਿਲਦਾ ਭੇਡਾਂ ਸੱਸੀਆਂ ਹੂ।
ਜੇ ਰੱਬ ਰਾਤੀਂ ਜਾਗਿਆਂ ਮਿਲਦਾ
ਮਿਲਦਾ ਕਾਲ-ਕੜੱਛੀਆਂ ਹੂ।
ਜੇ ਰੱਬ ਜਤੀਆਂ ਸਤੀਆਂ ਮਿਲਦਾ
ਮਿਲਦਾ ਡਾਂਡਾਂ ਖੱਸੀਆਂ ਹੂ।
ਰੱਬ ਉਨ੍ਹਾਂ ਨੂੰ ਮਿਲਦਾ ਬਾਹੂ
ਨੀਤਾਂ ਜਿਨ੍ਹਾਂ ਅੱਛੀਆਂ ਹੂ।

ਕਈ ਥਾਂ ਗੁਰਬਾਣੀ ਤੀਰਥ/ਸਰੋਵਰ ਇਸ਼ਨਾਨ ਦੇ ਅੰਧਵਿਸ਼ਵਾਸ/ਪਖੰਡ ਦਾ ਖੰਡਨ ਕਰਦੀ ਹੈ; ਫਿਰ ਵੀ ਲੋਕ/ਸਿੱਖ ਸ਼ਰਧਾਲੂ ਗੁਰੂ ਘਰਾਂ ਨਾਲ ਬਣੇ ਸਰੋਵਰਾਂ ’ਚ ਸੰਗਰਾਂਦ, ਮੱਸਿਆ ਜਿਹੇ ਖਾਸ ਮੌਕਿਆਂ ‘ਤੇ ਹਿੰਦੂ ਸ਼ਰਧਾਲੂਆਂ ਜਿਹੀ ਸ਼ਰਧਾ ਤੇ ਭਾਵਨਾ ਨਾਲ ਇਸ਼ਨਾਨ ਕਰਦੇ ਵੇਖੇ ਜਾਂਦੇ ਨੇ। ਮਨ ਵਿਚ ਵਿਚਾਰੋ, ਕਿਉਂ?

ਪੰਜਾਬ ਵਿਚ ਇੱਕ ਹੋਰ ਅੰਧਵਿਸ਼ਵਾਸ ਪ੍ਰਚਲਿਤ ਰਿਹਾ ਹੈ ਕਿ ਧਰਤੀ ਨੂੰ ਬਲਦ ਨੇ ਆਪਣੇ ਸਿੰਗਾਂ ‘ਤੇ ਚੁੱਕਿਆ ਹੋਇਆ ਹੈ। ਇਸ ਅੰਧਵਿਸ਼ਵਾਸ ਨੂੰ ਦਲੀਲ ਨਾਲ ਨਕਾਰਦਿਆਂ ਗੁਰੂ ਨਾਨਕ ਪੁੱਛਦੇ ਨੇ,

ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ॥
(ਪੰਨਾ 3)

ਭਾਵ ਜੇ ਧਰਤੀ ਨੂੰ ਬਲਦ ਨੇ ਸਿੰਗਾਂ ‘ਤੇ ਚੁੱਕਿਆ ਹੋਇਆ ਹੈ ਤਾਂ ਫਿਰ ਬਲਦ ਕਿਸ ਧਰਤੀ ’ਤੇ ਖੜ੍ਹਾ ਹੈ? ਜੇ ਉਸ ਬਲਦ ਹੇਠਾਂ ਕੋਈ ਹੋਰ ਧਰਤੀ ਹੈ, ਫਿਰ ਉਸ ਧਰਤੀ ਨੂੰ ਕਿਸ ਨੇ ਚੁੱਕਿਆ ਹੋਇਆ ਹੈ? ਇਹ ਬੇਅੰਤ ਧਰਤੀਆਂ ਕਿਸ ਆਸਰੇ ਖੜ੍ਹੀਆਂ ਹਨ? ਇੰਜ ਗੁਰੂ ਜੀ ਇਸ ਅੰਧਵਿਸ਼ਵਾਸ ਨੂੰ ਚਕਨਾਚੂਰ ਕਰਦੇ ਅਣਗਣਿਤ ਧਰਤੀਆਂ, ਭਾਵ ਪੁਲਾੜ ਪਿੰਡਾਂ ਦਾ ਸਿਧਾਂਤ ਵੀ ਪੇਸ਼ ਕਰ ਜਾਂਦੇ ਹਨ। ਰੈਨੇਸਾਂਸ ਦੌਰਾਨ ਹੀ ਕੈਪਲਿਰ, ਗੈਲੇਲਿਓ ਤੇ ਨਿਊਟਨ ਜਿਹੇ ਵਿਗਿਆਨੀਆਂ ਦੀਆਂ ਖੋਜਾਂ ਤੋਂ ਸਪਸ਼ਟ ਹੋ ਗਿਆ ਕਿ ਧਰਤੀ ਸਣੇ ਸਾਰੇ ਪੁਲਾੜੀ ਪਿੰਡ ਭਾਵ ਗ੍ਰਹਿ, ਚੰਨ, ਸੂਰਜ ਤੇ ਹੋਰ ਤਾਰੇ ਆਦਿ ਇੱਕ ਦੂਜੇ ਨਾਲ ਆਪਸੀ ਗੁਰੂਤਾ ਖਿਚ ਰਾਹੀਂ ਬੱਝੇ ਹੋਏ ਨੇ; ਸੋ ਕਿਸੇ ਬਲਦ ਜਾਂ ਝੋਟੇ ਦੇ ਸਿੰਗਾਂ ਦੀ ਕੋਈ ਲੋੜ ਨਹੀਂ।

ਅੱਜ ਅਜਿਹੇ ਸਿੱਖ ਸ਼ਰਧਾਲੂਆਂ ਦੀ ਕੋਈ ਥੋੜ੍ਹ ਨਹੀਂ, ਜੋ ਵਹਿਮਾਂ ਤੇ ਅੰਧਵਿਸ਼ਵਾਸ ਵਿਚ ਜਕੜੇ ਪਖੰਡੀ ਬਾਬਿਆਂ, ਤਾਂਤਰਿਕ ਪਖੰਡੀਆਂ, ਜੋਤਸ਼ੀਆਂ ਆਦਿ ਹੱਥੋਂ ਲੁੱਟ ਹੋ ਰਹੇ ਨੇ। ਜੇ ਕੋਈ ਗੁਰੂਆਂ ਦੇ ਦੱਸੇ ਮੁਤਾਬਕ ਪਖੰਡੀ ਬਾਬਿਆਂ ਆਦਿ ਦੇ ਵਿਰੁਧ ਦਲੀਲ ਕਰੇ ਤਾਂ ਉਹਨੂੰ ਸ਼ਰਧਾਲੂ ਧਰਮ ਵਿਰੋਧੀ ਕਰਾਰ ਦੇ ਦਿੰਦੇ ਹਨ। ਕਿਉਂ?

**ਸੱਚ ਲੱਭਣ ਤੇ ਜਾਣਨ ਲਈ ਤਰਕ ਜ਼ਰੂਰੀ:** ਕੁਦਰਤ ਦੇ ਭੇਦਾਂ ਬਾਰੇ ਸੱਚ ਜਾਣਨ ਲਈ ਪ੍ਰਸ਼ਨ ਪੁੱਛਣਾ ਜ਼ਰੂਰੀ ਹੁੰਦਾ ਹੈ; ਸੱਚ ਦੀ ਤਲਾਸ਼ ਪ੍ਰਸ਼ਨ ਤੋਂ ਹੀ ਸ਼ੁਰੂ ਹੁੰਦੀ ਹੈ। ਕੁਦਰਤ ਆਪਣੇ ਭੇਦ ਸਾਡੇ ਨਾਲ ਸਾਂਝੇ ਕਰਨ ਲਈ ਹਰ ਵੇਲੇ ਤਤਪਰ ਰਹਿੰਦੀ ਹੈ, ਜੇ ਅਸੀਂ ਠੀਕ ਪ੍ਰਸ਼ਨ ਪੁੱਛ ਸਕੀਏ। ਠੀਕ ਪ੍ਰਸ਼ਨ ਪੁੱਛਣ ਦੀ ਜਾਚ



*ਯੂਰਪੀਅਨ ਰੈਨੇਸਾਂਸ ਜਾਗ੍ਰਿਤੀ ਲਹਿਰ ਦੌਰਾਨ ਸੂਫੀ ਲਹਿਰ ਦੇ ਇੱਕ ਨਾਇਕ ਤੇ ਪੰਜਾਬੀ ਸੂਫੀ ਕਵੀ ਸੁਲਤਾਨ ਬਾਹੂ (1630-1691)*

ਅਕਸਰ ਗਿਆਨ ਦੇ ਠੀਕ ਖੇਤਰ ਵਿਚ ਵਰ੍ਹਿਆਂਬੱਧੀ ਤਜਰਬੇ ਨਾਲ ਆਉਂਦੀ ਹੈ; ਪਰ ਕਿਸੇ ਪੱਧਰ ‘ਤੇ ਸੱਚ ਤਲਾਸ਼ ਆਮ ਲੋਕਾਂ ਨੂੰ ਵੀ ਕਰਨੀ ਪੈਂਦੀ ਹੈ ਜਾਂ ਕਰਨੀ ਚਾਹੀਦੀ ਹੈ, ਇਹ ਤੈਅ ਕਰਨ ਲਈ ਕਿ ਉਨ੍ਹਾਂ ਨੂੰ ਜੋ ਪੇਸ਼ ਕੀਤਾ ਜਾ ਰਿਹਾ ਹੈ, ਉਸ ਵਿਚੋਂ ਸੱਚ ਦਾ ਝੂਠ, ਦੰਭ, ਪਖੰਡ, ਤੇ ਅੰਧਵਿਸ਼ਵਾਸ ਤੋਂ ਨਿਤਾਰਾ ਕਰਨ ਲਈ। ਇਹ ਨਿਤਾਰਾ ਜੋ ਕਿਹਾ ਜਾ ਰਿਹਾ ਹੈ, ਉਹਨੂੰ ਤਰਕ ਦੀ ਕਸਵੱਟੀ ‘ਤੇ ਪਰਖ ਕੇ ਕੀਤਾ ਜਾ ਸਕਦਾ ਹੈ। ਜਿਵੇਂ ਭਗਤ ਨਾਮਦੇਵ ਜੀ ਫੁਰਮਾਉਂਦੇ ਨੇ,

ਤਰਕੁ ਨ ਚਾ॥ ਭ੍ਰਮੀਆ ਚਾ॥
(ਪੰਨਾ 693)

ਭਾਵ ਜਿੱਥੇ ਤਰਕ ਨਹੀਂ ਹੁੰਦਾ, ਉਥੇ ਭਰਮ/ ਅਗਿਆਨ ਹੁੰਦਾ ਹੈ।

ਗੁਰੂ ਨਾਨਕ ਸਾਹਿਬ ਨੇ ਵੱਖ ਵੱਖ ਧਰਮਾਂ ਦੇ ਨੁਮਾਇੰਦਿਆਂ ਅਤੇ ਪੈਰੋਕਾਰਾਂ ਨਾਲ ਗੋਸ਼ਟੀਆਂ ਰਚਾਈਆਂ; ਕਿਸੇ ਧਰਮ ਦੇ ਪੱਖ ਵਿਚ ਨਹੀਂ, ਸਗੋਂ ਸਾਰੀ ਮਨੁੱਖਤਾ ਤੇ ਸੱਚਾਈ ਦੀ ਭਾਲ ਵਿਚ। ਉਹ ਧਰਮਾਂ, ਫਿਰਕਿਆਂ, ਖਿੱਤਿਆਂ ਤੋਂ ਉਪਰ ਦੀ ਹੋ ਕੇ ਮਨੁੱਖਤਾ ਦੇ ਪੱਧਰ ਤੋਂ ਵਿਚਾਰ-ਵਟਾਂਦਰੇ ਦੀ ਸਿਫਾਰਸ਼ ਕਰਦੇ ਹਨ,

ਜਬਿ ਲਗੁ ਦੁਨੀਆ ਰਹੀਐ
ਨਾਨਕ ਕਿਛੁ ਸੁਣੀਐ ਕਿਛੁ ਕਹੀਐ॥
(ਪੰਨਾ 661)

ਅਤੇ ਮਨ ਦੀ ਗੱਲ ਸੱਚ ਦੀ ਕਸਵੱਟੀ ‘ਤੇ ਲਾ ਕੇ ਵੇਖੋ ਕਿ ਉਹ ਪੂਰੀ ਉਤਰਦੀ ਹੈ?

ਮਨੁ ਸਚ ਕਸਵਟੀ ਲਾਈਐ
ਤੁਲੀਐ ਪੂਰੈ ਤੋਲਿ॥ (ਪੰਨਾ 22)

ਗੁਰਬਾਣੀ ਵਿਚ ਵਿਗਿਆਨਕ ਕਾਵਿ: ਕੋਈ ਵੀ ਲਿਖਤ ਵਿਗਿਆਨ ਹੁੰਦੀ ਹੈ, ਜੋ ਵਿਗਿਆਨ ਦੇ ਵਿਸ਼ਾ ਵਸਤੂ ਜਾਂ ਤੱਤ ਬਾਰੇ ਹੋਵੇ, ਵਿਗਿਆਨ ਤੇ ਮਨੁੱਖੀ ਸਮਾਜ ਦੇ ਇੱਕ ਦੂਜੇ ‘ਤੇ ਵਿਰੋਧੀ ਪ੍ਰਭਾਵ ਬਾਰੇ ਹੋਵੇ ਜਾਂ ਵਿਗਿਆਨਕ ਪਹੁੰਚ ਤੇ ਸੋਚਣੀ ਨੂੰ ਲਾਗੂ ਕਰੇ ਜਾਂ ਉਤਸ਼ਾਹਿਤ/ਪ੍ਰੋਤਸਾਹਿਤ ਕਰਦੀ ਉਹਨੂੰ ਅੱਗੇ ਵਧਾਉਣ ਵਿਚ ਯੋਗਦਾਨ ਪਾਵੇ। ‘ਵਿਗਿਆਨਕ ਪਹੁੰਚ’ ਅਜਿਹੀ ਵਿਧੀ ਹੈ, ਜਿਸ ਤਹਿਤ ਭੌਤਿਕ ਪ੍ਰਮਾਣ ਜਾਂ ਪੁਸ਼ਟੀ ਤੇ ਸਬੂਤ ਦੇ ਆਧਾਰ ‘ਤੇ ਯੋਜਨਾਬੱਧ ਤਰੀਕੇ ਨਾਲ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ। ਇਸ ਵਿਧੀ ਅਧੀਨ ਕਿਸੇ ਵਿਚਾਰ ਅਧੀਨ ਚੀਜ਼, ਵਰਤਾਰੇ ਜਾਂ ਸਮੱਸਿਆ ਦੀ ਨਜ਼ਰਸਾਨੀ ਜਾਂ ਨਿਰੀਖਣ ਦੌਰਾਨ ਇਕੱਤਰ ਕੀਤੇ ਤੱਥਾਂ ਤੇ ਗਿਣਤੀਆਂ-ਮਿਣਤੀਆਂ ਨੂੰ ਅੰਕੜੇ ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਵਿਸ਼ਲੇਸ਼ਣ ਕਰਕੇ ਤਰਕਸ਼ੀਲ ਢੰਗਾਂ ਨਾਲ ਨਤੀਜਿਆਂ ‘ਤੇ ਪਹੁੰਚਿਆ ਜਾਂਦਾ ਹੈ, ਸੱਚ ਲੱਭਣ ਲਈ। ਵਿਗਿਆਨਕ ਪਹੁੰਚ ਦੇ ਨਜ਼ਰੀਏ ਤੋਂ ਚੀਜ਼ਾਂ, ਚੀਜ਼ਾਂ ਦੇ ਆਪਸੀ ਸਬੰਧਾਂ, ਵਰਤਾਰਿਆਂ ਤੇ ਸਮੱਸਿਆਵਾਂ ਬਾਰੇ ਸੋਚਣ ਢੰਗ ਨੂੰ ਹੀ ਵਿਗਿਆਨਕ ਸੋਚ ਕਿਹਾ ਜਾਂਦਾ ਹੈ।

ਭਾਵੇਂ ਸਮੁੱਚੇ ਰੂਪ ਵਿਚ ਅਧਿਆਤਮਵਾਦ ਦੇ ਘੇਰੇ ਵਿਚ ਹੀ ਸਹੀ, ਗੁਰੂ ਨਾਨਕ ਸਾਹਿਬ ਦੀ ਵਿਗਿਆਨਕ ਸੋਚ ਗੁਰਬਾਣੀ ਵਿਚ ਥਾਂ ਥਾਂ ਪ੍ਰਗਟ ਹੁੰਦੀ ਹੈ। ਗੁਰਬਾਣੀ ਵਿਚ ਅਜਿਹੀਆਂ ਟੂਕਾਂ ਵੀ ਮਿਲਦੀਆਂ ਹਨ, ਜੋ ਬਿਨਾ ਕਿਸੇ ਅਧਿਆਤਮਵਾਦ ਦੇ ਘੇਰੇ ਤੋਂ, ਆਪਣੇ ਆਪ ਵਿਚ ਹੀ ਪੂਰੀਆਂ ਵਿਗਿਆਨਕ ਕਾਵਿ ਟੂਕਾਂ ਹਨ। ਭਗਤ ਕਬੀਰ ਸਰਾਧਾਂ ਦਾ ਵਿਗਿਆਨਕ ਤਰਕ ਨਾਲ ਖੰਡਨ ਕਰਦੇ ਹਨ,

ਜੀਵਤ ਪਿਤਰ ਨ ਮਾਨੈ ਕੋਊ
ਮੂਏਂ ਸਿਰਾਧ ਕਰਾਹੀ।
ਪਿਤਰ ਭੀ ਬਪੁਰੇ
ਕਹੁ ਕਿਉ ਪਾਵਹਿ
ਕਊਆ ਕੂਕਰ
ਖਾਹੀ॥ (ਪੰਨਾ 332)

ਭਾਵ ਜਿਉਂਦੇ ਮਾਤਾ-ਪਿਤਾ ਦੀ ਕੋਈ ਸੇਵਾ ਨਹੀਂ ਕਰਦਾ, ਪਰ ਮਰਨ ਉਪਰੰਤ ਉਨ੍ਹਾਂ ਦਾ ਸਰਾਧ ਕਰਵਾਉਂਦੇ ਨੇ, ਯਾਨਿ ਬ੍ਰਾਹਮਣਾਂ ਨੂੰ ਭੋਜਨ ਛਕਾਉਣਾ; ਤੇ (ਰਹਿੰਦਾ ਖੂੰਹਦਾ) ਕਾਂ ਕੁੱਤੇ ਖਾ ਜਾਂਦੇ ਨੇ। ਵਿਚਾਰੇ ਪਿਤਰਾਂ ਨੂੰ ਕੀ ਮਿਲਦਾ ਹੈ?

ਅੱਜ ਦਾ ਕੌੜਾ ਸੱਚ ਇਹ ਵੀ ਹੈ ਕਿ ਸਰਾਧ ਪ੍ਰਥਾ ਕਿਸੇ ਨਾ ਕਿਸੇ ਰੂਪ ਵਿਚ ਸਿੱਖ ਪਰਿਵਾਰਾਂ ਵਿਚ ਵੀ ਚੱਲੀ ਆ ਰਹੀ ਹੈ; ਭੋਜਨ ਚਾਹੇ ਬ੍ਰਾਹਮਣਾਂ ਨੂੰ ਜਾਂ ਬ੍ਰਾਹਮਣਾਂ ਦੀ ਥਾਂ ਭਾਈਆਂ/ਗ੍ਰੰਥੀਆਂ ਨੂੰ ਛਕਾ ਦਿੱਤਾ ਜਾਂਦਾ ਹੈ। ਕਿਉਂ?

ਬੰਦੇ ਨੂੰ ਕੀ ਖਾਣਾ ਚਾਹੀਦਾ, ਕੀ ਨਹੀਂ; ਇਸ ਬਾਰੇ ਵਿਗਿਆਨਕ ਪਹੁੰਚ ਅਪਨਾਉਂਦਿਆਂ ਗੁਰੂ ਨਾਨਕ ਫੁਰਮਾਉਂਦੇ ਹਨ,

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ॥ (ਪੰਨਾ 16)

ਭਾਵ ਉਹ ਪਦਾਰਥ ਖਾਣੇ ਤਾਂ ਖੁਸ਼ੀ ਨਸ਼ਟ ਕਰਨ ਦੇ ਸਮਾਨ ਹਨ, ਜਿਨ੍ਹਾਂ ਦੇ ਖਾਧਿਆਂ ਸਰੀਰ ਰੋਗੀ ਹੋ ਜਾਵੇ ਤੇ ਮਨ ਵਿਚ ਬੁਰੇ ਖਿਆਲ ਆਉਣ ਲੱਗ ਪੈਣ।

ਇਹ ਟੂਕ ਸ਼ੁੱਧ ਵਿਗਿਆਨਕ ਕਾਵਿ ਦਾ ਨਮੂਨਾ ਹੈ, ਕਿਉਂਕਿ ਇਹ ਟੂਕ ਅੰਕੜਿਆਂ ‘ਤੇ ਆਧਾਰਿਤ ਭੌਤਿਕ ਸੱਚਾਈ ’ਤੇ ਖੜ੍ਹੀ ਹੈ ਕਿ ਗਲਤ ਭੋਜਨ ਤਨ ਤੇ ਮਨ-ਦੋਹਾਂ ਨੂੰ ਬੀਮਾਰ ਕਰਦਾ ਹੈ।

ਵਿਗਿਆਨੀਆਂ ਤੇ ਫਿਲਾਸਫਰਾਂ ਨੇ ਚਿਰ ਤੋਂ ਕਿਆਸਿਆ ਹੈ ਕਿ ਬ੍ਰਹਿਮੰਡ ਦੇ ਆਕਾਰ ਦਾ ਕੋਈ ਅੰਤ ਨਹੀਂ; ਹੁਣ ਵਿਗਿਆਨ ਦੇ ਜ਼ਰੀਏ ਅਸੀਂ ਜਾਣਦੇ ਹਾਂ ਕਿ ਬ੍ਰਹਿਮੰਡ ਵਿਚ ਅਰਬਾਂ ਹੀ ਗੈਲੈਕਸੀਆਂ ਹਨ। ਐਸਾ ਹੀ ਵਿਗਿਆਨਕ ਵਿਚਾਰ ਪੇਸ਼ ਕਰਦਿਆਂ ਗੁਰੂ ਨਾਨਕ ਫੁਰਮਾਉਂਦੇ ਹਨ,

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ
ਵੇਦ ਕਹਨਿ ਇਕ ਵਾਤ॥ (ਪੰਨਾ 5)

ਭਾਵ ਪਾਤਾਲਾਂ ਦੇ ਹੇਠ ਹੋਰ ਲੱਖਾਂ ਪਾਤਾਲ ਹਨ ਅਤੇ ਆਕਾਸ਼ਾਂ ਦੇ ਉਤੇ ਹੋਰ ਲੱਖਾਂ ਆਕਾਸ਼ ਹਨ, ਬੇਅੰਤ ਰਿਸ਼ੀ ਮੁਨੀ ਇਨ੍ਹਾਂ ਦਾ ਅੰਤ ਭਾਲਦੇ ਥੱਕ ਗਏ, ਅਸਫਲ।

ਖੰਡ ਪਤਾਲ ਅਸੰਖ ਮੈ ਗਣਤ ਨਾ ਹੋਈ॥
(ਪੰਨਾ 1283)

**ਗੁਰਬਾਣੀ ਦੇ ਵਿਗਿਆਨਕ ਕੋਡ ਤੇ ਕੋਡ-ਕੁੰਜੀ ਦੀ ਖੋਜ:** ਗੁਰਬਾਣੀ ਵਿਗਿਆਨਕ ਖਿਆਲਾਂ ਦਾ ਗੁੱਝਾ ਖਜਾਨਾ ਹੈ। ਇਸ ਲੇਖ ਵਿਚ ਹੁਣ ਤੱਕ ਗੁਰਬਾਣੀ ਵਿਚੋਂ ਵਿਗਿਆਨਕ ਖਿਆਲਾਂ ਦੀਆਂ ਕੁਝ ਮਿਸਾਲਾਂ ਦਿੱਤੀਆਂ ਗਈਆਂ ਹਨ; ਹੋਰ ਵੀ ਦਿੱਤੀਆਂ ਜਾ ਸਕਦੀਆਂ ਨੇ, ਜੋ ਕੱਢ-ਪਾ ਕੇ ਵਿਗਿਆਨਕ ਤਾਂ ਹੋ ਨਿਬੜਦੀਆਂ ਹਨ, ਪਰ ਅਕਸਰ ਅਧਿਆਤਮਵਾਦ ਦੇ ਘੇਰੇ ਵਿਚ ਰਹਿੰਦੀਆਂ ਹੋਈਆਂ। ਗੁਰਬਾਣੀ ਵਿਚ ਇੱਕ ਕੋਡ ਯਾਨਿ ਸੰਕੇਤ ‘ਸ਼ਬਦ’ ਹੈ, ਜਿਹਦਾ ਜੇ ਸਹੀ ਵਿਗਿਆਨਕ ਅਰਥ ਲੱਭ ਲਿਆ ਜਾਵੇ, ਉਸ ਅਰਥ ਨੂੰ ਕੁੰਜੀ ਵਾਂਗ ਵਰਤ ਕੇ ਗੁਰਬਾਣੀ ਦਾ ਜੰਦਰਾ ਖੋਲ੍ਹਿਆ ਜਾ ਸਕਦਾ ਹੈ। ਇੰਜ ਜੰਦਰਾ ਖੋਲ੍ਹਿਆਂ ਗੁਰਬਾਣੀ ਵਿਚੋਂ ਸ਼ੁੱਧ ਵਿਗਿਆਨਕ ਖਿਆਲਾਂ ਦੀ ਇੱਕ ਧਾਰਾ ਵਹਿ ਤੁਰਦੀ ਹੈ, ਬਿਨਾ ਅਧਿਆਤਮਵਾਦ ਦੇ ਘੇਰੇ ਤੋਂ।

ਇਹ ਕੋਡ ਸ਼ਬਦ ਹੈ, ਸਿਰਜਣਹਾਰ; ਜਿਹਦੇ ਗੁਣ ਗੁਰਬਾਣੀ ਦੇ ਮੂਲਮੰਤਰ ਵਿਚ ਅੰਕਿਤ ਕੀਤੇ ਗਏ ਹਨ, ਜਿਵੇਂ ਉਹ ਬ੍ਰਹਿਮੰਡ ਦਾ ਸਿਰਜਣਹਾਰ, ਸਰਬ ਵਿਆਪਕ, ਨਿਰੰਕਾਰ ਤੇ ਅਕਾਲ ਹੈ, ਪਰ ਉਹਨੂੰ ਕੋਈ ਖਾਸ ਨਾਂ ਨਹੀਂ ਦਿੱਤਾ ਗਿਆ। ਜੇ ਵਿਗਿਆਨ ਦਾ ਜੰਦਰਾ ਖੋਲ੍ਹਣ ਲਈ ਕੁੰਜੀ ਵਜੋਂ ‘ਸਿਰਜਣਹਾਰ’ ਨੂੰ ‘ਮਾਦਾ’ (ਮੈਟਰ) ਜਾਂ ‘ਊਰਜਾ’ ਦਾ ਨਾਂ ਦੇ ਦੇਈਏ ਤਾਂ ਗੁਰਬਾਣੀ ਦੀਆਂ ਅਨੇਕਾਂ ਟੂਕਾਂ ਤੇ ਖਿਆਲ ਆਪਣੇ-ਆਪ ਹੀ, ਥੋਕ ਵਿਚ ਧੜਾਧੜ, ਸ਼ੁੱਧ ਵਿਗਿਆਨਕ ਟੂਕਾਂ ਤੇ ਵਿਗਿਆਨਕ ਖਿਆਲਾਂ ਵਿਚ ਵਟ ਜਾਣਗੇ, ਅੱਖ ਦੇ ਫੋਰ ‘ਚ। ਗੁਰੂ ਨਾਨਕ ਬ੍ਰਹਿਮੰਡ ਦੀ ਉਤਪਤੀ ’ਤੇ ਵਿਚਾਰ ਪੇਸ਼ ਕਰਦੇ ਹਨ,

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥ (ਪੰਨਾ 3)

ਭਾਵ ਬ੍ਰਹਿਮੰਡ ਦਾ ਪਸਾਰ ਇੰਜ ਹੋਇਆ ਜਿਵੇਂ ਇੱਕੋ ਹੀ ਖੂਹ ਵਿਚੋਂ ਲੱਖਾਂ ਦਰਿਆ ਫੁੱਟ ਤੁਰਨ। ਇਥੇ ਖੂਹ ਦਾ ਮਤਲਬ ਹੈ, ਸਿਰਜਣਹਾਰ। ਜੇ ਸਿਰਜਣਹਾਰ ਨੂੰ ‘ਊਰਜਾ’ ਕਹਿ ਲਈਏ ਤਾਂ ਉਕਤ ਟੂਕ ਵਿਗਿਆਨਕ ਕਾਵਿ ਬਣ ਜਾਂਦੀ ਹੈ, ਕਿਉਂਕਿ ਵਿਗਿਆਨ ਦੀ ਖੋਜ, ਜਿਸ ਵਿਚ ਮੈਂ ਖੁਦ ਹਿੱਸਾ ਲਿਆ ਹੈ, ਅਨੁਸਾਰ ਬ੍ਰਹਿਮੰਡ ਦੀ ਉਤਪਤੀ ਊਰਜਾ ਅਤੇ ਊਰਜਾ ਤੋਂ ਉਪਜੇ ਉਂਗਲਾਂ ‘ਤੇ ਗਿਣੇ ਜਾ ਸਕਣ ਜੋਗੇ ਅਣੂਆਂ (ਮਾਦਾ) ਤੋਂ ਸ਼ੁਰੂ ਹੋਈ, ਜੋ ਅਨੇਕਾਂ ਕਿਸਮ ਦੀ ਊਰਜਾ ਅਤੇ ਅਣਗਿਣਤ ਕਿਸਮਾਂ ਦੇ ਪਦਾਰਥਾਂ ਵਿਚ ਵਟ ਗਏ। ਬ੍ਰਹਿਮੰਡ ਦੀ ਸਿਰਜਣਾ ਬਾਰੇ ਹੀ ਗੁਰੂ ਅਰਜਨ ਦੇਵ ਫੁਰਮਾਉਂਦੇ ਹਨ,

ਕਈ ਬਾਰ ਪਸਰਿਓ ਪਾਸਾਰ॥
ਸਦਾ ਸਦਾ ਇਕੁ ਏਕੰਕਾਰ॥
ਕਈ ਕੋਟਿ ਕੀਨੇ ਬਹੁ ਭਾਤਿ॥
ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ॥
(ਪੰਨਾ 276)

ਭਾਵ (ਸਿਰਜਣਹਾਰ ਤੋਂ) ਕਈ ਵਾਰੀ ਬ੍ਰਹਿਮੰਡ ਰਚਨਾ ਹੋਈ ਹੈ, (ਆਪਾ ਸਮੇਟ ਕੇ) ਹਰ ਵਾਰ ਆਪ ਹੀ ਹੋ ਜਾਂਦਾ ਹੈ; ਸਿਰਜਣਹਾਰ ਨੇ ਕਈ ਕਿਸਮਾਂ ਦੇ ਕਰੋੜਾਂ ਹੀ ਜੀਵ ਪੈਦਾ ਕੀਤੇ ਹੋਏ ਹਨ, ਜੋ ਸਿਰਜਣਹਾਰ ਤੋਂ ਪੈਦਾ ਹੋ ਕੇ, ਫਿਰ ਸਿਰਜਣਹਾਰ ਵਿਚ ਲੀਨ ਹੋ ਜਾਂਦੇ ਹਨ।

ਉਕਤ ਟੂਕ ਤੇ ਵਿਆਖਿਆ ਵਿਚ ਸਿਰਜਣਹਾਰ (ਜਾਂ ਪ੍ਰਭੂ) ਦੀ ਥਾਂ ਊਰਜਾ (ਜਾਂ ਮਾਦਾ) ਲਿਖ ਦਿਓ, ਤਾਂ ਇਹ ਬ੍ਰਹਿਮੰਡ ਬਾਰੇ ਦਰੁਸਤ ਵਿਗਿਆਨਕ ਬਿਆਨ ਬਣ ਜਾਂਦੀ ਹੈ।

ਇੱਥੇ ਹੀ ਬੱਸ ਨਹੀਂ, ਇਹ ਕੁੰਜੀ (ਸਿਰਜਣਹਾਰ=ਊਰਜਾ ਜਾਂ ਮਾਦਾ) ਗੁਰਬਾਣੀ ਦੇ ਧੁਰੇ ‘ਮੂਲਮੰਤਰ’ ਨੂੰ ਵਿਗਿਆਨ ਦੇ ਇੱਕ ਕੇਂਦਰੀ ਸਿਧਾਂਤ ਵਿਚ ਬਦਲ ਦਿੰਦੀ ਹੈ। ਇਹ ਵਿਸਤਾਰ ਸਹਿਤ ਇੱਕ ਵੱਖਰੇ ਲੇਖ ਵਿਚ ਦਰਜ ਹੈ।

ਅਖੀਰ ਵਿਚ ਅਸੀਂ ‘ਆਰਤੀ’ ਦੀ ਮਿਸਾਲ ਵਿਚਾਰਦੇ ਹਾਂ। ਹਿੰਦੂ ਮਤ ਅਨੁਸਾਰ ਦੇਵਤੇ ਦੀ ਮੂਰਤੀ ਜਾਂ ਕਿਸੇ ਹੋਰ ਪੂਜਨੀਕ ਅੱਗੇ ਥਾਲ ਵਿਚ ਦੀਵੇ ਆਦਿ ਰੱਖ ਕੇ ਘੁਮਾਉਣ ਦੀ ਪੂਜਾ ਰੀਤ ਨੂੰ ਆਰਤੀ ਕਿਹਾ ਜਾਂਦਾ ਹੈ। ਗੁਰੂ ਨਾਨਕ ਵਿਗਿਆਨਕ ਸੋਚ ਸੰਗ ਇਸ ਪੂਜਾ ਰੀਤ ਨੂੰ ਨਕਾਰਦਿਆਂ ਕੁਦਰਤ ਵਿਚ ਆਪਣੇ-ਆਪ, ਦੇਵਤਿਆਂ ਦੀ ਥਾਂ ਜ਼ਿੰਦਗੀ ਦੀ, ਹੋ ਰਹੀ ਆਰਤੀ ਵੱਲ ਇਸ਼ਾਰਾ ਕਰਦੇ ਨੇ,

ਗਗਨ ਮੈ ਥਾਲੁ ਰਵਿ ਚੰਦੁ ਦੀਪਕ
ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥ (ਪੰਨਾ 663)

ਭਾਵ ਸਾਰਾ ਅਸਮਾਨ ਥਾਲ ਹੈ, (ਜਿਸ ਵਿਚ) ਸੂਰਜ ਤੇ ਚੰਦ ਦੀਵੇ ਬਣੇ ਹੋਏ ਹਨ ਅਤੇ ਤਾਰਿਆਂ ਦੇ ਸਮੂਹ ਜਿਵੇਂ ਰੱਖੇ ਹੋਏ ਮੋਤੀ ਹੋਣ। ਮਲਯ (ਅਨਲੋ) ਪਰਬਤ ਵਲੋਂ ਆਉਂਦੀ ਹਵਾ (ਧੁਖ ਰਹੇ) ਧੂਫ ਤੇ ਚੌਰ ਦਾ ਕੰਮ ਕਰ ਰਹੀ ਹੈ। ਸਾਰੀ (ਕੁਦਰਤੀ) ਬਨਸਪਤੀ ਇਸ ਜੋਤ (ਆਰਤੀ) ਲਈ ਫੁੱਲ ਦੇ ਰਹੀ ਹੈ। ਸਿਰਜਣਹਾਰ ਦੀ (ਕੁਦਰਤ

**(ਬਾਕੀ ਅਗਲੇ ਸਫੇ ’ਤੇ)**

***ਪ੍ਰੋਫੈਸਰ, ਫਿਜ਼ਿਕਸ ਤੇ ਕੰਪਿਊਟਰ ਸਾਇੰਸ, ਪਾਰਕ ਯੂਨੀਵਰਸਿਟੀ, ਯੂ ਐਸ ਏ।**

# ਗੁਰੂ ਨਾਨਕ ਬਾਣੀ ਦਾ ਮੂਲ ਸਰੋਕਾਰ

ਸਾਮੰਤਸ਼ਾਹੀ-ਬ੍ਰਾਹਮਣਵਾਦੀ ਨਿਜ਼ਾਮ ਦੀ ਵਿਸਥਾਪਨਾ ਰਾਹੀਂ ਆਜ਼ਾਦੀ ਅਤੇ ਬਰਾਬਰੀ ਜਿਹੀਆਂ ਕਦਰਾਂ-ਕੀਮਤਾਂ ਨਾਲ ਪ੍ਰਣਾਏ ਕਿਰਤ ਕਰਨ, ਨਾਮ ਜਪਣ ਅਤੇ ਵੰਡ ਕੇ ਛਕਣ ਵਾਲੇ ਨਵੇਂ ਮਨੁੱਖ, ਸਮਾਜ ਅਤੇ ਰਾਜ-ਪ੍ਰਬੰਧ ਦੀ ਸਥਾਪਨਾ ਗੁਰੂ ਨਾਨਕ ਬਾਣੀ ਦਾ ਮੂਲ ਸਰੋਕਾਰ ਆਖਿਆ ਜਾ ਸਕਦਾ ਹੈ।

ਗੁਰੂ ਨਾਨਕ ਬਾਣੀ ਵਿਚ ਮਨੁਖ ਨੂੰ ਵਾਰ ਵਾਰ ਨੀਵਾਂ, ਨਿਤਾਣਾ, ਗਰੀਬ, ਮਸਕੀਨ, ਦਾਸ ਆਦਿ ਆਖ ਕੇ ਉਸ ਨੂੰ ਉਸ ਦੀ ਸਮਾਜਕ, ਆਰਥਕ ਤੇ ਰਾਜਨੀਤਕ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਉਸ ਨੂੰ ਜ਼ੋਰ ਜ਼ੁਲਮ, ਅਨਿਆਂ ਅਤੇ ਬ੍ਰਾਹਮਣਵਾਦੀ ਪ੍ਰਵਚਨਾਂ ਰਾਹੀਂ ਗੁਲਾਮ ਬਣਾਉਣ ਵਾਲੇ ਸਾਮੰਤਸ਼ਾਹੀ-ਬ੍ਰਾਹਮਣਵਾਦੀ ਪ੍ਰਬੰਧ ਬਾਰੇ ਚੇਤੰਨ ਕਰਵਾਇਆ

**ਅਮਰਜੀਤ ਸਿੰਘ ਗਰੇਵਾਲ**

ਜਾ ਰਿਹਾ ਹੈ। ਉਸ ਨੂੰ ਅਹਿਸਾਸ ਕਰਵਾਇਆ ਜਾ ਰਿਹਾ ਹੈ ਕਿ ਉਹ ਕਿਸੇ ਪਿਛਲੇ ਜਨਮ ਦੇ ਕਰਮਾਂ ਕਰਕੇ ਨਹੀਂ, ਸਾਮੰਤਸ਼ਾਹੀ ਬ੍ਰਾਹਮਣਵਾਦੀ ਨਿਜ਼ਾਮ ਦੀ ਵਿਚਾਰਧਾਰਾ ਅਤੇ ਰਾਜਨੀਤੀ ਕਾਰਨ ਹੀ ਗੁਲਾਮ ਬਣਿਆ ਹੋਇਆ ਹੈ।

ਵਰਣ ਆਸ਼ਰਮ ਧਰਮ ਸਾਮੰਤਸ਼ਾਹੀ-ਬ੍ਰਾਹਮਣਵਾਦੀ ਨਿਜ਼ਾਮ ਰਾਹੀਂ ਸਥਾਪਤ ਅਜਿਹੀ ਵਿਵਸਥਾ ਦਾ ਨਾਂ ਹੈ, ਜੋ ਡੰਡੇ ਦੀ ਥਾਂ ਰਜ਼ਾਮੰਦੀ ਰਾਹੀਂ, ਲੋਕਾਂ ਦੀਆਂ ਆਜ਼ਾਦੀ ਅਤੇ ਬਰਾਬਰੀ ਜਿਹੀਆਂ ਭਾਵਨਾਵਾਂ ਨੂੰ ਦਬਾ ਕੇ ਉਨ੍ਹਾਂ ਨੂੰ ਹਾਈਰਾਰਕੀਕਲ ਸਟਰਕਚਰ (ਲੜੀਵਾਰ ਢਾਂਚੇ) ਵਿਚ ਬੰਨ੍ਹਦਾ ਸੀ। ਇਥੋਂ ਸਟੇਟ ਦੇ ਨਿਰਮਾਣ ਅਤੇ ਚਲਨ ਵਿਚ ਧਰਮ ਦੇ ਰੋਲ ਦੀ ਵੀ ਸੂਹ ਮਿਲਦੀ ਹੈ। ਗੁਰੂ ਨਾਨਕ ਦੇ ਜ਼ਮਾਨੇ ਵਿਚ (ਜਾਂ ਸ਼ਾਇਦ ਅੱਜ ਵੀ) ਵਰਣ ਆਸ਼ਰਮ ਧਰਮ ਉਸ ਵਿਵਸਥਾ ਦਾ ਨਾਂ ਸੀ, ਜਿਸ ਅਧੀਨ ਲੋਕ ਆਜ਼ਾਦੀ ਅਤੇ ਬਰਾਬਰੀ ਦੀਆਂ ਭਾਵਨਾਵਾਂ ਨੂੰ ਭੁਲਾ ਕੇ ਘਰ-ਪਰਿਵਾਰ, ਭਾਈਚਾਰੇ ਅਤੇ ਸਟੇਟ ਜਿਹੀਆਂ ਲੜੀਵਾਰ ਅਤੇ ਅਮਾਨਵੀ ਸੰਗਠਨਕਾਰੀਆਂ ਵਿਚ ਕੈਦ ਹੋਣਾ ਕਬੂਲ ਕਰ ਲੈਂਦੇ ਸਨ। ਸਪਸ਼ਟ ਹੈ, ਧਰਮ ਨੂੰ ਸੰਬੋਧਨ ਹੋਏ ਬਿਨਾ ਇਨ੍ਹਾਂ ਲੜੀਵਾਰ ਅਤੇ ਅਮਾਨਵੀ ਕਦਰਾਂ-ਕੀਮਤਾਂ ਨੂੰ ਜਨਮ ਦੇਣ ਵਾਲੀਆਂ ਵਿਚਾਰਧਾਰਕ ਸੰਗਠਨਕਾਰੀਆਂ ਨੂੰ ਤੋੜਿਆ ਨਹੀਂ ਸੀ ਜਾ ਸਕਦਾ।

ਉਸ ਸਮੇਂ ਇਸ ਹੈਜਮੋਨਿਕ ਕੰਟਰੋਲ ਸਿਸਟਮ ਦੇ ਬਾਹਰ ਸਿਰਫ ਇਕੋ ਇਕ ਆਜ਼ਾਦ ਖੇਤਰ ਸੀ, ਅਧਿਆਤਮਕ ਖੇਤਰ। ਇਥੇ ਮਨੁੱਖ ਆਪਣੀ ਵਿਅਕਤੀਗਤ ਆਜ਼ਾਦੀ (ਮੁਕਤੀ) ਲਈ ਸੋਚ ਅਭਿਆਸ ਕਰਨ ਲਈ ਤਾਂ ਆਜ਼ਾਦ ਸੀ, ਪਰ ਸਮਾਜ ਤੋਂ ਬਾਹਰ ਰਹਿ ਕੇ। ਨਤੀਜੇ ਵਜੋਂ ਸਮਾਜਕ, ਆਰਥਕ ਤੇ ਰਾਜਨੀਤਕ ਅਤੇ ਸਭਿਆਚਾਰਕ ਖੇਤਰ ਤੋਂ ਬਾਹਰ ਹੋਣ ਕਾਰਨ ਉਨ੍ਹਾਂ ਦੀ ਇਹ ਆਜ਼ਾਦੀ ਅਧਿਆਤਮਕ ਮੁਕਤੀ ਤੱਕ ਹੀ ਸੀਮਤ ਹੋ ਕੇ ਰਹਿ ਗਈ। ਪਰਿਵਾਰ, ਭਾਈਚਾਰੇ ਅਤੇ ਸਟੇਟ ਵਿਚ ਰਹਿ ਕੇ ਸਮਾਜਕ, ਆਰਥਕ ਅਤੇ ਰਾਜਨੀਤਕ ਗੁਲਾਮੀ ਦੇ ਬੰਧਨਾਂ ਨੂੰ ਕਿਵੇਂ ਤੋੜਨਾ ਹੈ, ਭਾਈ ਗੁਰਦਾਸ ਦੇ ਸ਼ਬਦਾਂ ਵਿਚ ਇਹ ਉਨ੍ਹਾਂ ਦਾ ਕਰਮ ਖੇਤਰ ਨਹੀਂ ਸੀ।

"ਸਿਧ ਛਪ ਬੈਠੇ ਪਰਬਤੀਂ, ਕਉਣ ਜਗਤਿ ਕਉ ਪਾਰ ਉਤਾਰਾ।"

ਸਾਮੰਤਸ਼ਾਹੀ-ਬ੍ਰਾਹਮਣਵਾਦੀ ਸਮਾਜ ਵਿਚ ਸਦੀਆਂ ਤੋਂ ਗੁਲਾਮੀ ਦਾ ਜੀਵਨ ਬਿਤਾ ਰਹੇ ਵਿਅਕਤੀ ਨੂੰ ਇਕ ਦਮ ਤਾਂ ਬਗਾਵਤ ਲਈ ਤਿਆਰ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਗੁਰੂ ਸਾਹਿਬ ਮੱਧਯੁਗੀ ਮਨੁੱਖ ਦੇ ਖਾਨੇ ਵਿਚ ਪੈਣ ਵਾਲੀ ਇਕ ਐਸੀ ਜੁਗਤ ਅਪਨਾਉਂਦੇ ਹਨ,

> ***ਗੁਰੂ ਨਾਨਕ ਦੇ ਜ਼ਮਾਨੇ ਵਿਚ (ਜਾਂ ਸ਼ਾਇਦ ਅੱਜ ਵੀ) ਵਰਣ ਆਸ਼ਰਮ ਧਰਮ ਉਸ ਵਿਵਸਥਾ ਦਾ ਨਾਂ ਸੀ, ਜਿਸ ਅਧੀਨ ਲੋਕ ਆਜ਼ਾਦੀ ਅਤੇ ਬਰਾਬਰੀ ਦੀਆਂ ਭਾਵਨਾਵਾਂ ਨੂੰ ਭੁਲਾ ਕੇ ਘਰ-ਪਰਿਵਾਰ, ਭਾਈਚਾਰੇ ਅਤੇ ਸਟੇਟ ਜਿਹੀਆਂ ਲੜੀਵਾਰ ਅਤੇ ਅਮਾਨਵੀ ਸੰਗਠਨਕਾਰੀਆਂ ਵਿਚ ਕੈਦ ਹੋਣਾ ਕਬੂਲ ਕਰ ਲੈਂਦੇ ਸਨ। ਸਪਸ਼ਟ ਹੈ, ਧਰਮ ਨੂੰ ਸੰਬੋਧਨ ਹੋਏ ਬਿਨਾ ਇਨ੍ਹਾਂ ਲੜੀਵਾਰ ਅਤੇ ਅਮਾਨਵੀ ਕਦਰਾਂ-ਕੀਮਤਾਂ ਨੂੰ ਜਨਮ ਦੇਣ ਵਾਲੀਆਂ ਵਿਚਾਰਧਾਰਕ ਸੰਗਠਨਕਾਰੀਆਂ ਨੂੰ ਤੋੜਿਆ ਨਹੀਂ ਸੀ ਜਾ ਸਕਦਾ।***

ਜਿਸ ਰਾਹੀਂ ਉਹ ਸਾਮੰਤ ਅਤੇ ਬ੍ਰਾਹਮਣ ਦੀ ਸ਼ਕਤੀ ਨੂੰ ਉਨ੍ਹਾਂ ਦੇ ਹੀ ਖਿਲਾਫ ਵਰਤ ਲੈਂਦੇ ਹਨ। ਪਰਮਾਤਮਾ ਦੀ ਸ਼ਕਤੀ ਤੇ ਸਿਖਿਆ ਦੀ ਨੁਮਾਇੰਦਗੀ ਦਾ ਦਾਅਵਾ ਪੇਸ਼ ਕਰਨ ਵਾਲੇ ਬਾਦਸ਼ਾਹ ਅਤੇ ਬ੍ਰਾਹਮਣ ਦੇ ਮੁਕਾਬਲੇ ਜਦੋਂ ਗੁਰੂ ਸਾਹਿਬ ਉਸ ਪਰਮਾਤਮਾ ਨੂੰ ਇੱਕੋ ਇੱਕ ਸੱਚਾ ਪਾਤਸ਼ਾਹ ਤੇ ਸੱਚਾ ਗੁਰੂ ਬਣਾ ਕੇ ਪੇਸ਼ ਕਰਦੇ ਹਨ, ਤਾਂ ਉਨ੍ਹਾਂ ਦੀ ਇਹ ਵਿਧਾ ਸਹਿਜੇ ਹੀ ਦੁਨਿਆਵੀ ਪਾਤਸ਼ਾਹਾਂ ਅਤੇ ਬ੍ਰਾਹਮਣਾਂ ਦੀ ਪ੍ਰਭੁਤਾ ਦਾ ਅੰਤ ਕਰ ਦਿੰਦੀ ਹੈ।

ਗੁਰੂ ਸਾਹਿਬ ਦ੍ਰਿੜ ਕਰਵਾਉਂਦੇ ਹਨ ਕਿ ਪਰਮਾਤਮਾ ਹੀ ਇੱਕੋ ਇੱਕ ਅਸਲੀ ਮਾਲਕ, ਸਤਿਗੁਰੂ, ਪਰਮ ਪਿਤਾ, ਪਤੀ ਪਰਮੇਸ਼ਰ ਅਤੇ ਸੱਚਾ ਪਾਤਸ਼ਾਹ ਹੈ। ਸਭ ਦਾ ਮਾਲਕ ਸਿਰਫ ਉਹੋ ਹੀ ਹੈ। ਉਸ ਇਕ ਤੋਂ ਬਿਨਾ ਹੋਰ ਕਿਸੇ ਦੀ ਅਥਾਰਟੀ ਨਹੀਂ ਮੰਨਣੀ। ਇਸ ਤਰ੍ਹਾਂ ਉਹ ਮਨੁੱਖ ਨੂੰ ਘਰ ਵਿਚ ਪਿਤਾ ਤੇ ਪਤੀ, ਸਮਾਜ ਵਿਚ ਬ੍ਰਾਹਮਣ, ਖੇਤ ਵਿਚ ਜਗੀਰਦਾਰ/ਸ਼ਾਹੂਕਾਰ ਅਤੇ ਰਾਜ ਵਿਚ ਰਜਵਾੜੇ ਦੀ ਥਾਂ ਇਕੋ ਇਕ ਪਰਮਾਤਮਾ ਦੀ ਗੁਲਾਮੀ ਨਾਲ ਜੋੜ ਕੇ ਉਸ ਨੂੰ ਹਰ ਕਿਸਮ ਦੀ ਸਮਾਜਕ-ਸਭਿਆਚਾਰਕ ਅਤੇ ਆਰਥਕ-ਰਾਜਨੀਤਕ ਗੁਲਾਮੀ ਤੋਂ ਮੁਕਤ ਕਰਵਾ ਦਿੰਦੇ ਹਨ।

ਸਿਰਫ ਗੁਲਾਮੀ ਤੋਂ ਹੀ ਮੁਕਤ ਨਹੀਂ ਕਰਵਾਉਂਦੇ, ਰਾਜੇ ਤੇ ਰੰਕ, ਬ੍ਰਾਹਮਣ ਤੇ ਸ਼ੂਦਰ, ਮਰਦ ਤੇ ਔਰਤ-ਸਭ ਨੂੰ ਪਰਮਾਤਮਾ ਦੀ ਇੱਕੋ ਜਿਹੀ ਗੁਲਾਮੀ ਨਾਲ ਜੋੜ ਕੇ ਉਹ ਬਰਾਬਰੀ ਅਤੇ ਸਰਬ ਸਾਂਝੀਵਾਲਤਾ ਦਾ ਮਾਹੌਲ ਵੀ ਸਿਰਜ ਦਿੰਦੇ ਹਨ।

ਇਸ ਨੂੰ ਗੁਰੂ ਨਾਨਕ ਬਾਣੀ ਦਾ ਮੂਲ ਸਰੋਕਾਰ ਇਸ ਲਈ ਆਖਿਆ ਹੈ, ਕਿਉਂਕਿ ਇਸ ਨੇ ਹਰ ਦਿਸ਼ਾ ਅਤੇ ਖੇਤਰ ਵਿਚ ਤਬਦੀਲੀ ਦੀ ਲੋੜ ਪੈਦਾ ਕਰ ਦਿੱਤੀ। ਮਿਸਾਲ ਵਜੋਂ ਸਭ ਤੋਂ ਵੱਡੀ ਲੋੜ ਸੀ, ਸਾਮੰਤਸ਼ਾਹੀ-ਬ੍ਰਾਹਮਣਵਾਦੀ ਵਰਣ ਆਸ਼ਰਮ ਧਰਮ ਦੀ ਨੈਤਿਕਤਾ ਨੂੰ ਵਿਸਥਾਪਤ ਕਰਕੇ ਨਵੀਂ ਕ੍ਰਾਂਤੀਕਾਰੀ ਨੈਤਿਕਤਾ ਦੀ ਸਥਾਪਨਾ ਕਰਨਾ।

ਕੁਰੁਕਸ਼ੇਤਰ ਦੇ ਮੈਦਾਨ 'ਚ ਦੁਸ਼ਮਣ ਦੇ ਰੂਪ ਵਿਚ ਖੜ੍ਹੇ ਆਪਣੇ ਹੀ ਪਰਿਵਾਰ ਨੂੰ ਦੇਖ ਕੇ ਅਰਜਨ ਆਖਦਾ ਹੈ, "ਤਿੰਨਾਂ ਲੋਕਾਂ ਦੇ ਰਾਜ ਲਈ ਵੀ ਮੈਂ ਇਨ੍ਹਾਂ ਨੂੰ ਨਹੀਂ ਮਾਰ ਸਕਦਾ, ਪ੍ਰਿਥਵੀ ਦਾ ਰਾਜ ਤਾਂ ਕੋਈ ਚੀਜ਼ ਹੀ ਨਹੀਂ। ਮੈਂ ਆਪਣੀ ਹੀ ਕੁਲ ਦਾ ਸਰਬਨਾਸ਼ ਕਿਵੇਂ ਕਰ ਸਕਦਾ ਹਾਂ?" ਉਸ ਦੀਆਂ ਨਿਜੀ ਭਾਵਨਾਵਾਂ 'ਤੇ ਆਧਾਰਿਤ ਨੈਤਿਕਤਾ ਉਸ ਨੂੰ ਇਸ ਯੁੱਧ ਦੀ ਇਜਾਜ਼ਤ ਨਹੀਂ ਦਿੰਦੀ। ਕ੍ਰਿਸ਼ਨ ਉਸ ਨੂੰ ਇਹ ਆਖ ਕੇ ਯੁੱਧ ਲਈ ਤਿਆਰ ਕਰ ਲੈਂਦਾ ਹੈ ਕਿ ਉਹ ਕਸ਼ੱਤਰੀ ਹੈ ਤੇ ਯੁੱਧ ਕਰਨਾ ਕਸ਼ੱਤਰੀ ਦਾ ਧਰਮ ਹੈ।

ਗੀਤਾ ਅਰਜਨ ਨੂੰ ਆਪਣੀਆਂ ਨਿਜੀ ਭਾਵਨਾਵਾਂ ਦਾ ਮੋਹ ਤਿਆਗ ਕੇ ਵਰਣ ਆਸ਼ਰਮ ਧਰਮ ਦੀ ਨੈਤਿਕਤਾ ਅਪਨਾਉਣ ਲਈ ਪ੍ਰੇਰਦੀ ਹੈ। ਕ੍ਰਿਸ਼ਨ ਗੀਤਾ ਰਾਹੀਂ ਵਿਅਕਤੀ (ਅਰਜਨ) ਦੀ ਸਵੈ-ਨੈਤਿਕਤਾ ਨੂੰ ਵਿਸਥਾਪਤ ਕਰਕੇ ਜਾਤੀ-ਆਧਾਰਿਤ ਸਮਾਜ ਲਈ ਬ੍ਰਾਹਮਣਵਾਦੀ ਨੈਤਿਕਤਾ ਉਸਾਰ ਰਿਹਾ ਸੀ। ਨਤੀਜੇ ਵਜੋਂ ਅਰਜਨ ਆਪਣੇ ਕਸ਼ੱਤਰੀ ਧਰਮ ਦੀ ਪਾਲਣਾ ਕਰਦਿਆਂ ਯੁੱਧ ਕਰਦਾ ਹੈ। ਅਰਜਨ ਨੂੰ ਕਤਲ ਅਤੇ ਹਿੰਸਾ ਲਈ ਤਿਆਰ ਕਰਨ ਵਾਸਤੇ ਕ੍ਰਿਸ਼ਨ ਆਤਮਾ, ਪਰਮਾਤਮਾ, ਲੀਲ੍ਹਾ, ਮਾਇਆ ਆਦਿ ਧਾਰਨਾਵਾਂ ਦੀ ਵਰਤੋਂ ਕਰਦਾ ਹੈ। ਕਿਉਂਕਿ ਆਤਮਾ ਅਮਰ ਹੈ, ਇਸ ਲਈ ਕੋਈ ਕਿਸੇ ਦਾ ਕਤਲ ਕਰ ਹੀ ਨਹੀਂ ਸਕਦਾ। ਫਿਰ ਕਤਲ/ਹਿੰਸਾ ਦਾ ਬੋਝ ਕੈਸਾ! ਅਰਜਨ ਨੂੰ ਹਿੰਸਾ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ, ਕਿਉਂਕਿ ਇਹ ਕਤਲ ਅਤੇ ਯੁੱਧ ਸਭ ਪਰਮਾਤਮਾ ਦੀ ਖੇਡ/ਲੀਲ੍ਹਾ ਹੈ। ਬੰਦਾ ਤਾਂ ਸਿਰਫ ਐਕਟਰ ਹੈ, ਜਿਸ ਦਾ ਲੇਖਕ ਅਤੇ ਨਿਰਦੇਸ਼ਕ ਪਰਮਾਤਮਾ ਆਪ ਹੈ।

ਵਰਣ ਆਸ਼ਰਮ ਧਰਮ ਦੀ ਸਕਰਿਪਟ ਪਰਮਾਤਮਾ ਨੇ ਖੁਦ ਲਿਖੀ ਹੈ। ਇਸ ਲਈ ਅਰਜਨ ਵਾਸਤੇ ਯੁੱਧ ਕਰਨ ਤੋਂ ਵੱਡੀ ਹੋਰ ਕੋਈ ਨੈਤਿਕਤਾ ਹੋ ਹੀ ਨਹੀਂ ਸਕਦੀ। ਕ੍ਰਿਸ਼ਨ ਅਰਜਨ ਨੂੰ ਆਖਦਾ ਹੈ, "ਜੇ ਤੂੰ ਆਪਣੇ ਵਰਣ ਆਸ਼ਰਮ ਧਰਮ ਦੀ ਪਾਲਣਾ ਕਰਦਿਆਂ ਯੁੱਧ ਵਿਚ ਮਾਰਿਆ ਜਾਵੇਂ ਤਾਂ ਤੈਨੂੰ ਸਵਰਗ ਮਿਲੇਗਾ। ਜੇ ਜਿੱਤ ਜਾਵੇਂ ਤਾਂ ਇਸ ਧਰਤੀ ਦਾ ਰਾਜ। ਇਸ ਲਈ ਯੁੱਧ ਕਰ।" ਫਲ ਦੀ ਇੱਛਾ ਕੀਤੇ ਬਿਨਾ ਵਰਣ ਆਸ਼ਰਮ ਧਰਮ ਦੀ ਪਾਲਣਾ ਹੀ ਮਾਨਵ ਮੁਕਤੀ ਦਾ ਦੁਆਰ ਹੈ।

ਮਰਨ ਪਿਛੋਂ ਯੁਧਿਸ਼ਟਰ ਸਵਰਗ ਪਹੁੰਚ ਕੇ ਦੇਖਦਾ ਹੈ ਕਿ ਮਹਾਂਭਾਰਤ ਦਾ ਖਲਨਾਇਕ ਦੁਰਯੋਧਨ ਪੂਰੀ ਸ਼ਾਨੋ-ਸ਼ੌਕਤ ਨਾਲ ਉਥੇ ਬਿਰਾਜਮਾਨ ਹੈ, ਕਿਉਂਕਿ ਉਸ ਨੇ ਮਨ ਨਾਲ ਯੁੱਧ ਕਰਕੇ ਆਪਣਾ ਧਰਮ ਨਿਭਾਇਆ ਸੀ। ਜਦੋਂ ਯੁਧਿਸ਼ਟਰ ਨੂੰ ਪਤਾ ਲੱਗਾ ਕਿ ਦਰੋਪਦੀ ਅਤੇ ਉਸ ਦੇ ਭਰਾ ਨਰਕ ਵਿਚ ਸੜ ਰਹੇ ਹਨ, ਕਿਉਂਕਿ ਉਨ੍ਹਾਂ ਨੇ ਪੂਰੇ ਮਨ ਨਾਲ ਯੁੱਧ ਨਹੀਂ ਕੀਤਾ ਅਤੇ ਸ਼ੰਕਾ ਪਾਲੀ ਰੱਖੀ ਸੀ, ਤਾਂ ਉਹ ਵੀ ਵਰਣ ਆਸ਼ਰਮ ਧਰਮ ਦੀ ਨੈਤਿਕਤਾ ਨੂੰ ਰੱਦ ਕਰ ਕੇ ਨਰਕ ਵਿਚ ਪਹੁੰਚ ਜਾਂਦਾ ਹੈ।

ਇਕੱਲੀ ਮਹਾਂਭਾਰਤ ਦੀ ਗੱਲ ਨਹੀਂ, ਤੁਸੀਂ ਰਮਾਇਣ ਦੇਖ ਲਓ। ਬਾਲਮੀਕ ਰਮਾਇਣ ਦੇ ਉਤਰ ਕਾਂਡ ਦੇ 73ਵੇਂ ਸਰਗ ਵਿਚ ਇਕ ਬ੍ਰਾਹਮਣ ਦੇ ਜੁਆਨ ਪੁੱਤਰ ਦੀ ਮੌਤ ਹੋ ਜਾਂਦੀ ਹੈ। ਇਸ ਨੂੰ ਰੱਬ ਦੀ ਕਰੋਪੀ ਸਮਝਿਆ ਜਾਂਦਾ ਹੈ ਕਿ ਰਾਜ ਵਿਚ ਕੋਈ ਕੁਕਰਮ ਹੋਇਆ ਹੈ, ਜਿਸ ਦੀ ਇਹ ਸਜ਼ਾ ਹੈ। ਰਾਮ ਨੂੰ ਪਤਾ ਚਲਦਾ ਹੈ ਕਿ ਇਕ ਸ਼ੂਦਰ ਉਸ ਦੇ ਰਾਜ ਵਿਚ ਤਪੱਸਿਆ ਕਰ ਕੇ ਵਰਣ ਆਸ਼ਰਮ ਧਰਮ ਦੀ ਅਵੱਗਿਆ ਕਰ ਰਿਹਾ ਹੈ। ਕਿਉਂਕਿ ਵਰਣ ਆਸ਼ਰਮ ਧਰਮ ਵਿਚ ਸ਼ੂਦਰ ਨੂੰ ਤਪ ਦੀ ਮਨਾਹੀ ਹੈ, ਇਸੇ ਲਈ ਉਸ ਦੇ ਰਾਜ ਵਿਚ ਇਹ ਰੱਬ ਦੀ ਕਰੋਪੀ ਹੋਈ ਹੈ। ਆਪਣੇ ਰਾਜ ਵਿਚ ਵਰਣ ਆਸ਼ਰਮ ਧਰਮ ਦੀ ਨੈਤਿਕਤਾ ਲਾਗੂ ਕਰਨਾ ਰਾਜਾ ਹੋਣ ਦੀ ਹੈਸੀਅਤ ਵਿਚ ਉਸ ਦਾ ਫਰਜ਼ ਹੈ। ਉਹ ਉਸ ਤਪ ਕਰਨ ਵਾਲੇ ਸ਼ੂਦਰ ਸ਼ੰਭੂਕ ਨੂੰ ਮੌਤ ਦੀ ਸਜ਼ਾ ਦੇ ਕੇ ਤੁਰੰਤ ਕਤਲ ਕਰਵਾ ਦਿੰਦਾ ਹੈ।

ਕਿਉਂਕਿ ਇਹ ਨੈਤਿਕਤਾ ਉਚ-ਨੀਚ 'ਤੇ ਉਸਰੇ ਜਾਤੀ-ਆਧਾਰਿਤ ਸਮਾਜ ਦੇ ਨਿਰਮਾਣ ਅਤੇ ਉਸ ਦੀ ਰੱਖਿਆ ਲਈ ਤਿਆਰ ਕੀਤੀ ਗਈ ਸੀ, ਇਸ ਲਈ ਆਖਿਆ ਜਾ ਸਕਦਾ ਹੈ ਕਿ ਨੈਤਿਕਤਾ ਦਾ ਸਿਧਾ ਸਬੰਧ ਰਾਜਨੀਤੀ ਨਾਲ ਹੈ; ਉਚ-ਨੀਚ, ਨਾਬਰਾਬਰੀ ਨਾਲ ਹੈ। ਸ਼ੂਦਰਾਂ ਦੀ ਵਰਜਣਾ ਰਾਹੀਂ ਵਿਸ਼ੇਸ਼ ਧਿਰਾਂ ਦੀ ਸਰਦਾਰੀ ਬਣਾਈ ਰੱਖਣ ਲਈ ਨੈਤਿਕਤਾ ਨੂੰ ਪਰਮਾਤਮਾ ਰਾਹੀਂ ਸਥਾਪਤ ਵਿਧਾਨ ਦੇ ਰੂਪ ਵਿਚ ਪੇਸ਼ ਕਰਨਾ ਵੱਡੀ ਰਾਜਨੀਤੀ ਸੀ। ਆਧੁਨਿਕ ਕਾਲ ਵਿਚ ਪਹੁੰਚ ਕੇ, ਕਿਉਂਕਿ ਨੈਤਿਕਤਾ ਨੇ ਇਕ ਵੱਖਰੇ ਸਮਾਜ ਦਾ ਨਿਰਮਾਣ ਕਰਨਾ ਸੀ, ਇਸ ਲਈ ਨੈਤਿਕਤਾ ਦੀਆਂ ਲੋੜਾਂ ਹੀ ਨਹੀਂ, ਇਸ ਦਾ ਆਧਾਰ ਵੀ ਬਦਲ ਜਾਂਦਾ ਹੈ।

ਵਰਣ ਆਸ਼ਰਮ ਧਰਮ ਦੇ ਉਲਟ ਆਧੁਨਿਕਤਾ ਦੀ ਨੈਤਿਕਤਾ ਪਰਮਾਤਮਾ ਰਾਹੀਂ ਸਥਾਪਤ ਵਿਧੀ ਵਿਧਾਨ 'ਤੇ ਨਹੀਂ, ਤਰਕ ਰਾਹੀਂ ਸਥਾਪਤ ਨਿਆਂ ਅਤੇ ਬਰਾਬਰੀ ਜਿਹੀਆਂ ਕਦਰਾਂ-ਕੀਮਤਾਂ 'ਤੇ ਟਿਕੀ ਹੋਈ ਹੈ। ਪਰਮਾਤਮਾ ਦੀ ਥਾਂ ਤਰਕ ਆਧੁਨਿਕ ਕਾਲ ਦੀ ਨੈਤਿਕਤਾ ਦਾ ਆਧਾਰ ਬਣ ਜਾਂਦਾ ਹੈ। ਕਿਉਂਕਿ ਹਰ ਵਿਅਕਤੀ ਆਪਣੇ ਅੰਦਰ ਤਰਕ ਦੀ ਯੋਗਤਾ ਪੈਦਾ ਕਰ ਸਕਦਾ ਹੈ, ਇਸ ਲਈ ਭਾਈਚਾਰਕਤਾ ਦੀ ਥਾਂ ਵਿਅਕਤੀਵਾਦ ਅਤੇ ਉਦਾਰਵਾਦ ਨੇ ਮੱਲ ਲਈ। ਦੁਨੀਆਂ ਵਿਚ ਤਰਕ ਅਤੇ ਤਰਕ ਦੀ ਨੁਮਾਇੰਦਗੀ ਕਰਨ ਵਾਲੀਆਂ ਧਿਰਾਂ ਦੀ ਚੌਧਰ ਸਥਾਪਤ ਕਰਨ ਲਈ ਤਰਕ ਦਾ ਸਰਬਵਿਆਪੀ ਰੂਪ ਕੰਮ ਆਇਆ। ਭਾਵਨਾਵਾਂ ਅਤੇ ਸਨੇਹ ਲਈ ਤਰਕ ਦੇ ਇਸ ਸੰਸਾਰ ਵਿਚ ਕੋਈ ਥਾਂ ਨਾ ਰਹੀ। ਇਨ੍ਹਾਂ ਦਾ ਕੋਈ ਨੈਤਿਕ ਮੁੱਲ ਵੀ ਨਾ ਰਿਹਾ। ਤਰਕ 'ਤੇ ਆਧਾਰਿਤ ਤਕਨੀਕੀ-ਆਰਥਕ ਵਿਕਾਸ ਅਤੇ ਤਰਕ ਦੀ ਸਰਬਵਿਆਪਕਤਾ 'ਤੇ ਆਧਾਰਿਤ ਧਰਮ-ਨਿਰਪੱਖ ਪੱਛਮੀ ਪੂੰਜੀਵਾਦ ਦੀ ਸਰਦਾਰੀ ਸਾਰੀ ਦੁਨੀਆਂ ਵਿਚ ਸਥਾਪਤ ਹੋ ਗਈ। ਪੈਦਾਵਾਰ ਅਤੇ ਖਪਤ ਨਾਲ ਜੁੜੀ ਇਹ ਤਰਕ-ਆਧਾਰਿਤ ਆਧੁਨਿਕ ਨੈਤਿਕਤਾ ਸਾਡਾ ਉਸੇ ਤਰ੍ਹਾਂ ਸਰਬਨਾਸ਼ ਕਰ ਰਹੀ ਹੈ, ਜਿਵੇਂ ਵਰਣ ਆਸ਼ਰਮ ਧਰਮ ਦੀ ਨੈਤਿਕਤਾ ਨੇ ਮਹਾਂਭਾਰਤ ਵਿਚ ਕੁਰੂ ਪਰਿਵਾਰ ਦਾ ਕੁਲ-ਨਾਸ਼ ਕੀਤਾ ਸੀ। ਆਧੁਨਿਕਤਾਵਾਦੀ ਨੈਤਿਕਤਾ ਦਾ ਰਾਜਨੀਤਕ ਏਜੰਡਾ ਕਿਸੇ ਤੋਂ ਵੀ ਭੁਲਿਆ ਨਹੀਂ। ਪਰਿਆਵਰਣ, ਘੱਟ-ਗਿਣਤੀਆਂ ਅਤੇ ਨਾਰੀ ਚੇਤਨਾ ਜਿਹੀਆਂ ਲਹਿਰਾਂ ਇਸ ਨੂੰ ਨੰਗਿਆਂ ਕਰਕੇ ਇਸ ਦੀ ਵਿਸਥਾਪਨਾ ਵਿਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਲੇਖਕ ਦਾ ਕਰਮ ਉਨ੍ਹਾਂ ਦਬੀਆਂ ਕੁਚਲੀਆਂ ਧਿਰਾਂ, ਜਿਨ੍ਹਾਂ ਨੂੰ ਇਸ ਆਧੁਨਿਕਤਾਵਾਦੀ ਨੈਤਿਕਤਾ ਨੇ ਨਿਮਾਣਿਆਂ, ਨਿਤਾਣਿਆਂ, ਨਿਆਸਰਿਆਂ ਅਤੇ ਬੇਰੁਜ਼ਗਾਰਾਂ ਦੀ ਨਿਰਾਥੀ ਅਸੰਗਤ (ਇਰਰੈਲੇਵੈਂਟ) ਭੀੜ ਵਿਚ ਰੂਪਾਂਤ੍ਰਿਤ ਕਰ ਦਿੱਤਾ ਹੈ, ਦੇ ਦੁਖ ਦਰਦ ਰਾਹੀਂ ਇਸ ਨੈਤਿਕਤਾ ਦੀ ਰਾਜਨੀਤੀ ਨੂੰ ਨੰਗਿਆ ਕਰਕੇ ਵਿਸਥਾਪਤ ਕਰਨਾ ਹੈ।

ਗੁਰੂ ਨਾਨਕ ਸਾਹਿਬ ਦੀ ਰਚਿਤ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਹੀ ਸਪਸ਼ਟ ਕਰ ਦਿੰਦੀ ਹੈ ਕਿ ਕਿਸੇ ਵੀ ਧਰਮ, ਸਿਧਾਂਤ ਜਾਂ ਤਰਕ ਨੂੰ ਨੈਤਿਕਤਾ ਦਾ ਸੋਮਾ ਨਹੀਂ ਮੰਨਿਆ ਜਾ ਸਕਦਾ। ਕੋਈ ਵੀ ਨੈਤਿਕ ਕਦਰਾਂ-ਕੀਮਤਾਂ ਸਥਿਰ, ਸਥਾਈ, ਸੁਨਿਸ਼ਚਿਤ ਅਤੇ ਸੰਦਰਭ ਜਾਂ ਤਬਦੀਲੀ ਰਹਿਤ ਨਹੀਂ ਹੋ ਸਕਦੀਆਂ। 'ਹੁਕਮਿ ਰਜਾਈ ਚਲਣਾ' ਦੀ ਧਾਰਨਾ ਇਹ ਮੰਨ ਕੇ ਚਲਦੀ ਹੈ ਕਿ ਨੈਤਿਕ ਕਦਰਾਂ-ਕੀਮਤਾਂ ਰਾਜਨੀਤਕ ਸੰਘਰਸ਼ ਵਿਚੋਂ ਪੈਦਾ ਹੁੰਦੀਆਂ ਹਨ। ਜਿਵੇਂ ਕਿ ਅਸੀਂ ਦੇਖ ਆਏ ਹਾਂ, ਇਹ ਵੱਖਰੀ ਗੱਲ ਹੈ ਕਿ ਜੇਤੂ ਧਿਰ ਆਪਣੀ ਰਾਜਨੀਤਕ ਵਿਚਾਰਧਾਰਾ ਨੂੰ ਯੂਨੀਵਰਸਲ ਨੈਤਿਕਤਾ ਵਜੋਂ ਹੀ ਪੇਸ਼ ਕਰਦੀ ਹੈ। ਮਿਸਾਲ ਵਜੋਂ ਉਚ ਜਾਤੀਆਂ ਰਾਹੀਂ ਸਥਾਪਤ ਵਰਣ ਆਸ਼ਰਮ ਧਰਮ ਦੀ ਨੈਤਿਕਤਾ ਸ਼ੂਦਰ ਜਾਤੀਆਂ ਦੀ ਨੈਤਿਕਤਾ ਨਹੀਂ ਹੋ ਸਕਦੀ; ਪਰ ਉਚ ਜਾਤੀਆਂ ਇਸ ਨੂੰ ਪਰਮਾਤਮਾ/ਤਰਕ ਰਾਹੀਂ ਸਥਾਪਤ ਯੂਨੀਵਰਸਲ ਨੈਤਿਕਤਾ ਵਜੋਂ ਪੇਸ਼ ਕਰਦੀਆਂ ਹਨ, ਤਾਂ ਜੋ ਸ਼ੂਦਰ ਇਸ ਨੂੰ ਰੱਬੀ/ਤਾਰਕਿਕ ਹੁਕਮ ਸਮਝ ਕੇ ਅਪਨਾ ਲੈਣ ਅਤੇ ਉਚ ਜਾਤੀਆਂ ਦੀ ਸੇਵਾ ਕਰਦੇ ਰਹਿਣ।

ਸੰਸਾਰ ਦੀ ਬਾਹਰਮੁਖੀ ਹੋਂਦ ਵਿਚ ਤਾਂ ਯਕੀਨ ਕੀਤਾ ਜਾ ਸਕਦਾ ਹੈ, ਪਰ ਸੱਚਾਈ ਦੀ ਬਾਹਰਮੁਖੀ ਹੋਂਦ ਵਿਚ ਬਿਲਕੁਲ ਨਹੀਂ। ਸੱਚਾਈ ਅਤੇ ਝੂਠ ਦਾ ਸਬੰਧ ਬਾਹਰਮੁਖੀ ਸੰਸਾਰ ਦੀ ਵਿਆਖਿਆ ਨਾਲ ਹੈ। ਅਸੀਂ ਆਪਣੀਆਂ ਗਿਆਨ ਇੰਦਰੀਆਂ ਰਾਹੀਂ ਬਾਹਰਮੁਖੀ ਸੰਸਾਰ ਦਾ ਸੈਂਸਰੀ ਡੇਟਾ ਪ੍ਰਾਪਤ ਕਰਦੇ ਹਾਂ। ਸਾਡੇ ਸਭਿਆਚਾਰ ਇਸ ਸੈਂਸਰੀ ਡੇਟੇ ਦੀ ਆਪਣੇ ਚਿਹਨਕ ਰੂਪਾਕਾਰਾਂ ਰਾਹੀਂ ਬਾਹਰਮੁਖੀ ਸੰਸਾਰ ਦੇ ਰੂਪ ਵਿਚ ਵਿਆਖਿਆ ਕਰਦੇ ਹਨ। ਕੀ ਸੱਚ ਹੈ, ਕੀ ਝੂਠ ਹੈ? ਕੀ ਚੰਗਾ ਹੈ, ਕੀ ਬੁਰਾ ਹੈ? ਕੀ ਠੀਕ ਹੈ, ਕੀ ਗਲਤ ਹੈ? ਇਹ ਸੁਆਲ ਉਸ ਸਭਿਆਚਾਰ ਅਤੇ ਰਾਜਨੀਤੀ ਤੋਂ ਬਾਹਰ ਨਿਰਧਾਰਤ ਨਹੀਂ ਹੋ ਸਕਦੇ, ਜਿਸ ਵਿਚੋਂ ਅਸੀਂ ਨਿਰਮਿਤ ਹੋਏ ਹਾਂ। ਵੱਖੋ ਵੱਖਰੇ ਸਭਿਆਚਾਰਾਂ ਅਤੇ ਜਾਤ ਬਰਾਦਰੀਆਂ ਵਿਚ ਪਲਣ ਵਾਲੇ ਲੋਕਾਂ ਲਈ ਇਨ੍ਹਾਂ ਸੁਆਲਾਂ ਦੇ ਵੱਖਰੇ ਅਤੇ ਵਿਪਰੀਤ ਜੁਆਬ ਹੋ ਸਕਦੇ ਹਨ।

ਸਪਸ਼ਟ ਹੈ ਕਿ ਆਪਣੇ ਸੰਸਾਰ, ਉਸ ਦੀ ਨੈਤਿਕਤਾ ਦਾ ਬੰਦਾ ਆਪ ਹੀ ਲਿਖਾਰੀ ਹੈ। ਨਿਸ਼ਚਿਤ ਤੌਰ 'ਤੇ ਉਸ ਨੂੰ ਆਪਣੀ ਉਸ ਲਿਖਤ ਲਈ ਜ਼ਿੰਮੇਵਾਰ ਵੀ ਹੋਣਾ ਪਵੇਗਾ। ਉਹ ਆਪਣੇ ਸੰਸਾਰ ਦੀ ਚੰਗਿਆਈ-ਬੁਰਿਆਈ ਦੀ ਰਚਨਾ ਪਰਮਾਤਮਾ, ਤਰਕ ਜਾਂ ਮਾਨਵਤਾ ਆਦਿ 'ਤੇ ਸੁੱਟ ਕੇ ਆਪਣੀ ਜਿੰਮੇਵਾਰੀ ਤੋਂ ਭੱਜ ਨਹੀਂ ਸਕਦਾ। ਸੰਸਾਰ ਦੀ ਰਾਜਨੀਤਕ ਬਣਤਰ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ ਹੀ ਇਸ ਨੂੰ ਬਦਲਣ ਜਾਂ ਪਹਿਲਾਂ ਨਾਲੋਂ ਵਧੇਰੇ ਖੂਬਸੂਰਤ ਬਣਾਉਣ ਬਾਰੇ ਸੋਚ ਸਕਦੇ ਹਨ। ਗੁਰੂ ਨਾਨਕ ਦੀ 'ਹੁਕਮਿ ਰਜਾਈ ਚਲਣਾ' ਦੀ ਨੈਤਿਕਤਾ ਇਸੇ ਰਾਜਨੀਤਕ-ਸੰਸਕ੍ਰਿਤਕ ਜਿੰਮੇਵਾਰੀ ਦਾ ਨਾਂ ਹੈ, ਤੇ ਅਜਿਹੇ ਨਵੇਂ ਮਨੁੱਖ ਦੀ ਸਿਰਜਣਾ ਹੀ ਗੁਰੂ ਨਾਨਕ ਬਾਣੀ ਦਾ ਮੂਲ ਸਰੋਕਾਰ।

# ਮੱਧਕਾਲੀ ਪੰਜਾਬ ਦੀ ਜਾਗ੍ਰਿਤੀ ਲਹਿਰ 'ਚ ਤਰਕ, ਵਿਗਿਆਨ ਤੇ ਵਿਗਿਆਨਕ ਸੋਚ

*(ਪਿਛਲੇ ਸਫੇ ਦੀ ਬਾਕੀ)*

ਵਿਚ) ਕੈਸੀ ਸੁੰਦਰ ਆਰਤੀ ਹੋ ਰਹੀ ਹੈ! ਇੱਕ-ਰਸ ਜੀਵਨ-ਰੌਂ ਵਿਚ ਆਰਤੀ ਵਾਸਤੇ ਨਗਾਰੇ ਵੱਜ ਰਹੇ ਹਨ।

ਭਾਵੇਂ ਸਿਰਜਣਹਾਰੇ ਦਾ ਜ਼ਿਕਰ ਹੈ, ਪਰ ਉਕਤ ਟੂਕਾਂ ਕੁਦਰਤੀ ਭੌਤਿਕ ਚੀਜ਼ਾਂ ਤੇ ਵਰਤਾਰਿਆਂ 'ਤੇ ਪ੍ਰਮਾਣਿਕ ਸੱਚਾਈ 'ਤੇ ਆਧਾਰਿਤ ਹਨ, ਕਿਸੇ ਪਾਖੰਡ 'ਤੇ ਨਹੀਂ। ਇਸ ਲਈ ਇਨ੍ਹਾਂ ਟੂਕਾਂ ਨੂੰ ਅਸੀਂ ਅਧਿਆਤਮਵਾਦ ਦੇ ਘੇਰੇ ਵਿਚ ਰਚੇ ਵਿਗਿਆਨਕ ਕਾਵਿ ਦਾ ਨਾਂ ਦੇ ਸਕਦੇ ਹਾਂ। ਜੇ ਸ਼ਬਦ 'ਸਿਰਜਣਹਾਰ' ਦੀ ਥਾਂ 'ਮਾਦਾ ਤੇ ਮਾਦੇ ਦੇ ਨਿਯਮ' ਵਰਤ ਲਈਏ, ਤਾਂ ਇਹ ਕਾਵਿ ਸੁਧਾ ਵਿਗਿਆਨਕ ਕਾਵਿ ਬਣ ਜਾਂਦਾ ਹੈ, ਬਿਨਾ ਕਿਸੇ ਅਧਿਆਤਮਵਾਦ ਦੇ ਘੇਰੇ ਤੋਂ।

ਮਨ ਵਿਚ ਵਿਚਾਰਨ ਲਈ ਅੱਜ ਦਾ ਕੌੜਾ ਸੱਚ ਇਹ ਵੀ ਹੈ ਕਿ ਸਿੱਖ ਧਰਮ ਦੇ ਤਾਣੇ-ਬਾਣੇ ਅੰਦਰ ਵੀ ਆਰਤੀ ਦੇ ਪਖੰਡ ਨੂੰ ਨਕਾਰਨ ਵਾਲੇ ਇਸ ਸ਼ਬਦ ਨੂੰ ਪੜ੍ਹਦਿਆਂ 'ਥਾਲ ਵਿਚ ਦੀਵੇ ਬਾਲ ਕੇ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਆਰਤੀਆਂ ਹੋ ਰਹੀਆਂ ਨੇ।'

ਇਹੀ ਮਜ਼ਾਕ ਭਗਤ ਰਵਿਦਾਸ ਜੀ ਦੇ ਨਾਂ 'ਤੇ ਬਣੇ ਮੰਦਿਰਾਂ ਵਿਚ ਉਨ੍ਹਾਂ ਦੇ ਇਹ ਸ਼ਬਦ ਪੜ੍ਹਦਿਆਂ ਵੀ ਕੀਤਾ ਜਾ ਰਿਹਾ ਹੈ,

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥
(ਪੰਨਾ 694)

ਭਾਵ ਅਨਜਾਣ ਲੋਕ ਤੇਰੀ ਮੂਰਤੀ ਦੀ ਆਰਤੀ ਕਰਦੇ ਹਨ, ਪਰ ਮੇਰੇ ਲਈ ਹੇ ਪ੍ਰਭੂ! ਤੇਰਾ ਨਾਮ ਹੀ ਆਰਤੀ ਹੈ; ਹੋਰ ਸਾਰੇ ਇਹ ਕੂੜ ਅਡੰਬਰ ਹਨ।

**ਸਿੱਟੇ:** ਮੁੱਕਦੀ ਗੱਲ, ਸਿੱਖ ਲਹਿਰ ਸਣੇ ਪੰਜਾਬ ਜਾਗ੍ਰਿਤੀ ਲਹਿਰ ਦੇ ਸੰਚਾਲਕਾਂ ਨੇ ਆਪਣੇ ਜੀਵਨ ਤੇ ਬਾਣੀ-ਦੋਹਾਂ ਵਿਚ ਤਰਕ ਨੂੰ ਲਹਿਰ ਦੇ ਉਦੇਸ਼ਾਂ ਲਈ ਜਾਣੇ/ਅਨਜਾਣੇ ਇੱਕ ਹਥਿਆਰ ਵਜੋਂ ਵਰਤਿਆ। ਤਰਕ ਅਤੇ ਵਿਗਿਆਨ ਵਿਚ ਬੜਾ ਗੂੜ੍ਹਾ ਰਿਸ਼ਤਾ ਹੈ; ਗੁਰਬਾਣੀ ਇਸ ਸੱਚਾਈ ਦੇ ਪ੍ਰਗਟਾਵੇ ਦਾ ਵਧੀਆ ਨਮੂਨਾ ਹੈ। ਗੁਰਬਾਣੀ ਵਿਚ ਅਜਿਹੀਆਂ ਟੂਕਾਂ ਵੀ ਮਿਲਦੀਆਂ ਨੇ, ਜੋ ਅਧਿਆਮਤਵਾਦ ਦੇ ਘੇਰੇ ਤੋਂ ਬਾਹਰ ਆਜ਼ਾਦਾਨਾ ਰੂਪ ਵਿਚ ਵਿਗਿਆਨਕ ਹਨ; ਪਰ ਗੁਰਬਾਣੀ ਵਿਚ ਅਧਿਆਤਮਵਾਦੀ ਅਹਾਤੇ ਵਾਲਾ ਤਰਕ ਵੀ ਥਾਂ ਥਾਂ ਸਿੱਧਾ ਵਿਗਿਆਨ ਨੂੰ ਹੱਥ ਲਾ ਆਉਂਦਾ ਹੈ। ਐਸੇ ਤਰਕ ਦੀ ਇੱਕ ਕਰਾਮਾਤੀ ਮਿਸਾਲ ਹੈ, ਗੁਰਬਾਣੀ ਦਾ ਮੂਲਮੰਤਰ, ਜੋ ਗੁਰਬਾਣੀ ਦਾ ਧੁਰਾ ਸਮਝਿਆ ਜਾਂਦਾ ਹੈ। ਇਸ ਤੱਥ ਦੀ ਵਜ੍ਹਾ ਇਹ ਹੈ ਕਿ ਗੁਰਬਾਣੀ ਦਾ ਮੂਲਮੰਤਰ ਤੇ ਵਿਗਿਆਨ ਦਾ ਇੱਕ ਕੇਂਦਰੀ ਸਿਧਾਂਤ ਕੁਦਰਤੀ ਫਲਸਫੇ ਵਿਚ ਕੁਦਰਤ ਬਾਰੇ ਮੂਲ ਪ੍ਰਸ਼ਨਾਂ ਦਾ ਮੂਲ ਰੂਪ ਇੱਕੋ ਜਿਹਾ ਹੀ ਉਤਰ ਹਨ। ਇਸ ਸਭ ਦੀ ਵਿਆਖਿਆ ਇੱਕ ਵੱਖਰੇ ਲੇਖ ਵਿਚ ਕੀਤੀ ਗਈ ਹੈ।

ਤਰਕ ਅਤੇ ਵਿਗਿਆਨ ਵਿਚ ਗੂੜ੍ਹਾ ਰਿਸ਼ਤਾ ਹੀ ਸੀ, ਜਿਸ ਨੇ ਮੂਲ ਰੂਪ ਵਿਚ ਰੈਨੇਸਾਂਸ ਨੂੰ ਇਸ ਯੋਗ ਬਣਾਇਆ ਕਿ ਉਹਨੇ ਯੂਰਪ ਨੂੰ ਮੱਧਕਾਲੀ ਯੁੱਗ ਵਿਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ। ਅਸੀਂ ਅਕਸਰ ਆਪਣੇ ਗੁਰੂ ਸਾਹਿਬਾਨ ਦੇ ਸਿਰ 'ਤੇ ਟਾਹਰਾਂ ਮਾਰਨੋਂ ਨਹੀਂ ਥੱਕਦੇ ਜਿਵੇਂ "ਸਾਡੇ ਗੁਰੂ ਆਧੁਨਿਕ ਸਮਿਆਂ ਦੇ ਜਾਮਣ ਹਨ ਤੇ ਮਹਾਂ ਵਿਗਿਆਨੀ ਸਨ, ਉਨ੍ਹਾਂ ਨੇ ਆਉਣ ਵਾਲੇ ਸਮਿਆਂ ਲਈ ਵੀ ਵੱਡਮੁੱਲੀ ਅਗਵਾਈ ਪ੍ਰਦਾਨ ਕੀਤੀ, ਉਨ੍ਹਾਂ ਦੀ ਪ੍ਰਵਿਰਤੀ ਵਾਲੇ ਮਨੁੱਖਾਂ ਨੇ ਯੂਰਪ (ਤੇ ਹੋਰ ਪੱਛਮੀ ਦੇਸ਼ਾਂ) ਨੂੰ ਮੱਧਕਾਲ ਦੇ ਹਨੇਰੇ ਵਿਚੋਂ ਕੱਢ ਕੇ ਆਧੁਨਿਕ ਸਮਿਆਂ ਦੇ ਦਰਵਾਜ਼ੇ 'ਤੇ ਲਿਆ ਖੜ੍ਹਾ ਕੀਤਾ।" ਪਰ ਅਸੀਂ ਅਕਸਰ ਇਹ ਸਵਾਲ ਕਰਨੇ ਭੁੱਲ ਜਾਂਦੇ ਹਾਂ ਕਿ ਗੁਰੂਆਂ ਦੀ ਸ਼ੁਰੂ ਕੀਤੀ ਲਹਿਰ ਪੰਜਾਬ ਨੂੰ ਕਿਉਂ ਨਾ ਆਧੁਨਿਕ ਯੁੱਗ ਦੀਆਂ ਬਰੂਹਾਂ ਤੱਕ ਪਹੁੰਚਾ ਸਕੀ? ਆਧੁਨਿਕ ਯੁੱਗ ਲਈ ਕਿਉਂ ਸਾਨੂੰ ਇੰਗਲੈਂਡ ਦੀ ਗੁਲਾਮੀ ਤੱਕ ਉਡੀਕ ਕਰਨੀ ਪਈ? ਤੇ ਕਿਉਂ ਬਾਹਰਲੇ ਆਧੁਨਿਕ ਯੁੱਗ ਦੇ ਬਾਵਜੂਦ ਸਾਡੀ ਸੋਚ ਵਿਚ ਅਜੇ ਵੀ ਮੱਧਕਾਲੀ ਜਾਂ ਅਰਧ-ਮੱਧਕਾਲੀ ਯੁੱਗ ਦਾ ਹਨੇਰਾ ਹੈ? ਸ਼ਾਇਦ ਇਹ ਸਵਾਲ ਕਰਨਾ ਇਸ ਲਈ ਭੁੱਲ ਜਾਂਦੇ ਹਾਂ ਕਿ ਇਹਦਾ ਜਵਾਬ ਲੱਭਣ ਲਈ ਸਾਨੂੰ ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨਾ ਪਏਗਾ। ਇਸ ਤਰ੍ਹਾਂ ਦੇ ਸਵਾਲ ਅਸੀਂ ਅਗਲੇ ਲੇਖ ਵਿਚ ਪੁੱਛਾਂਗੇ ਤੇ ਵਿਚਾਰਾਂਗੇ।

**(ਚਲਦਾ)**

# ਕਸ਼ਮੀਰੀ ਪ੍ਰੋਫੈਸਰ ਦੀ ਕਹਾਣੀ, ਉਸ ਦੀ ਜ਼ਬਾਨੀ-2

*ਪ੍ਰੋਫੈਸਰ ਸਈਦ ਆਰਿਫ ਰਹਿਮਾਨ ਗਿਲਾਨੀ 17 ਅਕਤੂਬਰ 2019 ਨੂੰ 50 ਸਾਲ ਦੀ ਉਮਰ ਵਿਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੂੰ ਭਾਰਤੀ ਪਾਰਲੀਮੈਂਟ ਉਪਰ ਕਥਿਤ ਹਮਲੇ ਦੇ ਮਾਮਲੇ ਵਿਚ ਗ੍ਰਿਫਤਾਰ ਕਰਕੇ ਤਸੀਹੇ ਦਿੱਤੇ ਗਏ। ਝੂਠੇ ਸਬੂਤਾਂ ਦੇ ਆਧਾਰ 'ਤੇ ਹੀ ਸੈਸ਼ਨ ਕੋਰਟ ਨੇ ਮੌਤ ਦੀ ਸਜ਼ਾ ਸੁਣਾ ਦਿੱਤੀ, ਪਰ ਹਾਈਕੋਰਟ ਵਿਚੋਂ ਉਹ ਬਰੀ ਹੋ ਗਏ। ਇਸ ਦੌਰਾਨ ਉਨ੍ਹਾਂ ਨੇ 22 ਮਹੀਨੇ ਜੇਲ੍ਹ ਵਿਚ ਮੌਤ ਦੇ ਸਾਏ ਹੇਠ ਗੁਜ਼ਾਰੇ। ਇਹ ਭਾਰਤ ਵਿਚ ਕਸ਼ਮੀਰੀ ਅਤੇ ਮੁਸਲਮਾਨ ਹੋਣ ਦੀ ਕੀਮਤ ਸੀ। ਉਹ ਸਿਆਸੀ ਕੈਦੀਆਂ ਦੀ ਰਿਹਾਈ ਲਈ ਕਮੇਟੀ ਦੇ ਪ੍ਰਧਾਨ ਸਨ ਅਤੇ ਹਮੇਸ਼ਾ ਜਮਹੂਰੀ ਹੱਕਾਂ ਦੀ ਰਾਖੀ ਲਈ ਧੜੱਲੇ ਨਾਲ ਆਵਾਜ਼ ਉਠਾਉਣ ਵਾਲੀ ਅਜ਼ੀਮ ਬੇਖੌਫ ਸ਼ਖਸੀਅਤ ਸਨ। ਸੀਨੀਅਰ ਐਡਵੋਕੇਟ ਨਿੱਤਿਆ ਰਾਮਾਕ੍ਰਿਸ਼ਨਨ ਅਤੇ ਸ਼੍ਰੀਮੋਈ ਨੰਦਿਨੀ ਘੋਸ਼ ਨੇ ਪ੍ਰੋ. ਗਿਲਾਨੀ ਨਾਲ ਇੰਟਰਵਿਊ ਕੀਤੀ ਸੀ, ਜਿਸ ਵਿਚ ਉਨ੍ਹਾਂ ਨੇ ਆਪਣੀ ਗ੍ਰਿਫਤਾਰੀ, ਗੈਰ-ਕਾਨੂੰਨੀ ਹਿਰਾਸਤ ਅਤੇ ਜੇਲ੍ਹਬੰਦੀ ਦੇ ਹਾਲਾਤ ਬਿਆਨ ਕੀਤੇ ਸਨ। ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਇਸ ਇੰਟਰਵਿਊ ਦਾ ਅਨੁਵਾਦ ਛਾਪਿਆ ਜਾ ਰਿਹਾ ਹੈ, ਜਿਸ ਦਾ ਅਨੁਵਾਦ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਪੇਸ਼ ਹੈ ਇਸ ਇੰਟਰਵਿਊ ਦੀ ਦੂਜੀ ਅਤੇ ਆਖਰੀ ਕਿਸ਼ਤ...। -ਸੰਪਾਦਕ*

**ਤੁਹਾਡੀ ਗ੍ਰਿਫਤਾਰੀ ਬਾਰੇ ਪਰਿਵਾਰ ਨੂੰ ਕਿਵੇਂ ਪਤਾ ਲੱਗਿਆ?**

-ਮੈਨੂੰ ਆਰਿਫਾ (ਪਤਨੀ) ਨੂੰ ਮਿਲਾਉਣ ਲਈ ਲਿਜਾਇਆ ਗਿਆ, ਮੈਨੂੰ ਜੁਰਮ ਦਾ ਇਕਬਾਲ ਕਰਨ ਲਈ ਮਨਾਉਣ ਵਾਸਤੇ। ਉਸ ਨੂੰ ਕਿਹਾ ਗਿਆ ਸੀ, 'ਤੇਰਾ ਸ਼ੌਹਰ ਜੇਲ੍ਹ ਵਿਚ ਹੈ; ਅਸੀਂ ਤੈਨੂੰ, ਤੇਰੇ ਬੱਚਿਆਂ ਨੂੰ ਮਾਰ ਦਿਆਂਗੇ। ਬਿਹਤਰ ਇਹੀ ਹੈ, ਉਸ ਨੂੰ ਮਨਾ।' ਉਹ ਬੱਚਿਆਂ ਨੂੰ ਲੈ ਕੇ ਬਹੁਤ ਡਰੀ ਹੋਈ ਸੀ, ਲੇਕਿਨ ਉਨ੍ਹਾਂ ਨੇ ਉਸ ਦੀ ਕੁੱਟਮਾਰ ਨਹੀਂ ਕੀਤੀ। ਉਸ ਦੀ ਮੇਰੇ ਨਾਲ ਚੰਦ ਮਿੰਟ ਗੱਲ ਕਰਾਈ ਅਤੇ ਫਿਰ ਉਸ ਨੂੰ ਹੋਰ ਕੋਠੜੀ ਵਿਚ ਲੈ ਗਏ। ਦੋ ਦਿਨ ਉਸ ਨੂੰ ਹਿਰਾਸਤ ਵਿਚ ਰੱਖ ਕੇ ਛੱਡ ਦਿੱਤਾ। ਇਸ ਦਾ ਕਾਰਨ ਮੈਂ ਨਹੀਂ ਜਾਣਦਾ। ਉਹ ਮੇਰੇ ਬੇਟੇ ਆਰਿਫ ਨੂੰ ਲਹੂ-ਲੁਹਾਣ ਹੋਣ ਦੇ ਬਾਵਜੂਦ ਮੇਰੇ ਕੋਲ ਲੈ ਆਏ। ਉਸ ਨੂੰ ਹਿਰਾਸਤ ਦਾ ਮੰਜ਼ਰ ਯਾਦ ਹੈ। ਪਿੱਛੇ ਜਿਹੇ ਸਾਡੇ ਕੋਈ ਸਕੇ-ਸਬੰਧੀ ਉਂਜ ਹੀ ਕਿਸੇ ਨਾਲ ਜੇਲ੍ਹ ਵਿਚ ਮੁਲਾਕਾਤ ਦੀ ਗੱਲ ਕਰ ਰਹੇ ਸਨ। ਆਰਿਫ ਇਕਦਮ ਕਹਿਣ ਲੱਗਾ, 'ਮੈਨੂੰ ਪਤਾ ਉਥੇ ਸੌਣ ਲਈ ਮੋਟਾ ਖੁਰਦੁਰਾ ਕੰਬਲ ਦਿੱਤਾ ਜਾਂਦਾ।' ... ਅਗਲੇ ਦਿਨ ਸਵਖਤੇ ਗ੍ਰਿਫਤਾਰੀ ਤੋਂ ਬਾਅਦ ਪਹਿਲੀ ਵਾਰ ਮੈਨੂੰ ਗੁਸਲਖਾਨੇ ਜਾਣ ਦੀ ਇਜਾਜ਼ਤ ਦਿੱਤੀ ਗਈ। ਕਮਾਂਡੋ ਮੇਰੇ ਵੱਲ ਰਾਈਫਲਾਂ ਤਾਣੀ ਖੜ੍ਹੇ ਸਨ; ਉਹ ਤਾਂ ਗੁਸਲਖਾਨੇ ਦੇ ਅੰਦਰ ਜਾਣਾ ਚਾਹੁੰਦੇ ਸਨ। ਮੇਰੇ ਵਿਰੋਧ ਕਰਨ 'ਤੇ ਉਹ ਦਰਵਾਜ਼ੇ ਦੇ ਬਾਹਰ ਰੁਕਣ ਲਈ ਮੰਨੇ। ਇਹ ਉਨ੍ਹਾਂ ਦਾ ਡਰ ਵੀ ਹੈ, ਕਿਸੇ ਨੂੰ ਤੋੜਨ, ਜ਼ਲੀਲ ਕਰਨ ਦਾ ਤਰੀਕਾ ਵੀ ਹੈ।

ਉਨ੍ਹਾਂ ਮੈਨੂੰ ਕਿਤਾਬਾਂ ਅਤੇ ਰਸਾਲਿਆਂ ਦੇ ਤਿੰਨ ਥੈਲੇ ਦਿਖਾਏ ਜੋ ਉਨ੍ਹਾਂ ਨੇ ਮੇਰੇ ਘਰੋਂ ਕਬਜ਼ੇ ਵਿਚ ਲਏ ਸਨ- 'ਯੇਹ ਸਬ ਤੁਮਹਾਰੇ ਘਰ ਸੇ ਮਿਲਾ ਹੈ।' ਅਮਰੀਕਾ ਵਿਚ 9/11 ਕਾਂਡ ਨੂੰ ਥੋੜ੍ਹਾ ਵਕਤ ਹੀ ਹੋਇਆ ਸੀ; ਟਾਈਮ ਰਸਾਲੇ ਦੇ ਮੁੱਖ ਪੰਨੇ ਉਪਰ ਜੌੜੇ ਟਾਵਰਾਂ ਦੀ ਤਸਵੀਰ ਛਪੀ ਸੀ। ਉਹ ਉਸ ਵਲ ਇਸ਼ਾਰੇ ਕਰਕੇ ਮੁਸਲਮਾਨਾਂ ਨੂੰ ਗਾਲਾਂ ਦੇ ਰਹੇ ਸਨ। ਮੈਨੂੰ ਗੁੱਸਾ ਆ ਗਿਆ, ਮੈਂ ਕਿਹਾ, 'ਜਾ ਕੇ ਤਲਾਸ਼ੀ ਲਓ, ਇਹ ਤੁਹਾਡੇ ਪ੍ਰਧਾਨ ਮੰਤਰੀ ਦੇ ਘਰ ਵੀ ਮਿਲ ਜਾਵੇਗਾ, ਤੁਸੀਂ ਉਸ ਨੂੰ ਗ੍ਰਿਫਤਾਰ ਕਿਉਂ ਨਹੀਂ ਕਰਦੇ? ... ਅਬਦੁਲ ਕਲਾਮ ਦੇ ਘਰ ਜਾਓ... ਉਹ ਵੀ ਮੁਸਲਮਾਨ ਹੈ।'

ਉਹ ਬਹੁਤ ਭੜਕੇ ਹੋਏ ਸਨ; ਉਨ੍ਹਾਂ ਨੇ ਜੋ ਕੁਝ ਵੀ ਜ਼ਮੀਨ 'ਤੇ ਡਿਗਿਆ ਮਿਲਿਆ, ਮੇਰੇ ਉਪਰ ਸੁੱਟਣਾ ਸ਼ੁਰੂ ਕਰ ਦਿੱਤਾ। ਮੈਨੂੰ ਜ਼ਲੀਲ ਕਰਨ ਲਈ ਪਹਿਲਾਂ ਕਿਸੇ ਨੇ ਮੇਰੇ ਉਪਰ ਚਾਹ ਡੋਲ੍ਹ ਦਿੱਤੀ, ਇਕ ਹੋਰ ਨੇ ਖਾਣਾ ਖਾਂਦੇ ਵਕਤ ਮੇਰੇ ਉਪਰ ਦਾਲ ਸੁੱਟ ਦਿੱਤੀ। ... ਨਹਾਉਣ ਤੋਂ ਬਾਅਦ ਉਹ ਮੈਨੂੰ ਜਿਪਸੀ ਵਿਚ ਬਿਠਾ ਕੇ ਲੈ ਗਏ। ਇਥੇ ਹਿਰਾਸਤ ਵਿਚ ਮੈਂ ਅਫਜ਼ਲ ਗੁਰੂ ਅਤੇ ਸ਼ੌਕਤ ਹੁਸੈਨ ਨੂੰ ਪਹਿਲੀ ਵਾਰ ਮਿਲਿਆ। ਸ਼ੌਕਤ ਪੁਲਿਸ ਨੂੰ ਇਹੀ ਕਹਿ ਰਿਹਾ ਸੀ ਕਿ ਮੈਨੂੰ ਦੱਸ ਦਿਓ, ਕੀ ਕਹਿਣਾ ਹੈ; ਮੈਂ ਉਸ ਨੂੰ ਕਿਹਾ ਕਿ ਕੋਈ ਬਿਆਨ ਨਾ ਦੇਣਾ। ਮੈਨੂੰ 'ਪੋਟੋ' (ਦਹਿਸ਼ਤਵਾਦ ਰੋਕੂ ਆਰਡੀਨੈਂਸ) ਬਾਰੇ ਪਤਾ ਸੀ। ਉਹ ਸਾਡੇ ਇਕਬਾਲੀਆ ਬਿਆਨਾਂ ਨੂੰ ਹੀ ਸਾਡੇ ਖਿਲਾਫ ਵਰਤ ਸਕਦੇ ਸਨ।

**ਕੀ ਸ਼ੌਕਤ ਅਤੇ ਅਫਜ਼ਲ ਨੂੰ ਵੀ ਤਸੀਹੇ ਦਿੱਤੇ ਗਏ ਸਨ?**

-ਹਾਂ, ਇਕ ਰਾਤ ਪਹਿਲਾਂ। ਉਹ ਦੋਨੋਂ ਇਕੱਠੇ ਸਨ ਅਤੇ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ ਸਨ ਲੇਕਿਨ ਉਹ ਚੱਲ ਸਕਦੇ ਸਨ। ਜਿਪਸੀ ਵਿਚੋਂ ਪੇਸ਼ਾਬ ਦੀ ਤਿੱਖੀ ਬਦਬੂ ਆ ਰਹੀ ਸੀ। ਮੈਂ ਪੁੱਛਿਆ, 'ਇਹ ਕਾਹਦੀ ਬਦਬੂ ਹੈ?'

ਇਕ ਪੁਲਸੀਆ ਉਨ੍ਹਾਂ ਵੱਲ ਇਸ਼ਾਰਾ ਕਰਕੇ ਕਹਿਣ ਲੱਗਿਆ, 'ਇਸਕੋ ਨਹਿਲਾਨਾ'। ਇਕ ਰਾਤ ਪਹਿਲਾਂ ਪੁਲਸੀਆਂ ਨੇ ਉਨ੍ਹਾਂ ਦੇ ਮੂੰਹਾਂ ਉਪਰ ਪੇਸ਼ਾਬ ਕੀਤਾ ਸੀ। ਬਦਬੂ ਉਨ੍ਹਾਂ ਦੇ ਕੱਪੜਿਆਂ ਵਿਚੋਂ ਆ ਰਹੀ ਸੀ। ਮੈਂ ਜਦੋਂ ਰਾਤ ਨੂੰ ਪੀਣ ਲਈ ਪਾਣੀ ਮੰਗਿਆ, ਉਨ੍ਹਾਂ ਨੇ ਸ਼ਾਇਦ ਇਹ ਯੋਜਨਾ ਮੇਰੇ ਬਾਬਤ ਵੀ ਬਣਾਈ ਸੀ ਅਤੇ ਉਹ ਮੇਰਾ ਮਖੌਲ ਵੀ ਉਡਾਉਂਦੇ ਰਹੇ ਲੇਕਿਨ ਉਨ੍ਹਾਂ ਨੇ ਫਿਰ ਇਸ ਨੂੰ ਅੰਜਾਮ ਨਹੀਂ ਦਿੱਤਾ। ਦੋ ਜਣੇ ਇਕੱਠੇ ਹੋਣ ਕਾਰਨ ਉਨ੍ਹਾਂ ਲਈ ਜ਼ਲਾਲਤ ਹੋਰ ਵੀ ਜ਼ਿਆਦਾ ਸੀ। ਉਨ੍ਹਾਂ ਨੇ ਅਲਫ ਨਗਨ ਹਾਲਤ ਵਿਚ ਉਨ੍ਹਾਂ ਦੀਆਂ ਤਸਵੀਰਾਂ ਖਿੱਚੀਆਂ ਅਤੇ ਉਨ੍ਹਾਂ ਦੀ ਵੀਡੀਓ ਫਿਲਮ ਵੀ ਬਣਾਈ ਗਈ ਤਾਂ ਜੁ ਉਨ੍ਹਾਂ ਨੂੰ ਮੁੰਡੇਬਾਜ਼ੀ ਕਰਦੇ ਦਿਖਾਇਆ ਜਾ ਸਕੇ।

**ਫਿਰ ਤਾਂ ਇਹ ਅਬੂ ਗਰੈਬ ਜੇਲ੍ਹ (ਗੁਆਟੋਨਾਮੋ ਖਾੜੀ ਵਾਲੀ ਬਦਨਾਮ ਜੇਲ੍ਹ) ਖੁਲਾਸੇ ਤੋਂ ਵੀ ਪਹਿਲਾਂ ਦੀ ਗੱਲ ਹੈ?**

-ਹਾਂ, ਲੇਕਿਨ ਇਹ ਤਾਂ ਆਮ ਹੀ ਹੁੰਦਾ ਸੀ। ਸਾਨੂੰ ਸਫਦਰਜੰਗ ਹਸਪਤਾਲ ਲਿਜਾਇਆ ਗਿਆ। ਸਵੇਰੇ ਸਾਝਰੇ ਹਸਪਤਾਲ ਵਿਚ ਸੁੰਨ-ਮਸਾਨ ਸੀ। ਸਾਡੇ ਪਹੁੰਚਣ 'ਤੇ ਕਮਾਂਡੋਆਂ ਨੇ ਹਸਪਤਾਲ ਨੂੰ ਘੇਰਾ ਪਾ ਲਿਆ ਅਤੇ ਸਾਨੂੰ ਅੰਦਰ ਲਿਜਾਇਆ ਗਿਆ। ਉਥੇ ਸਿਰਫ ਇਕ ਡਾਕਟਰ ਸੀ। ਪੁਲਸੀਆਂ ਨੇ ਮੇਰਾ ਫਾਰਮ ਭਰਿਆ, ਮੈਂ ਡਾਕਟਰ ਕੋਲ ਇਤਰਾਜ਼ ਕੀਤਾ ਲੇਕਿਨ ਉਸ ਨੇ ਬਸ ਐਨਾ ਹੀ ਕਿਹਾ, 'ਬਹੁਤ ਦਬਾਓ ਪੈ ਰਿਹਾ ਹੈ।'

ਮੈਡੀਕਲ ਰਿਪੋਰਟ ਨਾਰਮਲ ਸੀ। ਬੀ.ਪੀ., ਨਬਜ਼ ਹਰ ਚੀਜ਼ ਸਹਿਜ, ਚੋਟਾਂ ਦੇ ਕੋਈ ਨਿਸ਼ਾਨ ਨਹੀਂ। ਜਦਕਿ ਮੈਂ ਤਾਂ ਆਪਣੇ ਆਪ ਖੜ੍ਹਾ ਵੀ ਨਹੀਂ ਹੋ ਸਕਦਾ ਸੀ। ਇਹ (16 ਦਸੰਬਰ) ਐਤਵਾਰ ਦਾ ਦਿਨ ਸੀ। ਸਾਨੂੰ ਮੰਦਿਰ ਮਾਰਗ ਦੇ ਇਕ ਫਲੈਟ ਵਿਚ ਮੈਜਿਸਟਰੇਟ ਦੇ ਘਰ ਲਿਜਾਇਆ ਗਿਆ। ਏ.ਸੀ.ਪੀ. ਰਾਜਬੀਰ ਨੇ ਅੰਦਰ ਜਾ ਕੇ ਉਸ ਨਾਲ ਗੱਲ ਕੀਤੀ। ਅਸੀਂ ਬਾਹਰ ਇੰਤਜ਼ਾਰ ਕਰ ਰਹੇ ਸੀ। ਮੈਜਿਸਟਰੇਟ ਬਾਹਰ ਆਈ। ਉਸ ਨੇ ਸਾਨੂੰ ਪੁੱਛਿਆ, 'ਤੁਸੀਂ ਕੁਝ ਕਹਿਣਾ ਹੈ?'

ਮੈਂ ਉਹਨੂੰ ਕਿਹਾ, 'ਸਾਨੂੰ ਕਿਸ ਲਈ ਗ੍ਰਿਫਤਾਰ ਕੀਤਾ ਜਾ ਰਿਹੈ?' ਆਪਣੇ ਪੈਰਾਂ ਦੀ ਹਾਲਤ ਦਿਖਾਈ। ਦੱਸਿਆ ਕਿ ਮੇਰੇ ਬੀਵੀ ਤੇ ਬੱਚਿਆਂ ਨੂੰ ਵੀ ਅਗਵਾ ਕੀਤਾ ਹੋਇਆ ਹੈ ਅਤੇ ਉਹ ਵੀ ਥਾਣੇ ਵਿਚ ਹਨ; ਲੇਕਿਨ ਉਸ ਨੇ ਆਪਣੇ ਹੁਕਮ ਵਿਚ ਕੁਝ ਵੀ ਦਰਜ ਨਹੀਂ ਕੀਤਾ।

**ਉਹਦਾ ਘਰ ਮੰਦਰ ਮਾਰਗ 'ਤੇ ਹੈ? ਰਿਮਾਂਡ ਆਰਡਰ ਗੁੜਗਾਓਂ ਦੱਸਦਾ ਹੈ?**

-ਨਹੀਂ, ਇਹ ਮੰਦਿਰ ਮਾਰਗ ਹੀ ਸੀ।

**ਮੁਕੱਦਮੇ ਦੌਰਾਨ ਸਮੇਂ ਦੀ ਇਸੇ ਕੁ-ਜੋੜਤਾ ਦੀ ਗੱਲ ਚੱਲੀ ਸੀ, ਕਿਉਂਕਿ ਗ੍ਰਿਫਤਾਰੀ ਦੇ ਕਥਿਤ ਸਮੇਂ ਅਤੇ ਪੇਸ਼ ਕੀਤੇ ਜਾਣ ਦਰਮਿਆਨ ਦਿੱਲੀ ਤੋਂ ਗੁੜਗਾਓਂ ਜਾਣਾ ਸੰਭਵ ਨਹੀਂ ਲੇਕਿਨ ਉਨ੍ਹਾਂ ਨੇ ਝੂਠ ਕਿਉਂ ਬੋਲਿਆ? ਇਸ ਨਾਲ ਤਾਂ ਉਨ੍ਹਾਂ ਦਾ ਕੇਸ ਕਮਜ਼ੋਰ ਹੁੰਦਾ ਹੈ।**

-ਉਹ ਐਨੇ ਝੂਠ ਬੋਲਦੇ ਹਨ ਕਿ ਆਪਣੇ ਜਾਲ ਵਿਚ ਆਪ ਹੀ ਫਸ ਜਾਂਦੇ ਹਨ। ਮੈਨੂੰ ਯਾਦ ਹੈ, ਉਨ੍ਹਾਂ ਨੇ ਗੁੜਗਾਓਂ ਹੀ ਕਿਹਾ ਸੀ, ਲੇਕਿਨ ਪਤਾ ਨਹੀਂ ਕਿਉਂ।


**ਕੀ ਅਫਸ਼ਾਂ (ਸ਼ੌਕਤ ਹੁਸੈਨ ਦੀ ਬੀਵੀ) ਵੀ ਉਥੇ ਸੀ?**

-ਹਾਂ, ਸ਼ਾਇਦ ਉਹ ਵੀ ਉਥੇ ਹੀ ਸੀ। ਸਾਨੂੰ ਚਾਰਾਂ ਨੂੰ ਮੈਜਿਸਟਰੇਟ ਅੱਗੇ ਪੇਸ਼ ਕੀਤਾ ਗਿਆ ਸੀ। ਫਿਰ ਸਾਨੂੰ ਵਾਪਸ ਲੋਧੀ ਕਾਲੋਨੀ ਲੈ ਗਏ। ਦਿਨ ਵੇਲੇ ਉਨ੍ਹਾਂ ਨੇ ਸ਼ੌਕਤ, ਮੈਨੂੰ ਅਤੇ ਅਫਜ਼ਲ ਨੂੰ ਥੋੜ੍ਹਾ ਚਿਰ ਇਕੋ ਕੋਠੜੀ ਵਿਚ ਰੱਖਿਆ, ਫਿਰ ਵੱਖ-ਵੱਖ ਕਰ ਦਿੱਤਾ। ਮੈਂ ਉਨ੍ਹਾਂ ਨੂੰ ਇਹੀ ਕਹਿੰਦਾ ਰਿਹਾ ਕਿ ਕੋਈ ਗੱਲ ਨਾ ਮੰਨਿਓਂ, ਲੇਕਿਨ ਸ਼ੌਕਤ ਨੂੰ ਭਰੋਸਾ ਸੀ ਕਿ ਅਦਾਲਤ ਵਿਚ ਜੱਜ ਉਸ ਨੂੰ ਬਰੀ ਕਰ ਦੇਵੇਗਾ। ਉਹ ਸੋਚਦਾ ਸੀ ਕਿ ਪੁਲਿਸ ਦਾ ਕਹਿਣਾ ਮੰਨਣ ਨਾਲ ਰਿਹਾਈ ਹੋ ਜਾਵੇਗੀ, ਉਹ ਵੀ ਉਸ ਨੂੰ ਇਹੀ ਕਹਿ ਰਹੇ ਸਨ; ਲੇਕਿਨ ਮੈਂ ਉਨ੍ਹਾਂ ਨੂੰ 'ਪੋਟੋ' ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ। ਅਫਸ਼ਾਂ ਵੀ ਹਿਰਾਸਤ ਵਿਚ ਸੀ; ਉਸ ਦੀਆਂ ਧਾਹਾਂ ਦੀ ਆਵਾਜ਼ ਸਾਡੇ ਕੰਨੀਂ ਪੈ ਰਹੀ ਸੀ। ਬੁਰੀ ਤਰ੍ਹਾਂ ਪ੍ਰੇਸ਼ਾਨ ਉਹ ਉਚੀ-ਉਚੀ ਵਿਲਕ ਰਹੀ ਸੀ। ਉਹ ਮੈਨੂੰ ਆਵਾਜ਼ਾਂ ਮਾਰ ਰਹੀ ਸੀ, 'ਰਹਿਮਾਨ ਭਾਈ', ਲੇਕਿਨ ਉਨ੍ਹਾਂ ਨੇ ਮੇਰੇ ਨਾਲ ਗੱਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਅਗਲੇ ਦਿਨ 16 ਦਸੰਬਰ ਨੂੰ ਸਾਨੂੰ ਜੁਦਾ ਕਰ ਦਿੱਤਾ ਗਿਆ। ਮੇਰੀਆਂ ਅੱਖਾਂ ਬੰਨ੍ਹ ਕੇ ਬੀ.ਐਸ.ਐਫ. ਦੇ ਸਦਰਮੁਕਾਮ ਲੈ ਗਏ। ਇਹ ਮੈਨੂੰ ਖਾਣੇ ਅਤੇ ਚਾਹ ਸਮੇਂ ਕਰਾਕਰੀ ਤੋਂ ਪਤਾ ਲੱਗ ਗਿਆ। ਉਹ ਵੱਖ-ਵੱਖ ਤਰੀਕੇ ਵਰਤ ਕੇ ਮੈਨੂੰ ਵੱਖ-ਵੱਖ ਥਾਵਾਂ ਉਪਰ ਲਿਜਾਂਦੇ ਰਹੇ। ਅਫਜ਼ਲ ਅਤੇ ਸ਼ੌਕਤ ਵਾਂਗ ਮੇਰੇ ਪਰਿਵਾਰ ਨੂੰ ਵੀ ਦੋਸਤ ਹੋਣ ਦਾ ਨਾਟਕ ਕਰਦੇ ਰਹੇ। ਉਸ ਦਿਨ ਉਨ੍ਹਾਂ ਨੇ ਆਰਿਫਾ ਅਤੇ ਬੱਚਿਆਂ ਨੂੰ ਛੱਡ ਦਿੱਤਾ। ਉਸੇ ਦਿਨ ਉਨ੍ਹਾਂ ਨੇ ਸਾਨੂੰ ਮੀਡੀਆ ਅੱਗੇ ਪੇਸ਼ ਕੀਤਾ। ਵੀਡੀਓ ਵਿਚ ਤੁਸੀਂ ਦੇਖ ਸਕਦੇ ਹੋ, ਮੈਂ ਪੁਲਸੀਏ ਵੱਲ ਝੁਕਿਆ ਹੋਇਆ ਹਾਂ, ਮੈਂ ਸਿੱਧਾ ਖੜ੍ਹਾ ਨਹੀਂ ਹੋ ਸਕਦਾ; ਲੇਕਿਨ ਕਿਸੇ ਨੇ ਵੀ ਇਸ ਦੀ ਰਿਪੋਰਟ ਨਹੀਂ ਦਿੱਤੀ। ਮੈਂ ਬਥੇਰਾ ਚੀਕਿਆ ਕਿ ਮੈਨੂੰ ਤਸੀਹੇ ਦਿੱਤੇ ਜਾ ਰਹੇ ਹਨ, ਕਿ ਉਨ੍ਹਾਂ ਨੇ ਮੇਰੀ ਬੀਵੀ ਨੂੰ ਅਗਵਾ ਕੀਤਾ ਹੋਇਆ ਹੈ, ਲੇਕਿਨ ਕਿਸੇ ਨੇ ਇਹ ਰਿਪੋਰਟ ਨਹੀਂ ਦਿੱਤੀ।



ਐਸ.ਏ.ਆਰ. ਗਿਲਾਨੀ

ਹਾਂ, ਰਾਜਬੀਰ ਅਫਜ਼ਲ ਨੂੰ ਕੈਮਰੇ ਅੱਗੇ ਕੋਈ ਗੱਲ ਨਾ ਦੱਸਣ ਲਈ ਕਹਿ ਰਿਹਾ ਸੀ (ਗਿਲਾਨੀ ਦੇ ਸ਼ਾਮਲ ਨਾ ਹੋਣ ਸਬੰਧੀ)। ਉਹ ਜਾਣਦੇ ਸਨ ਕਿ ਸਾਡੇ ਨਾਲ ਕਿਵੇਂ ਨਜਿੱਠਣਾ ਹੈ। ਸ਼ੌਕਤ ਅਤੇ ਅਫਜ਼ਲ ਨਾਲ ਤਾਂ ਇਹ ਆਮ ਗੱਲ ਸੀ, ਉਸ ਰਾਤ ਉਨ੍ਹਾਂ ਨੂੰ ਬਹੁਤ ਤਸੀਹੇ ਦਿੱਤੇ ਗਏ ਲੇਕਿਨ ਉਸ ਤੋਂ ਬਾਅਦ ਉਹ ਕਹਿੰਦੇ ਰਹੇ, 'ਤੁਮਕੋ ਛੋੜ ਦੇਂਗੇ'। ਉਹ ਕੁਝ ਵੀ ਲਿਖ ਕੇ ਦੇਣ ਲਈ ਤਿਆਰ ਸਨ। ਸ਼ੌਕਤ ਸੋਚਦਾ ਸੀ, ਉਹ ਅਫਜ਼ਲ ਨੂੰ ਫਸਾਉਣਗੇ ਅਤੇ ਉਸ ਨੂੰ ਛੱਡ ਦੇਣਗੇ; ਉਹ ਮੈਨੂੰ ਫਸਾਉਣ ਲਈ ਵੀ ਕਹਿੰਦੇ ਰਹੇ, 'ਯੇਹ ਮਰੇਗਾ'। ਅਫਜ਼ਲ ਦਾ ਭਾਈ ਹਿਲਾਲ ਵੀ ਕਸ਼ਮੀਰ ਵਿਚ ਹਿਰਾਸਤ ਵਿਚ ਸੀ। ਉਨ੍ਹਾਂ ਨੂੰ ਇਕ ਦੂਜੇ ਵਿਰੁਧ ਵਰਤਿਆ ਜਾ ਰਿਹਾ ਸੀ।



ਅਫਜ਼ਲ ਗੁਰੂ

**ਇਕ ਗੱਲ ਦੱਸੋ - ਜਦੋਂ ਉਨ੍ਹਾਂ ਨੇ ਹੋਰਾਂ ਵਿਰੁਧ ਜਾਅਲੀ ਇਕਬਾਲੀਆ ਬਿਆਨ ਘੜਿਆ, ਉਹ ਤੁਹਾਡੇ ਵਿਰੁਧ ਕਿਉਂ ਨਹੀਂ ਘੜਿਆ?**

-ਸੋਲਾਂ ਨਵੰਬਰ 2001 ਨੂੰ ਆਰਿਫਾ ਨੂੰ ਰਿਹਾਅ ਕਰਨ ਤੋਂ ਪਹਿਲਾਂ ਉਨ੍ਹਾਂ ਕੁਝ ਕੋਰੇ ਕਾਗਜ਼ਾਂ ਉਪਰ ਦਸਤਖਤ ਕਰਵਾ ਲਏ। ਉਸ ਪਿਛੋਂ ਮੈਂ ਹੋਰ ਦਸਤਖਤ ਕਰਨ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਨੇ ਸਿਰਫ ਬਿਆਨ ਅਤੇ ਬਰਾਮਦਗੀ ਦੇ ਪੰਚਨਾਮੇ ਉਪਰ ਦਸਤਖਤ ਕਰਵਾਏ, ਇਕਬਾਲੀਆ ਬਿਆਨ ਨਹੀਂ ਬਣਾਇਆ। ਇਕਬਾਲੀਆ ਬਿਆਨ ਦੇ ਹਰ ਪੰਨੇ ਉਪਰ ਦਸਤਖਤ ਕਰਨੇ ਜ਼ਰੂਰੀ ਹਨ। ਦੂਜੇ ਇਹ ਸੋਚ ਕੇ ਉਨ੍ਹਾਂ ਦੀ ਗੱਲ ਮੰਨਦੇ ਰਹੇ ਕਿ ਪੂਰਾ ਕੇਸ ਜਾਅਲੀ ਹੈ, ਘੱਟੋ-ਘੱਟ ਅਦਾਲਤ ਉਨ੍ਹਾਂ ਨੂੰ ਰਿਹਾਅ ਕਰ ਦੇਵੇਗੀ।

17 ਦਸੰਬਰ 2001 ਨੂੰ ਈਦ ਸੀ। ਬਿਲਾਲ ਘਰੋਂ ਬਿਰਿਯਾਨੀ ਅਤੇ ਹੋਰ ਖਾਣ ਵਾਲੀਆਂ ਚੀਜ਼ਾਂ ਲਿਆਇਆ। ਅਫਜ਼ਲ, ਸ਼ੌਕਤ ਅਤੇ ਮੈਨੂੰ ਮਿਲ ਕੇ ਖਾਣ ਦੀ ਇਜਾਜ਼ਤ ਦਿੱਤੀ ਗਈ। ਮੈਂ ਉਨ੍ਹਾਂ ਨੂੰ ਫਿਰ ਚੁਕੰਨੇ ਕੀਤਾ, ਲੇਕਿਨ ਸ਼ੌਕਤ ਕਹਿ ਰਿਹਾ ਸੀ, 'ਮੈਂ ਤਾਂ ਜੋ ਉਹ ਚਾਹੁੰਦੇ ਹਨ, ਉਹ ਕਹਾਂਗਾ। ਮੇਰੇ ਅੰਦਰ ਹੁਣ ਹੋਰ ਬਰਦਾਸ਼ਤ ਕਰਨ ਦੀ ਤਾਕਤ ਨਹੀਂ।'

ਤੀਜੇ ਜਾਂ ਚੌਥੇ ਦਿਨ ਜਿਸਮਾਨੀ ਤਸੀਹੇ ਬੰਦ ਹੋ ਗਏ ਲੇਕਿਨ ਮਾਨਸਿਕ ਤਸੀਹੇ ਅਤੇ ਜ਼ਲਾਲਤ ਜਾਰੀ ਰਹੀ। ਮੇਰੀ ਕੋਠੜੀ ਦੇ ਬਾਹਰ ਪੁਲਸੀਏ ਮੁਸਲਮਾਨਾਂ ਨੂੰ ਕੱਢਦੇ ਰਹਿੰਦੇ। ਉਹ ਦੇਰ ਰਾਤ ਗਏ ਮੈਨੂੰ ਜਗਾ ਲੈਂਦੇ। ਫਿਰ ਮਾਨਸਿਕ ਤਸ਼ੱਦਦ ਦਾ ਦੌਰ ਚੱਲਦਾ ਰਹਿੰਦਾ। ਕਈ ਵਾਰ ਤਾਂ 14-15 ਅਫਸਰ ਮੈਨੂੰ ਘੇਰ ਕੇ ਵਾਰ-ਵਾਰ ਉਹੀ ਪੁੱਛਦੇ ਰਹਿੰਦੇ ਅਤੇ ਗਾਲੀ-ਗਲੋਚ ਤੇ ਕੁੱਟਮਾਰ ਕਰਦੇ। ਮੈਨੂੰ ਵੱਖੋ-ਵੱਖਰੇ ਕਮਰਿਆਂ ਜਾਂ ਸਾਊਂਡ ਪਰੂਫ ਚੈਂਬਰਾਂ ਵਿਚ ਲਿਜਾਇਆ ਜਾਂਦਾ। ਕੋਠੜੀ ਵਿਚ ਮੈਨੂੰ ਦਿਨ-ਰਾਤ ਬੰਦ ਰੱਖਿਆ ਜਾਂਦਾ। ਕੋਠੜੀ ਤਿੰਨ ਫੁੱਟ ਚੌੜੀ ਅਤੇ ਇੰਨੀ ਲੰਮੀ ਸੀ ਕਿ ਅਗਲਾ ਸਿਰਾ ਨਜ਼ਰ ਨਹੀਂ ਸੀ ਆਉਂਦਾ। ਇਕ ਰਾਤ 2 ਕੁ ਵਜੇ ਪੁਲਸੀਏ ਮੇਰੀ ਕੋਠੜੀ ਦੇ ਬਾਹਰ ਮੁਸਲਮਾਨਾਂ ਅਤੇ ਕਸ਼ਮੀਰ ਬਾਰੇ ਉਚੀ-ਉਚੀ ਬਕਵਾਸ ਕਰ ਰਹੇ ਸਨ। ਇਕ ਜਣਾ ਕਹਿ ਰਿਹਾ ਸੀ ਕਿ 'ਦਿੱਲੀ ਆਉਣ ਤੋਂ ਪਹਿਲਾਂ ਮੈਂ ਕਦੇ ਕੋਈ ਮੁਸਲਾ ਨਹੀਂ ਸੀ ਦੇਖਿਆ। ਅਸੀਂ ਤਾਂ ਆਪਣੇ ਇਲਾਕੇ ਵਿਚ ਬਹੁਤ ਪਹਿਲਾਂ ਹੀ ਇਨ੍ਹਾਂ ਦਾ ਸਫਾਇਆ ਕਰ ਦਿੱਤਾ ਸੀ।' ਮੈਨੂੰ ਨੀਂਦ ਕਿਵੇਂ ਆ ਜਾਂਦੀ, ਮੈਂ ਉਨ੍ਹਾਂ ਨੂੰ ਚੁਕੰਨੇ ਕਰਨ ਲਈ ਹੱਥਕੜੀਆਂ ਖੜਕਾਈਆਂ ਅਤੇ ਪਖਾਨਾ ਜਾਣ ਲਈ ਕਿਹਾ।

ਉਹ ਮੈਨੂੰ ਸਦਾ ਬੇੜੀ ਲਗਾਈ ਰੱਖਦੇ। ਕੋਠੜੀ ਨੂੰ ਜੰਦਰਾ ਲਗਾ ਕੇ ਅਤੇ ਹੱਥਕੜੀਆਂ ਨਾਲ ਬੰਨ੍ਹ ਕੇ ਰੱਖਦੇ। ਪਖਾਨੇ ਤੋਂ ਵਾਪਸ ਆ ਕੇ ਮੈਂ ਅਸ਼ੋਕ ਚੰਦ ਨੂੰ ਕਿਹਾ, 'ਤੁਹਾਨੂੰ ਮੁਸਲਮਾਨਾਂ ਅਤੇ ਕਸ਼ਮੀਰੀ ਬਾਰੇ ਬਹੁਤ ਗਲਤਫਹਿਮੀ ਹੈ। ਰਿਹਾਅ ਹੋ ਕੇ ਮੈਂ ਤੇਰੇ ਘਰ ਆ ਕੇ ਤੈਨੂੰ ਮਿਲਾਂਗਾ।' ਉਹ ਤਾਂ ਕੰਬਣ ਲੱਗ ਪਿਆ ਇਹ ਸੋਚ ਕੇ ਕਿ ਮੈਂ ਉਸ ਨੂੰ ਧਮਕੀ ਦੇ ਰਿਹਾ ਸੀ। ਦੇਖ ਲਓ, ਉਹ ਆਪਣੀਆਂ ਹੀ ਝੂਠੀਆਂ ਕਹਾਣੀਆਂ ਵਿਚ ਕਿਵੇਂ ਯਕੀਨ ਕਰਦੇ ਹਨ।

**ਤੁਹਾਨੂੰ ਆਪਣੀ ਰਿਹਾਈ ਹੋਣ ਦਾ ਸਦਾ ਹੀ ਯਕੀਨ ਰਿਹਾ?**

-ਨਹੀਂ, ਮੈਂ ਡਰਿਆ ਹੋਇਆ ਸੀ, ਕਿਉਂਕਿ ਮੈਂ ਇਕੱਲਾ ਸੀ। ਘੱਟੋ-ਘੱਟ ਸ਼ੌਕਤ ਅਤੇ ਅਫਜ਼ਲ ਇਕੱਠੇ ਤਾਂ ਸਨ। ਫਿਰ ਵੀ ਮੈਂ ਸਦਾ ਇਹੀ ਸੋਚਦਾ ਸੀ ਕਿ ਆਖਿਰਕਾਰ ਮੈਂ ਰਿਹਾਅ ਹੋ ਜਾਵਾਂਗਾ; ਲੇਕਿਨ ਕਈ ਵਕਤ ਐਸੇ ਵੀ ਆਏ ਜਦੋਂ ਮੈਂ ਬੁਰੀ ਤਰ੍ਹਾਂ ਨਿਰਾਸ਼ ਸੀ। ਜੇਲ੍ਹ ਦੀ ਹਨੇਰ ਕੋਠੜੀ ਵਿਚ ਇਹ ਵੀ ਪਤਾ ਨਹੀਂ ਸੀ ਲੱਗਦਾ ਕਿ ਦਿਨ ਹੈ ਜਾਂ ਰਾਤ। ਕੋਠੜੀ ਅੱਗੇ ਕੰਬਲ ਲਟਕਦਾ ਹੋਣ ਕਾਰਨ ਲੋਅ ਅੰਦਰ ਨਹੀਂ ਸੀ ਆ ਸਕਦੀ। ਨਿੱਕੇ ਜਿਹੇ ਬਲਬ ਦੀ ਲੋਅ ਧੁੰਦਲੀ ਜਿਹੀ ਸੀ। ਪੜ੍ਹਨ ਲਈ ਨਾ ਕਿਤਾਬਾਂ ਨਾ ਕੁਝ ਹੋਰ। ਬਾਅਦ ਵਿਚ ਕੰਬਲ ਹਟਾਉਣ ਨਾਲ ਥੋੜ੍ਹਾ ਬਿਹਤਰ ਹੋ ਗਿਆ। ਇਕ ਵਾਰ ਇਕ ਕਸ਼ਮੀਰੀ ਨੇ ਮੇਰੇ ਲਈ ਪਲਾਸਟਿਕ ਦਾ ਪਿਆਲਾ, ਗਲਾਸ ਤੇ ਬਾਲਟੀ ਭੇਜੀ, ਉਸ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਿਆ। ਉਹ ਤਰ੍ਹਾਂ ਤਰ੍ਹਾਂ ਦੇ ਬੰਦਿਆਂ ਨੂੰ ਭੇਤ ਲੈਣ ਲਈ ਮੇਰੇ ਕੋਲ ਘੱਲਦੇ ਰਹਿੰਦੇ। ਪਰਿਵਾਰ ਨਾਲ ਮੁਲਾਕਾਤ ਵੀ ਖੁਫੀਆ ਕੈਮਰਿਆਂ ਦੀ ਨਿਗਰਾਨੀ ਹੇਠ ਹੁੰਦੀ, ਇਹ ਕੈਦੀਆਂ ਦੀ ਮੁਲਾਕਾਤ ਵਾਲੇ ਹਿੱਸੇ ਵਿਚ ਨਹੀਂ ਸੀ ਹੁੰਦੀ। ਮੈਨੂੰ ਮਾਰਨ ਦੀ ਕੋਸ਼ਿਸ਼ ਵੀ ਕੀਤੀ ਗਈ; ਜੇਲ੍ਹ ਅਧਿਕਾਰੀਆਂ ਨੂੰ ਉਪਰੋਂ ਹਦਾਇਤਾਂ ਆ ਰਹੀਆਂ ਸਨ। ਉਨ੍ਹਾਂ ਕੋਲ ਤੁਹਾਨੂੰ ਤੋੜਨ ਜਾਂ ਜੇਲ੍ਹ ਵਿਚ ਹੀ ਟਿਕਾਣੇ ਲਗਾ ਦੇਣ ਦੇ ਬਥੇਰੇ ਤਰੀਕੇ ਹਨ।

**ਮਤਲਬ ਅਜਿਹੇ ਤਰੀਕੇ ਬਾਕਾਇਦਾ ਟਰੇਨਿੰਗ ਦਾ ਹਿੱਸਾ ਹਨ?**

-ਤਸੀਹੇ ਦੇਣ ਲਈ ਪੁਲਸੀਆਂ ਦਾ ਖਾਸ ਗਰੋਹ ਹੁੰਦਾ ਹੈ। ਉਹ ਤਕਨੀਕੀ ਤੌਰ 'ਤੇ ਐਨੇ ਮਾਹਿਰ ਹਨ ਕਿ ਸਰੀਰ ਉਪਰ ਤਸੀਹਿਆਂ ਦਾ ਕੋਈ ਨਿਸ਼ਾਨ ਨਹੀਂ ਛੱਡਦੇ। ਉਹ ਅਫਸਰਾਂ ਦੀਆਂ ਹਦਾਇਤਾਂ ਅਨੁਸਾਰ ਚੱਲਦੇ ਹਨ। ਇਨ੍ਹਾਂ ਘੋਰ-ਰਾਸ਼ਟਰਵਾਦੀਆਂ ਨੂੰ ਯਕੀਨ ਹੈ ਕਿ ਉਹ ਇਹ ਸਭ ਮੁਲਕ ਦੇ ਭਲੇ ਲਈ ਕਰ ਰਹੇ ਹਨ। ਜੇਲ੍ਹ ਵਿਚ ਵੀ ਇਸੇ ਤਰ੍ਹਾਂ ਹੁੰਦਾ ਹੈ। ਜਾਣ ਸਾਰ ਤੁਹਾਨੂੰ ਜੁੱਤੀਆਂ ਕੋਲ ਭੁੰਜੇ ਬਿਠਾਇਆ ਜਾਂਦਾ ਹੈ। ਤੁਹਾਨੂੰ ਐਵੇਂ ਹੀ ਡਾਂਟਦੇ ਰਹਿਣਗੇ, ਗੁਲਾਮਾਂ ਵਾਂਗ ਸਲੂਕ ਕਰਦੇ ਹਨ।

ਜੇਲ੍ਹ ਵਿਚ ਜਾ ਕੇ ਮੈਂ ਜੁੱਤੀਆਂ ਲਾਗੇ ਬੈਠਣ ਤੋਂ ਇਨਕਾਰ ਕਰ ਦਿੱਤਾ। ਮੈਂ ਸ਼ੌਕਤ ਨੂੰ ਵੀ ਹੱਲਾਸ਼ੇਰੀ ਦਿੱਤੀ। ਇਹ ਦੇਖ ਕੇ ਅਫਸਰ ਭੜਕ ਉਠਿਆ ਅਤੇ ਮੈਨੂੰ ਤਿੰਨ ਵਾਰ ਹੁਕਮ ਚਾੜ੍ਹਿਆ, ਫਿਰ ਬੋਲਿਆ, 'ਲਿਖ ਕਰ ਲਾਨੀ ਪੜੇਗੀ ਕਯਾ'। ਉਨ੍ਹਾਂ ਨੂੰ ਸਾਡੇ ਬਾਰੇ, ਸਾਡੇ ਉਪਰ ਇਲਜ਼ਾਮਾਂ ਬਾਰੇ ਪਤਾ ਸੀ। ਉਹ ਨਿੱਕੀ-ਨਿੱਕੀ ਗੱਲ ਰਾਹੀਂ ਤੁਹਾਨੂੰ ਤੋੜਨ ਦੀ ਕੋਸ਼ਿਸ਼ ਕਰਦੇ ਹਨ। ਮੈਨੂੰ ਵਿਸ਼ੇਸ਼ ਲੰਮੀ ਹਨੇਰ ਕੋਠੜੀ ਵਿਚ ਰੱਖਿਆ ਗਿਆ। ਉਥੋਂ ਮੈਂ ਫਾਂਸੀ ਘਰ ਦੇਖ ਸਕਦਾ ਸੀ। ਮਕਬੂਲ ਬੱਟ ਦੀ ਕਬਰ ਵੀ ਉਥੇ ਹੀ ਸੀ। ਉਹ ਮੈਨੂੰ ਦੱਸਦੇ, ਕਿਵੇਂ ਉਸ ਨੂੰ ਉਥੋਂ ਸਿੱਧਾ ਫਾਂਸੀ ਘਰ ਲਿਜਾਇਆ ਗਿਆ, ਤੈਨੂੰ ਵੀ ਉਸੇ ਰਸਤੇ ਲਿਜਾਇਆ ਜਾਵੇਗਾ। ਜੁਡੀਸ਼ੀਅਲ ਹਿਰਾਸਤ ਵਿਚ ਮੈਂ ਅਫਜ਼ਲ ਅਤੇ ਸ਼ੌਕਤ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕਰਦਾ ਲੇਕਿਨ ਉਦੋਂ ਤੱਕ ਸਾਡਾ ਵਾਹ ਜੱਜ ਐਸ.ਐਨ. ਢੀਂਗਰਾ ਨਾਲ ਪੈ ਚੁੱਕਾ ਸੀ। ਚਾਰਜਸ਼ੀਟ ਪੇਸ਼ ਕੀਤੇ ਜਾਣ ਤੋਂ ਪਹਿਲਾਂ ਹੀ ਜਦੋਂ ਅਫਸ਼ਾਂ ਅਦਾਲਤ ਵਿਚ ਧਾਹਾਂ ਮਾਰ ਰਹੀ ਸੀ ਤਾਂ ਜੱਜ ਬੋਲਿਆ, 'ਹੁਣ ਰੋਣ ਦਾ ਕੀ ਫਾਇਦਾ, ਪਹਿਲਾਂ ਸੋਚਣਾ ਸੀ!' ਉਸ ਦਾ ਰਵੱਈਆ ਸਪਸ਼ਟ ਸੀ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਅਦਾਲਤ ਤੋਂ ਉਮੀਦ ਸੀ ਲੇਕਿਨ ਮੈਂ ਜਾਣਦਾ ਸੀ ਕਿ ਸ਼ਾਇਦ ਹੀ ਕੋਈ ਉਮੀਦ ਸੀ।

ਤੁਸੀਂ ਜਾਣਦੇ ਹੋ, ਮੇਰੀ ਹਾਲਤ ਬਿਹਤਰ ਸੀ। ਮੈਂ ਯੂਨੀਵਰਸਿਟੀ ਪ੍ਰੋਫੈਸਰ ਸੀ, ਪੱਕੀ ਨੌਕਰੀ ਸੀ। ਮੈਂ ਜਾਣਦਾ ਸੀ, ਬਾਹਰ ਲੋਕ ਮੇਰੇ ਲਈ ਲੜ ਰਹੇ ਸਨ ਲੇਕਿਨ ਮੈਨੂੰ ਮਹਿਸੂਸ ਹੁੰਦਾ ਹੈ ਕਿ ਮਨੁੱਖੀ ਹੱਕਾਂ ਦੀ ਲਹਿਰ ਨੇ ਸ਼ੁਰੂ ਤੋਂ ਹੀ ਅਫਜ਼ਲ ਅਤੇ ਸ਼ੌਕਤ ਪ੍ਰਤੀ ਕੋਈ ਖਾਸ ਸਰੋਕਾਰ ਨਹੀਂ ਦਿਖਾਇਆ। ਮੈਂ ਨਹੀਂ ਜਾਣਦਾ ਮੈਂ ਇਸ ਹਾਲਤ ਵਿਚੋਂ ਕਿਵੇਂ ਗੁਜ਼ਰਿਆ। ਹੁਣ ਜਦੋਂ ਮੈਂ ਪਿਛਲ ਝਾਤ ਮਾਰਦਾ ਹਾਂ, ਮੈਨੂੰ ਹੈਰਾਨੀ ਹੁੰਦੀ ਹੈ ਕਿ ਛੇ ਇੰਚ ਸਰੀਏ ਦੀ ਕੁੱਟ ਕਿਵੇਂ ਖਾ ਲਈ ਲੇਕਿਨ ਇਹ ਕੋਈ ਕਰਾਮਾਤ ਹੀ ਹੁੰਦੀ ਹੈ। ਸਾਧਾਰਨ ਹਾਲਾਤ ਵਿਚ ਇਸ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ।

*(ਸਮਾਪਤ)*

ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-12

# ਭੋਂਸਲਾ ਮਿਲਟਰੀ ਸਕੂਲ

ਹਿੰਦੂਤਵੀ ਲਸ਼ਕਰ



ਧੀਰੇਂਦਰ ਕੁਮਾਰ ਝਾਅ

***ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐਸ. ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ ਦੌਰਾਨ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ; ਇਸੇ ਤਰ੍ਹਾਂ ਆਰ. ਐਸ. ਐਸ. ਸੰਸਾਰ ਦੀ ਸਭ ਤੋਂ ਵੱਡੀ ਸਵੈਸੇਵੀ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਵੱਖ-ਵੱਖ ਰਾਜਾਂ 'ਚ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਆਧਾਰ ਬਣੀਆਂ ਜਥੇਬੰਦੀਆਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) 'ਚ ਕੀਤੀ ਹੈ। ਐਤਕੀਂ 'ਭੋਂਸਲਾ ਮਿਲਟਰੀ ਸਕੂਲ' ਦਾ ਇਤਿਹਾਸ ਫਰੋਲਿਆ ਗਿਆ ਹੈ, ਜਿਸ ਨੇ ਅਭਿਨਵ ਭਾਰਤ ਨਾਲ ਮਿਲ ਕੇ ਹਿੰਦੂਤਵ ਦਾ ਪ੍ਰਚਾਰ ਕੀਤਾ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਭੋਂਸਲਾ ਮਿਲਟਰੀ ਸਕੂਲ 29 ਸਤੰਬਰ 2008 ਦੇ ਮਾਲੇਗਾਉਂ ਬੰਬ ਧਮਾਕਿਆਂ ਤੋਂ ਥੋੜ੍ਹੀ ਦੇਰੀ ਪਿਛੋਂ ਹੀ ਮਹਾਰਾਸ਼ਟਰ ਏ. ਟੀ. ਐਸ. ਦੀ ਨਿਗਾਹ ਹੇਠ ਆ ਗਿਆ ਸੀ। ਬੰਬ ਕਾਂਡ ਦੇ ਵਾਪਰਨ ਤੱਕ ਵੱਖ-ਵੱਖ ਘਟਨਾਵਾਂ ਦੇ ਸਿਲਸਿਲੇ ਦੀ ਜਾਂਚ ਦੌਰਾਨ ਏ. ਟੀ. ਐਸ. ਨੇ ਦੇਖਿਆ ਕਿ ਕਈ ਮੁੱਖ ਦੋਸ਼ੀ ਇਸ ਸਕੂਲ ਨਾਲ ਨੇੜਿਓਂ ਜੁੜੇ ਹੋਏ ਹਨ ਅਤੇ ਆਰ. ਐਸ. ਐਸ. ਵਲੋਂ ਚਲਾਈ ਜਾ ਰਹੀ ਇਸ ਸੰਸਥਾ ਵਲੋਂ ਬੰਬ ਧਮਾਕਿਆਂ ਤੋਂ ਪਹਿਲਾਂ 'ਅਭਿਨਵ ਭਾਰਤ' ਨੂੰ ਕਈ ਤਰ੍ਹਾਂ ਦੀਆਂ ਅਹਿਮ ਸੇਵਾਵਾਂ ਦਿੱਤੀਆਂ ਗਈਆਂ ਸਨ। ਇਹ ਇਸ ਸਕੂਲ ਦੇ 70 ਸਾਲ ਦੇ ਇਤਿਹਾਸ ਵਿਚ ਬੇਮਿਸਾਲ ਚੀਜ਼ ਸੀ। ਭੋਂਸਲਾ ਮਿਲਟਰੀ ਸਕੂਲ ਵਿਦਿਆਰਥੀਆਂ ਨੂੰ ਫੌਜੀ ਸਿਖਲਾਈ ਦੇਣ ਦਾ ਦਾਅਵਾ ਕਰਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਇਸ ਦਾ ਪਾਠਕ੍ਰਮ ਇਸ ਤਰੀਕੇ ਨਾਲ ਬਣਾਇਆ ਗਿਆ ਹੈ ਤਾਂ ਜੋ ਇਸ ਦੇ ਵਿਦਿਆਰਥੀਆਂ ਨੂੰ ਫੌਜ ਦੀ ਨੌਕਰੀ ਦੇ ਇਮਤਿਹਾਨਾਂ ਲਈ ਤਿਆਰ ਕੀਤਾ ਜਾ ਸਕੇ। ਪਹਿਲਾਂ ਵੀ ਭਾਵੇਂ ਸਕੂਲ 'ਤੇ ਆਪਣੇ ਵਿਦਿਆਰਥੀਆਂ ਦੇ ਦਿਮਾਗਾਂ ਵਿਚ ਫਿਰਕੂ ਸੋਚ ਭਰਨ ਦੇ ਦੋਸ਼ ਲੱਗੇ ਸਨ, ਪਰ ਮਹਾਰਾਸ਼ਟਰ ਏ. ਟੀ. ਐਸ. ਦੀ ਜਾਂਚ ਦੇ ਸਨਸਨੀਖੇਜ਼ ਖੁਲਾਸੇ ਨਾਖੁਸ਼ਗਵਾਰ ਸਨ। ਇਹ ਸਪਸ਼ਟ ਸੀ ਕਿ ਇਸ ਸਕੂਲ ਦੀ ਚਾਰਦੀਵਾਰੀ 'ਚ ਬਹੁਤ ਕੁਝ ਉਸ ਤੋਂ ਇਲਾਵਾ ਵਾਪਰ ਰਿਹਾ ਸੀ, ਜਿੰਨਾ ਕੁ ਇਸ ਦੀ ਇੰਤਜ਼ਾਮੀਆ ਕਮੇਟੀ ਮੰਨਣ ਲਈ ਤਿਆਰ ਸੀ।

25-27 ਜਨਵਰੀ 2008 ਨੂੰ ਫਰੀਦਾਬਾਦ ਵਿਖੇ ਹੋਈ ਮੀਟਿੰਗ, ਜੋ ਇਸ ਸਬੰਧੀ ਹੋਈਆਂ ਮੀਟਿੰਗਾਂ ਵਿਚੋਂ ਇਕ ਸੀ, ਵਿਚ ਦਹਿਸ਼ਤਵਾਦੀ ਸਾਜ਼ਿਸ਼ ਬਣਾਉਣ ਅਤੇ ਇਸ ਨੂੰ ਅੰਜਾਮ ਦੇਣ ਬਾਰੇ ਬਾਰੀਕੀ 'ਚ ਵਿਚਾਰ-ਵਟਾਂਦਰਾ ਕੀਤਾ ਗਿਆ। ਅਭਿਨਵ ਭਾਰਤ ਦੇ ਸਰਗਨੇ ਲੈਫਟੀਨੈਂਟ ਕਰਨਲ ਸ੍ਰੀਕਾਂਤ ਪੁਰੋਹਿਤ ਨੇ ਆਪਣੇ ਸਾਥੀਆਂ ਨੂੰ ਦੱਸਿਆ, "ਜੋ ਕੁਝ ਮੈਂ ਅੱਜ ਕਿਹਾ ਹੈ, ਉਸ ਵਲ ਉਥੇ ਬੈਠੇ ਅਧਿਕਾਰੀ ਪੂਰਾ ਧਿਆਨ ਦਿੰਦੇ ਹਨ। ਸਾਰਾ ਸਕੂਲ ਮੇਰੇ ਹੱਥਾਂ ਵਿਚ ਹੈ।" ਪੁਰੋਹਿਤ ਇਸ ਸਕੂਲ ਨਾਲ ਕਾਫੀ ਸਮੇਂ ਤੋਂ ਜੁੜਿਆ ਹੋਇਆ ਸੀ। ਆਪਣੀ ਅੱਲ੍ਹੜ ਵਰੇਸ ਵਿਚ ਉਸ ਨੇ ਇਸ ਸਕੂਲ ਵਿਚ ਸ਼ਾਰਟ ਸਰਵਿਸ ਕਮਿਸ਼ਨ ਦੀ ਤਿਆਰੀ ਲਈ ਵਿਸ਼ੇਸ਼ ਕੋਚਿੰਗ ਕਲਾਸਾਂ ਲਾਈਆਂ ਸਨ, ਜਿਸ ਨੇ ਸ਼ਾਇਦ ਉਸ ਦੀ ਭਾਰਤੀ ਫੌਜ ਵਿਚ ਕਮਿਸ਼ਨ ਦਾ ਅਹੁਦਾ ਲੈਣ ਵਿਚ ਮਦਦ ਕੀਤੀ। 2005 ਵਿਚ ਜਦ ਉਸ ਨੂੰ ਮਹਾਰਾਸ਼ਟਰ ਭੇਜ ਦਿੱਤਾ ਗਿਆ ਅਤੇ ਉਸ ਨੂੰ ਫੌਜ ਦੀ ਸੰਪਰਕ ਸ਼ਾਖਾ ਦਾ ਜ਼ਿੰਮਾ ਦਿੱਤਾ ਗਿਆ ਤਾਂ ਸਕੂਲ ਨਾਲ ਉਸ ਦਾ ਸੰਪਰਕ ਮੁੜ ਸੁਰਜੀਤ ਹੋ ਗਿਆ। ਇਹ ਸ਼ਾਖਾ ਫੌਜ ਦਾ ਸੂਹੀਆ ਵਿੰਗ ਹੈ, ਜਿਸ ਦਾ ਜ਼ਿੰਮਾ ਫੌਜ ਅਤੇ ਸਥਾਨਕ ਭਾਈਚਾਰਿਆਂ ਦਰਮਿਆਨ ਸਬੰਧ ਬਣਾਉਣਾ ਤੇ ਇਸ ਮੇਲਜੋਲ ਨੂੰ ਵਿਕਸਿਤ ਕਰਨਾ ਹੈ। ਉਸ ਵਲੋਂ ਇਸ ਸਕੂਲ ਵਿਚ ਸਿਖਲਾਈ ਕੈਂਪ ਅਤੇ ਗੁਪਤ ਮੀਟਿੰਗਾਂ ਕਰਨ ਦੀਆਂ ਰਿਪੋਰਟਾਂ ਹਨ, ਜਿਸ ਵਿਚ ਦਰਜਨਾਂ ਲੋਕ ਸ਼ਾਮਲ ਹੁੰਦੇ ਰਹੇ। ਇਨ੍ਹਾਂ ਵਿਚੋਂ ਇਕ 16 ਸਤੰਬਰ 2008 ਨੂੰ ਮਾਲੇਗਾਉਂ ਬੰਬ ਧਮਾਕਿਆਂ ਤੋਂ ਹਫਤਾ ਪਹਿਲਾਂ ਕੀਤੀ ਗਈ। ਫੌਜ ਦੇ ਸਾਬਕਾ ਅਫਸਰ ਮੇਜਰ ਰਮੇਸ਼ ਉਪਾਧਿਆਏ ਨੇ ਮਹਾਰਾਸ਼ਟਰ ਏ. ਟੀ. ਐਸ ਕੋਲ ਮੰਨਿਆ ਕਿ ਉਸ ਨੇ ਪ੍ਰਗਿਆ ਸਿੰਘ ਠਾਕੁਰ ਅਤੇ ਉਸ ਦੇ ਸਾਥੀਆਂ ਸਮੇਤ ਮਾਲੇਗਾਉਂ ਬੰਬ ਧਮਾਕਿਆਂ ਦੀ ਯੋਜਨਾਬੰਦੀ ਲਈ ਨਾਸਿਕ ਦੇ ਭੋਂਸਲਾ ਮਿਲਟਰੀ ਸਕੂਲ 'ਚ ਹੋਈਆਂ ਤਿੰਨ ਮੀਟਿੰਗਾਂ ਵਿਚ ਤਿੰਨ ਹਿੱਸਾ ਲਿਆ ਸੀ।

ਜਦ ਬੰਬ ਧਮਾਕਿਆਂ ਦੀ ਜਾਂਚ ਵਿਚ ਤੇਜ਼ੀ ਆ ਗਈ ਅਤੇ ਸਕੂਲ ਬਾਰੇ ਨਵੇਂ-ਨਵੇਂ ਤੱਥ ਸਾਹਮਣੇ ਆਉਣੇ ਸ਼ੁਰੂ ਹੋ ਗਏ ਤਾਂ ਸਕੂਲ ਦੇ ਸਮੁੱਚੇ ਕਾਰਵਿਹਾਰ ਦੀ ਨਿਗਰਾਨ ਗਵਰਨਿੰਗ ਕੌਂਸਲ ਦੇ ਸਕੱਤਰ ਡੀ. ਕੇ. ਕੁਲਕਰਨੀ ਨੇ ਇਸ ਦਾ ਦੋਸ਼ ਸਕੂਲ ਦੇ ਤਤਕਾਲੀ ਕਮਾਂਡੈਂਟ ਰਿਟਾਇਰਡ ਲੈਫਟੀਨੈਂਟ ਕਰਨਲ ਐਸ. ਐਸ. ਰਾਇਕਰ ਦੇ ਸਿਰ ਮੜ੍ਹਨ ਦੀ ਕੋਸ਼ਿਸ਼ ਕੀਤੀ। 'ਪੁਰੋਹਿਤ ਸਕੂਲ ਦੇ ਨਵੇਂ ਕਮਾਂਡੈਂਟ ਲੈਫਟੀਨੈਂਟ ਕਰਨਲ ਐਸ. ਐਸ. ਰਾਇਕਰ ਨਾਲ ਫੌਜ ਵਿਚ ਨੌਕਰੀ ਕਰ ਚੁਕਾ ਸੀ, ਇਸ ਲਈ ਉਸ ਨੇ ਅਭਿਨਵ ਭਾਰਤ ਦੀ ਮੀਟਿੰਗ ਸਕੂਲ ਵਿਚ ਕਰਨ ਦੀ ਇਜਾਜ਼ਤ ਦੇਣ ਲਈ ਗੁਜ਼ਾਰਿਸ਼ ਕੀਤੀ ਸੀ।' ਕੁਲਕਰਨੀ ਨੇ ਦਾਅਵਾ ਕੀਤਾ ਕਿ ਇਸ ਸਕੂਲ ਦਾ ਕਿਸੇ ਸਿਆਸੀ ਧੜੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਦੂਜੇ ਪਾਸੇ, ਰਾਇਕਰ ਜੋ ਮਨੀਪੁਰ ਵਿਚ ਭਾਰਤੀ ਫੌਜ ਦੇ ਫੌਜੀ ਸੂਹੀਆ ਦਸਤੇ ਵਿਚ ਨੌਕਰੀ ਪਿਛੋਂ ਸੇਵਾ ਮੁਕਤ ਹੋਇਆ ਸੀ, ਨੇ ਵੀ ਕਿਸੇ ਕਿਸਮ ਦੀ ਮੁਜਰਮਾਨਾ ਕਾਰਵਾਈ ਤੋਂ ਸਾਫ ਨਾਂਹ ਕੀਤੀ। ਮਹਾਰਾਸ਼ਟਰ ਏ. ਟੀ. ਐਸ. ਵਲੋਂ ਤਫਤੀਸ਼ ਵਿਚ ਸ਼ਾਮਲ ਕੀਤੇ ਜਾਣ ਤੋਂ ਛੇਤੀ ਬਾਅਦ ਉਸ ਨੇ ਭੋਂਸਲਾ ਮਿਲਟਰੀ ਸਕੂਲ ਦੇ ਅਹੁਦੇ ਤੋਂ ਬਿਨਾ ਕੋਈ ਕਾਰਨ ਦੱਸੇ ਅਸਤੀਫਾ ਦੇ ਦਿੱਤਾ।


ਕੁਝ ਵੀ ਹੋਵੇ, ਜਾਂਚ ਦੌਰਾਨ ਏ. ਟੀ. ਐਸ. ਨੇ ਜੋ ਟੇਪਾਂ ਕਬਜ਼ੇ ਵਿਚ ਲਈਆਂ, ਉਨ੍ਹਾਂ ਵਿਚੋਂ ਇਕ ਵਿਚ ਪੁਰੋਹਿਤ ਕਹਿੰਦਾ ਹੈ ਕਿ ਉਸ ਨੂੰ ਇਹ ਸਕੂਲ ਐਨਾ 'ਫਾਇਦੇਮੰਦ' ਜਾਪਿਆ ਕਿ ਉਸ ਨੇ 'ਹਰ ਰਾਜ ਵਿਚ ਐਸੇ ਸਕੂਲ ਖੋਲ੍ਹਣ ਲਈ ਕਿਹਾ, ਜਿਥੇ ਰੰਗਰੂਟਾਂ ਨੂੰ ਗਰਮੀ ਰੁੱਤੇ ਰਾਈਫਲ ਚਲਾਉਣ ਦੀ ਸਿਖਲਾਈ ਦਿੱਤੀ ਜਾ ਸਕੇ ਅਤੇ 'ਪੁਲਿਸ ਦੀ ਕਿਸੇ ਕਾਰਵਾਈ' ਸਮੇਂ ਇਸ ਨੂੰ ਲੋਕਾਂ ਨੂੰ ਪਨਾਹ ਦੇਣ ਲਈ ਕੰਮ ਆਵੇ।

ਪ੍ਰਤੀਤ ਹੁੰਦਾ ਹੈ ਕਿ ਨੌਕਰੀ ਪਿਛੋਂ ਬਹੁਤ ਸਾਰੇ ਫੌਜੀ ਅਫਸਰ ਹਿੰਦੂਤਵੀ ਜਥੇਬੰਦੀਆਂ ਵਿਚ ਸਰਗਰਮ ਹੋ ਜਾਂਦੇ ਹਨ। ਸ਼ਾਇਦ ਐਸੀਆਂ ਥਾਂਵਾਂ ਰਾਸ਼ਟਰਵਾਦ ਦੇ ਭੇਸ ਵਿਚ ਫਿਰਕਾਪ੍ਰਸਤੀ ਦੇ ਅੱਡੇ ਹਨ। ਲੱਗਦਾ ਹੈ ਕਿ ਭੋਂਸਲਾ ਮਿਲਟਰੀ ਸਕੂਲ ਦਾ ਹਿੰਦੂਤਵੀ ਵਿਚਾਰਧਾਰਾ ਅਤੇ ਫੌਜੀ ਸਿਖਲਾਈ ਦਾ ਅਨੋਖਾ ਮਿਸ਼ਰਨ ਸਾਬਕਾ ਫੌਜੀਆਂ ਦੇ ਮਨਾਂ ਨੂੰ ਜਕੜ ਲੈਣ ਦੇ ਸਮਰੱਥ ਹੈ, ਜਿਨ੍ਹਾਂ ਦੀ ਦੇਸ਼ਭਗਤੀ ਦੀ ਭਾਵਨਾ ਸੌਖਿਆਂ ਹੀ ਹਿੰਦੂਤਵੀ ਫਿਰਕਾਪ੍ਰਸਤੀ ਨਾਲ ਘਿਓ-ਖਿਚੜੀ ਹੋ ਜਾਂਦੀ ਹੈ।

'ਨਾਸਿਕ ਸਕੂਲ ਅਤੇ ਇਸ ਦੀ ਨਾਗਪੁਰ ਸ਼ਾਖਾ ਮਹਾਰਾਸ਼ਟਰ ਵਿਚ ਹਿੰਦੂਤਵੀ ਸਰਗਰਮੀਆਂ ਦੇ ਧੁਰੇ ਦਾ ਕੰਮ ਕਰਦੀ ਹੈ', ਇਹ ਗੱਲ ਮੈਨੂੰ ਮਹਾਰਾਸ਼ਟਰ ਏ. ਟੀ. ਐਸ. ਦੇ ਸੀਨੀਅਰ ਅਫਸਰ ਨੇ ਆਪਣਾ ਨਾਂ ਪੂਰੀ ਤਰ੍ਹਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸੀ। ਉਸ ਅਨੁਸਾਰ 2014 ਵਿਚ ਭਾਜਪਾ ਦੇ ਸੱਤਾ ਵਿਚ ਆਉਣ 'ਤੇ 'ਸਭ ਕੁਝ ਬਦਲ ਗਿਆ ਹੈ।' 'ਇਹ ਸਕੂਲ ਡਿਫੈਂਸ ਸੇਵਾਵਾਂ ਲਈ ਹਿੰਦੂਤਵ ਨੂੰ ਦੇਖਣ ਵਾਲੇ ਝਰੋਖੇ ਦਾ ਕੰਮ ਦਿੰਦੇ ਹਨ। ਸਭ ਤੋਂ ਵੱਧ ਅਮਨ-ਅਮਾਨ ਦੇ ਦਿਨਾਂ ਵਿਚ ਵੀ ਇਹ ਫੌਜੀਆਂ ਨੂੰ ਚੁੰਬਕ ਵਾਂਗ ਖਿੱਚਦੇ ਹਨ।'

ਇਸ ਤੋਂ ਵੀ ਵੱਧ ਭੋਂਸਲਾ ਮਿਲਟਰੀ ਸਕੂਲ ਹਿੰਦੂਤਵ ਦੇ ਬੁਨਿਆਦੀ ਲਸ਼ਕਰਾਂ ਲਈ ਅਹਿਮ ਸਿਖਲਾਈ ਮੈਦਾਨ ਬਣ ਗਿਆ ਜਾਪਦਾ ਹੈ। ਦਰਅਸਲ ਬਜਰੰਗ ਦਲ ਨੇ ਬਹੁਤ ਦੇਰ ਪਹਿਲਾਂ 2001 ਵਿਚ ਹੀ ਆਪਣੀ ਨਾਗਪੁਰ ਸ਼ਾਖਾ ਵਿਚ ਸਿਖਲਾਈ ਕੈਂਪ ਜਥੇਬੰਦ ਕੀਤੇ ਸਨ। ਇਹ ਗੱਲ ਮਹਾਰਾਸ਼ਟਰ ਏ. ਟੀ. ਐਸ. ਵਲੋਂ ਨਾਂਦੇੜ ਬੰਬ ਧਮਾਕਾ 2006 ਦੀ ਜਾਂਚ ਦੇ ਵਕਤ ਸਾਹਮਣੇ ਆਈ। ਇਹ ਧਮਾਕਾ ਆਰ. ਐਸ. ਐਸ. ਦੇ ਕਾਰਿੰਦੇ ਲਕਸ਼ਮਨ ਰਾਜ ਕੋਂਦਵਾਰ ਦੇ ਘਰ ਹੋਇਆ, ਜਿਸ ਦਾ ਪੁੱਤਰ ਨਰੇਸ਼ ਸਥਾਨਕ ਬਜਰੰਗ ਦਲ ਆਗੂ ਹਿਮਾਂਸ਼ੂ ਪਾਂਸੇ ਨਾਲ ਵਿਸਫੋਟਕ ਸਮੱਗਰੀ ਬਣਾਉਂਦੇ ਵਕਤ ਮਾਰਿਆ ਗਿਆ ਸੀ ਅਤੇ ਉਨ੍ਹਾਂ ਦੇ ਚਾਰ ਹੋਰ ਸਾਥੀ ਮਾਰੂਤੀ ਕੇਸ਼ਵ ਵਾਘ, ਯੋਗੇਸ਼ ਵਿਦੁਲਕਰ, ਗੁਰੂਰਾਜ ਜੈ ਰਾਮ, ਤੁਪਤੇਵਰ ਅਤੇ ਰਾਹੁਲ ਪਾਂਡੇ ਗੰਭੀਰ ਜ਼ਖਮੀ ਹੋਏ ਸਨ।

ਜਾਂਚ ਦੌਰਾਨ ਏ. ਟੀ. ਐਸ. ਨੂੰ ਜਾਣਕਾਰੀ ਮਿਲੀ ਕਿ ਪਾਂਸੇ ਨੇ ਭੋਂਸਲਾ ਮਿਲਟਰੀ ਸਕੂਲ ਦੀ ਨਾਗਪੁਰ ਸ਼ਾਖਾ, ਜਿਸ ਦੀ ਸਥਾਪਨਾ ਨਾਸਿਕ ਵਿਚ 6 ਦਹਾਕੇ ਪਹਿਲਾਂ ਖੁੱਲ੍ਹੇ ਮੁੱਖ ਸਕੂਲ ਪਿਛੋਂ ਜੂਨ



*1937 ਵਿਚ ਬਣਾਏ ਭੋਂਸਲਾ ਮਿਲਟਰੀ ਸਕੂਲ ਦਾ ਸੰਸਥਾਪਕ ਡਾ. ਬੀ.ਐਸ. ਮੁੰਜੇ।*

1996 ਵਿਚ ਹੋਈ ਸੀ, ਵਿਚ ਸਿਖਲਾਈ ਕੈਂਪ ਲਾਇਆ ਸੀ। 15 ਨਵੰਬਰ 1999 ਨੂੰ ਨਾਗਪੁਰ ਸਕੂਲ ਨਵੀਂ ਇਮਾਰਤ ਵਿਚ ਚਲਾ ਗਿਆ, ਜਿਸ ਦਾ ਇਕ ਹਿੱਸਾ 2001 ਵਿਚ ਬਜਰੰਗ ਦਲ ਦੇ ਸਿਖਲਾਈ ਕੈਂਪਾਂ ਲਈ ਵਰਤਿਆ ਜਾਂਦਾ ਸੀ।

ਇਸ ਗੱਲ ਦੀ ਤਸਦੀਕ ਪੂਨੇ ਦੇ ਰਿਟਾਇਰਡ ਨੇਵੀ ਅਫਸਰ ਐਸ. ਆਰ. ਭਾਟੇ ਨੇ ਕੀਤੀ, ਜੋ ਆਰ. ਐਸ. ਐਸ. ਨਾਲ 1996 ਤੋਂ ਜੁੜਿਆ ਹੋਇਆ ਸੀ। 'ਦਿ ਹਿੰਦੂ' ਅਖਬਾਰ ਵਿਚ 3 ਨਵੰਬਰ 2008 ਨੂੰ ਛਪੇ ਲੇਖ ਅਨੁਸਾਰ ਭਾਟੇ, ਜੋ ਕੈਂਪ ਵਿਚ ਸਿਖਲਾਈ ਦੇਣ ਵਾਲਿਆਂ ਵਿਚੋਂ ਸੀ, ਨੇ ਪੁਲਿਸ ਨੂੰ ਦੱਸਿਆ, 'ਇਹ ਕੋਈ ਮਾਮੂਲੀ ਕੈਂਪ ਨਹੀਂ ਸੀ। ਇਥੇ ਲੋਕਾਂ ਨੂੰ ਗਤਕਾ ਖੇਡਣ, ਕਰਾਟੇ, ਫੌਜੀਆਂ ਵਾਲੀ ਛੜੱਪਾ ਦੌੜ ਅਤੇ ਹਥਿਆਰਾਂ ਦੀ ਸਿਖਲਾਈ ਦਿੱਤੀ ਜਾਂਦੀ ਸੀ। ਇਥੇ ਰਿਟਾਇਰਡ ਫੌਜੀ ਅਤੇ ਇੰਟੈਲੀਜੈਂਸ ਬਿਊਰੋ ਦੇ ਸਾਬਕਾ ਅਫਸਰ ਹਥਿਆਰਾਂ ਦੀ ਸਿਖਲਾਈ ਦਿੰਦੇ ਹਨ।' ਭਾਟੇ ਨੇ ਏ. ਟੀ. ਐਸ. ਨੂੰ ਇਹ ਵੀ ਦੱਸਿਆ ਕਿ ਇਹ ਆਰ. ਐਸ. ਐਸ. ਹੀ ਸੀ, ਜੋ ਕੈਂਪ ਦੇ ਵੱਖ-ਵੱਖ ਕੋਰਸਾਂ ਲਈ ਸਿਖਲਾਈ ਦੇਣ ਵਾਲੇ ਉਸਤਾਦ ਮੁਹੱਈਆ ਕਰਦੀ ਸੀ।

ਜਦੋਂ ਨਾਂਦੇੜ ਬੰਬ ਧਮਾਕਿਆਂ ਦੀ ਚਾਰਜ ਸ਼ੀਟ ਮੀਡੀਆ ਵਿਚ ਸੁਰਖੀਆਂ ਬਣਨ ਲੱਗੀ ਤਾਂ ਭੋਂਸਲਾ ਮਿਲਟਰੀ ਸਕੂਲ ਦੀ ਨਾਗਪੁਰ ਸ਼ਾਖਾ ਦੇ ਚੇਅਰਮੈਨ ਸਤੀਸ਼ ਸਾਲਪੇਕਰ ਸਾਫ ਮੁੱਕਰ ਗਿਆ ਕਿ ਉਨ੍ਹਾਂ ਦੀ ਸੰਸਥਾ ਦੀ ਦਹਿਸ਼ਤਵਾਦੀ ਸ਼ੱਕੀ ਅਨਸਰਾਂ ਨੂੰ ਕਿਸੇ ਤਰ੍ਹਾਂ ਦੀ ਸਿਖਲਾਈ ਦੇਣ ਵਿਚ ਕੋਈ ਭੂਮਿਕਾ ਹੈ, ਪਰ ਉਸ ਨੇ ਮੰਨਿਆ ਕਿ ਸਕੂਲ ਦੇ ਕਰਤਾ-ਧਰਤਾ, ਭਗਵੇਂ ਹਲਕਿਆਂ ਨਾਲ ਹੀ ਸਬੰਧਤ ਹਨ। ਉਸ ਨੇ ਇਹ ਵੀ ਮੰਨਿਆ ਕਿ ਸਕੂਲ ਦੇ ਕਰਤਾ-ਧਰਤਾ ਲੋਕਾਂ ਨੇ 2001 ਵਿਚ ਆਪਣੀ ਇਮਾਰਤ ਬਜਰੰਗ ਦਲ ਨੂੰ ਬਿਨਾ ਕਿਸੇ ਖਰਚੇ ਦੇ ਸ਼ਖਸੀਅਤ ਉਸਾਰੀ ਕੈਂਪ ਲਾਉਣ ਲਈ ਦਿੱਤੀ ਸੀ। ਉਸ ਦੇ ਦੱਸਣ ਅਨੁਸਾਰ, ਸਕੂਲ ਦੇ ਅਧਿਕਾਰੀ ਕੈਂਪ ਦੀ ਨਿਗਰਾਨੀ ਨਹੀਂ ਕਰ ਰਹੇ ਸਨ ਅਤੇ ਨਾ ਹੀ ਉਨ੍ਹਾਂ ਕੋਲ ਕੈਂਪ ਵਿਚ ਹਿੱਸਾ ਲੈਣ ਵਾਲੇ ਕਾਰਕੁਨਾਂ ਦੇ ਨਾਂ ਹਨ। 'ਸਾਡੇ ਰਿਕਾਰਡ ਅਨੁਸਾਰ ਪੂਰੇ ਭਾਰਤ ਵਿਚੋਂ 100-115 ਦੇ ਕਰੀਬ ਬਜਰੰਗ ਦਲ ਕਾਰਕੁਨਾਂ ਨੇ ਇਸ ਸਿਖਲਾਈ ਕੈਂਪ ਵਿਚ 10-15 ਦਿਨ ਹਿੱਸਾ ਲਿਆ। ਸਿਖਲਾਈ ਉਨ੍ਹਾਂ ਦੇ ਆਪਣੇ ਲੋਕਾਂ ਵਲੋਂ ਦਿੱਤੀ ਗਈ ਅਤੇ ਇਹ ਸਕੂਲ ਦੇ ਨਾਲ ਲੱਗਦੀ ਖੁੱਲ੍ਹੀ ਥਾਂ ਵਿਚ ਦਿੱਤੀ ਗਈ, ਜਿਥੇ ਅਜੇ ਉਸਾਰੀ ਹੋ ਰਹੀ ਸੀ। ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਹਥਿਆਰ ਚਲਾਉਣ ਦੀ ਕੋਈ ਸਿਖਲਾਈ ਨਹੀਂ ਦਿੱਤੀ ਗਈ ਸੀ।'

—

ਹਿੰਦੂਤਵੀ ਫਿਰਕੂ ਸਿਆਸਤ, ਜਿਸ ਨੇ ਭੋਂਸਲਾ ਮਿਲਟਰੀ ਸਕੂਲ ਦੀ ਨੀਂਹ ਰੱਖਣ ਦਾ ਆਧਾਰ ਤਿਆਰ ਕੀਤਾ, ਦੀ ਰੂਪ ਰੇਖਾ ਮੁੱਖ ਤੌਰ 'ਤੇ ਇਸ ਦੇ ਮੋਢੀ ਡਾ. ਬੀ. ਐਸ. ਮੁੰਜੇ ਨੇ 1930ਵਿਆਂ ਦੇ ਸ਼ੁਰੂ ਵਿਚ ਆਪਣੀ ਯੂਰਪ ਫੇਰੀ ਦੌਰਾਨ ਫਾਸ਼ੀਵਾਦੀਆਂ ਦੇ ਸਿਖਲਾਈ ਪ੍ਰੋਗਰਾਮ ਤੋਂ ਪ੍ਰਭਾਵਿਤ ਹੋ ਕੇ ਬਣਾਈ। ਮੁੰਜੇ 1927 ਤੋਂ 1937 ਤੱਕ ਅਖਿਲ ਭਾਰਤੀ ਹਿੰਦੂ ਮਹਾਂ ਸਭਾ ਦਾ ਪ੍ਰਧਾਨ ਰਿਹਾ, ਜੋ ਮਹਾਰਾਸ਼ਟਰ ਦਾ ਮੁੱਖ ਹਿੰਦੂ ਆਗੂ ਅਤੇ ਆਰ. ਐਸ. ਐਸ. ਦੇ ਮੋਢੀ ਕੇ. ਬੀ. ਹੈਡਗੇਵਾਰ ਦਾ ਸਿਆਸੀ ਗੁਰੂ ਸੀ। ਉਸ ਦਾ ਯਕੀਨ ਸੀ ਕਿ ਹਿੰਦੂ ਦੋ ਤਰ੍ਹਾਂ ਦੇ ਦਾਬੇ ਹੇਠ ਪਿਸ ਰਹੇ ਹਨ: 'ਅੰਗਰੇਜ਼ੀ ਹੁਕਮਰਾਨਾਂ ਦਾ ਅਤਿਅੰਤ ਤਾਕਤਵਰ ਮਸ਼ੀਨ ਗੰਨਾਂ 'ਤੇ ਆਧਾਰਤ ਦਾਬਾ ਅਤੇ ਦੂਜਾ ਮੁਸਲਮਾਨਾਂ ਦਾ ਹਮਲਾਵਰ ਮਾਨਸਿਕਤਾ ਵਾਲਾ ਦਾਬਾ।' ਅੰਗਰੇਜ਼ ਦੇ ਦਾਬੇ ਨਾਲ ਟੱਕਰ ਲੈਣ ਦੀ ਥਾਂ ਉਸ ਨੇ ਮੁਸਲਮਾਨਾਂ ਨੂੰ ਹਿੰਦੂਆਂ ਦੇ ਮੁੱਖ ਦੁਸ਼ਮਣ ਦੱਸਿਆ।


ਇਸ ਵਿਚਾਰ ਨੂੰ ਮਹਾਰਾਸ਼ਟਰ ਦੇ ਵੱਡੀ ਗਿਣਤੀ ਲੋਕ, ਖਾਸ ਕਰ ਬ੍ਰਾਹਮਣ ਸਹੀ ਸਮਝਦੇ ਸਨ। ਜਿਵੇਂ ਇਤਾਲਵੀ ਵਿਦਵਾਨ ਮਾਰਜ਼ੀਆ ਕਾਸੋਲਰੀ ਕਹਿੰਦੀ ਹੈ, 'ਜਾਪਦਾ ਹੈ, ਦੂਜੀ ਸੰਸਾਰ ਜੰਗ ਦੌਰਾਨ ਅਤੇ ਉਸ ਪਿਛੋਂ ਦੇ ਸਾਲਾਂ ਵਿਚ ਕੱਟੜਪੰਥੀ ਹਿੰਦੂ ਜਥੇਬੰਦੀਆਂ ਅੰਗਰੇਜ਼ਾਂ ਪ੍ਰਤੀ ਸੁਲਾਹ-ਸਫਾਈ ਦੀ ਨੀਤੀ ਅਤੇ ਡਿਕਟੇਟਰਾਂ ਪ੍ਰਤੀ ਹਮਦਰਦੀ ਵਾਲੀ ਨੀਤੀ ਦਰਮਿਆਨ ਬੇਚੈਨੀ ਨਾਲ ਝੂਲ ਰਹੀਆਂ ਸਨ।' 'ਉਹ ਅੰਗਰੇਜ਼ਾਂ ਨਾਲ ਲੜਨ ਦੀ ਥਾਂ ਕਥਿਤ ਅੰਦਰੂਨੀ ਦੁਸ਼ਮਣਾਂ ਨਾਲ ਲੜਨ ਲਈ ਹਥਿਆਰਬੰਦ ਹੋ ਰਹੀਆਂ ਸਨ ਅਤੇ ਇਸ ਦੀ ਤਿਆਰੀ ਕਰ ਰਹੀਆਂ ਸਨ।' ਜਾਪਦਾ ਹੈ ਕਿ 'ਅੰਦਰੂਨੀ ਦੁਸ਼ਮਣਾਂ' ਨਾਲ ਲੜਨ ਦੀ ਲੋੜ ਨੇ ਹੀ ਮੁੰਜੇ ਨੂੰ ਫਾਸ਼ੀਵਾਦੀ ਸਿਖਲਾਈ ਪ੍ਰੋਗਰਾਮ ਸਿੱਖਣ ਲਈ ਉਤਸ਼ਾਹਤ ਕੀਤਾ। ਮੁੰਜੇ ਨੂੰ 1931 ਦੀ ਗੋਲ ਮੇਜ਼ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਹਿੰਦੂ ਮਹਾਂ ਸਭਾ ਦੇ ਨੁਮਾਇੰਦੇ ਵਜੋਂ ਚੁਣਿਆ ਸੀ। ਇਸ ਦੀ ਬਦੌਲਤ ਹੀ ਉਸ ਨੇ ਯੂਰਪ ਦੀ ਫੇਰੀ ਦਾ ਪ੍ਰੋਗਰਾਮ ਬਣਾਇਆ। ਇਸ ਦੌਰਾਨ ਉਸ ਦੀ ਇਟਲੀ ਵਿਚ ਲੰਮੀ ਠਹਿਰ ਵੀ ਸ਼ਾਮਲ ਸੀ। ਕਾਨਫਰੰਸ ਪਿਛੋਂ ਉਹ ਪਹਿਲਾਂ ਫਰਾਂਸ ਗਿਆ, ਫਿਰ ਜਰਮਨੀ ਅਤੇ ਫਿਰ 15 ਮਾਰਚ ਤੋਂ ਲੈ ਕੇ 24 ਮਾਰਚ ਤੱਕ ਉਸ ਨੇ ਰੋਮ ਵਿਚ ਪੜਾਅ ਕੀਤਾ।

ਆਪਣੀ ਡਾਇਰੀ ਵਿਚ ਮੁੰਜੇ ਰੋਮ ਦੀ ਫੇਰੀ ਬਾਰੇ ਤਫਸੀਲ ਨਾਲ ਲਿਖਦਾ ਹੈ, ਜਿਸ ਵਿਚ ਮਿਲਟਰੀ ਕਾਲਜ, ਸੈਂਟਰਲ ਮਿਲਟਰੀ ਸਕੂਲ ਆਫ ਫਿਜ਼ੀਕਲ ਐਜੂਕੇਸ਼ਨ, ਦਿ ਫਾਸਿਸਟ ਅਕੈਡਮੀ ਆਫ ਫਿਜ਼ੀਕਲ ਐਜੂਕੇਸ਼ਨ ਅਤੇ ਬਲਿਲਾ ਤੇ ਅਵਾਨਗੁਆਰਦਿਸਤੀ ਜਥੇਬੰਦੀਆਂ ਦੇ ਕੰਮਕਾਰ ਦਾ ਅਧਿਐਨ ਕਰਨ ਲਈ ਦੌਰੇ ਸ਼ਾਮਲ ਹਨ। ਇਹ ਸਭ ਇਟਲੀ ਦੇ ਫਾਸ਼ੀਵਾਦੀ ਨੌਜਵਾਨ ਗਰੁਪ ਓਪੇਰਾ ਨੈਸ਼ਨਲ ਬਲਿਲਾ (ਓ. ਐਨ. ਬੀ.) ਦੀਆਂ ਉਪ ਜਥੇਬੰਦੀਆਂ ਹਨ। ਮਹਾਂਸਭਾ ਆਗੂ ਇਨ੍ਹਾਂ ਜਥੇਬੰਦੀਆਂ ਤੋਂ ਖਾਸ ਤੌਰ 'ਤੇ ਪ੍ਰਭਾਵਿਤ ਹੋਇਆ, ਜੋ ਨੌਜਵਾਨ ਮੁੰਡੇ-ਕੁੜੀਆਂ ਦੇ ਦਿਮਾਗ ਵਿਚ ਫਾਸ਼ੀਵਾਦ ਦੀ ਸੋਚ ਕੁੱਟ-ਕੁੱਟ ਕੇ ਭਰਨ ਦਾ ਮੁੱਖ ਸਾਧਨ ਸੀ। ਮੁੰਜੇ ਅਨੁਸਾਰ 'ਜਥੇਬੰਦੀ ਦੀ ਪੂਰੀ ਧਾਰਨਾ ਅਤੇ ਬਲਿਲਾ ਸੰਸਥਾਵਾਂ ਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹਾਲਾਂਕਿ ਉਚ ਪਾਏ ਦਾ ਅਨੁਸ਼ਾਸਨ ਅਤੇ ਸੰਗਠਨ ਅਜੇ ਵੀ ਨਹੀਂ ਹੈ। ਇਟਲੀ ਦੀ ਫੌਜੀ ਮੁੜ-ਸੁਰਜੀਤੀ ਲਈ ਇਹ ਸਮੁੱਚਾ ਵਿਚਾਰ ਮੁਸੋਲਿਨੀ ਦੀ ਦੇਣ ਹੈ। ਇਤਾਲਵੀ ਲੋਕ ਆਮ ਭਾਰਤੀਆਂ ਵਾਂਗ ਸਹਿਜਪਸੰਦ ਅਤੇ ਅਸੈਨਿਕ ਸੁਭਾਅ ਦੇ ਹਨ। ਭਾਰਤੀਆਂ ਵਾਂਗ ਉਨ੍ਹਾਂ ਨੇ ਸ਼ਾਂਤੀ ਦੀ ਪਰਵਰਿਸ਼ ਕੀਤੀ ਹੈ ਅਤੇ ਯੁੱਧ ਕਲਾ ਦੀ ਮੁਹਾਰਤ ਹਾਸਲ ਕਰਨ ਨੂੰ ਔਖੇ ਪਰੋਖੇ ਕੀਤਾ ਹੈ। ਮੁਸੋਲਿਨੀ ਨੇ ਆਪਣੇ ਮੁਲਕ ਦੀ ਨਾ ਦੂਰ ਹੋਣ ਵਾਲੀ ਕਮਜ਼ੋਰੀ ਨੂੰ ਦੇਖਿਆ ਅਤੇ ਬਲਿਲਾ ਜਥੇਬੰਦੀ ਦਾ ਵਿਚਾਰ ਪੇਸ਼ ਕੀਤਾ... ਇਟਲੀ ਦੀ ਫੌਜੀ ਜਥੇਬੰਦੀ ਲਈ ਕੋਈ ਹੋਰ ਬਿਹਤਰ ਤਜਵੀਜ਼ ਨਹੀਂ ਹੋ ਸਕਦੀ ਸੀ...ਫਾਸ਼ੀਵਾਦ ਦਾ ਵਿਚਾਰ ਸਪਸ਼ਟ ਰੂਪ ਵਿਚ ਜਨਤਾ ਵਿਚਾਲੇ ਏਕਤਾ ਦੀ ਧਾਰਨਾ ਲਿਆਉਂਦਾ ਹੈ।...ਭਾਰਤ, ਵਿਸ਼ੇਸ਼ ਕਰਕੇ ਹਿੰਦੂ ਭਾਰਤ ਨੂੰ ਹਿੰਦੂਆਂ ਵਿਚ ਫੌਜੀ ਮੁਹਾਰਤ ਦੀ ਮੁੜ-ਸੁਰਜੀਤੀ ਲਈ ਅਜਿਹੀ ਹੀ ਕਿਸੇ ਜਥੇਬੰਦੀ ਦੀ ਲੋੜ ਹੈ ਤਾਂ ਜੋ ਹਿੰਦੂਆਂ ਵਿਚਾਲੇ ਫੌਜੀ ਅਤੇ ਗੈਰ ਫੌਜੀ ਵਰਗਾਂ ਦਾ ਬਨਾਉਟੀ ਵਖਰੇਵਾਂ, ਜਿਸ 'ਤੇ ਅੰਗਰੇਜ਼ਾਂ ਨੇ ਐਨਾ ਵੱਧ ਜ਼ੋਰ ਦਿੱਤਾ ਹੈ, ਖਤਮ ਹੋ ਸਕੇ।'

18 ਮਾਰਚ ਨੂੰ ਮੁੰਜੇ ਨੂੰ ਰੋਮ ਦੇ ਵਿਦੇਸ਼ ਮਾਮਲਿਆਂ ਦੇ ਦਫਤਰ ਦੀ ਚਿੱਠੀ ਮਿਲੀ ਕਿ ਮੁਸੋਲਿਨੀ ਉਸ ਨੂੰ 19 ਮਾਰਚ ਨੂੰ ਸ਼ਾਮ ਦੇ 6:30 ਵਜੇ ਫਾਸ਼ੀਵਾਦੀ ਸਰਕਾਰ ਸਦਰ-ਮੁਕਾਮ ਪਲਾਜ਼ੋ ਵੈਨੇਜ਼ੀਆ ਵਿਖੇ ਮਿਲੇਗਾ। ਮੁੰਜੇ ਦੇ 20 ਮਾਰਚ ਦੇ ਇੰਦਰਾਜ ਤੋਂ ਇਹ ਪਤਾ ਲੱਗਦਾ ਹੈ ਕਿ ਉਹ ਮਹਿਲ 'ਚ ਐਨ ਸਹੀ ਵਕਤ ਪਹੁੰਚ ਗਿਆ ਸੀ।

'ਇਹ ਮਹਿਲ ਪੁਰਾਣੀਆਂ ਇਤਿਹਾਸਕ ਇਮਾਰਤਾਂ ਵਿਚੋਂ ਇਕ ਹੈ ਅਤੇ ਇਸ ਵਿਚ ਵੱਡੇ ਹਾਲ ਕਮਰੇ ਹਨ। ਛੇਤੀ ਹੀ ਮੈਨੂੰ ਅੰਦਰ ਸੱਦ ਲਿਆ ਗਿਆ। ਜਨਾਬ ਮੁਸੋਲਿਨੀ ਇਨ੍ਹਾਂ ਵੱਡੇ ਹਾਲ

*(ਬਾਕੀ ਸਫਾ 29 'ਤੇ)*



*ਨਾਸਿਕ ਵਿਚ ਭੋਂਸਲਾ ਮਿਲਟਰੀ ਸਕੂਲ ਦੇ ਅਗਲੇ ਹਿੱਸੇ ਦੀ ਝਲਕ।*

# ਕਸ਼ਮੀਰ, ਸ਼ਮਸ਼ੀਰ ਅਤੇ ਪੱਤਰਕਾਰੀ

## ਅਰੁੰਧਤੀ ਰਾਏ ਦੇ ਨਾਵਲ 'ਦਰਬਾਰਿ-ਖੁਸ਼ੀਆਂ ਬੇਪਨਾਹ' ਦਾ ਪੰਜਾਬ

*ਅਰੁੰਧਤੀ ਰਾਏ ਦਾ ਦੂਜਾ ਨਾਵਲ 'ਦਰਬਾਰਿ-ਖੁਸ਼ੀਆਂ ਬੇਪਨਾਹ' ਪੁਰਾਣੀ ਦਿੱਲੀ ਦੀਆਂ ਤੰਗ ਗਲੀਆਂ ਵਿਚੋਂ ਹੁੰਦਾ ਨਵੇਂ ਉਸਰਦੇ ਮਹਾਂਨਗਰ ਦੀ ਤਫਸੀਲ ਪੇਸ਼ ਕਰਦਾ ਹੈ। ਇਸ ਦਾ ਘੇਰਾ ਕਸ਼ਮੀਰ ਤੋਂ ਬਸਤਰ ਦੀ ਹੱਦ ਤੱਕ ਫੈਲ ਜਾਂਦਾ ਹੈ। ਇਸ ਦੇ ਕਿਰਦਾਰ ਰੋਜ਼ਾਨਾ ਜ਼ਿੰਦਗੀ ਵਿਚ ਵਿਚਰਦੇ ਦੁਆਲੇ ਦੇ ਸੰਸਾਰ ਨਾਲ ਮਸ਼ਗੂਲ ਹਨ। ਉਹ ਸਬੱਬੀਂ ਮਿਲਦੇ ਹਨ, ਮਿਥ ਕੇ ਮਿਲਦੇ ਹਨ ਅਤੇ ਮੌਜੂਦਾ ਦੌਰ ਦੀਆਂ ਪੇਚੀਦਾ ਪਰਤਾਂ ਖੋਲ੍ਹਦੇ ਹਨ। ਆਫਤਾਬ ਵਜੋਂ ਪੈਦਾ ਹੋਈ ਅੰਜੁਮ ਆਪਣੇ ਮਾਪਿਆਂ ਦੇ ਘਰ ਤੋਂ ਬਾਅਦ ਆਪਣੀ ਪਸੰਦ ਦੀ ਖਵਾਬਗਾਹ ਛੱਡ ਕੇ ਖੰਡਰ ਹੋਈਆਂ ਕਬਰਾਂ ਵਿਚ ਆਪਣਾ ਕਾਲੀਨ ਵਿਛਾ ਲੈਂਦੀ ਹੈ। ਇਹ ਕਾਲੀਨ ਬੇਦਿਲਾਸਿਆਂ ਦਾ ਦਿਲਾਸਾ ਬਣਦਾ ਹੈ ਅਤੇ ਵਸੇਬ ਦੇ ਦਿਲੋ-ਦਿਮਾਗ ਦੀ ਥਾਹ ਪਾਉਂਦਾ ਜੰਨਤ ਅਤੇ ਜਹੱਨੁਮ ਵਿਚਾਲੇ ਗੈਰ-ਕਾਨੂੰਨੀ ਬੂਹਾ ਖੁੱਲ੍ਹਾ ਰੱਖਦਾ ਹੈ। ਨਾਵਲ ਦਾ ਇਹ ਅੰਸ਼ ਪੰਜਾਬ ਅਤੇ ਕਸ਼ਮੀਰ ਦੀਆਂ ਸਾਂਝੀਆਂ ਤੰਦਾਂ ਨਾਲ ਜੁੜਿਆ ਹੋਇਆ ਹੈ। ਇਹ ਤੰਦਾਂ ਪੱਤਰਕਾਰੀ, ਖੁਫੀਆ ਤੰਤਰ, ਲਾਵਾਰਿਸ ਲਾਸ਼ਾਂ ਅਤੇ ਅਮਰੀਕਾ ਵਿਚ ਪਨਾਹ ਲੈਣ ਦੇ ਰੁਝਾਨ ਰਾਹੀਂ ਆਪਸ ਵਿਚ ਜੁੜਦੀਆਂ ਹਨ। ਇਹ ਤੰਦਾਂ ਵਡੇਰੇ ਰੁਝਾਨ ਦੀਆਂ ਕੜੀਆਂ ਹਨ। ਨਾਵਲ ਦਾ ਤਰਜਮਾ ਦਲਜੀਤ ਅਮੀ ਨੇ ਕੀਤਾ ਹੈ ਅਤੇ ਤਦਬੀਰ ਪ੍ਰਕਾਸ਼ਨ ਨੇ ਛਾਪਿਆ ਹੈ।*

ਉਸ ਦੇ ਸਫਰ ਦਾ ਹਨੇਰਾ ਪੰਧ, ਜੇ ਤੁਸੀਂ ਕਹਿਣਾ ਚਾਹੋ ਤਾਂ (ਮੈਂ ਅਜਿਹਾ ਨਹੀਂ ਕਹਿੰਦਾ) ਰੋਜ਼ਾਨਾ ਦੇ ਲੈਣ-ਦੇਣ ਨਾਲ ਹੀ ਸ਼ੁਰੂ ਹੋਇਆ ਸੀ। ਉਸ ਦੀ ਜ਼ੈਲ ਪੰਜਾਬ ਸੀ। ਉਦੋਂ ਤੱਕ ਖਾੜਕੂਵਾਦ ਦਾ ਕਰੀਬ ਲੱਕ ਤੋੜ ਦਿੱਤਾ ਗਿਆ ਸੀ। ਫਿਰ ਵੀ ਨਾਗਾ ਨੇ ਉਹ ਪੁਰਾਣੀਆਂ ਕਹਾਣੀਆਂ ਕੱਢਣ ਵਿਚ ਚੋਖਾ ਸਮਾਂ ਲਾਇਆ ਅਤੇ ਮਜ਼ਾਹੀਆ ਮਸ਼ਕਾਂ ਲਈ ਚੋਖਾ ਬਰੂਦ ਜੋੜਿਆ, ਜਿਸ ਨੂੰ ਉਨ੍ਹਾਂ ਨੇ 'ਅਵਾਮੀ

**ਅਰੁੰਧਤੀ ਰਾਏ**
**ਤਰਜਮਾ: ਦਲਜੀਤ ਅਮੀ**

ਟ੍ਰਿਬਿਊਨਲ' ਦਾ ਨਾਂ ਦਿੱਤਾ, ਜਿਨ੍ਹਾਂ ਪਿਛੋਂ ਪੁਲਿਸ ਅਤੇ ਨੀਮ-ਫੌਜੀ ਦਲਾਂ ਖਿਲਾਫ ਹੋਰ ਵੀ ਮਜ਼ਾਹੀਆ 'ਅਵਾਮੀ ਇਲਜ਼ਾਮ-ਪੱਤਰ' ਜਾਰੀ ਕੀਤੇ। ਬੇਕਿਰਕ ਬਗਾਵਤ ਖਿਲਾਫ ਜੰਗ ਕਰ ਰਹੀ ਹਕੂਮਤ 'ਤੇ ਸਾਧਾਰਨ ਅਤੇ ਅਮਨ ਵਾਲੇ ਹਾਲਾਤ ਵਾਲਾ ਮਿਆਰ ਲਾਗੂ ਨਹੀਂ ਕੀਤਾ ਜਾ ਸਕਦਾ। ਕਿਸੇ ਜਹਾਦੀ ਪੱਤਰਕਾਰ ਨੂੰ ਕੋਈ ਕਿਵੇਂ ਸਮਝਾ ਸਕਦਾ ਸੀ, ਜਿਸ ਦੇ ਕੰਨਾਂ ਵਿਚ ਲਿਖੇ ਜਾ ਰਹੇ ਹਰ ਸ਼ਬਦ ਨਾਲ ਦਾਦ ਸਦਾ ਗੂੰਜਦੀ ਰਹਿੰਦੀ ਸੀ। ਇਸ ਕਿਸਮ ਦੇ ਪੇਸ਼ਕਾਰੀਨੁਮਾ ਜਹਾਦ ਤੋਂ ਛੁੱਟੀਆਂ ਲੈ ਕੇ ਨਾਗਾ ਇਕ ਵਾਰ ਗੋਆ ਗਿਆ ਤਾਂ ਉਸ ਨੂੰ ਆਪਣੇ ਸੁਭਾਅ ਮੁਤਾਬਕ ਕਿਸੇ ਆਸਟਰੇਲਿਆਈ ਮੂਲ ਦੀ ਹਿਪੀ ਜ਼ਨਾਨੀ ਨਾਲ ਪਿਆਰ ਹੋ ਗਿਆ ਅਤੇ ਉਸ ਨੇ ਤੱਤੇ ਘਾਹ ਵਿਆਹ ਕਰ ਲਿਆ।

ਸ਼ਾਇਦ ਉਸ ਦਾ ਨਾਂ ਲਿੰਡੀ ਸੀ (ਜਾਂ ਸ਼ਾਇਦ ਸ਼ੈਰਲਟ ਸੀ, ਯਾਦ ਨਹੀਂ। ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਮੈਂ ਲਿੰਡੀ ਹੀ ਮੰਨ ਕੇ ਅੱਗੇ ਗੱਲ ਕਰਾਂਗਾ)। ਉਨ੍ਹਾਂ ਦੇ ਵਿਆਹ ਤੋਂ ਇਕ ਸਾਲ ਦੇ ਅੰਦਰ ਹੀ ਲਿੰਡੀ ਨੂੰ ਹੈਰੋਇਨ ਦੀ ਤਸਕਰੀ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ। ਉਸ ਦੇ ਕਈ ਸਾਲਾਂ ਲਈ ਜੇਲ੍ਹ ਜਾਣ ਦੀ ਗੁੰਜਾਇਸ਼ ਹੋ ਗਈ ਸੀ। ਨਾਗਾ ਆਪਣਾ ਇਕਲੌਤਾ ਵਾਲੀ-ਵਾਰਿਸ ਸੀ। ਨਾਗਾ ਦਾ ਬਾਪੂ ਅਸਰਦਾਰ ਆਦਮੀ ਸੀ ਅਤੇ ਉਸ ਦੀ ਮਦਦ ਕਰ ਸਕਦਾ ਸੀ, ਪਰ ਨਾਗਾ (ਜੋ ਆਪਣੇ ਬਾਪ ਦੀ ਜ਼ਿੰਦਗੀ ਵਿਚ ਪਛੇਤੀ ਆਮਦ ਸੀ) ਦਾ ਆਪਣੇ ਬਾਪ ਨਾਲ ਰਿਸ਼ਤਾ ਖਟਾਸ ਭਰਿਆ ਸੀ, ਜਿਸ ਕਾਰਨ ਨਾਗਾ ਉਸ ਤੋਂ ਓਹਲਾ ਰੱਖਣਾ ਚਾਹੁੰਦਾ ਸੀ। ਉਸ ਨੇ ਮੇਰੇ ਤੱਕ ਪਹੁੰਚ ਕੀਤੀ ਤਾਂ ਮੈਂ ਕੁਝ ਤਾਰਾਂ ਹਿਲਾਈਆਂ। ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਨੇ ਆਪਣੇ ਗੋਆ ਦੇ ਹਮਰੁਤਬਾ ਨਾਲ ਗੱਲ ਕੀਤੀ। ਆਖਰ ਲਿੰਡੀ ਦੀ ਹਿਰਾਸਤ ਖਤਮ ਹੋ ਗਈ ਅਤੇ ਉਸ ਖਿਲਾਫ ਦੋਸ਼ ਰੱਦ ਕਰ ਦਿੱਤੇ ਗਏ। ਲਿੰਡੀ ਨੇ ਰਿਹਾ ਹੋਣ ਪਿਛੋਂ ਪਰਥ ਲਈ ਪਹਿਲੀ ਉਡਾਣ ਫੜ ਲਈ। ਕੁਝ ਮਹੀਨਿਆਂ ਵਿਚ ਹੀ ਉਸ ਦਾ ਨਾਗਾ ਨਾਲ ਰਸਮੀ ਤਲਾਕ ਹੋ ਗਿਆ। ਨਾਗਾ ਨੇ ਪੰਜਾਬ ਵਿਚ ਆਪਣਾ ਕੰਮ ਜਾਰੀ ਰੱਖਿਆ, ਪਰ ਇਹ ਕਹਿਣ ਦੀ ਲੋੜ ਨਹੀਂ ਕਿ ਉਸ 'ਤੇ ਚੋਖੀ ਲਗਾਮ ਲੱਗ ਗਈ ਸੀ।

ਜਦੋਂ ਸਾਨੂੰ ਕਿਸੇ ਛੋਟੇ-ਮੋਟੇ ਕੰਮ ਲਈ ਪੱਤਰਕਾਰੀ ਮਦਦ ਦੀ ਲੋੜ ਪੈਂਦੀ ਤਾਂ ਮੈਂ ਨਾਗਾ ਨੂੰ ਫੋਨ ਕਰਦਾ। ਮਿਸਾਲ ਵਜੋਂ ਜਦੋਂ ਕੋਈ ਮਨੁੱਖੀ ਹਕੂਕ ਕਾਰਕੁਨ ਕਿਸੇ ਮਾਮਲੇ ਬਾਬਤ ਸ਼ੋਰ ਕਰਦੇ ਤਾਂ ਆਮ ਤੌਰ 'ਤੇ ਉਨ੍ਹਾਂ ਦੇ ਤੱਥ ਸਹੀ ਕਰਨ ਦੀ ਲੋੜ ਪੈਂਦੀ। ਨਾਗਾ ਇਮਦਾਦ ਕਰਦਾ। ਇਸ ਤਰ੍ਹਾਂ ਸਿਲਸਿਲਾ ਚਲਦਾ ਰਿਹਾ। ਸਾਂਝ-ਭਿਆਲੀ ਪੈ ਗਈ।

ਹੌਲੀ-ਹੌਲੀ ਨਾਗਾ ਨੂੰ ਸਾਥੋਂ ਮਿਲੀ ਅਗਾਊਂ ਜਾਣਕਾਰੀ ਕਾਰਨ ਆਪਣੇ ਸਾਥੀਆਂ ਤੋਂ ਅੱਗੇ ਰਹਿਣ ਦਾ ਭੁਸ ਪੈ ਗਿਆ। ਇਹ ਬਹੁਤ ਵੱਡਾ ਵਿਅੰਗ ਸੀ, ਨਵੀਂ ਕਿਸਮ ਦੀ ਨਸ਼ਾ ਤਸਕਰਾਂ ਦੀ ਜੁੰਡਲੀ ਸੀ। ਇਸ ਵਾਰ ਅਸੀਂ ਨਸ਼ਿਆਂ ਦੇ ਵਪਾਰੀ ਸਾਂ। ਉਹ ਸਾਡਾ ਆਦੀ ਸੀ। ਕੁਝ ਹੀ ਸਾਲਾਂ ਵਿਚ ਉਹ ਰਿਪੋਰਟਿੰਗ ਦੀ ਦੁਨੀਆਂ ਦਾ ਸਿਤਾਰਾ ਬਣ ਗਿਆ ਅਤੇ ਮੀਡੀਆ ਗਲਿਆਰਿਆਂ ਵਿਚ ਉਸ ਦੀ ਸੁਰੱਖਿਆ ਮਾਹਿਰ ਵਜੋਂ ਬੇਹੱਦ ਮੰਗ ਸੀ। ਜਦੋਂ ਉਸ ਦਾ ਬਿਊਰੋ ਨਾਲ ਰਿਸ਼ਤਾ ਆਰਜ਼ੀ ਤੋਂ ਅੱਗੇ ਵਧਣ ਦੀ ਗੁੰਜਾਇਸ਼ ਦਿਖਾਉਣ ਲੱਗਾ (ਇਕ ਰਾਤ ਦੀ ਸੇਜਦਾਰੀ ਤੋਂ ਵਿਆਹ ਦੇ ਲੀਹੇ ਪੈਣ ਲੱਗਾ) ਤਾਂ ਮੈਨੂੰ ਲੰਮੀ ਸੋਚ ਕੇ ਵਿਚੋਂ ਪਾਸੇ ਹੋ ਜਾਣ ਵਿਚ ਸਮਝਦਾਰੀ ਲੱਗੀ। ਮੇਰੇ ਸਹਿਕਰਮੀ ਆਰ. ਸੀ. ਸ਼ਰਮਾ, ਰਾਮ ਚੰਦਰ ਸ਼ਰਮਾ ਨੇ ਇਹ ਕੰਮ ਸਾਂਭ ਲਿਆ। ਆਰ. ਸੀ. ਅਤੇ ਉਸ ਦੀ ਜੋੜੀ ਚੋਖੀ ਜੰਮੀ। ਉਨ੍ਹਾਂ ਦੋਵਾਂ ਵਿਚ ਕਈ ਤਰ੍ਹਾਂ ਦੀ ਸਾਂਝ ਸੀ, ਕੋਝਾ ਮਜ਼ਾਕ, ਰੌਕ ਐਂਡ ਰੋਲ ਮੌਸਿਕੀ ਦੀ ਦੀਵਾਨਗੀ ਅਤੇ ਬਲੂਜ਼ ਮੌਸਿਕੀ ਨਾਲ ਇਸ਼ਕ। ਇਕ ਗੱਲ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਨਾਗਾ ਨੇ ਕਦੇ ਇਕ ਰੁਪਈਆ ਤੱਕ ਨਹੀਂ ਲਿਆ। ਇਸ ਮਾਮਲੇ ਵਿਚ ਉਹ ਹੁਣ ਤੱਕ ਪਾਗਲਪਣ ਦੀ ਹੱਦ ਤੱਕ ਇਮਾਨਦਾਰ ਹੈ। ਉਸ ਦੀ ਸਮਝ ਵਿਚ ਆਪਣੇ ਖਿਆਲਾਤ ਮੂਜਬ ਜ਼ਿੰਦਗੀ ਜਿਉਣ ਲਈ ਪੇਸ਼ੇਵਰ ਦਿਆਨਤਦਾਰੀ ਦਰਕਾਰ ਹੁੰਦੀ ਹੈ ਅਤੇ ਦਿਆਨਤਦਾਰੀ ਕਾਇਮ ਰੱਖਣ ਲਈ ਉਸ ਨੇ ਖਿਆਲਾਤ ਬਦਲ ਲਏ। ਹੁਣ ਉਹ ਸਾਡੇ ਉਤੇ ਸਾਡੇ ਤੋਂ ਵੀ ਵੱਧ ਯਕੀਨ ਕਰਦਾ ਸੀ। ਉਸ ਮੁੰਡੇ ਲਈ ਇਸ ਤੋਂ ਵੱਡਾ ਤਨਜ਼ ਕੀ ਹੋ ਸਕਦਾ ਹੈ, ਜੋ ਸਕੂਲ ਵਿਚ ਮੈਨੂੰ 'ਬਸਤੀਵਾਦ ਦਾ ਹਲਕਿਆ ਕੁੱਤਾ' ਕਹਿੰਦਾ ਸੀ, ਜਦੋਂ ਕਿ ਉਸ ਉਮਰ ਵਿਚ ਬਹੁਤੇ ਵਿਦਿਆਰਥੀ ਹਾਲੇ 'ਆਰਚੀਜ਼' ਦੀਆਂ ਕੌਮਿਕਸ ਪੜ੍ਹਦੇ ਸਨ।

---

ਆਖਰੀ ਡੱਬਾ ਨਾ ਤਾਂ ਫਲਾਂ ਵਾਲਾ ਸੀ ਅਤੇ ਨਾ ਹੀ ਹੜ੍ਹ ਦੀਆਂ 'ਬਰਾਮਦੀਆਂ' ਵਾਲਾ। ਇਹ ਹਿਉਲੈਟ-ਪੈਕਰਡ ਪ੍ਰਿੰਟਰ ਦੇ ਕਾਰਟਰਿਜ਼ ਵਾਲਾ ਡੱਬਾ ਸੀ, ਜਿਸ ਵਿਚ ਅਮਰੀਕ ਸਿੰਘ ਦੇ ਦਸਤਾਵੇਜ਼ ਸਨ, ਜੋ ਅਮਰੀਕਾ ਦੇ ਇਕ ਦੌਰੇ ਤੋਂ ਪਰਤਣ ਵੇਲੇ ਮੂਸਾ ਉਸ ਕੋਲ ਰੱਖ ਗਿਆ ਸੀ। ਆਪਣੀ ਯਾਦਦਾਸ਼ਤ ਦਾ ਟੈਸਟ ਲੈਣ ਲਈ ਉਸ ਨੇ ਡੱਬਾ ਖੋਲ੍ਹ ਕੇ ਦੇਖਿਆ। ਉਸ ਵਿਚ ਪੁਰਾਣੀਆਂ ਫੋਟੋਆਂ ਦਾ ਲਿਫਾਫਾ ਸੀ ਅਤੇ ਅਮਰੀਕ ਸਿੰਘ ਦੀ ਖੁਦਕੁਸ਼ੀ ਦੀਆਂ ਖਬਰਾਂ ਵਾਲੀਆਂ ਅਖਬਾਰਾਂ ਦੀਆਂ ਕਾਤਰਾਂ। ਇਕ ਰਪਟ ਵਿਚ ਅਮਰੀਕ ਸਿੰਘ ਦੇ ਕਲੋਵਿਸ ਵਾਲੇ ਘਰ ਦੀ ਫੋਟੋ ਛਪੀ ਸੀ, ਜਿਸ ਦੇ ਬਾਹਰ ਪੁਲਿਸ ਦੀਆਂ ਕਾਰਾਂ ਖੜ੍ਹੀਆਂ ਸਨ ਅਤੇ ਅੰਦਰ ਪੁਲਿਸ ਵਾਲਿਆਂ ਦਾ ਜਮਘਟਾ ਸੀ। ਘਰ ਦੇ ਬਾਹਰ ਵਾਲੇ ਪਾਸੇ ਟੈਲੀਵਿਜ਼ਨ ਦੇ ਲੜੀਵਾਰਾਂ ਅਤੇ ਜੁਰਮ ਦੀ ਵੰਨਗੀ ਵਾਲੀਆਂ ਫਿਲਮਾਂ ਵਿਚ ਨਜ਼ਰ ਆਉਣ ਵਾਲੀ ਨੋ ਗੋ ਜ਼ੋਨ (ਮਨਾਹੀ ਖੇਤਰ) ਦੀ ਇਬਾਰਤ ਵਾਲੀ ਪੀਲੀ ਪੱਟੀ ਲੱਗੀ ਹੋਈ ਸੀ। ਫੋਟੋ ਦੀ ਕੰਨੀ ਵਿਚ ਸ਼ਰਕਸ਼ੀਜ਼ ਦੀ ਫੋਟੋ ਸੀ। ਇਹ ਉਹ ਰੋਬੋਟ ਸੀ, ਜਿਸ 'ਤੇ ਕੈਮਰਾ ਲਾਇਆ ਜਾਂਦਾ ਹੈ।

ਕੈਲੀਫੋਰਨੀਆ ਪੁਲਿਸ ਨੇ ਆਪ ਅੰਦਰ ਜਾਣ ਤੋਂ ਪਹਿਲਾਂ ਰੋਬੋਟ ਭੇਜਿਆ ਤਾਂ ਜੋ ਪਤਾ ਲੱਗੇ ਸਕੇ ਕਿ ਕੋਈ ਘਾਤ ਲਾ ਕੇ ਉਨ੍ਹਾਂ ਦੇ ਅੰਦਰ ਆਉਣ ਦੀ ਉਡੀਕ ਤਾਂ ਨਹੀਂ ਕਰ ਰਿਹਾ। ਖਬਰਾਂ ਦੀਆਂ ਕਾਤਰਾਂ ਤੋਂ ਇਲਾਵਾ ਅਮਰੀਕ ਸਿੰਘ ਅਤੇ ਉਸ ਦੀ ਬੀਵੀ ਦੀਆਂ ਅਮਰੀਕਾ ਵਿਚ ਪਨਾਹ ਲੈਣ ਲਈ ਦਿੱਤੀਆਂ ਅਰਜ਼ੀਆਂ ਦੀਆਂ ਨਕਲਾਂ ਵਾਲੀ ਪੂਰੀ ਮਿਸਲ ਸੀ। ਮੂਸਾ ਨੇ ਉਸ ਨੂੰ ਇਹ ਦਸਤਾਵੇਜ਼ ਹਾਸਿਲ ਕਰਨ ਦੀ ਬਹੁਤ ਹੀ ਨਾਟਕੀ ਜਿਹੀ ਕਹਾਣੀ ਸੁਣਾਈ ਸੀ। ਪੱਛਮੀ ਤੱਟ ਉਤੇ ਪਨਾਹ ਦੇ ਸੈਂਕੜੇ ਕੇਸਾਂ ਦੀ ਅਦਾਲਤੀ ਪੈਰਵੀ ਕਰਨ ਵਾਲੇ ਵਕੀਲ (ਜੋ ਕਿਸੇ 'ਭਰਾ' ਦਾ ਦੋਸਤ ਸੀ) ਨਾਲ ਉਹ ਅਮਰੀਕ ਸਿੰਘ ਦੇ ਕੇਸ ਨਾਲ ਜੁੜੇ ਕਲੋਵਿਸ ਵਾਲੇ ਸਮਾਜਕ ਕਾਰਕੁਨ ਨੂੰ ਮਿਲਿਆ, ਜੋ ਬਹੁਤ ਸ਼ਾਨਦਾਰ ਆਦਮੀ ਸੀ ਅਤੇ ਬਿਰਧ ਤੇ ਕਮਜ਼ੋਰ (ਜਿਸਮਾਨੀ ਤੇ ਦਿਮਾਗੀ ਪੱਖੋਂ) ਹੋਣ 'ਤੇ ਵੀ ਪੂਰਾ ਸਿਰੜੀ ਸੀ। ਉਹ ਸਮਾਜਵਾਦੀ ਝੁਕਾਅ ਵਾਲਾ ਬੰਦਾ ਸੀ ਅਤੇ ਆਪਣੀ ਸਰਕਾਰ ਦੀ ਹਿਜਰਤ ਵਾਲੀ ਨੀਤੀ ਤੋਂ ਬਹੁਤ ਖਫਾ ਸੀ। ਉਸ ਦਾ ਛੋਟਾ ਜਿਹਾ ਦਫਤਰ ਮਿਸਲਾਂ ਨਾਲ ਭਰਿਆ ਪਿਆ ਸੀ, ਇਹ ਉਨ੍ਹਾਂ ਲੋਕਾਂ ਦੀਆਂ ਮਿਸਲਾਂ ਸਨ, ਜਿਨ੍ਹਾਂ ਦੀ ਉਸ ਨੇ ਅਮਰੀਕਾ ਵਿਚ ਪਨਾਹ ਲੈਣ ਵਿਚ ਮਦਦ ਕੀਤੀ ਸੀ। ਇਨ੍ਹਾਂ ਵਿਚੋਂ ਬਹੁਤੇ ਇੰਡੀਆ ਵਿਚੋਂ 1984 ਪਿਛੋਂ ਹਿਜਰਤ ਕਰਨ ਵਾਲੇ ਸਿੱਖ ਸਨ। ਉਹ ਪੰਜਾਬ ਵਿਚ ਪੁਲਿਸ ਤਸ਼ੱਦਦ, ਦਰਬਾਰ ਸਾਹਿਬ ਉਤੇ ਫੌਜੀ ਹਮਲੇ ਅਤੇ ਇੰਦਰਾ ਗਾਂਧੀ ਦੇ ਕਤਲ ਪਿਛੋਂ ਸਿੱਖਾਂ ਦੇ ਕਤਲੇਆਮ ਦੇ ਵਾਕਿਆਤ ਤੋਂ ਵਾਕਿਫ ਸੀ। ਉਹ ਆਪਣੇ ਹੀ ਸਮੇਂ ਵਿਚ ਰਹਿੰਦਾ ਸੀ ਅਤੇ ਸਮਕਾਲੀ ਮਾਮਲਿਆਂ ਦੀ ਜਾਣਕਾਰੀ ਨਹੀਂ ਸੀ ਰੱਖਦਾ। ਇਸ ਲਈ ਉਸ ਨੇ ਕਸ਼ਮੀਰ ਤੇ ਪੰਜਾਬ ਨੂੰ ਰਲਗਡ ਕਰ ਦਿੱਤਾ ਸੀ ਅਤੇ ਅਮਰੀਕ ਸਿੰਘ ਤੇ ਉਸ ਦੀ ਬੀਵੀ ਦੇ ਮਾਮਲੇ ਨੂੰ ਉਸੇ ਚੌਖਟੇ ਵਿਚੋਂ ਦੇਖਦਾ ਸੀ-ਮੁਸੀਬਤ ਦਾ ਸਤਾਇਆ ਸਿੱਖ ਪਰਿਵਾਰ। ਉਸ ਨੇ ਮੇਜ਼ 'ਤੇ ਝੁਕ ਕੇ ਸਰਗੋਸ਼ੀ ਕੀਤੀ। ਉਸ ਨੂੰ ਯਕੀਨ ਸੀ ਕਿ ਅਮਰੀਕ ਸਿੰਘ ਦੀ ਬੀਵੀ ਨਾਲ ਹਿਰਾਸਤ ਵਿਚ ਬਲਾਤਕਾਰ ਹੋਇਆ ਸੀ, ਜਿਸ ਨੂੰ ਨਾ ਅਮਰੀਕ ਸਿੰਘ ਅਤੇ ਨਾ ਉਸ ਦੀ ਬੀਵੀ ਕਦੇ ਭੁਲਾ ਸਕੀ, ਜੋ ਇਸ ਤ੍ਰਾਸਦੀ ਦਾ ਬੁਨਿਆਦੀ ਕਾਰਨ ਸੀ। ਉਸ ਨੇ ਅਮਰੀਕ ਸਿੰਘ ਦੀ ਬੀਵੀ ਨੂੰ ਮਨਾਉਣ ਦੀ ਪੂਰੀ ਕੋਸ਼ਿਸ਼ ਕੀਤੀ ਸੀ ਕਿ ਇਸ ਦਾ ਜ਼ਿਕਰ ਕਰਨ ਨਾਲ ਪਨਾਹ ਮਿਲਣ ਦੀ ਗੁੰਜਾਇਸ਼ ਵਧ ਜਾਵੇਗੀ। ਉਹ ਤਾਂ ਮੰਨਦੀ ਨਹੀਂ ਸੀ ਸਗੋਂ ਖਿਝ ਜਾਂਦੀ ਸੀ ਕਿ ਇਸ ਵਿਚ ਸ਼ਰਮ ਵਾਲੀ ਕੋਈ ਗੱਲ ਨਹੀਂ ਸੀ।

"ਓਹ ਤਾਂ ਦੋਵੇਂ ਭਲੇ ਬੰਦੇ ਸਨ। ਉਨ੍ਹਾਂ ਨੂੰ ਤੇ ਉਨ੍ਹਾਂ ਦੇ ਬੱਚਿਆਂ ਨੂੰ ਕਿਸੇ ਪੇਸ਼ੇਵਰ ਦਾ ਨਫਾਸਤੀ ਮਸ਼ਵਰਾ ਦਰਕਾਰ ਸੀ।" ਉਸ ਨੇ ਉਨ੍ਹਾਂ ਦੇ ਕਾਗਜ਼ਾਂ ਦੀਆਂ ਨਕਲਾਂ ਮੂਸਾ ਦੇ ਹੱਥ ਫੜਾ ਦਿੱਤੀਆਂ ਸਨ। "ਕੁਝ ਨਫਾਸਤੀ ਮਸ਼ਵਰਾ ਤੇ ਕੁਝ ਚੰਗੇ ਦੋਸਤ। ਜੇ ਕੋਈ ਥੋੜ੍ਹੀ ਜਿਹੀ ਮਦਦ ਹੋ ਜਾਂਦੀ ਤਾਂ ਓਹ ਹਾਲੇ ਜਿਉਂਦੇ ਹੁੰਦੇ। ਏਸ ਮਹਾਨ ਮੁਲਕ ਤੋਂ ਇਹ ਤਵੱਕੋ ਕਰਨੀ ਤਾਂ ਬਹੁਤ ਵੱਡੀ ਗੱਲ ਆ, ਕਿ ਨਈਂ?"

---

ਮੂਸਾ ਜਾਣਦਾ ਸੀ ਕਿ ਅਮਰੀਕ ਸਿੰਘ ਤਾਂ ਗਿਰਗਿਟ ਸੀ ਅਤੇ ਉਸ ਦੀ ਪੱਗ ਦੇ ਹੇਠਾਂ 'ਮੋਨਾ' ਸਿਰ ਸੀ। ਉਸ ਨੇ ਕਈ ਸਾਲ ਪਹਿਲਾਂ ਆਪਣੇ ਵਾਲ ਮੁਨਾ ਕੇ ਸਿੱਖ ਮਰਿਆਦਾ ਮੁਤਾਬਕ ਬੱਜਰ-ਕੁਰਹਿਤ ਕੀਤੀ ਸੀ। ਮੂਸਾ ਨੇ ਉਸ ਨੂੰ ਗੌਡਜ਼ਿਲਾ ਕੋਲ ਸ਼ੇਖੀ ਮਾਰਦੇ ਸੁਣਿਆ ਸੀ ਕਿ ਉਹ ਬਗਾਵਤ ਵਿਰੋਧੀ ਕਾਰਵਾਈਆਂ ਦੀ ਲੋੜ ਮੁਤਾਬਕ ਹਿੰਦੂ ਵੀ ਬਣ ਜਾਂਦਾ ਸੀ ਅਤੇ ਸਿੱਖ ਵੀ ਜਾਂ ਲੋੜ ਪੈਣ ਉਤੇ ਪੰਜਾਬੀ ਬੋਲਣ ਵਾਲਾ ਪਾਕਿਸਤਾਨੀ ਮੁਸਲਮਾਨ ਵੀ ਬਣ ਜਾਂਦਾ ਸੀ। ਉਹ ਇਹ ਕਹਿੰਦਾ ਖਿੜਖਿੜਾ ਕੇ ਹੱਸਿਆ ਸੀ ਕਿ 'ਹਮਦਰਦਾਂ' ਦੀ ਸ਼ਨਾਖਤ ਕਰਨ ਅਤੇ ਉਨ੍ਹਾਂ ਦਾ ਸਫਾਇਆ ਕਰਨ ਲਈ ਉਹ ਆਪਣੇ ਬੰਦਿਆਂ ਨਾਲ ਸਲਵਾਰ ਕਮੀਜ਼ (ਖਾਨ ਸੂਟ) ਪਾ ਕੇ ਅੱਧੀ ਰਾਤ ਨੂੰ ਲੋਕਾਂ ਦੇ ਦਰਵਾਜੇ ਖੜਕਾਉਂਦੇ ਸਨ ਅਤੇ ਪਾਕਿਸਤਾਨ ਤੋਂ ਆਏ ਖਾੜਕੂ ਬਣ ਕੇ ਪਨਾਹ ਮੰਗਦੇ ਸਨ। ਜੇ ਉਨ੍ਹਾਂ ਦਾ ਰਾਤ ਨੂੰ ਨਿੱਘਾ ਸੁਆਗਤ ਹੁੰਦਾ ਸੀ ਤਾਂ ਅਗਲੇ ਦਿਨ ਪਿੰਡ ਵਾਸੀਆਂ ਨੂੰ ਓ. ਜੀ. ਡਬਲਯੂ. (ਓਵਰਗਰਾਉਂਡ ਵਰਕਰਜ਼) ਵਜੋਂ ਗ੍ਰਿਫਤਾਰ ਕਰ ਲਿਆ ਜਾਂਦਾ।

"ਖਾਲੀ ਹੱਥ ਪੇਂਡੂ ਲੋਕ, ਅੱਧੀ ਰਾਤ ਨੂੰ ਦਰਵਾਜਾ ਖੜਕਾਉਣ ਵਾਲੇ ਹਥਿਆਰਬੰਦ ਬੰਦਿਆਂ ਨੂੰ ਨਾਂਹ ਕਿਵੇਂ ਕਰ ਸਕਦੇ ਨੇ? ਓਹ ਚਾਹੇ ਫੌਜ ਹੋਵੇ ਜਾਂ ਖਾੜਕੂ?" ਮੂਸਾ ਇਹ ਸੁਆਲ ਪੁੱਛਣ ਤੋਂ ਆਪਣੇ-ਆਪ ਨੂੰ ਰੋਕ ਨਹੀਂ ਸੀ ਸਕਿਆ।

"ਆਏ ਬੰਦੇ ਦੇ ਸੁਆਗਤ ਲਈ ਦਿਖਾਈ ਗਰਮਜੋਸ਼ੀ ਨੂੰ ਨਾਪਣ ਦੇ ਸਾਡੇ ਆਪਣੇ ਤਰੀਕੇ ਨੇ।" ਅਮਰੀਕ ਸਿੰਘ ਬੋਲਿਆ ਸੀ, "ਸਾਡੇ ਕੋਲ ਆਪਣੇ ਥਰਮਾਮੀਟਰ ਨੇ।"

ਮੂਸਾ ਨੇ ਸੋਚਿਆ, 'ਹੋਣਗੇ। ਤੈਨੂੰ ਕਸ਼ਮੀਰੀਆਂ ਦੇ ਦੋਗਲੇਪਣ ਦੀ ਗਹਿਰਾਈ ਦਾ ਕੋਈ ਅੰਦਾਜ਼ਾ ਨਈਂ' ਪਰ ਅਲਫਾਜ਼ ਆਪਣੀ ਜ਼ਬਾਨ 'ਤੇ ਨਾ ਆਉਣ ਦਿੱਤੇ।

ਤੈਨੂੰ ਅੰਦਾਜ਼ਾ ਨਈਂ ਕਿ ਸਾਡੇ ਜਿਹੇ ਇਤਿਹਾਸ ਤੇ ਜੁਗਰਾਫੀਏ ਵਾਲੇ ਲੋਕ ਕਿਵੇਂ ਕਾਇਮ ਰਹੇ ਨੇ ਤੇ ਅਸਾਂ ਆਪਣੇ ਮਾਣ-ਸਨਮਾਨ 'ਤੇ ਪਰਦਾ ਪਾਉਣ ਦਾ ਹੁਨਰ ਕਿਵੇਂ ਸਿੱਖਿਐ। ਦੋਗਲਾਪਣ ਹੀ ਸਾਡਾ ਇਕੋ-ਇਕ ਹਥਿਆਰ ਐ। ਤੈਨੂੰ ਨਈਂ ਪਤਾ ਕਿ ਟੁੱਟੇ ਦਿਲਾਂ ਦੇ ਬਾਵਜੂਦ ਸਾਡੀਆਂ ਮੁਸਕਰਾਹਟਾਂ ਕਿਵੇਂ ਰੌਸ਼ਨੀ ਬਿਖੇਰਦੀਆਂ ਨੇ। ਤੈਨੂੰ ਨਈਂ ਪਤਾ ਕਿ ਅਸੀਂ ਆਪਣੇ ਦਿਲਜਾਨੀਆਂ ਉਤੇ ਕਿੰਨਾ ਵਹਿਸ਼ੀਆਨਾ ਹਮਲਾ ਕਰਦੇ ਆਂ ਤੇ ਆਪਣੀ ਨਫਰਤ ਦੇ ਪਾਤਰਾਂ ਨਾਲ ਕਿੰਨਾ ਮਿਹਰਬਾਨਾ ਸਲੂਕ ਕਰਦੇ ਆਂ। ਤੈਨੂੰ ਨਈਂ ਪਤਾ ਕਿ ਜਦੋਂ ਅਸੀਂ ਤੇਰੇ ਦਫਾ ਹੋ ਜਾਣ ਦੀ ਤਵੱਕੋ ਕਰਦੇ ਹੋਈਏ ਤਾਂ ਅਸੀਂ ਤੈਨੂੰ ਕਿੰਨੀ ਗਰਮਜੋਸ਼ੀ ਨਾਲ ਖੁਸ਼ਆਮਦੀਦ ਕਹਾਂਗੇ। ਏਥੇ ਤੇਰੇ ਥਰਮਾਮੀਟਰ ਬਿਲਕੁਲ ਬੇਕਾਰ ਨੇ।

ਹਾਲਾਤ ਨੂੰ ਦੇਖਣ ਦਾ ਇਹ ਇਕ ਨਜ਼ਰੀਆ ਸੀ। ਦੂਜਾ ਪਾਸਾ ਇਹ ਵੀ ਹੋ ਸਕਦਾ ਹੈ ਕਿ ਉਸ ਵੇਲੇ ਮੂਸਾ ਹੀ ਵੱਧ ਮਾਸੂਮ ਸੀ। ਅਮਰੀਕ ਸਿੰਘ ਨੇ ਉਸ ਨਜ਼ਾਮਿ-ਹਲਾਕਤ ਦੀ ਪੈਮਾਇਸ਼ ਦੀ ਥਾਹ ਪਾ ਲਈ ਸੀ, ਜਿਸ ਦਾ ਆਵਾਮ ਕਿਸੇ ਸਰਹੱਦ, ਵਫਾਦਾਰੀ ਅਤੇ ਨਿਘਾਰ ਦੀ ਹੱਦ ਵਿਚ ਆਉਣ ਤੋਂ ਇਨਕਾਰੀ ਸੀ। ਅਮਰੀਕ ਸਿੰਘ ਕਸ਼ਮੀਰੀ ਨਫਸੀਆਤ ਜਿਹੀ ਕਿਸੇ ਸ਼ੈਅ (ਜੇ ਸੀ ਤਾਂ) ਨੂੰ ਸਮਝਣ ਜਾਂ ਉਸ ਦੀ ਥਾਹ ਪਾਉਣ ਦਾ ਉਪਰਾਲਾ ਨਹੀਂ ਕਰ ਰਿਹਾ ਸੀ। ਉਸ ਲਈ ਇਹ ਖੇਡ ਸੀ, ਜਿਸ ਵਿਚ ਸ਼ਿਕਾਰ ਦੀ ਹਾਜ਼ਰ ਜੁਆਬੀ ਨੂੰ ਉਸੇ ਖਿਲਾਫ ਬੀੜਿਆ ਗਿਆ ਸੀ। ਉਹ ਆਪਣੇ-ਆਪ ਨੂੰ ਫੌਜੀ ਦੀ ਥਾਂ ਖਿਡਾਰੀ ਵਜੋਂ ਵੱਧ ਵੇਖਦਾ ਸੀ। ਇਸ ਨਾਲ ਹੀ ਉਹ ਰੌਸ਼ਨ-ਰੂਹ ਹੋ ਜਾਂਦਾ ਸੀ। ਮੇਜਰ ਅਮਰੀਕ ਸਿੰਘ ਜੁਆਰੀ ਸੀ, ਖਤਰਿਆਂ ਨਾਲ ਖੇਡਣ ਵਾਲਾ ਅਫਸਰ ਸੀ, ਜਾਨਲੇਵਾ ਤਫਤੀਸ਼ਕਾਰ ਅਤੇ ਖੁਸ਼ਦਿਲ ਸੀ, ਬੇਰਹਿਮ ਕਾਤਲ ਸੀ। ਉਹ ਆਪਣੇ ਕੰਮ ਦਾ ਅਨੰਦ ਮਾਣਦਾ ਅਤੇ ਇਸ ਵਿਚ ਵਾਧੇ ਲਈ ਲਗਾਤਾਰ ਨਵੇਂ-ਨਵੇਂ ਤਰੀਕਿਆਂ ਦੀ ਭਾਲ ਵਿਚ ਰਹਿੰਦਾ। ਉਸ ਦਾ ਕੁਝ ਖਾੜਕੂਆਂ ਨਾਲ ਰਾਬਤਾ ਰਹਿੰਦਾ ਅਤੇ ਉਹ ਕਦੇ-ਕਦਾਈਂ ਉਸ ਦੀ ਵਾਇਰਲੈੱਸ ਫਰੀਕਿਉਐਂਸੀ 'ਤੇ ਟਿਊਨ ਕਰਦੇ ਸਨ ਜਾਂ ਇਹ ਆਪ ਉਨ੍ਹਾਂ ਦੀ ਵਾਇਰਲੈੱਸ ਫਰੀਕਿਉਐਂਸੀ ਉਤੇ ਟਿਊਨ ਕਰਦਾ ਸੀ ਅਤੇ ਉਹ ਸਕੂਲ ਦੇ ਮੁੰਡਿਆਂ ਵਾਂਗ ਇਕ-ਦੂਜੇ ਨੂੰ ਛੇੜਦੇ ਸਨ, "ਓ ਯਾਰ ਮੈਂ ਕੀ ਆਂ, ਮੈਂ ਤਾਂ ਗਰੀਬ ਜਿਹਾ ਮੁਸਾਫਰੀ ਦਾ ਕਾਰਗੁਜ਼ਰ ਆਂ?" ਇਹ ਉਸ ਦਾ ਪਸੰਦੀਦਾ ਫਿਕਰਾ ਸੀ। "ਇਹ ਕਸ਼ਮੀਰ ਤਾਂ ਥੋਡਾ ਜਹਾਦੀਆਂ ਦਾ ਵਕਤੀ ਕਿਆਮ ਐ, ਕਿ ਨਈਂ? ਥੋਡੀ ਅਸਲ ਮੰਜ਼ਿਲ ਤਾਂ ਜੰਨਤ ਐ, ਜਿਥੇ ਥੋਡੀਆਂ ਹੂਰਾਂ ਥੋਨੂੰ ਉਡੀਕੀ ਜਾਂਦੀਆਂ ਨੇ। ਮੈਂ ਤਾਂ ਥੋਡੇ ਸਫਰ ਨੂੰ ਸੁਖਾਲਾ ਕਰਨ ਵਾਲਾ ਸੇਵਾਦਾਰ ਆਂ।" ਉਹ ਆਪਣੇ-ਆਪ ਨੂੰ ਜੰਨਤ ਐਕਸਪ੍ਰੈਸ ਆਖਦਾ ਸੀ। ਜੇ ਉਹ ਅੰਗਰੇਜ਼ੀ ਬੋਲ ਰਿਹਾ ਹੁੰਦਾ (ਆਮ ਤੌਰ ਉਤੇ ਇਸ ਦਾ ਮਤਲਬ ਸੀ ਕਿ ਉਹ ਸ਼ਰਾਬੀ ਸੀ) ਤਾਂ ਉਹ ਇਸ ਦਾ ਤਰਜਮਾ ਪੈਰਾਡਾਈਜ਼ ਐਕਸਪ੍ਰੈਸ ਵਜੋਂ ਕਰਦਾ।


*ਲੇਖਕ ਅਰੁੰਧਤੀ ਰਾਏ ਨਾਲ ਤਰਜਮਾਕਾਰ ਦਲਜੀਤ ਅਮੀ।*

---

ਸ੍ਰੀਮਾਨ ਅਤੇ ਸ੍ਰੀਮਤੀ ਅਮਰੀਕ ਸਿੰਘ ਵਾਸੀ ਕਲੋਵਿਸ, ਕੈਲੀਫੋਰਨੀਆ। ਲਵਲੀਨ ਸਿੰਘ ਉਰਫ ਕੌਰ 19 ਨਵੰਬਰ 1972 ਨੂੰ ਭਾਰਤ ਅੰਦਰ ਕਸ਼ਮੀਰ ਵਿਚ ਪੈਦਾ ਹੋਈ। ਅਮਰੀਕ ਸਿੰਘ ਦਾ ਜਨਮ 9 ਜੂਨ 1964 ਨੂੰ ਚੰਡੀਗੜ੍ਹ ਹੋਇਆ। ਇਸ ਜੋੜੇ ਦੇ ਤਿੰਨ ਬੱਚੇ ਹਨ, ਜਿਨ੍ਹਾਂ ਵਿਚੋਂ ਸਭ ਤੋਂ ਛੋਟੇ ਦਾ ਜਨਮ ਅਮਰੀਕਾ ਵਿਚ ਹੋਇਆ ਹੈ। ਇਹ ਜੋੜਾ ਆਪਣੇ ਦੋ ਵੱਡੇ ਬੱਚਿਆਂ ਸਮੇਤ ਇੰਡੀਆ ਤੋਂ ਭੱਜ ਕੇ ਕੈਨੇਡਾ ਆਇਆ। ਇਹ ਪਹਿਲੀ ਅਕਤੂਬਰ 2005 ਨੂੰ ਪੈਦਲ ਅਮਰੀਕਾ ਵਿਚ ਦਾਖਲ ਹੋਏ। ਪਹਿਲਾਂ ਵਾਸ਼ਿੰਗਟਨ ਸੂਬੇ ਦੇ ਸ਼ਹਿਰ ਬਲੇਨ ਰਹੇ ਅਤੇ ਹੁਣ ਕੈਲੀਫੋਰਨੀਆ ਦੇ ਸ਼ਹਿਰ ਕਲੋਵਿਸ ਵਿਚ ਰਹਿੰਦੇ ਹਨ, ਜਿਥੇ ਅਮਰੀਕ ਸਿੰਘ ਟਰੱਕ ਡਰਾਈਵਰ ਹੈ। ਲਵਲੀਨ ਕੌਰ ਘਰੇਲੂ ਜਨਾਨੀ ਹੈ। ਆਪਣੇ ਪਰਿਵਾਰ ਦੀ ਸੁਰੱਖਿਆ ਲਈ ਬੇਚੈਨ ਰਹਿੰਦੇ ਹਨ।

ਲਵਲੀਨ ਦਾ ਬਿਰਤਾਂਤ

ਲਵਲੀਨ ਦਾ ਇਹ ਬਿਰਤਾਂਤ ਉਸ ਨਾਲ ਕੀਤੀ ਇੰਟਰਵਿਊ ਉਤੇ ਆਧਾਰਿਤ ਹੈ:

ਮੇਰਾ ਖਾਵੰਦ ਫੌਜ ਵਿਚ ਮੇਜਰ ਵਜੋਂ ਕਸ਼ਮੀਰ ਵਿਚ ਤਾਇਨਾਤ ਸੀ। ਉਸ ਦੀ ਤਾਇਨਾਤੀ ਦੌਰਾਨ ਮੈਂ ਉਸ ਨਾਲ ਛਾਉਣੀ ਵਿਚ ਨਹੀਂ ਰਹਿੰਦੀ ਸਾਂ, ਸਗੋਂ ਆਪਣੇ ਪੁੱਤਰ ਨਾਲ ਸ੍ਰੀਨਗਰ ਦੇ ਜਵਾਹਰ ਨਗਰ ਇਲਾਕੇ ਵਿਚ ਦੂਜੀ ਮੰਜ਼ਲ ਦੇ ਇਕ ਪ੍ਰਾਈਵੇਟ ਫਲੈਟ ਵਿਚ ਰਹਿੰਦੀ ਸਾਂ। ਉਥੇ ਬਹੁਤੇ ਸਿੱਖ ਅਤੇ ਕੁਝ ਮੁਸਲਿਮ ਪਰਿਵਾਰ ਵੱਸਦੇ ਸਨ। ਜਦੋਂ 1995 ਵਿਚ ਇਨਸਾਨੀ ਹਕੂਕ ਦੇ ਵਕੀਲ ਜਾਲਿਬ ਕਾਦਰੀ ਨੂੰ ਅਗਵਾ ਕਰ ਕੇ ਕਤਲ ਕੀਤਾ ਗਿਆ ਤਾਂ ਮੁਕਾਮੀ ਪੁਲਿਸ ਨੇ ਇਸ ਦਾ ਦੋਸ਼ ਮੇਰੇ ਖਾਵੰਦ 'ਤੇ ਲਾਇਆ। ਅਸੀਂ ਮਹਿਸੂਸ ਕੀਤਾ ਕਿ ਮੁਸਲਮਾਨ ਮੇਰੇ ਖਾਵੰਦ ਨੂੰ ਫਸਾ ਰਹੇ ਸਨ। ਮੇਰਾ ਖਾਵੰਦ ਰਿਸ਼ਵਤ ਨਹੀਂ ਸੀ ਲੈਂਦਾ ਤੇ ਮੁਸਲਿਮ ਦਹਿਸ਼ਤਗਰਦਾਂ ਨੂੰ ਨਾਪਸੰਦ ਕਰਦਾ ਸੀ। ਉਹ ਖੁੱਦਾਰ ਆਦਮੀ ਸੀ। ਉਸ ਦੇ ਆਪਣੇ ਸ਼ਬਦ ਸਨ, "ਮੈਂ ਆਪਣੇ ਮੁਲਕ ਨਾਲ ਦਗਾ ਨਹੀਂ ਕਮਾ ਸਕਦਾ ਅਤੇ ਤੁਸੀਂ ਮੈਨੂੰ ਖਰੀਦ ਨਹੀਂ ਸਕਦੇ।"

ਮੇਰੀ ਦੋਸਤ ਮਨਪ੍ਰੀਤ ਉਦੋਂ ਸ੍ਰੀਨਗਰ ਵਿਚ ਪੱਤਰਕਾਰੀ ਕਰਦੀ ਸੀ। ਉਸ ਨੇ ਪਤਾ ਕੀਤਾ ਕਿ ਮੇਰੇ ਖਾਵੰਦ ਨੂੰ ਕੌਣ ਫਸਾ ਰਿਹਾ ਸੀ ਅਤੇ ਜਾਲਿਬ ਕਾਦਰੀ ਦਾ ਕਤਲ ਕਿਸ ਨੇ ਕੀਤਾ ਸੀ। ਉਹ ਇਹ ਜਾਣਕਾਰੀ ਦੇਣ ਲਈ ਮੇਰੀ ਮਾਂ ਨਾਲ ਥਾਣੇ ਗਈ। ਉਨ੍ਹਾਂ ਨੇ ਉਸ ਦੀ ਗੱਲ ਨਹੀਂ ਸੁਣੀ, ਕਿਉਂਕਿ ਇਕ ਤਾਂ ਉਹ ਔਰਤ ਸੀ ਅਤੇ ਦੂਜਾ ਉਹ ਇਕ ਮੁਲਜ਼ਮ ਦੀ ਰਿਸ਼ਤੇਦਾਰ ਸੀ। ਕਸ਼ਮੀਰੀ ਪੁਲਿਸ ਵਿਚ ਬਹੁਤੇ ਮੁਲਾਜ਼ਮ ਮੁਸਲਿਮ ਹਨ। ਉਸ ਵੇਲੇ ਤਫਤੀਸ਼ ਦੀ ਅਗਵਾਈ ਕਰਨ ਵਾਲੇ ਅਫਸਰ ਨੇ ਕਿਹਾ, "ਜੇ ਮੈਂ ਚਾਹਾਂ ਤਾਂ ਤੁਹਾਨੂੰ ਏਸੇ ਥਾਂ ਜ਼ਿੰਦਾ ਜਲਾ ਸਕਦਾ ਹਾਂ।"

ਸਾਲ ਬਾਅਦ ਪੁਲਿਸ ਨੇ ਜਵਾਹਰ ਨਗਰ ਵਿਚ ਘੇਰਾ-ਤੇ-ਤਲਾਸ਼ੀ ਮੁਹਿੰਮ ਚਲਾਈ ਜਿਥੇ ਮੈਂ ਆਪਣੇ ਖਾਵੰਦ ਤੋਂ ਬਿਨਾ ਰਹਿੰਦੀ ਸੀ। ਇਸ ਪਿਛੋਂ ਉਹ ਮੇਰਾ ਦਰਵਾਜਾ ਖੜਕਾ ਕੇ ਅੰਦਰ ਆ ਗਏ। ਉਨ੍ਹਾਂ ਨੇ ਮੇਰੇ ਵਾਲ ਫੜੇ ਅਤੇ ਮੈਨੂੰ ਘੜੀਸਦੇ ਦੂਜੀ ਮੰਜ਼ਲ ਤੋਂ ਪਹਿਲੀ ਮੰਜ਼ਲ ਤੱਕ ਲਿਆਏ। ਇਕ ਪੁਲਿਸ ਮੁਲਾਜ਼ਮ ਨੇ ਮੇਰੇ ਪੁੱਤਰ ਨੂੰ ਚੁੱਕ ਲਿਆ। ਉਨ੍ਹਾਂ ਮੇਰੇ ਸਾਰੇ ਗਹਿਣੇ ਚੋਰੀ ਕਰ ਲਏ। ਇਸ ਦੌਰਾਨ ਉਨ੍ਹਾਂ ਮੇਰੇ ਲੱਤਾਂ ਮਾਰੀਆਂ ਅਤੇ ਕਿਹਾ, "ਇਹ ਅਮਰੀਕ ਸਿੰਘ ਦਾ ਟੱਬਰ ਐ ਜਿਹਨੇ ਸਾਡੇ ਆਗੂ ਦਾ ਕਤਲ ਕੀਤੈ।" ਪੁਲਿਸ


(ਬਾਕੀ ਅਗਲੇ ਸਫੇ 'ਤੇ)

ਹੈਡਕੁਆਰਟਰ ਵਿਚ ਲਿਜਾ ਕੇ ਉਨ੍ਹਾਂ ਨੇ ਮੈਨੂੰ ਲੱਕੜ ਦੇ ਫੱਟੇ ਨਾਲ ਬੰਨ੍ਹ ਦਿੱਤਾ ਅਤੇ ਮੇਰੇ ਲੱਤਾਂ ਮਾਰੀਆਂ, ਥੱਪੜ ਮਾਰੇ ਅਤੇ ਮੈਨੂੰ ਬਹੁਤ ਕੁੱਟਿਆ। ਉਨ੍ਹਾਂ ਨੇ ਮੇਰੇ ਸਿਰ ਵਿਚ ਰਬੜ ਦਾ ਫੱਟਾ ਮਾਰਿਆ ਅਤੇ ਕਿਹਾ, "ਅਸੀਂ ਤੈਨੂੰ ਕੁੱਟ-ਕੁੱਟ ਕੇ ਤਾਉਮਰ ਲਈ ਬੇਸੁਧ ਕਰ ਦਿਆਂਗੇ।" ਇਕ ਬੰਦੇ ਨੇ ਲੋਹੇ ਦੇ ਬੂਟਾਂ ਨਾਲ ਮੇਰੀ ਛਾਤੀ ਅਤੇ ਢਿੱਡ ਫੇਹ ਦਿੱਤਾ। ਇਸ ਪਿਛੋਂ ਉਨ੍ਹਾਂ ਨੇ ਲੱਕੜ ਦਾ ਘੋਟਣਾ ਮੇਰੀਆਂ ਲੱਤਾਂ ਉਤੇ ਫੇਰਿਆ। ਫਿਰ ਚਿਪਕਣ ਵਾਲੀਆਂ ਕੁਝ ਚੀਜ਼ਾਂ ਮੇਰੇ ਜਿਸਮ ਤੇ ਅੰਗੂਠਿਆਂ 'ਤੇ ਚਿਪਕਾਈਆਂ ਅਤੇ ਮੈਨੂੰ ਵਾਰ-ਵਾਰ ਬਿਜਲੀ ਦੇ ਝਟਕੇ ਦਿੱਤੇ। ਉਹ ਮੈਨੂੰ ਮੇਰੇ ਪਤੀ ਖਿਲਾਫ ਝੂਠਾ ਬਿਆਨ ਦੇਣ ਲਈ ਮਜਬੂਰ ਕਰ ਰਹੇ ਸਨ। ਉਨ੍ਹਾਂ ਮੈਨੂੰ ਦੋ ਦਿਨ ਬੰਦੀ ਬਣਾ ਕੇ ਰੱਖਿਆ। ਮੇਰੇ ਪੁੱਤਰ ਨੂੰ ਨਾਲ ਦੇ ਕਮਰੇ ਵਿਚ ਰੱਖਿਆ ਅਤੇ ਕਿਹਾ ਕਿ ਜੇ ਮੈਂ ਝੂਠਾ ਬਿਆਨ ਦਿਆਂਗੀ ਤਾਂ ਹੀ ਉਹ ਮੇਰਾ ਪੁੱਤਰ ਵਾਪਸ ਦੇਣਗੇ। ਆਖਰ ਉਨ੍ਹਾਂ ਮੈਨੂੰ ਰਿਹਾ ਕੀਤਾ ਅਤੇ ਮੈਂ ਆਪਣੇ ਪੁੱਤਰ ਨੂੰ ਦੇਖਿਆ। ਅਸੀਂ ਦੋਵੇਂ ਰੋ ਰਹੇ ਸਾਂ। ਮੈਂ ਉਸ ਤੱਕ ਤੁਰ ਕੇ ਨਹੀਂ ਜਾ ਸਕੀ, ਕਿਉਂਕਿ ਮੇਰੇ ਪੈਰਾਂ ਵਿਚ ਬਹੁਤ ਦਰਦ ਸੀ। ਇਕ ਰਿਕਸ਼ੇ ਵਾਲੇ ਨੇ ਮੈਨੂੰ ਮੇਰੀ ਮਾਂ ਦੇ ਘਰ ਪਹੁੰਚਾਇਆ।

ਕੋਈ ਡਾਕਟਰ ਮੇਰਾ ਇਲਾਜ ਨਹੀਂ ਸੀ ਕਰਦਾ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਮੁਸਲਿਮ ਦਹਿਸ਼ਤਗਰਦ ਉਨ੍ਹਾਂ ਨੂੰ ਮਾਰ ਦੇਣਗੇ। ਮੈਂ ਅਤੇ ਮੇਰਾ ਖਾਵੰਦ ਚੌਵੀ-ਪਹਿਰ ਉਨ੍ਹਾਂ ਦੀ ਨਿਗਰਾਨੀ ਵਿਚ ਸਾਂ। ਸਾਡੀ ਜ਼ਿੰਦਗੀ ਬੋਝਲ ਹੋ ਗਈ ਸੀ।

ਤਿੰਨ ਸਾਲ ਬਾਅਦ ਅਸੀਂ ਕਸ਼ਮੀਰ ਛੱਡ ਕੇ ਜੰਮੂ ਆ ਗਏ। ਆਪਣਾ ਮੁਲਕ ਛੱਡ ਕੇ 2003 ਵਿਚ ਕੈਨੇਡਾ ਆ ਗਏ। ਪਨਾਹ ਦੀ ਦਰਖਾਸਤ ਦਿੱਤੀ, ਜੋ ਰੱਦ ਹੋ ਗਈ। ਸਾਨੂੰ ਇਮਦਾਦ ਦਰਕਾਰ ਸੀ। ਅਸੀਂ ਸਾਰੇ ਸਬੂਤ ਪੇਸ਼ ਕੀਤੇ, ਪਰ ਉਨ੍ਹਾਂ ਨਾਂਹ ਕਰ ਦਿੱਤੀ। ਅਕਤੂਬਰ 2005 ਵਿਚ ਅਸੀਂ ਸਿਆਟਲ ਆ ਗਏ। ਮੇਰੇ ਖਾਵੰਦ ਨੇ ਟਰੱਕ ਚਲਾਉਣਾ ਸ਼ੁਰੂ ਕੀਤਾ ਅਤੇ ਅਸੀਂ ਕਲੋਵਿਸ ਆ ਗਏ। ਸਾਡੀ ਹਿਫਾਜ਼ਤ ਕਰਨ ਵਾਲਾ ਕੋਈ ਨਹੀਂ। ਅਸੀਂ ਕਿਤੇ ਨਹੀਂ ਜਾਂਦੇ ਅਤੇ ਸਾਡੀ ਜ਼ਿੰਦਗੀ ਵਿਚੋਂ ਸਮਾਜਕ ਰਾਬਤਾ ਅਤੇ ਖੁਸ਼ੀ ਗੈਰ ਹਾਜ਼ਿਰ ਹੈ। ਕਿਤੇ ਬਾਹਰ ਜਾਈਏ ਤਾਂ ਯਕੀਨ ਨਹੀਂ ਹੁੰਦਾ ਕਿ ਜਿਉਂਦੇ ਘਰ ਵਾਪਸ ਪਰਤਾਂਗੇ ਜਾਂ ਨਹੀਂ। ਸਾਨੂੰ ਲਗਦਾ ਹੈ ਕਿ ਅਸੀਂ ਚੌਵੀ-ਪਹਿਰ ਦਹਿਸ਼ਤਗਰਦਾਂ ਦੀਆਂ ਨਜ਼ਰਾਂ ਵਿਚ ਹਾਂ। ਥੋੜ੍ਹਾ ਜਿਹਾ ਰੌਲਾ ਸੁਣ ਕੇ ਹੀ ਮੈਨੂੰ ਲਗਦਾ ਹੈ ਕਿ ਮੈਂ ਮਰਨ ਵਾਲੀ ਹਾਂ। ਉਚੀਆਂ ਆਵਾਜ਼ਾਂ ਨਾਲ ਮੈਂ ਖੌਫਜ਼ਦਾ ਹੋ ਜਾਂਦੀ ਹਾਂ। ਪਿਛਲੇ ਸਾਲ 2011 ਵਿਚ ਜਦੋਂ ਮੇਰਾ ਖਾਵੰਦ ਸਾਡੇ ਬੱਚਿਆਂ ਨੂੰ ਮੂੰਹ-ਜ਼ਬਾਨੀ ਘੂਰ ਰਿਹਾ ਸੀ ਤਾਂ ਮੈਨੂੰ ਲੱਗਾ ਕਿ ਉਹ ਸਾਨੂੰ ਮਾਰਨ ਆ ਪਏ ਹਨ। ਮੈਂ ਭੱਜ ਕੇ 911 ਉਤੇ ਫੋਨ ਕੀਤਾ। ਭੱਜਣ ਵੇਲੇ ਮੈਂ ਆਪਣੇ ਆਪ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਲਿਆ ਅਤੇ ਮੇਰੇ ਸਿਰ, ਛਾਤੀ ਅਤੇ ਲੱਤਾਂ ਵਿਚ ਸੱਟਾਂ ਲੱਗੀਆਂ। ਮੈਨੂੰ ਲੱਗਾ, ਮੈਂ ਮਰ ਜਾਂਵਾਂਗੀ, ਹਾਲਾਂਕਿ ਉਹ ਬੱਚਿਆਂ ਨੂੰ ਸਿਰਫ ਮੂੰਹ-ਜ਼ਬਾਨੀ ਘੂਰ ਰਿਹਾ ਸੀ। ਮੇਰੇ ਦਿਲ ਦੀ ਧੜਕਣ ਏਨੀ ਵਧ ਗਈ ਕਿ ਮੈਨੂੰ ਲੱਗਾ, ਮੈਂ ਪਾਗਲ ਹੋ ਗਈ ਹਾਂ। ਮੇਰਾ ਖਾਵੰਦ ਸਿਰਫ ਬੱਚਿਆਂ ਨੂੰ ਘੂਰ ਰਿਹਾ ਸੀ, ਪਰ ਮੈਂ ਪੁਲਿਸ ਬੁਲਾ ਲਈ ਅਤੇ ਪਤਾ ਨਹੀਂ ਕਿ ਉਨ੍ਹਾਂ ਨੂੰ ਕੀ ਕੁਝ ਦੱਸਿਆ। ਉਨ੍ਹਾਂ ਨੇ ਮੇਰੇ ਖਾਵੰਦ ਨੂੰ ਗ੍ਰਿਫਤਾਰ ਕਰ ਲਿਆ ਅਤੇ ਪਿਛੋਂ ਜ਼ਮਾਨਤ 'ਤੇ ਰਿਹਾ ਕੀਤਾ। ਮੈਨੂੰ ਹੁਣ ਵੀ ਉਸ ਦਿਨ ਦੇ ਵਾਕਿਆ ਉਤੇ ਯਕੀਨ ਨਹੀਂ ਆਉਂਦਾ। ਅਖਬਾਰਾਂ ਵਿਚ ਖਬਰ ਆਈ ਕਿ ਮੇਰਾ ਖਾਵੰਦ ਕੌਣ ਹੈ ਅਤੇ ਉਹ ਕਸ਼ਮੀਰ ਵਿਚ ਤਾਇਨਾਤ ਰਿਹਾ ਹੈ। ਉਨ੍ਹਾਂ ਨੇ ਮੇਰੇ ਖਾਵੰਦ ਦੀ ਤਸਵੀਰ ਅਤੇ ਸਾਡੇ ਘਰ ਸਮੇਤ ਸਾਰਾ ਅਤਾ-ਪਤਾ ਨਸ਼ਰ ਕਰ ਦਿੱਤਾ। ਇਹ ਖਬਰ ਇੰਟਰਨੈੱਟ ਉਤੇ ਨਸ਼ਰ ਹੋਈ ਅਤੇ ਕਸ਼ਮੀਰ ਵਿਚ ਵੀ ਪਹੁੰਚ ਗਈ। ਕਸ਼ਮੀਰ ਦੇ ਦਹਿਸ਼ਤਗਰਦਾਂ ਨੇ ਫੇਰ ਤੋਂ ਮੇਰੇ ਖਾਵੰਦ ਨੂੰ ਵਾਪਸ ਭੇਜਣ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਕੁਝ ਦਿਨਾਂ ਬਾਅਦ ਇਕ ਪੱਤਰਕਾਰ ਨੇ ਫੋਨ ਕਰ ਕੇ ਸਾਨੂੰ ਦੱਸਿਆ ਕਿ ਭਾਰਤੀ ਰਸਾਲੇ ਦਾ ਕੋਈ ਪੱਤਰਕਾਰ ਸਾਨੂੰ ਲੱਭ ਰਿਹਾ ਸੀ। ਸਾਨੂੰ ਇਹ ਪਤਾ ਸੀ ਕਿ ਇਹ ਉਹ ਨਹੀਂ ਸੀ, ਜੋ ਇਹ ਦੱਸਦਾ ਸੀ। ਮੈਂ ਉਸ ਨੂੰ ਸਾਡੇ ਘਰ ਦੇ ਕੋਲੋਂ ਗੱਡੀ ਉਤੇ ਜਾਂਦੇ ਦੇਖਿਆ ਸੀ। ਮੈਂ ਉਸ ਨੂੰ ਕਈ ਵਾਰ ਦੇਖਿਆ। ਮੈਂ ਆਪਣੇ ਖਾਵੰਦ ਨੂੰ ਕਿਹਾ ਕਿ ਸਾਨੂੰ ਇਹ ਥਾਂ ਛੱਡ ਦੇਣੀ ਚਾਹੀਦੀ ਹੈ। ਉਸ ਨੇ ਜੁਆਬ ਦਿੱਤਾ, "ਮੇਰੇ ਕੋਲ ਘਰ ਬਦਲਣ ਜਿੰਨਾ ਸਰਮਾਇਆ ਨਈਂ ਏ। ਮੈਂ ਭੱਜਣਾ ਨਈਂ ਚਾਹੁੰਦਾ, ਜਿਉਣਾ ਚਾਹੁੰਦਾ ਹਾਂ।"

ਉਹ ਬੰਦਾ ਹਮੇਸ਼ਾ ਸਾਡੇ ਆਲੇ-ਦੁਆਲੇ ਰਹਿੰਦਾ ਹੈ। ਹੋਰ ਬੰਦੇ ਵੀ। ਸਾਰੇ ਮੁਸਲਿਮ ਦਹਿਸ਼ਤਗਰਦ। ਮੈਨੂੰ ਹਮੇਸ਼ਾ ਡਰ ਲਗਦਾ ਹੈ। ਮੈਂ ਸਾਰੇ ਪਰਦੇ ਕੱਜ ਕੇ ਰੱਖਦੀ ਹਾਂ ਅਤੇ ਪਰਦਿਆਂ ਦੇ ਪਿੱਛੋਂ ਬਾਹਰ ਦੇਖਦੀ ਹਾਂ। ਉਹ ਬੀਹੀ ਵਿਚ ਖੜ੍ਹੇ ਹੋ ਕੇ ਸਾਡੇ ਘਰ ਵੱਲ ਦੇਖਦੇ ਰਹਿੰਦੇ ਹਨ। ਹੁਣ ਮੈਂ ਸਭ ਕੁਝ ਤਾਲਾਬੰਦ ਰੱਖਦੀ ਹਾਂ। ਪਹਿਲਾਂ ਮੈਂ ਆਪਣੇ ਘਰੋਂ ਛੋਟਾ ਜਿਹਾ ਬਿਊਟੀ ਪਾਰਲਰ ਚਲਾਉਂਦੀ ਸਾਂ ਅਤੇ ਜਨਾਨੀਆਂ ਦੀਆਂ ਭੇਫਣਾਂ ਉਤੇ ਧਾਗਾ ਲਾਉਂਦੀ ਸੀ ਅਤੇ ਲੱਤਾਂ ਵੈਕਸ ਕਰਦੀ ਸੀ। ਹੁਣ ਮੈਨੂੰ ਲਗਦਾ ਹੈ ਕਿ ਅਜਨਬੀਆਂ ਨੂੰ ਘਰ ਵਿਚ ਆਉਣ ਦੇਣਾ ਮਹਿਫੂਜ਼ ਨਹੀਂ।




ਅੰਗਰੇਜ਼ੀ ਨਾਵਲ ਦਾ ਮੁਖੜਾ।




ਪੰਜਾਬੀ ਵਿਚ ਛਪੇ ਨਾਵਲ ਦਾ ਮੁਖੜਾ।

ਸਤਾਰਾਂ ਸਾਲ ਲੰਘ ਗਏ ਹਨ ਪਰ ਕਸ਼ਮੀਰੀ ਮੁਸਲਮਾਨ ਦਹਿਸ਼ਤਗਰਦ ਹਾਲੇ ਵੀ ਉਸ ਵਕੀਲ ਦੀ ਬਰਸੀ ਮਨਾਉਂਦੇ ਹਨ। ਉਹ ਅਖਬਾਰਾਂ ਅਤੇ ਇੰਟਰਨੈੱਟ ਉਤੇ ਮੇਰੇ ਖਾਵੰਦ ਉਤੇ ਹਾਲੇ ਵੀ ਦੋਸ਼ ਲਾਉਂਦੇ ਹਨ। ਮੇਰੇ ਬੱਚੇ ਖੌਫਜ਼ਦਾ ਹਨ। ਉਹ ਵਾਰ-ਵਾਰ ਪੁੱਛਦੇ ਹਨ, "ਅਸੀਂ ਆਪਣੀ ਜ਼ਿੰਦਗੀ ਦਾ ਮਜ਼ਾ ਕਦੋਂ ਲੈ ਸਕਾਂਗੇ?" ਮੈਂ ਜੁਆਬ ਦਿੰਦੀ ਹਾਂ, "ਮੈਂ ਕੋਸ਼ਿਸ਼ ਕਰ ਰਹੀ ਆਂ ਪਰ ਇਹ ਮੇਰੇ ਹੱਥ-ਵੱਸ ਨਈਂ ਏ।"

---

ਅਗਲੇ ਦਿਨ ਉਸ ਨੇ ਬਾਜ਼ਾਰ ਵਿਚੋਂ ਟੈਂਪੂ ਦਾ ਇੰਤਜ਼ਾਮ ਕੀਤਾ। ਦੋ ਬੰਦਿਆਂ ਨੇ ਉਸ ਵਿਚ ਤਿਲੋ ਦੇ ਸਾਰੇ ਡੱਬੇ ਅਤੇ ਹੋਰ ਅਸਬਾਬ ਲੱਦ ਦਿੱਤਾ। ਸ਼ਾਇਦ ਉਸ ਨੂੰ ਤਿਲੋ ਦਾ ਟਿਕਾਣਾ ਪਤਾ ਸੀ, ਪਰ ਨਾ ਉਸ ਨੇ ਦੱਸਿਆ ਅਤੇ ਨਾ ਮੈਂ ਪੁੱਛਿਆ। ਇਕ ਸੁਆਲ ਸੀ ਜੋ ਮੈਂ ਉਸ ਦੇ ਜਾਣ ਤੋਂ ਪਹਿਲਾਂ ਪੁੱਛਣਾ ਚਾਹੁੰਦਾ ਸੀ, ਕਿਉਂਕਿ ਹੋਰ ਤੀਹ ਸਾਲ ਦੀ ਉਡੀਕ ਕਰਨ ਦੀ ਥਾਂ ਮੈਂ ਇਹ ਜਾਣਨ ਲਈ ਬਹੁਤ ਤਹੂ ਸਾਂ। ਜੇ ਮੈਂ ਨਾ ਪੁੱਛਦਾ ਤਾਂ ਇਸ ਨੇ ਤਾਉਮਰ ਮੈਨੂੰ ਪ੍ਰੇਸ਼ਾਨ ਕਰਨਾ ਸੀ। ਮੈਨੂੰ ਪੁੱਛਣਾ ਹੀ ਪੈਣਾ ਸੀ। ਇਸ ਸੁਆਲ ਨੂੰ ਪੁੱਛਣਾ ਦਾ ਟੇਢਾ ਤਰੀਕਾ ਕੋਈ ਨਹੀਂ ਸੀ। ਇਹ ਸੁਖਾਲਾ ਵੀ ਨਹੀਂ ਸੀ, ਪਰ ਆਖਰ ਮੈਂ ਇਹ ਸੁਆਲ ਪੁੱਛ ਲਿਆ ਸੀ।

"ਤੂੰ ਅਮਰੀਕ ਸਿੰਘ ਨੂੰ ਮਾਰਿਐ?"

"ਨਈਂ।" ਉਸ ਨੇ ਆਪਣੀਆਂ ਸਬਜ਼-ਚਾਹ-ਰੰਗੀਆਂ ਅੱਖਾਂ ਨਾਲ ਮੈਨੂੰ ਦੇਖਿਆ ਸੀ। "ਮੈਂ ਨਈਂ ਮਾਰਿਆ।"

ਉਹ ਕੁਝ ਪਲ ਅੱਗੇ ਨਾ ਬੋਲਿਆ, ਪਰ ਮੈਂ ਉਸ ਦੀ ਤੱਕਣੀ ਤੋਂ ਸਮਝ ਸਕਦਾ ਸਾਂ ਕਿ ਉਹ ਮੇਰਾ ਅੰਦਾਜ਼ਾ ਲਾ ਰਿਹਾ ਸੀ, ਸੋਚ ਰਿਹਾ ਸੀ ਕਿ ਕੁਝ ਹੋਰ ਬੋਲੇ ਜਾਂ ਨਾ ਬੋਲੇ। ਮੈਂ ਉਸ ਨੂੰ ਦੱਸਿਆ ਕਿ ਮੈਂ ਉਸ ਦੀਆਂ ਸਿਆਸੀ ਪਨਾਹ ਵਾਲੀਆਂ ਅਰਜ਼ੀਆਂ ਪੜ੍ਹੀਆਂ ਸਨ, ਉਸ ਦੇ ਜਾਅਲੀ ਪਾਸਪੋਰਟਾਂ ਦੇ ਇਕ ਨਾਂ ਨਾਲ ਮਿਲਦੇ ਅਮਰੀਕਾ ਦੀਆਂ ਉਡਾਣਾਂ ਦੇ ਬੋਰਡਿੰਗ ਪਾਸ ਦੇਖੇ ਸਨ। ਮੈਂ ਕਲੋਵਿਸ ਦੀ ਕਿਰਾਏ 'ਤੇ ਕਾਰਾਂ ਦੇਣ ਵਾਲੀ ਕੰਪਨੀ ਦੀ ਰਸੀਦ ਦੇਖੀ ਸੀ। ਇਹ ਸਭ ਤਰੀਕਾਂ ਮਿਲਦੀਆਂ ਸਨ, ਜਿਸ ਕਾਰਨ ਮੈਂ ਇਹ ਤਾਂ ਜਾਣਦਾ ਸਾਂ ਕਿ ਉਸ ਦਾ ਇਸ ਮਾਮਲੇ ਵਿਚ ਹੱਥ ਸੀ, ਪਰ ਇਹ ਨਹੀਂ ਸੀ ਪਤਾ ਕਿ ਕੀ ਹੱਥ ਸੀ?

"ਮੇਰੀ ਉਂਜ ਈ ਜਗਿਆਸਾ ਏ।" ਮੈਂ ਕਿਹਾ ਸੀ। "ਇਹ ਮਾਅਨੇ ਨਈਂ ਰੱਖਦਾ ਕਿ ਤੂੰ ਓਹਨੂੰ ਮਾਰਿਐ। ਓਹਨੂੰ ਮਰਨਾ ਚਾਹੀਦਾ ਸੀ।"

"ਮੈਂ ਓਹਨੂੰ ਨਈਂ ਮਾਰਿਆ। ਓਸ ਨੇ ਆਪਣਾ ਕਤਲ ਆਪ ਕੀਤਾ। ਅਸੀਂ ਓਹਨੂੰ ਆਪਣਾ ਕਤਲ ਆਪ ਕਰਨ ਲਈ ਮਜਬੂਰ ਕੀਤਾ।"

ਇਹ ਗੱਲ ਮੇਰੀ ਸਮਝ ਤੋਂ ਬਾਹਰ ਸੀ ਕਿ ਇਸ ਦਾ ਮਾਇਨਾ ਕੀ ਸੀ।

"ਮੈਂ ਅਮਰੀਕਾ ਓਹਦੇ ਪਿੱਛੇ ਨਈਂ ਗਿਆ ਸੀ। ਮੈਂ ਤਾਂ ਕਿਸੇ ਹੋਰ ਕੰਮ ਗਿਆ ਹੋਇਆ ਸੀ ਤਾਂ ਮੈਂ ਅਖਬਾਰ 'ਚ ਉਸ ਦੀ ਗ੍ਰਿਫਤਾਰੀ ਦੀ ਖਬਰ ਦੇਖੀ, ਓਹਨੂੰ ਆਪਣੀ ਬੀਵੀ ਨੂੰ ਕੁੱਟਣ ਕਾਰਨ ਗ੍ਰਿਫਤਾਰ ਕੀਤਾ ਗਿਆ ਸੀ। ਲੋਕਾਂ ਨੂੰ ਓਹਦੀ ਰਿਹਾਇਸ਼ ਦਾ ਪਤਾ ਲੱਗ ਗਿਆ। ਮੈਂ ਤਾਂ ਓਹਨੂੰ ਸਾਲਾਂ ਤੋਂ ਲੱਭਦਾ ਸੀ। ਮੇਰਾ ਓਹਦੇ ਨਾਲ ਪੁਰਾਣਾ ਹਿਸਾਬ ਬਾਕੀ ਸੀ। ਸਾਡੇ 'ਚੋਂ ਬਥੇਰਿਆਂ ਦਾ ਐ। ਮੈਂ ਕਲੋਵਿਸ ਚਲਾ ਗਿਆ, ਕੁਝ ਪੁੱਛ-ਗਿੱਛ ਕੀਤੀ ਤੇ ਟਰੱਕ ਧੋਣ ਵਾਲੀ ਗਰਾਜ 'ਚ ਲੱਭ ਲਿਆ, ਜਿਥੇ ਉਹ ਵਰਕਸ਼ਾਪ 'ਚ ਆਪਣੇ ਟਰੱਕ ਦੀ ਸਰਵਿਸ ਕਰਵਾਉਣ ਆਉਂਦਾ ਸੀ। ਅਸੀਂ ਜਿਸ ਕਾਤਲ ਨੂੰ ਜਾਲਿਬ ਕਾਦਰੀ ਤੇ ਹੋਰਾਂ ਦੇ ਕਤਲਾਂ ਕਾਰਨ ਜਾਣਦੇ ਆਂ, ਓਹ ਤਾਂ ਓਸ ਤੋਂ ਬਿਲਕੁਲ ਵੱਖਰਾ ਆਦਮੀ ਸੀ। ਹੁਣ ਓਸ ਦੇ ਦੁਆਲੇ ਗੁਨਾਹੀ ਦੀ ਸਰਪ੍ਰਸਤੀ ਕਰਨ ਵਾਲਾ ਓਹ ਢਾਂਚਾ ਨਈਂ ਸੀ, ਜਿਸ 'ਚ ਓਹ ਕਸ਼ਮੀਰ 'ਚ ਕੰਮ ਕਰਦਾ ਸੀ। ਓਹ ਖੌਫਜ਼ਦਾ ਸੀ ਤੇ ਦੀਵਾਲੀਆ ਹੋ ਚੁਕਾ ਸੀ। ਮੈਨੂੰ ਤਾਂ ਓਸ 'ਤੇ ਤਰਸ ਆਇਆ ਸੀ। ਮੈਂ ਓਸ ਨੂੰ ਯਕੀਨ ਦਿਵਾਇਆ ਸੀ ਕਿ ਮੈਂ ਓਸ ਦਾ ਨੁਕਸਾਨ ਕਰਨ ਨਈਂ ਆਇਆ, ਤੇ ਓਸ ਨੂੰ ਸਿਰਫ ਇਹ ਯਾਦ ਕਰਵਾਉਣ ਆਇਆਂ ਕਿ ਅਸੀਂ ਓਸ ਨੂੰ ਆਪਣਾ ਕੀਤਾ-ਧਰਿਆ ਭੁੱਲਣ ਨਈਂ ਦੇਣਾ।"

ਮੂਸਾ ਨਾਲ ਮੇਰੀ ਇਹ ਗੱਲਬਾਤ ਗਲੀ ਵਿਚਕਾਰ ਹੋ ਰਹੀ ਸੀ। ਮੈਂ ਉਸ ਨੂੰ ਰੁਖਸਤ ਕਰਨ ਆਇਆ ਸੀ।

"ਹੋਰ ਕਸ਼ਮੀਰੀਆਂ ਨੇ ਵੀ ਓਹ ਖਬਰ ਪੜ੍ਹੀ ਸੀ। ਓਨ੍ਹਾਂ ਨੇ ਕਲੋਵਿਸ ਦਾ ਇਹ ਦੇਖਣ ਲਈ ਚੱਕਰ ਮਾਰਨਾ ਸ਼ੁਰੂ ਕਰ ਦਿੱਤਾ ਕਿ ਕਸ਼ਮੀਰ ਦਾ ਬੁੱਚੜ ਕਿਵੇਂ ਰਹਿੰਦੈ। ਕੋਈ ਪੱਤਰਕਾਰ ਸੀ, ਕੋਈ ਲੇਖਕ ਸੀ, ਕੋਈ ਫੋਟੋਗ੍ਰਾਫਰ ਸੀ, ਕੋਈ ਵਕੀਲ ਸੀ ... ਕੁਝ ਆਮ ਲੋਕ ਸਨ। ਓਹ ਲੋਕ ਓਸ ਦੇ ਕੰਮ 'ਤੇ ਪੁੱਜ ਜਾਂਦੇ ਸਨ, ਓਹਦੇ ਘਰ ਜਾਂਦੇ ਸਨ, ਓਸ ਦੇ ਘਰ ਦੇ ਸਾਹਮਣੇ ਵਾਲੀ ਸੁਪਰਮਾਰਕਿਟ 'ਚ ਜਾਂਦੇ ਸਨ, ਓਸ ਦੇ ਬੱਚਿਆਂ ਦੇ ਸਕੂਲ ਜਾਂਦੇ ਸਨ। ਹਰ ਰੋਜ਼। ਸਾਨੂੰ ਦੇਖਣਾ ਓਹਦੀ ਮਜਬੂਰੀ ਹੋ ਗਈ ਸੀ। ਯਾਦ ਕਰਨ ਦੀ ਮਜਬੂਰੀ। ਇਹਨੇ ਓਹਦੇ ਦਿਮਾਗ ਦਾ ਤਵਾਜ਼ਨ ਹਿਲਾਇਆ ਹੋਣੈ। ਆਖਰ ਏਸੇ ਨਾਲ ਓਹਨੇ ਆਪਣੇ-ਆਪ ਨੂੰ ਤਬਾਹ ਕੀਤਾ। ਏਸ ਲਈ...ਤੇਰੇ ਸੁਆਲ ਦਾ ਜੁਆਬ ਐ...ਨਈਂ, ਮੈਂ ਓਸ ਦਾ ਕਤਲ ਨਈਂ ਕੀਤਾ।"

ਇਸ ਪਿਛੋਂ ਮੂਸਾ ਨੇ ਬੱਚੇ ਨੂੰ ਪੋਲੀਓ ਦੀਆਂ ਬੂੰਦਾਂ ਪਿਲਾ ਰਹੀ ਦਿਓਕੱਦ ਨਰਸ ਦੇ ਸਕੂਲ ਦੇ ਦਰਵਾਜੇ 'ਤੇ ਬਣੇ ਚਿੱਤਰ ਦੇ ਸਾਹਮਣੇ ਖੜ੍ਹ ਕੇ ਜੋ ਕਿਹਾ ਸੀ, ਉਹ ਬਰਫ ਦੇ ਟੀਕੇ ਵਰਗਾ ਸੀ। ਇਸ ਦਾ ਅਸਰ ਇਸ ਲਈ ਵੱਧ ਸੀ ਕਿ ਉਸ ਨੇ ਚੁਟਕਲਾ ਸੁਣਾਉਣ ਵਾਂਗ ਆਪਣੇ ਦੋਸਤਾਨਾ ਅੰਦਾਜ਼ 'ਚ ਖੁਸ਼ੀ ਭਰੇ ਲਹਿਜੇ ਵਿਚ ਕਿਹਾ ਸੀ।

"ਇਕ ਦਿਨ ਕਸ਼ਮੀਰ ਇਸੇ ਤਰ੍ਹਾਂ ਇੰਡੀਆ ਨੂੰ ਆਪਣੇ-ਆਪ ਨੂੰ ਤਬਾਹ ਕਰਨ ਲਈ ਮਜਬੂਰ ਕਰੇਗਾ। ਹੋ ਸਕਦੈ, ਓਸ ਵੇਲੇ ਤੁਸੀਂ ਸਾਨੂੰ ਸਭ ਨੂੰ, ਹਰ ਜੀਅ ਨੂੰ ਆਪਣੀਆਂ ਸ਼ੱਰ੍ਹਾ ਬੰਦੂਕਾਂ (ਪੈਲੇਟ ਗੰਨਾਂ) ਨਾਲ ਅੱਖਾਂ ਤੋਂ ਅੰਨ੍ਹੇ ਕਰ ਦਿਓ। ਥੋਡੇ ਕੋਲ ਤਾਂ ਅੱਖਾਂ ਹੋਣਗੀਆਂ ਨਾ, ਇਹ ਦੇਖਣ ਲਈ ਕਿ ਤੁਸੀਂ ਸਾਡੇ ਨਾਲ ਕੀ ਕੀਤੈ? ਤੁਸੀਂ ਸਾਨੂੰ ਤਬਾਹ ਨਈਂ ਕਰ ਰਹੇ। ਤੁਸੀਂ ਸਾਨੂੰ ਤਾਮੀਰ ਕਰ ਰਹੇ ਓ। ਤੁਸੀਂ ਆਪਣੇ-ਆਪ ਨੂੰ ਤਬਾਹ ਕਰ ਰਹੇ ਓ। ਖੁਦਾ ਹਾਫਿਜ਼, ਗਾਰਸਨ ਭਾਈ।" ਇਸ ਦੇ ਨਾਲ ਹੀ ਉਹ ਚਲਾ ਗਿਆ। ਉਸ ਨਾਲ ਮੇਰੀ ਮੁੜ ਕੇ ਕਦੇ ਮੁਲਾਕਾਤ ਨਹੀਂ ਹੋਈ।

# ਭੋਂਸਲਾ ਮਿਲਟਰੀ ਸਕੂਲ

(ਸਫਾ 27 ਦੀ ਬਾਕੀ)

ਕਮਰਿਆਂ ਵਿਚੋਂ ਇਕ ਹਾਲ ਕਮਰੇ ਦੇ ਇਕ ਖੂੰਜੇ ਵਿਚ ਲਾਏ ਮੇਜ ਦੇ ਪਿੱਛੇ ਇਕੱਲੇ ਬੈਠੇ ਸਨ। ਜਿਉਂ ਹੀ ਦਰਵਾਜੇ 'ਤੇ ਮੇਰੇ ਆਉਣ ਦੀ ਇਤਲਾਹ ਦਿੱਤੀ ਗਈ, ਉਹ ਉਠ ਕੇ ਖੜ੍ਹੇ ਹੋ ਗਏ ਅਤੇ ਮੇਰਾ ਸਵਾਗਤ ਕਰਨ ਲਈ ਆਏ। ਮੈਂ ਇਹ ਕਹਿ ਕੇ ਉਸ ਨਾਲ ਹੱਥ ਮਿਲਾਇਆ ਕਿ ਮੈਂ ਡਾਕਟਰ ਮੂੰਜੇ ਹਾਂ। ਉਹ ਮੇਰੇ ਬਾਬਤ ਸਭ ਕੁਝ ਜਾਣਦਾ ਸੀ ਅਤੇ ਲੱਗਦਾ ਸੀ, ਭਾਰਤੀ ਜੰਗੇ-ਆਜ਼ਾਦੀ ਦੀਆਂ ਘਟਨਾਵਾਂ 'ਤੇ ਨੇੜਿਉਂ ਨਜ਼ਰ ਰੱਖ ਰਿਹਾ ਸੀ। ਜਾਪਦਾ ਸੀ, ਗਾਂਧੀ ਜੀ ਲਈ ਉਸ ਦੇ ਮਨ ਵਿਚ ਬਹੁਤ ਸਤਿਕਾਰ ਸੀ। ਉਹ ਮੇਰੇ ਸਾਹਮਣੇ ਇਕ ਹੋਰ ਕੁਰਸੀ 'ਤੇ ਆਪਣੀ ਮੇਜ ਦੇ ਅੱਗੇ ਬੈਠ ਗਿਆ ਅਤੇ ਮੇਰੇ ਨਾਲ ਅੱਧਾ ਘੰਟਾ ਗੱਲਬਾਤ ਕਰਦਾ ਰਿਹਾ। ਉਸ ਨੇ ਮੈਥੋਂ ਗਾਂਧੀ ਅਤੇ ਉਸ ਦੇ ਅੰਦੋਲਨ ਬਾਰੇ ਪੁੱਛਿਆ ਅਤੇ ਸਿੱਧਾ ਸਪਾਟ ਸਵਾਲ ਕੀਤਾ, 'ਕੀ ਗੋਲਮੇਜ ਕਾਨਫਰੰਸ ਨਾਲ ਭਾਰਤ ਅਤੇ ਇੰਗਲੈਂਡ ਵਿਚਾਲੇ ਸ਼ਾਂਤੀ ਕਾਇਮ ਹੋ ਜਾਵੇਗੀ?'

ਮੈਂ ਕਿਹਾ, 'ਜੇ ਬਰਤਾਨੀਆ ਸਾਨੂੰ ਸਾਮਰਾਜ ਦੀਆਂ ਹੋਰ ਆਜ਼ਾਦ ਬਸਤੀਆਂ ਦੇ ਬਰਾਬਰ ਦਰਜਾ ਦੇਣ ਵਿਚ ਇਮਾਨਦਾਰੀ ਵਾਲੀ ਇੱਛਾ ਰੱਖਦਾ ਹੈ ਤਾਂ ਸਾਮਰਾਜ ਅੰਦਰ ਸ਼ਾਂਤੀ ਅਤੇ ਵਫਾਦਾਰੀ ਨਾਲ ਰਹਿਣ ਵਿਚ ਸਾਨੂੰ ਕੋਈ ਉਜ਼ਰ ਨਹੀਂ ਹੋਵੇਗਾ। ਨਹੀਂ ਤਾਂ ਸੰਘਰਸ਼ ਫਿਰ ਸ਼ੁਰੂ ਹੋ ਜਾਵੇਗਾ ਅਤੇ ਚੱਲਦਾ ਰਹੇਗਾ। ਜੇ ਭਾਰਤ ਦੇ ਬਰਤਾਨੀਆ ਨਾਲ ਦੋਸਤੀ ਅਤੇ ਸ਼ਾਂਤੀ ਵਾਲੇ ਸਬੰਧ ਰਹਿੰਦੇ ਹਨ ਤਾਂ ਬਰਤਾਨੀਆ ਨੂੰ ਫਾਇਦਾ ਹੋਵੇਗਾ ਅਤੇ ਉਹ ਯੂਰਪੀ ਕੌਮਾਂ ਵਿਚ ਆਪਣੀ ਪ੍ਰਧਾਨ ਹੈਸੀਅਤ ਬਰਕਰਾਰ ਰੱਖ ਸਕਦਾ ਹੈ; ਤੇ ਭਾਰਤ ਨਾਲ ਬਰਤਾਨੀਆ ਦੇ ਇਹ ਰਿਸ਼ਤੇ ਉਦੋਂ ਤੱਕ ਨਹੀਂ ਬਣ ਸਕਦੇ, ਜਦ ਤੱਕ ਉਹ ਸਾਨੂੰ ਹੋਰ ਆਜ਼ਾਦ ਬਸਤੀਆਂ ਦੇ ਬਰਾਬਰ ਆਜ਼ਾਦ ਬਸਤੀ (ਡੁਮੀਨੀਅਨ ਸਟੇਟਸ) ਦਾ ਦਰਜਾ ਨਹੀਂ ਦਿੰਦਾ।'

ਮੇਰੀ ਇਸ ਟਿੱਪਣੀ ਨਾਲ ਜਨਾਬ ਮੁਸੋਲਿਨੀ ਪ੍ਰਭਾਵਿਤ ਨਜ਼ਰ ਆਏ। ਫਿਰ ਉਨ੍ਹਾਂ ਪੁੱਛਿਆ, ਕੀ ਮੈਂ ਯੂਨੀਵਰਸਿਟੀ ਵਿਚ ਗੇੜਾ ਮਾਰਿਆ ਹੈ? ਮੈਂ ਕਿਹਾ, 'ਮੁੰਡਿਆਂ ਦੀ ਫੌਜੀ ਸਿਖਲਾਈ ਵਿਚ ਮੇਰੀ ਦਿਲਚਸਪੀ ਹੈ, ਤੇ ਮੈਂ ਇੰਗਲੈਂਡ, ਫਰਾਂਸ ਅਤੇ ਜਰਮਨੀ ਦੇ ਫੌਜੀ ਸਕੂਲ ਵੀ ਦੇਖੇ ਹਨ। ਇਸੇ ਉਦੇਸ਼ ਨਾਲ ਮੈਂ ਇਟਲੀ ਆਇਆ ਹਾਂ ਅਤੇ ਬੜਾ ਅਹਿਸਾਨਮੰਦ ਹਾਂ ਕਿ ਵਿਦੇਸ਼ੀ ਅਤੇ ਸੁਰੱਖਿਆ ਵਿਭਾਗ ਨੇ ਇਨ੍ਹਾਂ ਸਕੂਲਾਂ ਦੀ ਮੇਰੀ ਫੇਰੀ ਲਈ ਵਧੀਆ ਇੰਤਜ਼ਾਮ ਕੀਤਾ ਹੈ। ਅੱਜ ਸਵੇਰੇ ਅਤੇ ਬਾਅਦ ਦੁਪਹਿਰ ਵੀ ਮੈਂ ਬਲਿਲਾ ਅਤੇ (ਫਾਸ਼ੀਵਾਦੀ) ਜਥੇਬੰਦੀਆਂ ਨੂੰ ਦੇਖਿਆ, ਤੇ ਮੈਂ ਬਹੁਤ ਪ੍ਰਭਾਵਿਤ ਹੋਇਆ। ਇਟਲੀ ਨੂੰ ਆਪਣੇ ਵਿਕਾਸ ਅਤੇ ਸਾਧਨ-ਸੰਪਨ ਹੋਣ ਲਈ ਇਸ ਦੀ ਲੋੜ ਹੈ। ਮੈਨੂੰ ਕੋਈ ਚੀਜ਼ ਇਤਰਾਜ਼ਯੋਗ ਨਹੀਂ ਲੱਗੀ ਹਾਲਾਂਕਿ ਮੈਂ ਇਨ੍ਹਾਂ ਅਤੇ ਤੁਹਾਡੇ ਬਾਰੇ ਆਲੋਚਨਾਵਾਂ ਅਕਸਰ ਅਖਬਾਰਾਂ ਵਿਚ ਪੜ੍ਹਦਾ ਰਿਹਾ ਹਾਂ, ਜੋ ਬਹੁਤੀਆਂ ਉਸਾਰੂ ਨਹੀਂ ਹੁੰਦੀਆਂ।'

ਜਨਾਬ ਮੁਸੋਲਿਨੀ: ਉਨ੍ਹਾਂ ਬਾਬਤ ਤੁਹਾਡੀ ਕੀ ਰਾਇ ਹੈ?

ਡਾ. ਮੂੰਜੇ: ਜਨਾਬ ਮੈਂ ਬਹੁਤ ਪ੍ਰਭਾਵਿਤ ਹਾਂ। ਹਰ ਉਚੇਰੀਆਂ ਇੱਛਾਵਾਂ ਅਤੇ ਤਰੱਕੀ ਦੇ ਰਾਹ 'ਤੇ ਅੱਗੇ ਵੱਧ ਰਹੇ ਮੁੱਖ ਰਾਸ਼ਟਰ ਨੂੰ ਅਜਿਹੀਆਂ ਜਥੇਬੰਦੀਆਂ ਦੀ ਬਹੁਤ ਲੋੜ ਹੈ। ਭਾਰਤ ਨੂੰ ਆਪਣੀ ਫੌਜੀ ਮੁੜ-ਸੁਰਜੀਤੀ ਲਈ ਇਨ੍ਹਾਂ ਦੀ ਬੇਹੱਦ ਲੋੜ ਹੈ। ਪਿਛਲੇ 150 ਸਾਲਾਂ ਵਿਚ ਬਰਤਾਨਵੀ ਜਬਰ ਅਤੇ ਗੁਲਾਮੀ ਦੌਰਾਨ ਭਾਰਤੀਆਂ ਨੂੰ ਫੌਜੀ ਪੇਸ਼ੇ ਤੋਂ ਅਲਹਿਦਾ ਰੱਖਿਆ ਗਿਆ ਹੈ, ਪਰ ਭਾਰਤ ਹੁਣ ਆਪਣੀ ਸੁਰੱਖਿਆ ਦੀ ਜ਼ਿੰਮੇਵਾਰੀ ਆਪਣੇ ਹੱਥਾਂ ਵਿਚ ਲੈਣ ਦੀ ਤਿਆਰੀ ਕਰਨ ਦਾ ਖਾਹਸ਼ਮੰਦ ਹੈ ਅਤੇ ਮੈਂ ਇਸੇ ਕੰਮ ਵਿਚ ਜੁਟਿਆ ਹੋਇਆ ਹਾਂ। ਅਸੀਂ (ਮੈਂ) ਖੁਦ ਆਪਣੀ ਜਥੇਬੰਦੀ ਸ਼ੁਰੂ ਕੀਤੀ ਹੈ। ਜਿਸ ਦੀ ਕਲਪਨਾ ਆਜ਼ਾਦਾਨਾ ਤੌਰ 'ਤੇ ਇਨ੍ਹਾਂ ਹੀ ਉਦੇਸ਼ਾਂ ਨੂੰ ਲੈ ਕੇ ਕੀਤੀ ਗਈ ਹੈ। ਮੌਕਾ ਆਉਣ 'ਤੇ ਤੁਹਾਡੇ ਬਲਿਲਾ ਅਤੇ ਫਾਸ਼ੀਵਾਦੀ ਜਥੇਬੰਦੀਆਂ ਦੀ ਤਾਰੀਫ ਵਿਚ ਮੈਂ ਭਾਰਤ ਅਤੇ ਇੰਗਲੈਂਡ-ਦੋਹਾਂ ਮੁਲਕਾਂ ਵਿਚ, ਆਮ ਲੋਕਾਂ ਦੇ ਖੁੱਲ੍ਹੇ ਮੰਚਾਂ ਤੋਂ ਆਵਾਜ਼ ਉਠਾਉਣ ਤੋਂ ਸੰਕੋਚ ਨਹੀਂ ਕਰਾਂਗਾ। ਮੈਂ ਉਨ੍ਹਾਂ ਦੀ ਹਰ ਕਾਮਯਾਬੀ ਦੀ ਕਾਮਨਾ ਕਰਦਾ ਹਾਂ। ਮੇਰੀਆਂ ਸ਼ੁੱਭ ਇਛਾਵਾਂ ਤੁਹਾਡੇ ਨਾਲ ਹਨ।'

ਜਨਾਬ ਮੁਸੋਲਿਨੀ, ਜੋ ਬਹੁਤ ਖੁਸ਼ ਨਜ਼ਰ ਆ ਰਹੇ ਸਨ, ਨੇ ਕਿਹਾ, ਮਿਹਰਬਾਨੀ!...ਪਰ ਤੁਹਾਡਾ ਕੰਮ ਮੁਸ਼ਕਿਲ ਹੈ। ਫਿਰ ਵੀ ਮੈਂ ਤੁਹਾਡੀ ਹਰ ਕਾਮਯਾਬੀ ਦੀ ਕਾਮਨਾ ਕਰਦਾ ਹਾਂ। ਇਹ ਕਹਿ ਕੇ ਉਹ ਉਠ ਖੜ੍ਹੇ ਹੋਏ ਅਤੇ ਮੈਂ ਵੀ ਉਨ੍ਹਾਂ ਤੋਂ ਵਿਦਾਇਗੀ ਲੈਣ ਲਈ ਖੜ੍ਹਾ ਹੋ ਗਿਆ; ਪਰਉਹ ਬੋਲੇ, 'ਨਹੀਂ ਅਜੇ ਨਹੀਂ, ਮੈਂ ਤੁਹਾਨੂੰ ਦਰਵਾਜੇ ਤੱਕ ਛੱਡ ਕੇ ਆਵਾਂਗਾ।' ਉਹ ਉਠ ਕੇ ਦਰਵਾਜੇ ਤੱਕ ਚੱਲ ਕੇ ਆਏ ਅਤੇ ਮੈਨੂੰ ਅਲਵਿਦਾ ਕਹਿੰਦਿਆਂ ਘੁੱਟ ਕੇ ਹੱਥ ਮਿਲਾਇਆ ਅਤੇ ਸ਼ੁਭ ਇੱਛਾਵਾਂ ਕਹੀਆਂ।'



ਭੋਂਸਲਾ ਮਿਲਟਰੀ ਸਕੂਲ, ਨਾਸਿਕ ਵਿਚ ਸਿਖਲਾਈ ਦਾ ਦ੍ਰਿਸ਼।

ਕਾਸੋਲਰੀ ਅਨੁਸਾਰ ਮੂੰਜੇ-ਮੁਸੋਲਿਨੀ ਮੁਲਾਕਾਤ ਬਾਰੇ ਇਟਲੀ ਵਿਚ ਕੋਈ ਰਿਪੋਰਟ ਨਹੀਂ ਹੈ; ਜਦਕਿ ਉਹ ਰੁਟੀਨ ਦੇ ਦਸਤਾਵੇਜ਼ੀ ਰਿਕਾਰਡ ਵਿਚ ਉਹ ਇਹ ਲੱਭਣ ਵਿਚ ਕਾਮਯਾਬ ਹੋ ਗਈ-ਮੂੰਜੇ ਵਲੋਂ ਮੁਲਾਕਾਤ ਲਈ 16 ਮਾਰਚ 1931 ਦੀ ਤਰੀਕ ਦੀ ਗੁਜ਼ਾਰਿਸ਼ ਅਤੇ ਉਸ ਦੇ ਜਵਾਬ ਵਿਚ ਵਿਦੇਸ਼ ਮਾਮਲਿਆਂ ਦੇ ਮੰਤਰੀ ਵਲੋਂ 18 ਮਾਰਚ ਨੂੰ ਦਿੱਤਾ ਇਸ ਦਾ ਜਵਾਬ। ਇਹ ਗੱਲ ਕਿ ਉਸ ਨੂੰ ਰੋਮ ਦੇ ਵਿਦੇਸ਼ ਮਾਮਲਿਆਂ ਦੇ ਦਫਤਰ ਦੀ ਚਿੱਠੀ ਮਿਲੀ, ਇਹ ਮੂੰਜੇ ਦੀ ਡਾਇਰੀ ਵਿਚ ਵੀ ਦਰਜ ਹੈ। ਕਾਸੋਲਰੀ ਅਨੁਸਾਰ ਅੰਗਰੇਜ਼ ਅਫਸਰਾਂ ਨੇ ਹੀ ਮੂੰਜੇ ਦੀ ਮੁਸੋਲਿਨੀ ਨਾਲ ਮੁਲਾਕਾਤ ਦਾ ਇੰਤਜ਼ਾਮ ਕੀਤਾ। ਅੰਗਰੇਜ਼ ਅਫਸਰਾਂ ਨੇ ਅਜਿਹਾ ਕਿਉਂ ਕੀਤਾ, ਇਹ ਅਜੇ ਵੀ ਭੇਤ ਹੈ।

ਭਾਰਤ ਵਾਪਸ ਆ ਕੇ ਮੂੰਜੇ ਨੇ ਫਾਸ਼ੀਵਾਦ ਰਾਜ ਦੇ ਸੈਂਟਰਲ ਮਿਲਟਰੀ ਸਕੂਲ ਫਾਰ ਫਿਜ਼ੀਕਲ ਐਜੂਕੇਸ਼ਨ ਦੀ ਤਰਜ਼ 'ਤੇ 1934 ਵਿਚ ਸੈਂਟਰਲ ਹਿੰਦੂ ਮਿਲਟਰੀ ਐਜੂਕੇਸ਼ਨ ਸੁਸਾਇਟੀ ਬਣਾਈ। ਇਸ ਦਾ ਉਦੇਸ਼ 'ਹਿੰਦੂਆਂ ਵਿਚ ਮੁੜ ਯੋਧਿਆਂ ਵਾਲੀ ਰੂਹ ਫੂਕਣਾ ਅਤੇ ਹਿੰਦੂ ਨੌਜਵਾਨਾਂ ਨੂੰ ਆਪਣੀ ਮਾਤ ਭੂਮੀ ਦੀ ਰੱਖਿਆ ਦਾ ਸੰਪੂਰਨ ਜ਼ਿੰਮਾ ਲੈਣ ਦੇ ਕਾਬਲ ਬਣਾਉਣਾ, ਉਨ੍ਹਾਂ ਨੂੰ ਸਨਾਤਨ ਧਰਮ ਦੀ ਸਿੱਖਿਆ ਦੇਣਾ ਅਤੇ ਉਨ੍ਹਾਂ ਨੂੰ ਨਿੱਜੀ ਤੇ ਕੌਮੀ ਸੁਰੱਖਿਆ ਦੀ ਕਲਾ ਅਤੇ ਯੁੱਧ ਵਿਗਿਆਨ ਦੀ ਸਮਝ ਨਾਲ ਲੈਸ ਕਰਨਾ' ਸੀ। ਇਸੇ ਸੁਸਾਇਟੀ ਦੀ ਛਤਰਛਾਇਆ ਹੇਠ ਭੋਂਸਲਾ ਮਿਲਟਰੀ ਸਕੂਲ ਦੀ ਸਥਾਪਨਾ ਕੀਤੀ ਗਈ।

(ਚਲਦਾ)

ੴ ਸਤਿਗੁਰ ਪ੍ਰਸਾਦਿ॥

ਸਤਿਗੁਰੂ ਨਾਨਕ ਪਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ



ਗੁਰੂ ਨਾਨਕ ਦੇਵ ਜੀ ਦਾ ਜਨਮ ਸਥਾਨ ਨਨਕਾਣਾ ਸਾਹਿਬ (ਹੁਣ ਪਾਕਿਸਤਾਨ ਵਿਚ)

## ਆਓ, ਸਾਰੇ ਰਲ ਕੇ ਬਾਬੇ ਨਾਨਕ ਦੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਈਏ ਤੇ ਇਸ ਦੁਨੀਆਂ ਨੂੰ ਬਿਹਤਰ ਬਣਾਈਏ

ਵਲੋਂ:

**ਸੁਖਦੇਵ ਸਿੰਘ ਬੈਣੀਵਾਲ, ਸੈਨ ਹੋਜ਼ੇ, ਕੈਲੀਫੋਰਨੀਆ**

**ਫੋਨ: 408-421-9463**

ੴ ਸਤਿਗੁਰ ਪ੍ਰਸਾਦਿ॥

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ -ਗੁਰੂ ਨਾਨਕ ਦੇਵ ਜੀ

# ਸਿੱਖ ਧਰਮ ਦੇ ਬਾਨੀ
# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ
# ਕੋਟਾਨਿ ਕੋਟਿ ਵਧਾਈ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਅਤੇ ਪਰਿਵਾਰ



ਜੈਦੇਵ ਸਿੰਘ (ਸੱਤੀ) ਭੱਠਲ, ਸ਼ਿਕਾਗੋ
ਅਤੇ ਪਰਿਵਾਰ



ਸੁਖਰਾਜ ਸਿੰਘ ਤੱਖਰ, ਸ਼ਿਕਾਗੋ
ਅਤੇ ਪਰਿਵਾਰ

## Major Gurcharn Singh Jhaj
## Jaidev Singh Bhattal & Sukhraj Singh Takher

***Humble Sewadars of Baba Iqbal Singh Ji and The Kalgidhar Society, Baru Sahib***

CELEBRATING THE 550TH PRAKASH PURAB OF GURU NANAK DEV JI

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥

SIKH GURDWARA SAN JOSE PRESENTS 2nd Annual 31 Raags Gurbani Keertan Darbaar

# 31 ਰਾਗ ਗੁਰਬਾਣੀ ਕੀਰਤਨ ਦਰਬਾਰ

**8 ਨਵੰਬਰ 2019, ਸ਼ੁੱਕਰਵਾਰ:** ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ

**9 ਨਵੰਬਰ 2019, ਸਨਿਚਰਵਾਰ:** ਸਵੇਰੇ 7 ਵਜੇ ਤੋਂ 11 ਵਜੇ ਤੱਕ
ਸ਼ਾਮ 3 ਵਜੇ ਤੋਂ ਰਾਤ 10 ਵਜੇ ਤੱਕ

**10 ਨਵੰਬਰ 2019, ਐਤਵਾਰ:** ਸਵੇਰੇ 7 ਵਜੇ ਤੋਂ ਦੁਪਹਿਰ ਇਕ ਵਜੇ ਤੱਕ



Padamshri Bhai Nirmal Singh Ji, Sri Darbar Sahib, Amritsar
Dr. Gurnam Singh Ji, Punjabi University, Patiala
Bhai Sarbjeet Singh Ji Laadi, Sri Darbar Sahib, Amritsar
Dr. Manpreet Singh Ji, New Jersey
Prof. Dalbir Singh Ji, San Francisco Bay Area
Bhai Tajvinder Singh Ji, Sri Darbar Sahib, Amritsar
Bhai Gagandeep & Gurpreet Singh Ji, Los Angeles
Bhai Nirmal Singh Ji Soora, San Francisco Bay Area
Dr. Charan Kanwal Singh Ji, San Francisco Bay Area
Bibi Soni Kaur Ji, San Francisco Bay Area

12 ਨਵੰਬਰ 2019, ਮੰਗਲਵਾਰ ਨੂੰ ਸਾਰਾ ਦਿਨ ਕੀਰਤਨੀ ਜਥਿਆਂ, ਕਥਾਵਾਚਕਾਂ ਅਤੇ ਢਾਡੀ ਜਥਿਆਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਕੀਰਤਨ ਦਰਬਾਰ ਕੀਤਾ ਜਾਵੇਗਾ। ਗੁਰੂ ਕੀਆਂ ਸੰਗਤਾਂ ਵਲੋਂ ਲੰਗਰਾਂ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਸਮੂਹ ਪਰਿਵਾਰਾਂ ਨੂੰ ਬੇਨਤੀ ਹੈ ਗੁਰੂ ਕੇ ਲੰਗਰਾਂ ਵਿਚ ਯੋਗਦਾਨ ਪਾਉਣ ਲਈ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ।

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ 12 ਨਵੰਬਰ 2019, ਮੰਗਲਵਾਰ ਨੂੰ ਆਪੋ ਆਪਣੇ ਕਾਰੋਬਾਰਾਂ ਤੋਂ ਵਿਹਲ ਕੱਢ ਕੇ ਪਰਿਵਾਰ ਸਮੇਤ ਗੁਰੂ ਘਰ ਪਹੁੰਚ ਕੇ ਕੀਰਤਨ ਦਾ ਅਨੰਦ ਮਾਣੋ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰਪੁਰਬ ਵਾਲੇ ਦਿਨ 12 ਨਵੰਬਰ ਨੂੰ ਮੈਰੀਗੋਲਡ ਰੈਸਟੋਰੈਂਟ ਵਲੋਂ ਵਿਸ਼ੇਸ਼ ਲੰਗਰ ਦੀ ਸੇਵਾ ਹੋਵੇਗੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ, ਫੋਨ: 408-274-9373

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ (ਕੈਲੀਫੋਰਨੀਆ)

3636 Gurdwara Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org